**GS CPA, INC.**

ਤੁਹਾਡੀਆਂ ਸਭ ਅਕਾਊਂਟਿੰਗ ਤੇ ਟੈਕਸ ਲੋੜਾਂ ਲਈ

Gurpreet Singh, CPA, MBA

*Certified Public Accountant*

5450 Lafayette Road, Suite#3,
Indianapolis, IN 46254

Ph:317-248-4802

Fax: 317-800-7947

e-mail: info@gscpainc.com Website: www.gscpainc.com



10 ਸਾਲਾਂ ਤੋਂ ਪੰਜਾਬੀ ਪਰਿਵਾਰਾਂ ਦੀ ਪਹਿਲੀ ਪਸੰਦ



**AMANTEL.COM**

$25 ਵਿਚ 3000 ਮਿੰਟ (50 ਘੰਟੇ)

ਘਰ ਦੇ ਫੋਨ ਅਤੇ ਸੈਲ ਫੋਨ ਲਈ ਇਕੋ ਰੇਟ

24/7 Customer Service

ਇਹ ਆਫ਼ਰ ਹੁਣੇ ਹੀ ਲੈਣ ਲਈ ਇਹ ਕੂਪਨ ਕੋਡ ਸਾਡੀ ਵੈਬਸਾਈਟ 'ਤੇ ਜਾ ਕੇ ਆਪਣੇ ਅਕਾਊਂਟ ਵਿਚ ਟਾਈਪ ਕਰੋ ਤੇ ਆਪਣੇ ਪਿਆਰਿਆਂ ਨਾਲ ਢੇਰ ਸਾਰੀਆਂ ਗੱਲਾਂ ਕਰੋ।

vaisakhi Coupon Code

ਟੋਲ ਫਰੀ ਨੰਬਰ 'ਤੇ ਕਾਲ ਕਰੋ

ਜਿੰਨੀ ਦੇਰ ਗੱਲਾਂ ਕਰੋਗੇ ਉਨੇ ਹੀ ਮਿੰਟ ਕੱਟੇ ਜਾਣਗੇ

1-888-652-6268, 732-983-4332/4333



RKtravel assuring you the best.

*999 N. Main St., Suite#206*
*Glen Ellyn, IL 60137*

*Ph:630-858-7200*

*e-mail:info@rktravel.com*

THE LOWEST AIR FARES

*Qatar Airways, Etihad, Emirates, Air India, British Airways, United, Lufthansa and many more.*

ਕਤਰ ਏਅਰਵੇਜ਼ ਅਪਰੈਲ ਤੋਂ ਸ਼ਿਕਾਗੋ ਤੋਂ ਅੰਮ੍ਰਿਤਸਰ ਵਾਇਆ ਦੋਹਾ

*www.rktravel.com*

QATAR AIRWAYS



Fourteenth Year of Publication ਮਿਡਵੈਸਟ ਐਡੀਸ਼ਨ Price 50¢

Email:punjabtimes1@sbcglobal.net

www.punjabtimesusa.com

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 14, Issue 12, March 23rd, 2013 20451 N Plum Grove Rd. Palatine, IL 60074 Ph:847-359-0746, Fax:847-705-9388


## ਬਾਦਲ ਪੰਜਾਬ ਨੂੰ ਆਰਥਿਕ ਸੰਕਟ 'ਚੋਂ ਕੱਢਣ ਵਿਚ ਨਾਕਾਮ

### ਕਰਜ਼ੇ ਦੀ ਪੰਡ ਇਕ ਲੱਖ ਕਰੋੜ ਤੱਕ ਪੁੱਜੀ




**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਅਕਾਲੀ-ਭਾਜਪਾ ਸਰਕਾਰ ਨੂੰ ਪੰਜਾਬ ਦੀ ਲਗਾਤਾਰ ਦੂਜੀ ਵਾਰ ਕਮਾਨ ਸੰਭਾਲਿਆਂ ਇਕ ਵਰ੍ਹਾ ਹੋ ਗਿਆ ਹੈ ਪਰ ਸੂਬੇ ਦੇ ਆਰਥਿਕ ਨਿਘਾਰ ਵਿਚ ਕੋਈ ਮੋੜਾ ਨਹੀਂ ਪਿਆ। ਬਾਦਲਾਂ ਦੇ ਦਾਅਵੇ ਤੇ ਵਾਅਦਾ ਧਰੇ-ਧਰਾਏ ਰਹਿ ਗਏ ਹਨ ਤੇ ਪੰਜਾਬ ਦਾ ਅਰਥਚਾਰਾ ਇਸ ਵੇਲੇ ਡੂੰਘੇ ਸੰਕਟ ਵਿਚ ਧੱਸਿਆ ਹੋਇਆ ਹੈ। ਅਗਲੇ ਵਿੱਤੀ ਵਰ੍ਹੇ ਤੱਕ ਸਰਕਾਰ ਸਿਰ ਕਰਜ਼ੇ ਦੀ ਪੰਡ ਦਾ ਭਾਰ ਇਕ ਲੱਖ ਕਰੋੜ ਤੱਕ ਪਹੁੰਚਣ ਦਾ ਅਨੁਮਾਨ ਹੈ।

ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਬੇਸ਼ੱਕ ਇਹ ਦਾਅਵੇ ਕਰ ਰਹੇ ਹਨ ਕਿ ਪੰਜਾਬ ਦੇ ਖਜ਼ਾਨੇ ਭਰੇ ਹੋਏ ਹਨ ਪਰ 2013-14 ਦੇ ਬਜਟ 'ਤੇ ਨਿਗ੍ਹਾ ਮਾਰਿਆਂ ਇਹ ਗੱਲ ਸਪਸ਼ਟ ਹੋ ਜਾਂਦੀ ਹੈ ਕਿ ਸਰਕਾਰ ਕੋਲ ਸੂਬੇ ਦੇ ਵਿਕਾਸ ਲਈ ਫੰਡਾਂ ਦੀ ਵੱਡੀ ਘਾਟ ਹੈ ਤੇ ਪੰਜਾਬ ਸਰਕਾਰ ਕੇਂਦਰ ਦੀਆਂ ਗਰਾਂਟਾਂ ਨਾਲ ਹੀ ਬੁੱਤਾ ਸਾਰ ਰਹੀ ਹੈ। ਵਿੱਤ ਵਿਭਾਗ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਸਰਕਾਰੀ ਖ਼ਜ਼ਾਨੇ ਨੂੰ ਪੈਰਾਂ ਸਿਰ ਕਰਨ ਲਈ ਸਰਫ਼ਾ ਕਰਨ ਲਈ ਲੱਗੀਆਂ ਕਟੌਤੀਆਂ ਅਗਲੇ ਸਾਲ ਤੱਕ ਜਾਰੀ ਰਹਿਣਗੀਆਂ। ਇਸ ਤਰ੍ਹਾਂ ਵਿੱਤ ਮੰਤਰੀ ਪਰਮਿੰਦਰ ਸਿੰਘ ਢੀਂਡਸਾ ਵੱਲੋਂ ਪਿਛਲੇ ਵਰ੍ਹੇ ਦੀਆਂ ਬਕਾਇਆ ਪਈਆਂ ਕਰੋੜਾਂ ਰੁਪਏ ਦੀਆਂ ਅਦਾਇਗੀਆਂ ਦੇ ਬੋਝ ਹੇਠ ਦਬਿਆ ਬਜਟ ਪੇਸ਼ ਕੀਤਾ ਗਿਆ ਕਿਉਂਕਿ ਪੰਜਾਬ ਦੇ ਖਜ਼ਾਨਾ ਦਫਤਰਾਂ ਵਿਚ ਕਰੋੜਾਂ ਰੁਪਏ ਦੇ ਬਿੱਲਾਂ ਦੀਆਂ ਅਦਾਇਗੀਆਂ ਅਜੇ ਵੀ ਬਕਾਇਆ ਹਨ।

ਦਿਲਚਸਪ ਗੱਲ ਇਹ ਹੈ ਕਿ ਸਰਕਾਰ ਵੱਲੋਂ ਪੇਸ਼ ਬਜਟ ਵਿਚ ਸਿੱਖਿਆ, ਸਿਹਤ ਤੇ ਖੇਤੀ ਖੇਤਰ ਨੂੰ ਤਰਜੀਹੀ ਖੇਤਰਾਂ ਵਿਚ ਸ਼ਾਮਲ ਕੀਤਾ ਗਿਆ ਹੈ ਤੇ ਇਨ੍ਹਾਂ ਸਾਰੇ ਖੇਤਰਾਂ ਲਈ ਕੇਂਦਰ ਦਿਲ ਖੋਲ੍ਹ ਕੇ ਗਰਾਂਟਾਂ ਦੇ ਗੱਫੇ ਦੇ ਰਿਹਾ ਹੈ। ਇਉਂ ਪੰਜਾਬ ਸਰਕਾਰ ਕੇਂਦਰੀ ਗਰਾਂਟਾਂ ਨਾਲ ਹੀ ਆਪਣੀ ਵਾਹ-ਵਾਹ ਕਰਾਉਣ ਦੀ ਤਾਕ ਵਿਚ ਹੈ। ਉਂਜ, ਵਿੱਤ ਮੰਤਰੀ ਦਾ ਕਹਿਣਾ ਹੈ ਕਿ ਸਰਕਾਰ ਵੱਲੋਂ ਆਉਂਦੇ ਵਿੱਤੀ ਵਰ੍ਹੇ ਦੌਰਾਨ ਕਰਜ਼ਾ ਪਹਿਲਾਂ ਨਾਲੋਂ ਘੱਟ ਲਿਆ ਜਾਵੇਗਾ। ਆਰਥਿਕ ਥੁੜ੍ਹਾਂ ਦਾ ਹਾਲ ਇਹ ਹੈ ਕਿ ਸਰਕਾਰ ਦੀ ਇਸ ਵਾਰ ਸਾਲਾਨਾ ਯੋਜਨਾ 15000 ਕਰੋੜ ਰੁਪਏ ਦੇ ਕਰੀਬ ਹੈ ਜਦੋਂਕਿ ਪਿਛਲੇ ਸਾਲ ਦੀ ਯੋਜਨਾ ਸਾਢੇ 14 ਹਜ਼ਾਰ ਕਰੋੜ ਰੁਪਏ ਦੇ ਕਰੀਬ ਸੀ; ਭਾਵ ਸਿਰਫ 500 ਕਰੋੜ ਰੁਪਏ ਦਾ ਵਾਧਾ ਕੀਤਾ ਗਿਆ। ਇਹ ਗੱਲ ਵੱਖਰੀ ਹੈ ਕਿ ਪੰਜਾਬ ਸਰਕਾਰ ਪਿਛਲੇ ਸਾਲ ਦੀ ਯੋਜਨਾ 60 ਕੁ ਫੀਸਦੀ ਦੇ ਕਰੀਬ ਹੀ ਲਾਗੂ ਕਰ ਸਕੀ ਹੈ।

ਅਸਲ ਵਿਚ ਅਕਾਲੀ-ਭਾਜਪਾ ਸਰਕਾਰ ਦੀਆਂ ਥੋੜ੍ਹਚਿਰੀ ਤੇ ਲੋਕ ਲਭਾਊ ਨੀਤੀਆਂ ਦੇ ਭਿਆਨਕ ਸਿੱਟੇ ਸਾਹਮਣੇ ਆ ਰਹੇ ਹਨ। ਸੂਬੇ ਦੀ ਆਰਥਿਕ ਹਾਲਤ ਇੰਨੀ ਖਰਾਬ ਹੋ ਗਈ ਹੈ

*(ਬਾਕੀ ਸਫਾ 6 'ਤੇ)*

### 'ਕਿਛੁ ਸੁਣੀਐ ਕਿਛੁ ਕਹੀਐ' ਦੇ ਉਲਟ ਵਗੇ 'ਪੰਜਾਬ ਦੇ ਮਾਲਕ'

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਦੇ ਬਜਟ ਸੈਸ਼ਨ ਦੌਰਾਨ ਸੱਤਾਧਾਰੀ ਸ਼੍ਰੋਮਣੀ ਅਕਾਲੀ ਦਲ ਅਤੇ ਵਿਰੋਧੀ ਧਿਰ ਕਾਂਗਰਸ ਨੇ ਇਕ-ਦੂਜੇ ਦੀ ਗੱਲ ਸੁਣਨ-ਕਹਿਣ ਦੀ ਥਾਂ ਮਨ-ਆਈਆਂ ਕੀਤੀਆਂ। ਵੱਖ-ਵੱਖ ਮੁੱਦਿਆਂ ਅਤੇ ਸੂਬੇ ਦੇ ਬਜਟ ਬਾਰੇ ਬਹਿਸ ਲਈ ਸੱਦੇ ਸਦਨ 'ਚ ਆਪੋ-ਆਪਣੀ ਸਿਆਸਤ ਲੈ ਕੇ ਦੋਹਾਂ ਧਿਰਾਂ ਦੇ ਆਗੂ ਆਪਸ 'ਚ ਉਲਝ ਗਏ।

ਸੱਤਾ ਧਿਰ ਨੂੰ ਵੀ ਰਤਾ ਕੁ ਸਬਰ ਤੋਂ ਕੰਮ ਲੈਣਾ ਚਾਹੀਦਾ ਸੀ, ਪਰ ਪਿਛਲੇ ਸਮੇਂ ਦੀਆਂ ਘਟਨਾਵਾਂ ਤੋਂ ਸਪਸ਼ਟ ਦਿਸਦਾ ਹੈ ਕਿ ਇਕ-ਦੂਜੇ ਨੂੰ ਹੀਣਾ ਦੱਸਣ ਲਈ ਦੋਵੇਂ ਧਿਰਾਂ ਪੂਰਾ ਟਿੱਲ ਲਾ ਦਿੰਦੀਆਂ ਹਨ। ਪਿਛਲੀ ਵਾਰ ਤਾਂ ਸਿਆਸੀ ਸ਼ਰੀਕਾ ਇਕ-ਦੂਜੇ ਨੂੰ ਗਾਲਾਂ ਕੱਢਣ ਤੱਕ ਪੁੱਜ ਗਿਆ ਸੀ। ਉਂਜ, ਦੋਹਾਂ ਧਿਰਾਂ ਨੂੰ ਇਹ ਅਰਾਜਕਤਾ ਸੂਤ ਬੈਠਦੀ ਹੈ, ਕਿਉਂਕਿ ਇੰਦਾਂ ਦੋਵੇਂ ਹੀ ਆਪਣੀ ਜ਼ਿੰਮੇਵਾਰੀ ਤੋਂ ਸੁਰਖਰੂ ਹੋ ਜਾਂਦੀਆਂ ਹਨ।

*(ਸਬੰਧਤ ਵੇਰਵੇ ਸਫਾ 4 'ਤੇ)*

## ਡੀ.ਐਮ.ਕੇ. ਨੇ ਫਿਰ ਚਲਾਇਆ ਡੰਡਾ

**ਨਵੀਂ ਦਿੱਲੀ (ਪੰਜਾਬ ਟਾਈਮਜ਼ ਬਿਊਰੋ):** ਸ੍ਰੀਲੰਕਾ ਵਿਚ ਤਾਮਿਲਾਂ ਦੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੇ ਮੁੱਦੇ 'ਤੇ ਕੇਂਦਰ ਸਰਕਾਰ ਦੀ ਖਾਮੋਸ਼ੀ ਤੋਂ ਖ਼ਫ਼ਾ ਐਮ. ਕਰੁਨਾਨਿਧੀ ਦੀ ਅਗਵਾਈ ਵਾਲੀ ਪਾਰਟੀ ਡੀ.ਐਮ.ਕੇ. ਨੇ ਸੱਤਾਧਾਰੀ ਯੂ.ਪੀ.ਏ. ਨਾਲੋਂ ਤੋੜ-ਵਿਛੋੜਾ ਕਰ ਲਿਆ ਹੈ। 2004 ਤੋਂ ਯੂ.ਪੀ.ਏ. ਦੀ ਭਾਈਵਾਲ ਚਲੀ ਆ ਰਹੀ ਡੀ.ਐਮ.ਕੇ. ਕੋਲ 18 ਸੰਸਦ ਮੈਂਬਰ ਹਨ। ਦੂਜੇ ਬੰਨੇ ਕਾਂਗਰਸ ਦਾ ਦਾਅਵਾ ਹੈ ਕਿ ਉਨ੍ਹਾਂ ਦੀ ਸਰਕਾਰ ਨੂੰ ਫਿਲਹਾਲ ਕੋਈ ਖਤਰਾ ਨਹੀਂ।

ਡੀ.ਐਮ.ਕੇ. ਵੱਲੋਂ ਯੂ.ਪੀ.ਏ. ਤੋਂ ਬਾਹਰ ਆਉਣ ਪਿੱਛੋਂ ਸੱਤਾਧਾਰੀ ਗਠਜੋੜ ਦੇ ਮੈਂਬਰਾਂ ਦੀ ਗਿਣਤੀ ਘਟ ਕੇ 224 ਰਹਿ ਗਈ ਹੈ। ਉਂਜ, ਯੂ.ਪੀ.ਏ. ਨੂੰ ਬਾਹਰੀ ਪਾਰਟੀਆਂ ਦੀ ਹਮਾਇਤ ਸਮੇਤ 281 ਸੰਸਦ ਮੈਂਬਰਾਂ ਦੀ ਹਮਾਇਤ ਹਾਸਲ ਹੈ। ਸਮਾਜਵਾਦੀ ਪਾਰਟੀ (22) ਤੇ ਬਹੁਜਨ ਸਮਾਜ ਪਾਰਟੀ ਦੇ (21) ਮੈਂਬਰਾਂ ਸਮੇਤ 57 ਮੈਂਬਰ ਸਰਕਾਰ ਨੂੰ ਬਾਹਰੋਂ ਸਮਰਥਨ ਦੇ ਰਹੇ ਹਨ ਜਦਕਿ ਸਰਕਾਰ ਨੂੰ ਸਦਨ ਵਿਚ ਬਹੁਮਤ ਲਈ ਸਿਰਫ 272 ਮੈਂਬਰਾਂ ਦੇ ਸਮਰਥਨ ਦੀ ਲੋੜ ਹੈ। ਇਸ ਸਮੇਂ 545 ਮੈਂਬਰੀ ਸਦਨ ਵਿਚ 4 ਸੀਟਾਂ ਖਾਲੀ ਹਨ।

ਡੀ.ਐਮ.ਕੇ. ਨੇ ਕਾਂਗਰਸ ਦੀ ਅਗਵਾਈ ਵਾਲੇ ਸਾਂਝੇ ਪ੍ਰਗਤੀਸ਼ੀਲ ਗਠਜੋੜ (ਯੂ.ਪੀ.ਏ.) ਦੀ ਸਰਕਾਰ ਨੂੰ ਵਾਰ-ਵਾਰ ਧਮਕੀਆਂ ਦਿੱਤੀਆਂ ਜਾ ਰਹੀਆਂ ਸਨ ਕਿ ਜੇ ਸੰਯੁਕਤ ਰਾਸ਼ਟਰ ਵਿਚ ਅਮਰੀਕਾ ਵੱਲੋਂ ਪੇਸ਼ ਕੀਤੇ ਜਾ ਰਹੇ ਮਤੇ ਵਿਚ ਕੌਮਾਂਤਰੀ ਪੱਧਰ ਦੀ ਜਾਂਚ ਕਰਾਏ ਜਾਣ ਤੇ ਸ੍ਰੀਲੰਕਾ ਵਿਚ ਜੰਗੀ ਅਪਰਾਧਾਂ ਦੇ ਦੋਸ਼ੀ ਪਾਏ ਜਾਣ ਵਾਲਿਆਂ ਵਿਰੁਧ ਸਮਾਂਬੱਧ ਕਾਰਵਾਈ ਦੀ ਮੰਗ ਕਰਦੀਆਂ ਸੋਧਾਂ ਨਾ ਪੇਸ਼ ਕੀਤੀਆਂ ਗਈਆਂ ਤਾਂ ਪਾਰਟੀ ਯੂ.ਪੀ.ਏ. ਨਾਲੋਂ ਸਬੰਧ ਤੋੜ ਲਏਗੀ, ਪਰ ਕਾਂਗਰਸ ਨੇ ਇਨ੍ਹਾਂ ਧਮਕੀਆਂ ਨੂੰ ਜ਼ਿਆਦਾ ਗੰਭੀਰਤਾ ਨਾਲ ਨਹੀਂ ਲਿਆ।

*(ਬਾਕੀ ਸਫਾ 6 'ਤੇ)*


**Dhade & Associates, PC** Immigration Lawyers

***WE FIGHT FOR YOUR RIGHTS!***

ਤੁਹਾਡਾ ਆਪਣਾ ਪੰਜਾਬੀ ਇਮੀਗਰੇਸ਼ਨ ਵਕੀਲ

*ਪ੍ਰੋਫੈਸ਼ਨਲ ਵੀਜ਼ੇ (ਡਾਕਟਰ, ਇੰਜੀਨੀਅਰ ਆਦਿ)
*ਗਰੀਨ ਕਾਰਡ *ਸਿਟੀਜ਼ਨਸ਼ਿਪ *ਅਡਜਸਟਮੈਂਟ ਆਫ ਸਟੇਟਸ
*ਡੀਪੋਰਟੇਸ਼ਨ *ਰਿਫਿਊਜ਼ੀ ਕੇਸ *ਅਸੀਂ ਤੁਹਾਡੀਆਂ ਅਮਰੀਕਾ ਅਤੇ ਕੈਨੇਡਾ ਵਿਚ ਸਭੇ ਇਮੀਗਰੇਸ਼ਨ ਲੋੜਾਂ ਪੂਰੀਆਂ ਕਰ ਸਕਦੇ ਹਾਂ
*ਅਸੀਂ ਕੈਨੇਡਾ ਦੀ ਇਮੀਗਰੇਸ਼ਨ 6 ਤੋਂ 12 ਮਹੀਨੇ 'ਚ ਕਰ ਸਕਦੇ ਹਾਂ



Herman Singh Dhade
Immigration Lawyer

**Ph:248-254-3441**

Fax:(248) 254-3443 www.eagle.pro, Email: herman@eagle.pro

**7071 Orchard Lake Rd, Suite 320, W. Bloomfield, MI 48322**



Estd. 1975

**World Wide Travel**

www.fly2world.com

ਸਸਤਾ ਰੇਟ ਵਧਿਆ ਸਰਵਿਸ

AIR TRAVEL • CRUISES • VACATIONS

DETROIT 734 525 7304 | TOLL FREE 866 66 INDIA | CHICAGO 312 224 8800

DELTA KLM AIRFRANCE ETIHAD QATAR Air India Continental Airlines Lufthansa American Airlines

# ਕਾਂਗਰਸ ਦੀ 3 ਖੇਤਰੀ ਜਰਨੈਲ ਬਣਾਉਣ ਦੀ ਤਿਆਰੀ

**ਚੰਡੀਗੜ੍ਹ:** ਕਾਂਗਰਸ ਹਾਈ ਕਮਾਨ ਵੱਲੋਂ ਪੰਜਾਬ ਕਾਂਗਰਸ ਦੇ ਨਵ-ਨਿਯੁਕਤ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਦਾ ਕੰਮ-ਕਾਰ ਰਵਾਂ ਕਰਨ ਲਈ ਮਾਝਾ, ਦੋਆਬਾ ਤੇ ਮਾਲਵਾ ਖੇਤਰਾਂ ਲਈ ਤਿੰਨ ਜ਼ੋਨਲ ਮੁਖੀ ਨਿਯੁਕਤ ਕੀਤੇ ਜਾ ਰਹੇ ਹਨ। ਇਨ੍ਹਾਂ ਦਾ ਅਹੁਦਾ ਕਾਰਜਕਾਰੀ ਪ੍ਰਧਾਨਾਂ ਦਾ ਹੋਵੇਗਾ। ਹਾਈ ਕਮਾਨ ਨੇ ਇਨ੍ਹਾਂ ਤਿੰਨਾਂ ਖੇਤਰਾਂ ਦੇ ਮੁਖੀਆਂ ਦੀ ਸ਼ਨਾਖਤ ਵੀ ਕਰ ਲਈ ਹੈ। ਇਸ ਮੁਤਾਬਕ ਓ.ਪੀ. ਸੋਨੀ ਨੂੰ ਮਾਝਾ, ਤਰਲੋਚਨ ਸੂੰਢ ਨੂੰ ਦੋਆਬਾ ਤੇ ਗੁਰਪ੍ਰੀਤ ਸਿੰਘ ਕਾਂਗੜ ਨੂੰ ਮਾਲਵਾ ਖੇਤਰਾਂ ਲਈ ਨਾਮਜ਼ਦ ਕੀਤਾ ਜਾ ਰਿਹਾ ਹੈ। ਇਹ ਵੀ ਚਰਚਾ ਹੈ ਕਿ ਮਾਲਵਾ ਖੇਤਰ ਵੱਡਾ ਹੋਣ ਕਾਰਨ ਉਥੇ ਦੋ ਜ਼ੋਨਲ ਮੁਖੀ ਵੀ ਲਾਏ ਜਾ ਸਕਦੇ ਹਨ। ਜਿਹੜੇ ਨਾਵਾਂ ਬਾਰੇ ਵਿਚਾਰ ਚੱਲ ਰਿਹਾ ਹੈ, ਉਨ੍ਹਾਂ ਵਿਚ ਪਛੜੇ ਵਰਗ ਨਾਲ ਸਬੰਧਤ ਆਗੂਆਂ ਦੇ ਨਾਂ ਵੀ ਸ਼ਾਮਲ ਹਨ।

ਪੰਜਾਬ ਕਾਂਗਰਸ ਦੇ ਸੂਤਰਾਂ ਮੁਤਾਬਕ ਪਾਰਟੀ ਹਾਈ ਕਮਾਨ ਦੇ ਇਸ ਫੈਸਲੇ ਪਿੱਛੇ ਪਾਰਟੀ ਦੇ ਮੀਤ ਪ੍ਰਧਾਨ ਰਾਹੁਲ ਗਾਂਧੀ ਹਨ ਤੇ ਉਹ ਪਿਛਲੇ ਤਿੰਨ ਮਹੀਨਿਆਂ ਦੌਰਾਨ ਛਾਂਟੇ ਗਏ ਤਿੰਨ ਆਗੂਆਂ ਨੂੰ ਕਈ ਵਾਰ ਮਿਲ ਚੁੱਕੇ ਹਨ। ਸੂਤਰਾਂ ਮੁਤਾਬਕ ਇਨ੍ਹਾਂ ਜ਼ੋਨਲ ਮੁਖੀਆਂ ਦੀ ਚੋਣ ਵੇਲੇ ਜਾਤੀ ਸਮੀਕਰਨਾਂ ਦਾ ਉਚੇਚਾ ਧਿਆਨ ਰੱਖਿਆ ਗਿਆ ਹੈ। ਇਕ ਲਿਹਾਜ ਨਾਲ ਇਹ ਸੰਸਦੀ ਚੋਣਾਂ ਦੀ ਹੀ ਤਿਆਰੀ ਸਮਝੀ ਜਾ ਰਹੀ ਹੈ।

ਮਾਝਾ ਖੇਤਰ ਵਿਚ ਸ. ਬਾਜਵਾ ਪਹਿਲਾਂ ਹੀ ਜੱਟ ਕਿਸਾਨੀ ਵਿਚੋਂ ਹਨ, ਹੁਣ ਅੰਮ੍ਰਿਤਸਰ (ਕੇਂਦਰੀ) ਤੋਂ ਵਿਧਾਇਕ ਓ.ਪੀ. ਸੋਨੀ ਨੂੰ ਹਿੰਦੂ ਆਗੂ ਵਜੋਂ ਅੱਗੇ ਲਿਆਂਦਾ ਜਾ ਰਿਹਾ ਹੈ। ਉਹ ਅੰਮ੍ਰਿਤਸਰ ਦੇ ਮੇਅਰ ਵਜੋਂ ਪਹਿਲਾਂ ਹੀ ਆਪਣੀ ਧਾਂਕ ਜਮਾ ਚੁੱਕੇ ਹਨ ਅਤੇ ਪਿਛਲੀ ਲੋਕ ਸਭਾ ਚੋਣ ਵੀ ਉਹ ਬਹੁਤ ਘੱਟ ਫਰਕ ਨਾਲ ਹਾਰੇ ਸਨ। ਮਾਲਵਾ ਖੇਤਰ ਵਿਚ ਰਾਹੁਲ ਗਾਂਧੀ ਦੀ ਟੀਮ ਵੱਲੋਂ ਗੁਣਾ ਗੁਰਪ੍ਰੀਤ ਸਿੰਘ ਕਾਂਗੜ ਉਤੇ ਪਾਇਆ ਹੈ ਜੋ 'ਜੁਝਾਰੂ' ਆਗੂ ਵਜੋਂ ਜਾਣੇ ਜਾਂਦੇ ਹਨ।

ਉਨ੍ਹਾਂ ਨੂੰ ਕੈਪਟਨ ਅਮਰਿੰਦਰ ਸਿੰਘ ਕਾਂਗਰਸ ਵਿਚ ਲਿਆਏ ਸਨ ਤੇ ਅਕਾਲੀਆਂ ਦਾ ਗੜ੍ਹ ਭੰਨ੍ਹਣ ਵਿਚ ਕਾਮਯਾਬ ਰਹੇ ਸਨ। ਜਿੱਥੋਂ ਤਕ ਦੋਆਬਾ ਖੇਤਰ ਦਾ ਸਬੰਧ ਹੈ, ਪਾਰਟੀ ਦਲਿਤ ਆਗੂ ਨੂੰ ਅਗਵਾਈ ਦੇਣ ਦੇ ਹੱਕ ਵਿਚ ਹੈ ਤੇ ਬੰਗਾ ਤੋਂ ਵਿਧਾਇਕ ਤਰਲੋਚਨ ਸੂੰਢ ਦਾ ਨਾਂ ਛਾਂਟ ਲਿਆ ਹੈ। ਯਾਦ ਰਹੇ ਕਿ ਪਿਛਲੇ ਸਮੇਂ ਦੌਰਾਨ ਦੋਆਬਾ ਵਿਚ ਪਾਰਟੀ ਦੇ ਆਧਾਰ ਨੂੰ ਖੋਰਾ ਲੱਗਿਆ ਹੈ ਤੇ ਦਲਿਤ ਆਗੂ ਦੀ ਅਗਵਾਈ ਵਿਚ ਪਾਰਟੀ ਖੁੱਸਿਆ ਵਕਾਰ ਹਾਸਲ ਕਰਨ ਲਈ ਅਹੁਲ ਰਹੀ ਹੈ। ਹੁਣ ਤਕ ਦੋਆਬਾ ਖੇਤਰ ਵਿਚ ਸਾਬਕਾ ਮੰਤਰੀ ਚੌਧਰੀ ਜਗਜੀਤ ਸਿੰਘ ਹੇਠ ਰਿਹਾ ਹੈ। ਇਸ ਬਾਰੇ ਸ. ਬਾਜਵਾ ਦਾ ਕਹਿਣਾ ਸੀ ਕਿ ਉਨ੍ਹਾਂ ਨੂੰ ਕੋਈ ਖਬਰ ਨਹੀਂ ਹੈ।

ਉਧਰ ਸੂਤਰਾਂ ਮੁਤਾਬਕ ਸ. ਬਾਜਵਾ ਨੂੰ ਖੇਤਰੀ ਮੁਖੀਆਂ ਦੀ ਯੋਜਨਾ ਬਾਰੇ ਦੱਸ ਦਿੱਤਾ ਗਿਆ ਹੈ ਤੇ ਉਹ ਇਸ ਯੋਜਨਾ ਦੇ ਖਿਲਾਫ ਨਹੀਂ ਹਨ। ਨਾਲ ਰਾਹੁਲ ਗਾਂਧੀ ਵੱਲੋਂ ਕੀਤੀਆਂ ਨਾਮਜ਼ਦਗੀਆਂ ਬਾਰੇ ਕੋਈ ਆਗੂ ਘੱਟ ਹੀ ਕਿੰਤੂ-ਪ੍ਰੰਤੂ ਕਰਦਾ ਹੈ।

## ਬਲਾਤਕਾਰ ਵਿਰੋਧੀ ਬਿੱਲ ਲੋਕ ਸਭਾ ਵਿਚ ਪਾਸ

ਨਵੀਂ ਦਿੱਲੀ: ਲੋਕ ਸਭਾ ਨੇ ਇਕ ਬਿੱਲ ਪਾਸ ਕਰ ਦਿੱਤਾ ਹੈ ਜਿਸ ਤਹਿਤ ਬਲਾਤਕਾਰ ਦੇ ਦੋਸ਼ੀ ਲਈ ਉਮਰ ਕੈਦ ਜਾਂ ਇਹ ਕੁਕਰਮ ਦੁਹਰਾਉਣ ਵਾਲੇ ਲਈ ਮੌਤ ਦੀ ਸਜ਼ਾ ਦੀ ਵਿਵਸਥਾ ਕੀਤੀ ਗਈ ਹੈ। ਇਸੇ ਤਰ੍ਹਾਂ ਪਿੱਛਾ ਕਰਨ, ਮੈਲੀ ਨਜ਼ਰ ਨਾਲ ਤੱਕਣ ਤੇ ਤੇਜ਼ਾਬ ਹਮਲੇ ਜਿਹੇ ਗੁਨਾਹਾਂ ਲਈ ਵੀ ਸਖ਼ਤ ਸਜ਼ਾਵਾਂ ਦਾ ਉਪਬੰਧ ਕੀਤਾ ਗਿਆ।


ਦਿੱਲੀ ਸਮੂਹਿਕ ਬਲਾਤਕਾਰ ਕਾਂਡ ਨੂੰ ਮੁੱਖ ਰੱਖ ਕੇ ਲਿਆਂਦੇ ਗਏ ਫੌਜਦਾਰੀ ਕਾਨੂੰਨ (ਸੋਧ) ਬਿੱਲ-2013 ਵਿਚ ਸਪਸ਼ਟ ਕੀਤਾ ਗਿਆ ਹੈ ਕਿ ਸਹਿਮਤੀ ਨਾਲ ਸਹਿਵਾਸ ਲਈ ਘੱਟੋ-ਘੱਟ ਉਮਰ 18 ਸਾਲ ਹੋਵੇਗੀ। ਇਸ ਨੁਕਤੇ 'ਤੇ ਸਿਆਸੀ ਪਾਰਟੀਆਂ ਵਿਚ ਕਾਫੀ ਟਕਰਾ ਰਿਹਾ। ਇਹ ਬਿੱਲ 3 ਫਰਵਰੀ ਨੂੰ ਜਾਰੀ ਕੀਤੇ ਆਰਡੀਨੈਂਸ ਦੀ ਥਾਂ ਲਵੇਗਾ ਜਿਸ ਦੀ ਮਿਆਦ 4 ਅਪਰੈਲ ਨੂੰ ਪੁੱਗ ਰਹੀ ਹੈ। ਬਿੱਲ ਰਾਹੀਂ ਭਾਰਤੀ ਦੰਡ ਵਿਧਾਨ, ਫੌਜਦਾਰੀ ਸੰਘਤਾ, ਭਾਰਤੀ ਸਬੂਤ ਕਾਨੂੰਨ ਅਤੇ ਜਿਨਸੀ ਅਪਰਾਧਾਂ ਤੋਂ ਬੱਚਿਆਂ ਦੀ ਸੁਰੱਖਿਆ ਸਬੰਧੀ ਕਾਨੂੰਨ 'ਚ ਸੋਧਾਂ ਕੀਤੀਆਂ ਗਈਆਂ ਹਨ।

# ਮਲਾਲਾ ਯੂਸਫਜ਼ਈ ਮੁੜ ਪੜ੍ਹਨੇ ਪਈ

**ਲੰਦਨ:** ਪਾਕਿਸਤਾਨ ਵਿਚ ਲੜਕੀਆਂ ਦੀ ਸਿੱਖਿਆ ਲਈ ਆਵਾਜ਼ ਉਠਾਉਣ ਬਦਲੇ ਤਾਲਿਬਾਨ ਹਮਲੇ ਦਾ ਸ਼ਿਕਾਰ ਹੋਈ ਪਾਕਿਸਤਾਨੀ ਲੜਕੀ ਮਲਾਲਾ ਯੂਸਫਜ਼ਈ ਸਿਹਤਯਾਬ ਹੋਣ ਪਿਛੋਂ ਪੜ੍ਹਨ ਲਈ ਬਰਮਿੰਘਮ ਦੇ ਐਡਗਬਾਸਟਨ ਹਾਈ ਸਕੂਲ ਵਿਚ ਗਈ। ਸਕੂਲ ਤੋਂ ਵਾਪਸ ਆ ਕੇ ਉਸ ਨੇ ਕਿਹਾ ਕਿ ਉਹ ਬਹੁਤ ਉਤਸ਼ਾਹਤ ਹੈ ਕਿਉਂਕਿ ਮੁੜ ਸਕੂਲ ਜਾਣ ਦਾ ਸੁਪਨਾ ਸਾਕਾਰ ਹੋਇਆ ਹੈ। ਉਸ ਨੇ ਕਿਹਾ ਕਿ ਦੁਨੀਆਂ ਵਿਚ ਹਰ ਲੜਕੀ ਨੂੰ ਸਿੱਖਿਆ ਦਾ ਮੁਢਲਾ ਅਧਿਕਾਰ ਮਿਲਣਾ ਚਾਹੀਦਾ ਹੈ।

ਜ਼ਿਕਰਯੋਗ ਹੈ ਕਿ ਪਿਛਲੇ ਸਾਲ ਨੌਂ ਅਕਤੂਬਰ ਨੂੰ ਮਲਾਲਾ ਪਾਕਿਸਤਾਨ ਦੇ ਸਵਾਤ ਘਾਟੀ ਇਲਾਕੇ ਵਿਚ ਸਕੂਲੋਂ ਪਰਤ ਰਹੀ ਸੀ ਕਿ ਤਾਲਿਬਾਨਾਂ ਨੇ ਉਸ 'ਤੇ ਹਮਲਾ ਕਰ ਦਿੱਤਾ। ਪੰਜ ਮਹੀਨਿਆਂ ਦੇ ਇਲਾਜ਼ ਪਿਛੋਂ ਮਲਾਲਾ ਸਕੂਲ ਗਈ।


Clay Oven



We Cater!
For all occasions
Up to 10,000 people
All live cooking on the spot.

Lunch Buffet
11am-3pm
$7.95

Dinner
20% off

Call KK Pamma for packages today
Ph: 847-219-7432

855 East Schaumburg Rd., Schaumburg, IL 60194
Ph: 847-524-3007



OKKJI Transfer LLC.
15238 Radiance Dr., Noblesville, IN, 46060

ਓਨਰ ਅਪਰੇਟਰ ਚਾਹੀਦੇ ਹਨ

*ਲੋਕਲ ਤੇ ਲੌਂਗ ਰੂਟ
*ਡਰਾਈ ਅਤੇ ਰੀਫਰ ਲੋਡ

ਕਾਗਜ਼ ਦਿਓ ਤੇ ਪੈਸੇ ਲਓ



ਸੰਪਰਕ ਕਰੋ:
Toll Free: 1-855-966-5554
Manny Sandhu: 317-603-1000, Sam Bhullar: 732-486-9045
Fax: 317-774-9665





28523 Ford Road, Garden City, MI 48135 - e-mail: DICECDJ@GMAIL.COM - www.thedjdice.com



ਮਿਡਵੈਸਟ ਦੀ ਬੜੀ ਤੇਜੀ ਨਾਲ ਵਧ ਰਹੀ ਟਰੱਕਿੰਗ ਕੰਪਨੀ ਨੂੰ

DCL Trucking
743 Legacy Blvd,
Greenwood, IN 46143

ਓਨਰ ਅਪਰੇਟਰਾਂ ਦੀ ਲੋੜ ਹੈ



ਪੱਕੇ ਲੋਡ

Quick payment via Direct Deposit

ਮਿਡਵੈਸਟ ਤੋਂ ਈਸਟ-ਮਿਡਵੈਸਟ
ਮਿਡਵੈਸਟ ਤੋਂ ਕੈਲੀਫੋਰਨੀਆ
ਕੈਲੀਫੋਰਨੀਆ ਤੋਂ ਮਿਡਵੈਸਟ

ਸੰਪਰਕ ਕਰੋ: ਪਰਮਿੰਦਰ
ਫੋਨ: 317-399-9800
e-mail: info@DCLTrucking.com

We work in all 48 States
24/7 Dispatch Available

# ਅਹਿਮਦੀਆ ਭਾਈਚਾਰੇ ਵਲੋਂ ਸਰਬ-ਧਰਮ ਸਮਾਗਮ

**ਸ਼ਿਕਾਗੋ (ਬਿਊਰੋ):** ਸਥਾਨਕ ਅਹਿਮਦੀਆਂ ਮੁਸਲਿਮ ਭਾਈਚਾਰੇ ਵਲੋਂ ਪਿਛਲੇ ਦਿਨੀਂ ਇਕ ਸਰਬ-ਧਰਮ ਸਮਾਗਮ ਇਥੇ 'ਦੀ ਚਰਚ ਆਫ ਲਿਵਿੰਗ ਗੌਡ' (45 ਸਟਰੀਟ ਸਾਊਥ) ਵਿਚ ਕਰਵਾਇਆ ਗਿਆ ਜਿਸ ਦਾ ਮੰਤਵ ਵੱਖ ਵੱਖ ਧਰਮਾਂ ਅਤੇ ਭਾਈਚਾਰਿਆਂ ਵਿਚ ਆਪਸੀ ਪ੍ਰੇਮ ਤੇ ਸਦਭਾਵਨਾ ਵਧਾਉਣਾ ਸੀ। ਇਸ ਸਮਾਗਮ ਵਿਚ ਇਸਲਾਮ, ਹਿੰਦੂ, ਸਿੱਖ, ਬੁਧ, ਯਹੂਦੀ ਅਤੇ ਇਸਾਈ ਧਰਮ ਦੀਆਂ ਧਾਰਮਿਕ ਸ਼ਖਸੀਅਤਾਂ ਅਤੇ ਨੁਮਾਇੰਦਿਆਂ ਨੇ ਹਿੱਸਾ ਲਿਆ।

ਸਮਾਗਮ ਨੂੰ ਹੋਰਨਾਂ ਤੋਂ ਇਲਾਵਾ ਰੈਵਰੈਂਡ ਜੇ ਐਸ ਲਵ (ਸੇਂਟ ਮੈਥਿਊ ਬੈਪਟਿਸਟ ਚਰਚ), ਬਿਸ਼ਪ ਐਰਨ ਸਕਰਗਜ਼ (ਦੀ ਚਰਚ ਆਫ ਲਿਵਿੰਗ ਗੌਡ), ਐਲਡਰ ਐਵਿਨ ਐਂਥਨੀ (ਐਗਜ਼ੈਕਟਿਵ ਅਸਿਸਟੈਂਟ, ਸੇਂਟ ਪੌਲ ਚਰਚ), ਡਾ. ਬੀ ਹਰਬਰਟ ਮਾਰਟਿਨ ਸੀਨੀਅਰ (ਪ੍ਰੋਗਰੈਸਿਵ ਕਮਿਊਨਿਟੀ ਸੈਂਟਰ), ਆਈ ਐਚ ਕੌਸਰ (ਇਮਾਮ ਮਿਡਵੈਸਟ ਰਿਜਨ), ਯਸ਼ ਚੌਧਰੀ (ਯੋਗ ਆਚਾਰੀਆ, ਹਰੀ ਓਮ ਮੰਦਿਰ), ਪ੍ਰੋ. ਡਾ. ਅਕਬਰ ਡੀਮਾਹ (ਸ਼ਿਕਾਗੋ ਸਟੇਟ ਯੂਨੀਵਰਸਿਟੀ), ਰੈਵਰੈਂਡ ਜੌਸਫ ਹੈਨਰੀ (ਓਮੇਗਾ ਮਿਸ਼ਨਰੀ ਬੈਪਟਿਸਟ ਚਰਚ), ਡਾ. ਪੈਟਰਿਕ ਜੇਮਜ਼ ਕੀ (ਨਿਊ ਬਰਥ ਕ੍ਰਿਸ਼ਚਨ ਚਰਚ), ਮਾਸਟਰ ਜੌਹਨ ਅਲੈਗਜ਼ੈਂਡਰ (ਡਾਇਰੈਕਟਰ, ਮੀਡੀਆ ਕੁਨੈਕਸ਼ਨ ਟੀ ਵੀ ਸ਼ੋਅ) ਅਤੇ ਸਿੱਖ ਬੁੱਧੀਜੀਵੀ ਪ੍ਰੋ. ਜੋਗਿੰਦਰ ਸਿੰਘ ਰਮਦੇਵ ਨੇ ਸੰਬੋਧਨ ਕੀਤਾ।

ਸਾਰੇ ਹੀ ਬੁਲਾਰਿਆਂ ਨੇ ਇਸ ਗੱਲ 'ਤੇ ਜੋਰ ਦਿੱਤਾ ਕਿ ਧਰਮਾਂ ਦੀ ਆਪਸੀ ਸਾਂਝ ਰਾਹੀਂ ਹੀ ਸਮਾਜ ਦੀ ਸਹੀ ਅਰਥਾਂ ਵਿਚ ਤਰੱਕੀ ਹੋ ਸਕਦੀ ਹੈ ਕਿਉਂਕਿ ਦੁਨੀਆਂ ਦਾ ਕੋਈ ਵੀ ਮਜ਼ਹਬ ਆਪਸ ਵਿਚ ਵੈਰ ਕਰਨਾ ਨਹੀਂ ਸਿਖਾਉਂਦਾ। ਉਨ੍ਹਾਂ ਨੇ ਇਹ ਗੱਲ ਵਾਰ ਵਾਰ ਕਹੀ ਕਿ ਧਰਮ-ਵਿਰੋਧੀ ਸ਼ਕਤੀਆਂ ਤੇ ਪਦਾਰਥਵਾਦ ਦਾ ਮੁਕਾਬਲਾ ਕਰਨ ਲਈ ਸਭ ਧਰਮਾਂ ਨੂੰ ਆਪਸੀ ਤਾਲਮੇਲ ਵਧਾ ਕੇ ਲੋਕਾਈ ਨੂੰ ਜਾਗ੍ਰਿਕ ਕਰਨਾ ਚਾਹੀਦਾ ਹੈ।

ਪ੍ਰੋ. ਜੋਗਿੰਦਰ ਸਿੰਘ ਰਮਦੇਵ ਨੇ ਗੁਰੂ ਨਾਨਕ ਦੇਵ ਅਤੇ ਹਜਰਤ ਮੁਹੰਮਦ ਸਾਹਿਬ ਦੇ ਜੀਵਨ ਫਲਸਫੇ ਦੀ ਤੁਲਨਾ ਕਰਦਿਆਂ ਕਿਹਾ ਕਿ ਦੋਹਾਂ ਮਹਾਂਪੁਰਸ਼ਾਂ ਨੇ ਇਹ ਗੱਲ ਕਹੀ ਹੈ ਕਿ ਧਰਮ ਦਾ ਆਧਾਰ ਸੱਚਾ-ਸੁੱਚਾ ਜੀਵਨ ਹੈ। ਦੋਨੋਂ ਮਹਾਂਪੁਰਸ਼ ਪੂਰਨ ਤਿਆਗੀ ਤੇ ਇਨਕਲਾਬੀ ਸਨ। ਉਨ੍ਹਾਂ ਨੇ ਸਮਾਜ ਨੂੰ ਧਾਰਮਿਕ, ਸਦਾਚਾਰਕ ਅਤੇ ਭਾਈਚਾਰਕ ਪੱਖੋਂ ਜੋ ਸੇਧ ਦਿੱਤੀ, ਉਸ ਨੇ ਮਨੁੱਖਤਾ ਨੂੰ ਇਕ ਵੱਖਰੀ ਦਿਸ਼ਾ ਵੱਲ ਤੋਰਿਆ।



ਪ੍ਰੋ. ਰਮਦੇਵ ਨੇ ਗੁਰਬਾਣੀ ਦਾ ਹਵਾਲਾ ਦੇ ਕੇ ਦਸਿਆ ਕਿ ਗੁਰੂ ਨਾਨਕ ਦੇਵ ਨੇ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਤੋਂ ਨਿਵਿਰਤੀ ਪਾਉਣ ਅਤੇ ਕਿਰਤ ਕਰਨ, ਵੰਡ ਛਕਣ ਤੇ ਆਪਣਾ ਜੀਵਨ ਲੋਕ ਭਲਾਈ ਲਈ ਲਾਉਣ ਦਾ ਸੰਦੇਸ਼ ਦਿੱਤਾ ਅਤੇ ਚਾਰ ਉਦਾਸੀਆਂ ਕਰਕੇ ਵਿਸ਼ਵ ਨੂੰ ਮਨੁੱਖਤਾ ਦਾ ਸੁਨੇਹਾ ਦਿੱਤਾ। ਉਨ੍ਹਾਂ ਵਿਸ਼ੇਸ਼ ਤੌਰ 'ਤੇ ਰਬਾਬੀ ਮਰਦਾਨੇ ਦਾ ਜ਼ਿਕਰ ਕਰਦਿਆਂ ਕਿਹਾ ਕਿ ਭਾਈ ਮਰਦਾਨਾ ਭਾਵੇਂ ਮੁਸਲਿਮ ਭਾਈਚਾਰੇ 'ਚੋਂ ਸਨ, ਉਨ੍ਹਾਂ ਜੀਵਨ ਭਰ ਗੁਰੂ ਨਾਨਕ ਦੇਵ ਦਾ ਸਾਥ ਨਿਭਾਇਆ। ਕੁਰਾਨ ਸ਼ਰੀਫ ਦੀਆਂ ਆਇਤਾਂ ਦਾ ਹਵਾਲਾ ਦਿੰਦਿਆਂ ਪ੍ਰੋ. ਰਮਦੇਵ ਨੇ ਦੱਸਿਆ ਕਿ ਹਜ਼ਰਤ ਮੁਹੰਮਦ ਨੇ ਵੀ ਲੋਕਾਈ ਨੂੰ ਖੁਦਾ ਦੀ ਬੰਦਗੀ ਕਰਨ ਅਤੇ ਸਾਦਾ ਜੀਵਨ ਜੀਣ ਦੀ ਪ੍ਰੇਰਨਾ ਦਿੱਤੀ। ਸਵਾਲ-ਜਵਾਬ ਦੇ ਸ਼ੈਸਨ ਵਿਚ ਪ੍ਰੋ. ਰਮਦੇਵ ਨੇ ਆਏ ਮਹਿਮਾਨਾਂ ਦੇ ਸਵਾਲਾਂ ਦੇ ਖੋਜ ਭਰਪੂਰ ਜਵਾਬ ਦੇ ਕੇ ਉਨ੍ਹਾਂ ਨੂੰ ਪ੍ਰਭਾਵਿਤ ਕੀਤਾ।

ਸਮਾਗਮ ਦੇ ਅਖੀਰ 'ਤੇ ਆਪਸੀ ਭਾਈਚਾਰੇ ਤੇ ਮੁਹੱਬਤ ਦਾ ਪੈਗਾਮ ਦਿੰਦਿਆਂ ਸਾਰੇ ਧਰਮਾਂ ਦੀਆਂ ਸ਼ਖਸੀਅਤਾਂ ਨੇ ਪ੍ਰਾਥਨਾ 'ਚ ਹਿੱਸਾ ਲਿਆ।

# ਅਦਾਲਤ ਨੇ ਬੀਬੀ ਘੁਮਾਣ, ਝੱਟੂ ਅਤੇ ਸੰਘਾ ਉਤੇ ਖਰਚਾ ਪਾਇਆ

**ਸ਼ਿਕਾਗੋ (ਬਿਊਰੋ):** ਭੁਪਿੰਦਰ ਸਿੰਘ ਹੁੰਦਲ ਅਤੇ ਸਾਥੀਆਂ ਵਲੋਂ ਪਾਈ ਗਈ ਇਕ ਪਟੀਸ਼ਨ ਉਤੇ ਇਕ ਸਥਾਨਕ ਅਦਾਲਤ ਨੇ ਸਿੱਖ ਰਿਲੀਜੀਅਸ ਸੁਸਾਇਟੀ ਸ਼ਿਕਾਗੋ ਦੇ ਸਾਬਕਾ ਪ੍ਰਧਾਨ ਬੀਬੀ ਸੁਖਦੇਵ ਕੌਰ ਘੁਮਾਣ, ਕਾਰਜਕਾਰੀ ਸਕੱਤਰ ਕੁਲਦੀਪ ਸਿੰਘ ਝੱਟੂ ਅਤੇ ਗੁਰਦੀਪ ਸਿੰਘ ਸੰਘਾ ਨੂੰ ਹੁਕਮ ਕੀਤਾ ਹੈ ਕਿ ਉਹ ਮੁੱਦਈ ਦੇ ਵਕੀਲ ਐਂਡੀ ਫਿੰਕੋ ਨੂੰ 719.95 ਡਾਲਰ ਅਦਾਲਤੀ ਖਰਚੇ ਵਜੋਂ ਅਦਾ ਕਰਨ। ਅਦਾਲਤ ਨੇ ਇਹ ਹੁਕਮ ਪ੍ਰਤੀਵਾਦੀ ਧਿਰ ਵਲੋਂ ਫਰਵਰੀ ਮਹੀਨੇ ਹੋਈਆਂ ਸੁਸਾਇਟੀ ਦੀਆਂ ਚੋਣਾਂ ਨੂੰ ਰੋਕਣ ਲਈ ਟੈਂਪਰੇਰੀ ਰਿਸਟਰੇਨਿੰਗ ਆਰਡਰ ਦੀ 'ਗਲਤ' ਪਟੀਸ਼ਨ ਦਾਇਰ ਕਰਨ ਲਈ ਕੀਤੇ ਹਨ। ਇਹ ਖਰਚਾ ਇਸ ਪਟੀਸ਼ਨ ਦੀ ਜਵਾਬੀ ਪੈਰਵੀ ਕਰਨ ਦੇ ਖਰਚੇ ਵਜੋਂ ਪਾਇਆ ਗਿਆ ਹੈ। ਅਦਾਲਤ ਵਲੋਂ ਜਾਰੀ ਹੁਕਮਾਂ ਅਨੁਸਾਰ ਬੀਬੀ ਘੁਮਾਣ, ਸ. ਝੱਟੂ ਅਤੇ ਸ. ਸੰਘਾ ਨੂੰ ਇਹ ਰਕਮ 26 ਮਾਰਚ 2013 ਤੱਕ ਜਮ੍ਹਾਂ ਕਰਵਾਉਣੀ ਪਵੇਗੀ।

ਇਸੇ ਦੌਰਾਨ ਸ਼ਿਕਾਗੋ ਸਿੱਖਸ ਜਥੇਬੰਦੀ ਵਲੋਂ ਜਾਰੀ ਇਕ ਬਿਆਨ ਅਨੁਸਾਰ ਫੀਸ ਲਈ ਇਕ ਹੋਰ ਦਾਅਵਾ ਸਿੱਖ ਰਿਲੀਜੀਅਸ ਸੁਸਾਇਟੀ ਵਲੋਂ ਅਦਾਲਤ ਦੇ ਹੁਕਮਾਂ ਅਨੁਸਾਰ ਦਸਤਾਵੇਜ਼ ਮੁਹੱਈਆ ਨਾ ਕੀਤੇ ਜਾਣ ਅਤੇ ਈ-ਮੇਲਾਂ ਦਾ ਜੁਆਬ ਨਾ ਦਿੱਤੇ ਜਾਣ ਦੇ ਮਾਮਲੇ ਵਿਚ ਕੀਤਾ ਜਾਵੇਗਾ। ਕਿਉਂਕਿ ਇਹ ਕੋਤਾਹੀ ਸਿੱਖ ਰਿਲੀਜੀਅਸ ਸੁਸਾਇਟੀ ਦੀ ਨਹੀਂ ਸੀ ਸਗੋਂ ਸ. ਝੱਟੂ ਅਤੇ ਸ. ਸੰਘਾ ਦੀ ਹੈ, ਇਸ ਲਈ ਇਕ ਹੋਰ ਮੋਸ਼ਨ 1214.95 ਡਾਲਰ ਦੀ ਰਕਮ ਵਸੂਲਣ ਲਈ ਜਲਦ ਹੀ ਪਾਈ ਜਾਵੇਗੀ। ਬਿਆਨ ਅਨੁਸਾਰ ਇਸ ਕੇਸ ਵਿਚ ਇਹ ਪੰਥਕ ਸਲੇਟ ਵਾਲਿਆਂ ਦੀ ਵੱਡੀ ਇਖਲਾਕੀ ਹਾਰ ਹੈ। ਉਨ੍ਹਾਂ ਨੇ ਸੁਸਾਇਟੀ ਦੇ ਹਿਸਾਬ-ਕਿਤਾਬ ਦੇ ਦਸਤਾਵੇਜ਼ ਅਜੇ ਤੱਕ ਵੀ ਨਹੀਂ ਦਿੱਤੇ ਅਤੇ ਜੇ ਉਹ ਜਲਦ ਇਹ ਦਸਤਾਵੇਜ਼ ਨਹੀਂ ਦਿੰਦੇ ਤਾਂ ਹੱਤਕ ਅਦਾਲਤ ਦੇ ਦੋਸ਼ੀ ਹੋਣਗੇ।

# ਅਜਮੇਰ ਸਿੰਘ ਪੰਨੂ ਪੰਜਾਬ ਸਪੋਰਟਸ ਕਲੱਬ ਸ਼ਿਕਾਗੋ ਦੇ ਪ੍ਰਧਾਨ ਬਣੇ

**ਸ਼ਿਕਾਗੋ (ਬਿਊਰੋ):** ਸ੍ਰੀ ਅਜਮੇਰ ਸਿੰਘ ਪੰਨੂ ਸਥਾਨਕ ਖੇਡ ਕਲੱਬ ਪੰਜਾਬ ਸਪੋਰਟਸ ਕਲੱਬ ਦੇ ਨਵੇਂ ਪ੍ਰਧਾਨ ਚੁਣੇ ਗਏ ਹਨ। ਇਸ ਸਬੰਧੀ ਫੈਸਲਾ ਕਲੱਬ ਦੀ ਪਿਛਲੇ ਦਿਨੀਂ ਇਥੇ ਹੋਈ ਇਕ ਮੀਟਿੰਗ ਵਿਚ ਲਿਆ ਗਿਆ। ਉਹ ਪਿਛਲੇ ਪ੍ਰਧਾਨ ਹਰਵਿੰਦਰ ਸਿੰਘ ਬਿੱਲਾ ਦੀ ਥਾਂ ਲੈਣਗੇ ਜਿਨ੍ਹਾਂ ਦੇ ਅਹੁਦੇ ਦੀ ਇਕ ਸਾਲ ਦੀ ਟਰਮ ਪੂਰੀ ਹੋ ਚੁਕੀ ਹੈ।



ਅਜਮੇਰ ਸਿੰਘ ਪੰਨੂ

ਇਸੇ ਦੌਰਾਨ ਕਲੱਬ ਦੇ ਮੀਡੀਆ ਸਕੱਤਰ ਜਸਕਰਨ ਸਿੰਘ ਧਾਲੀਵਾਲ ਨੇ ਦੱਸਿਆ ਕਿ ਕਲੱਬ ਵਲੋਂ ਆਪਣਾ ਇਸ ਸਾਲ ਦਾ ਕਬੱਡੀ ਮੇਲਾ ਅਤੇ ਸਭਿਆਚਾਰਕ ਪ੍ਰੋਗਰਾਮ ਆਉਂਦੀ 25 ਮਈ ਸਨਿਚਰਵਾਰ ਨੂੰ ਇਥੋਂ ਦੀ ਸਬਰਬ ਵਿਲਾ ਪਾਰਕ ਦੇ ਓਡੀਅਮ ਐਕਸਪੋ ਸੈਂਟਰ (1033 ਨਾਰਥ ਵਿਲਾ ਐਵਨਿਊ) ਵਿਚ ਕਰਵਾਇਆ ਜਾਵੇਗਾ ਜਿਸ ਵਿਚ ਕੌਮਾਂਤਰੀ ਪੱਧਰ ਦੀਆਂ ਕਬੱਡੀ ਟੀਮਾਂ ਹਿੱਸਾ ਲੈਣਗੀਆਂ। ਇਸ ਤੋਂ ਇਲਾਵਾ ਇਸ ਮੇਲੇ ਦੌਰਾਨ ਸਭਿਆਚਾਰਕ ਪ੍ਰੋਗਰਾਮ ਵੀ ਪੇਸ਼ ਕੀਤਾ ਜਾਵੇਗਾ। ਇਹ ਕਲੱਬ ਸ਼ਿਕਾਗੋ ਦਾ ਸਭ ਤੋਂ ਪੁਰਾਣਾ ਖੇਡ ਕਲੱਬ ਹੈ ਅਤੇ ਹਰ ਸਾਲ ਕਬੱਡੀ ਮੇਲਾ ਕਰਵਾਉਂਦਾ ਆ ਰਿਹਾ ਹੈ।

# ਕੀਨੀਆ ਵਿਚੋਂ ਮਿਲਿਆ 600 ਸਾਲ ਪੁਰਾਣਾ ਚੀਨੀ ਸਿੱਕਾ

**ਸ਼ਿਕਾਗੋ:** ਕੀਨੀਆਈ ਟਾਪੂ ਤੋਂ ਛੇ ਸੌ ਸਾਲ ਪੁਰਾਣਾ ਚੀਨੀ ਸਿੱਕਾ ਮਿਲਿਆ ਹੈ ਜਿਸ ਤੋਂ ਇਹ ਪਤਾ ਲੱਗਦਾ ਹੈ ਕਿ ਯੂਰਪੀਆਂ ਦੇ ਪਹੁੰਚਣ ਤੋਂ ਪਹਿਲਾਂ ਚੀਨ ਤੇ ਪੂਰਬੀ ਅਫਰੀਕਾ ਦਰਮਿਆਨ ਵਪਾਰ ਚੱਲਦਾ ਸੀ। ਇਹ ਸਿੱਕਾ ਤਾਂਬੇ ਤੇ ਚਾਂਦੀ ਦੇ ਮਿਸ਼ਰਣ ਤੋਂ ਬਣਿਆ ਹੋਇਆ ਹੈ ਜਿਸ ਦਾ ਆਕਾਰ ਗੋਲ ਹੈ। ਇਸ ਦੇ ਵਿਚਕਾਰ ਚੌਰਸ ਮੋਰੀ ਹੈ ਤਾਂ ਜੋ ਇਸ ਨੂੰ ਰੱਸੀ ਵਿਚ ਪਾ ਕੇ ਲੱਕ ਨਾਲ ਬੰਨ੍ਹਿਆ ਜਾ ਸਕੇ। ਇਹ ਸਿੱਕਾ 'ਯੋਂਗਲ ਟੈਂਗਬਾਓ' ਮਿੰਗ ਵੰਸ਼ ਦੇ ਬਾਦਸ਼ਾਹ ਯੋਂਗਲ ਵੱਲੋਂ ਜਾਰੀ ਕੀਤਾ ਗਿਆ ਸੀ। ਯੋਂਗਲ ਨੇ 1403 ਤੋਂ 1425 ਏਡੀ ਦਰਮਿਆਨ ਰਾਜ ਕੀਤਾ ਸੀ।


HK Transport Company

Wanted Owner Operator & Drivers

Indianapolis based trucking company needs experienced CDL class A company drivers and owner operators to haul dry freights all over 48 states.

For company drivers-We provide Good and clean trucks, Pay every 15 days, direct deposit and weekend home.
For Owner operators with nice and good condition trucks who want to make more money with flexible dispatch options, we are the right choice.

"Medical Benefits and sign-in Bonus offered"

Contact Phone: 317-837-8577

Fax: 317-837-1004 email: ginny@hktransportinc.com



LegalShield
Worry Less. Live More.

Making Will and Healthcare Power of Attorney is now affordable
We also help with Traffic Tickets, IRS audit, Court Cases.

Unlimited Attorney Advice

Come to our Brunch Business Briefing

March 23rd, 2013. Saturday, 11 am

Clay Oven: 855 E. Schaumburg Rd., Schaumburg, IL 60193

Free Brunch

Hosted by Thakar S. Basati
(Independent Associates of Legal Shield)
Ph: 847-736-6092

Basatit@aol.co www.Legalshield.com/hub/thakarsbasati



SIDHU & ASSOCIATES REALTY-COMMERCIAL LOAN

For All Commercial Property Loans

Gas Stations, Hoteles/Motales, Liquor Stores in the Midwest

ਗੈਸ ਸਟੇਸ਼ਨ, ਮੋਟਲ, ਹੋਟਲ, ਲਿੱਕਰ ਸਟੋਰ ਅਤੇ ਹੋਰ ਹਰ ਤਰ੍ਹਾਂ ਦੀ ਵਪਾਰਕ ਪ੍ਰਾਪਰਟੀ ਵਾਸਤੇ ਲੋਨ ਲੈਣ ਲਈ ਸੰਪਰਕ ਕਰੋ

Baljit (BJ) Sidhu, Broker

Cell: 630-862-0941, Fax: 630-689-5882



ਬਲਜੀਤ ਸਿੱਧੂ

# ਵਿਧਾਨ ਸਭਾ: ਬਹਿਸ ਦੀ ਥਾਂ ਕਬੱਡੀ ਕਬੱਡੀ...



## ਸਿਆਸਤਦਾਨਾਂ ਨੂੰ ਲੋਕਾਂ ਦਾ ਨਹੀਂ, ਖੁਦ ਦਾ ਫਿਕਰ

*ਪੰਜਾਬ ਵਿਧਾਨ ਸਭਾ ਵਿਚ ਹੋਈਆਂ ਵਾਰਦਾਤਾਂ ਨੇ ਸਾਬਤ ਕਰ ਦਿੱਤਾ ਕਿ ਲੋਕਾਂ ਦੇ ਆਮ ਮਸਲਿਆਂ ਬਾਰੇ ਨਾ ਸੱਤਾ ਧਿਰ ਅਤੇ ਨਾ ਹੀ ਕਾਂਗਰਸ ਫਿਕਰਮੰਦ ਹੈ। ਜੇ ਕਾਂਗਰਸੀਆਂ ਨੇ ਤਰਨ ਤਾਰਨ ਦੀ ਪੀੜਤ ਲੜਕੀ ਨੂੰ ਵਿਧਾਨ ਸਭਾ ਵਿਚ ਲਿਜਾਣ ਦੀ ਮਆਰਕੇਬਾਜ਼ੀ ਕੀਤੀ ਤਾਂ ਅਕਾਲੀ ਦਲ ਨੇ ਸਦਨ ਅੰਦਰ ਜਾਣ ਲਈ ਬਣਾਏ ਜਾ ਰਹੇ ਆਮ ਪਾਸ ਬਣਾਉਣੇ ਬੰਦ ਕਰ ਕੇ ਅਤੇ ਫਿਰ ਸਦਨ ਅੰਦਰ ਕਾਂਗਰਸ ਦੇ ਦਫਤਰ ਵਿਚ ਛਾਪਾ ਮਰਵਾ ਕੇ ਮਨ-ਆਈਆਂ ਕੀਤੀਆਂ। ਵਿਧਾਨ ਸਭਾ ਦੇ ਸੈਸ਼ਨ ਦਾ ਅਰਥ ਮਿਥੇ ਗਏ ਮੁੱਦਿਆਂ ਬਾਰੇ ਬਹਿਸ ਕਰਨਾ ਹੁੰਦਾ ਹੈ, ਪਰ ਹਰ ਵਾਰ ਜਾਪਦਾ ਹੈ ਕਿ ਸੱਤਾਧਿਰ ਅਜਿਹੀ ਕਿਸੇ ਵੀ ਬਹਿਸ ਨੂੰ ਦਰਕਿਨਾਰ ਕਰਦੀ ਰਹੀ ਹੈ, ਇਹ ਭਾਵੇਂ ਅਕਾਲੀ ਹੋਣ ਜਾਂ ਕਾਂਗਰਸੀ। ਇਸੇ ਕਰ ਕੇ ਲੋਕਾਂ ਦੇ ਮਨਾਂ ਅੰਦਰ ਅਜਿਹੀ 'ਛੋਟੀ' ਜਮਹੂਰੀਅਤ ਬਾਰੇ ਵੱਡੇ ਸਵਾਲ ਉੱਠ ਰਹੇ ਹਨ।*

# ਕਾਂਗਰਸ ਦਾ ਕਬਜ਼ਾ, ਅਕਾਲੀ ਇਕੱਲੇ!

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਵਿਚ ਕਾਂਗਰਸ ਦੇ ਮੈਂਬਰਾਂ ਵੱਲੋਂ ਸਰਕਾਰ ਵਿਰੁੱਧ ਕੀਤਾ ਜਾ ਰਿਹਾ ਪ੍ਰਦਰਸ਼ਨ ਇਸ ਹੱਦ ਤੱਕ ਹਿੰਸਕ ਰੂਪ ਧਾਰਨ ਕਰ ਗਿਆ ਕਿ ਵਿਰੋਧੀ ਧਿਰ ਦੇ ਅੱਧੀ ਦਰਜਨ ਮੈਂਬਰ ਮਾਰਸ਼ਲਾਂ ਦਾ ਘੇਰਾ ਤੋੜ ਕੇ ਸਪੀਕਰ ਦੇ ਆਸਣ ਤੱਕ ਪਹੁੰਚ ਗਏ। ਕਾਂਗਰਸੀ ਮੈਂਬਰਾਂ ਨੇ ਮਾਰਸ਼ਲਾਂ ਨਾਲ ਧੱਕਾ-ਮੁੱਕੀ ਕੀਤੀ ਤੇ ਸਪੀਕਰ ਵੱਲ ਨੂੰ ਸਰਕਾਰੀ ਵਿਭਾਗਾਂ ਦੀਆਂ ਰਿਪੋਰਟਾਂ ਵਗਾਹ ਮਾਰੀਆਂ।

ਇਸ ਦੌਰਾਨ ਕਈਆਂ ਨੂੰ ਮਾਮੂਲੀ ਸੱਟਾਂ ਵੀ ਲੱਗੀਆਂ। ਸਦਨ ਦੀ ਕਾਰਵਾਈ ਮੁਲਤਵੀ ਹੋਣ ਤੋਂ ਬਾਅਦ ਜਗਮੋਹਨ ਕੰਗ ਸਪੀਕਰ ਦੀ ਕੁਰਸੀ 'ਤੇ ਬੈਠ ਗਏ। ਦਰਅਸਲ ਮਾਮਲਾ ਵਿਧਾਨ ਸਭਾ ਵਿਚ ਸਥਿਤ ਕਾਂਗਰਸ ਵਿਧਾਨਕਾਰ ਪਾਰਟੀ ਦੇ ਦਫ਼ਤਰ ਵਿਚ ਪਹੁੰਚੀ ਤਰਨ ਤਾਰਨ ਜ਼ਿਲ੍ਹੇ ਦੇ ਪਿੰਡ ਉਸਮਾ ਦੀ ਪੀੜਤ ਲੜਕੀ ਨੂੰ ਪੁਲਿਸ ਵੱਲੋਂ ਗ੍ਰਿਫਤਾਰ ਕਰਨ ਦੀ ਕੋਸ਼ਿਸ਼ ਤੋਂ ਵਿਗੜਿਆ। ਸਦਨ ਵਿਚ ਜਦੋਂ ਪ੍ਰਸ਼ਨ ਕਾਲ ਦੀ ਕਾਰਵਾਈ ਚੱਲ ਰਹੀ ਸੀ ਤਾਂ ਵਿਰੋਧੀ ਧਿਰ ਦੇ ਨੇਤਾ ਸੁਨੀਲ ਜਾਖੜ ਨੇ ਸਪੀਕਰ ਚਰਨਜੀਤ ਸਿੰਘ ਅਟਵਾਲ ਨੂੰ ਸ਼ਿਕਾਇਤ ਕੀਤੀ ਕਿ ਕਾਂਗਰਸ ਦੇ ਦਫ਼ਤਰ ਵਿਚ ਪੁਲਿਸ ਦਾਖਲ ਹੋਈ ਹੈ। ਸ੍ਰੀ ਜਾਖੜ ਦੀ ਅਗਵਾਈ ਵਿਚ ਨਾਅਰੇ ਲਾਉਂਦੇ ਕਾਂਗਰਸੀ ਵਿਧਾਇਕਾਂ ਨੇ ਵਾਕਆਊਟ ਕਰ ਦਿੱਤਾ। ਵਿਧਾਨ ਸਭਾ ਵਿਚ ਪ੍ਰਸ਼ਨ ਕਾਲ ਵੇਲੇ ਪੈਦਾ ਹੋਈ ਤਣਾਅਪੂਰਨ ਸਥਿਤੀ ਦੁਪਹਿਰ ਤੋਂ ਬਾਅਦ ਗੰਭੀਰ ਰੂਪ ਧਾਰਨ ਕਰ ਗਈ। ਸਪੀਕਰ ਨੇ ਇਸ ਮਾਮਲੇ 'ਤੇ ਸਦਨ ਦੇ ਨੇਤਾ ਪ੍ਰਕਾਸ਼ ਸਿੰਘ ਬਾਦਲ ਤੇ ਹੋਰਾਂ ਆਗੂਆਂ ਨਾਲ ਲੰਮੀਆਂ ਮੀਟਿੰਗਾਂ ਕੀਤੀਆਂ ਪਰ ਕੋਈ ਹੱਲ ਨਾ ਨਿਕਲਿਆ। ਸਦਨ ਦੀ ਕਾਰਵਾਈ ਤਿੰਨ ਵਾਰੀ ਮੁਲਤਵੀ ਕਰਨੀ ਪਈ।

## ਸਪੀਕਰ ਵੱਲੋਂ ਨੌਂ ਕਾਂਗਰਸੀ ਵਿਧਾਇਕ ਮੁਅੱਤਲ

**ਚੰਡੀਗੜ੍ਹ:** ਪੰਜਾਬ ਦੇ ਨੌਂ ਕਾਂਗਰਸੀ ਵਿਧਾਇਕਾਂ ਨੂੰ ਵਿਧਾਨ ਸਭਾ ਵਿਚ ਚੱਲ ਰਹੇ ਬਜਟ ਸੈਸ਼ਨ ਦੇ ਰਹਿੰਦੇ ਦਿਨਾਂ ਲਈ ਮੁਅੱਤਲ ਕਰ ਦਿੱਤਾ ਗਿਆ ਹੈ। ਸਦਨ ਵੱਲੋਂ ਇਹ ਕਾਰਵਾਈ ਵਿਧਾਨ ਸਭਾ ਵਿਚ ਮਚਾਏ ਗਏ ਸ਼ੋਰ-ਸ਼ਰਾਬੇ ਦੇ ਆਧਾਰ 'ਤੇ ਕੀਤੀ ਗਈ ਹੈ। ਸਪੀਕਰ ਚਰਨਜੀਤ ਸਿੰਘ ਅਟਵਾਲ ਨੇ ਵਿਰੋਧੀ ਧਿਰ ਦੇ ਵਿਧਾਇਕਾਂ ਦੀ ਇਕ ਦਿਨ ਲਈ ਮੁਅੱਤਲੀ ਦਾ ਐਲਾਨ ਕੀਤਾ ਪਰ ਬਾਅਦ ਦੁਪਹਿਰ ਹਾਕਮ ਪਾਰਟੀ ਦੇ ਮੈਂਬਰਾਂ ਦੀ ਮੰਗ 'ਤੇ ਸੰਸਦੀ ਮਾਮਲਿਆਂ ਬਾਰੇ ਮੰਤਰੀ ਮਦਨ ਮੋਹਨ ਮਿੱਤਲ ਵੱਲੋਂ ਪੇਸ਼ ਕੀਤੇ ਮਤੇ ਨੂੰ ਸਵੀਕਾਰ ਕਰਦਿਆਂ ਉਨ੍ਹਾਂ ਨੌਂ ਵਿਧਾਇਕਾਂ ਨੂੰ ਬਜਟ ਸੈਸ਼ਨ ਦੇ ਰਹਿੰਦੇ ਦਿਨਾਂ ਲਈ ਮੁਅੱਤਲ ਕਰ ਦਿੱਤਾ। ਸਪੀਕਰ ਵੱਲੋਂ ਮੁਅੱਤਲ ਕੀਤੇ ਗਏ ਵਿਧਾਇਕਾਂ ਵਿਚ ਖਰੜ ਤੋਂ ਜਗਮੋਹਨ ਸਿੰਘ ਕੰਗ, ਕਪੂਰਥਲਾ ਤੋਂ ਰਾਣਾ ਗੁਰਜੀਤ ਸਿੰਘ, ਗੁਰਦਾਸਪੁਰ ਜ਼ਿਲ੍ਹੇ ਤੋਂ ਵਿਧਾਇਕ ਸੁਖਵਿੰਦਰ ਸਿੰਘ ਸੁੱਖੀ ਰੰਧਾਵਾ, ਮੁਹਾਲੀ ਤੋਂ ਬਲਬੀਰ ਸਿੰਘ ਸਿੱਧੂ, ਗਿੱਦੜਬਾਹਾ ਤੋਂ ਅਮਰਿੰਦਰ ਸਿੰਘ ਰਾਜਾ ਵੜਿੰਗ, ਰਾਜਪੁਰਾ ਤੋਂ ਹਰਦਿਆਲ ਸਿੰਘ ਕੰਬੋਜ, ਫਤਿਹਗੜ੍ਹ ਸਾਹਿਬ ਤੋਂ ਕੁਲਜੀਤ ਸਿੰਘ ਨਾਗਰਾ, ਫਿਰੋਜ਼ਪੁਰ ਤੋਂ ਪਰਮਿੰਦਰ ਸਿੰਘ ਪਿੰਕੀ ਤੇ ਚਮਕੌਰ ਸਾਹਿਬ ਤੋਂ ਵਿਧਾਇਕ ਚਰਨਜੀਤ ਸਿੰਘ ਚੰਨੀ ਸ਼ਾਮਲ ਹਨ। ਇਸ ਤੋਂ ਬਾਅਦ ਕਾਂਗਰਸੀਆਂ ਨੇ ਸਦਨ ਦੀ ਕਾਰਵਾਈ ਦਾ ਬਾਈਕਾਟ ਕਰ ਦਿੱਤਾ।

# ਘਟਨਾ ਦੀ ਹਕੀਕਤ: ਕੀ ਹੋਣਾ ਸੀ, ਕੀ ਹੋਇਆ...

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਵਿਚ ਤਰਨ ਤਾਰਨ ਜ਼ਿਲ੍ਹੇ ਦੀ ਪੀੜਤ ਲੜਕੀ ਦੇ ਪਹੁੰਚਣ ਨਾਲ ਤਣਾਅਪੂਰਨ ਹੋਏ ਹਾਲਾਤ ਤੋਂ ਇਕ ਵਾਰੀ ਤਾਂ ਸਰਕਾਰ ਨੂੰ ਭਾਜੜਾਂ ਪੈ ਗਈਆਂ। ਪ੍ਰਸ਼ਨ ਕਾਲ ਦੌਰਾਨ ਜਦੋਂ ਸੁਨੀਲ ਜਾਖੜ ਨੇ ਕਾਂਗਰਸ ਦਫ਼ਤਰ ਵਿਚ ਪੁਲਿਸ ਦੇ ਦਾਖਲੇ ਦਾ ਮੁੱਦਾ ਚੁੱਕਿਆ ਤਾਂ ਸਪੀਕਰ ਚਰਨਜੀਤ ਸਿੰਘ ਅਟਵਾਲ ਤੇ ਉਪ ਮੁੱਖ ਮੰਤਰੀ ਨੇ ਇਸ ਤੋਂ ਅਗਿਆਨਤਾ ਪ੍ਰਗਟ ਕੀਤੀ।

ਅਫਸਰਾਂ ਦੀ ਗੈਲਰੀ ਵਿਚ ਬੈਠੇ ਏ.ਡੀ.ਜੀ.ਪੀ. (ਇੰਟੈਲੀਜੈਂਸ) ਹਰਦੀਪ ਸਿੰਘ ਢਿੱਲੋਂ ਇਕਦਮ ਹਰਕਤ ਵਿਚ ਆ ਗਏ। ਮੁੱਖ ਮੰਤਰੀ ਤੇ ਉਪ ਮੁੱਖ ਮੰਤਰੀ ਤਾਂ ਕਾਂਗਰਸ ਦਫਤਰ ਵਿਚ ਪੁਲਿਸ ਦੇ ਦਾਖਲੇ ਨੂੰ ਦਰੁਸਤ ਆਖਦੇ ਰਹੇ ਜਦੋਂਕਿ ਸਪੀਕਰ ਨੇ ਪੁਲਿਸ ਦਾਖਲੇ ਨੂੰ ਗਲਤ ਕਰਾਰ ਦਿੰਦਿਆਂ ਕਿਹਾ ਕਿ ਉਹ ਇਹ ਮਾਮਲਾ ਦੇਖਣਗੇ। ਕਾਂਗਰਸ ਦੇ ਸਾਰੇ ਵਿਧਾਇਕ ਵਿਧਾਨਕਾਰ ਪਾਰਟੀ ਦੇ ਦਫ਼ਤਰ ਵਿਚ ਪਹੁੰਚ ਗਏ ਜਿੱਥੇ ਉਨ੍ਹਾਂ ਨੇ ਕਈ ਪੁਲਿਸ ਕਰਮਚਾਰੀਆਂ ਨੂੰ ਘੇਰਿਆ ਹੋਇਆ ਸੀ। ਗੁਰਦਾਸਪੁਰ ਜ਼ਿਲ੍ਹੇ ਵਿਚ ਤਾਇਨਾਤ ਇਕ ਹੌਲਦਾਰ ਦੀ ਕਾਫ਼ੀ ਖਿੱਚਧੂਹ ਵੀ ਕੀਤੀ। ਮੁਹਾਲੀ ਦੇ ਵਿਧਾਇਕ ਬਲਬੀਰ ਸਿੰਘ ਸਿੱਧੂ ਨੇ ਦੋਸ਼ ਲਾਇਆ ਕਿ ਕਮਾਂਡੈਂਟ ਸੁਖਵੰਤ

### ਸਰਕਾਰ ਨੇ ਸਬਰ ਨੇ ਕੀਤਾ, ਕਾਂਗਰਸ ਵੀ ਸੀ ਕਾਹਲੀ

ਸਿੰਘ ਗਿੱਲ ਦੀ ਅਗਵਾਈ ਹੇਠ ਪੁਲਿਸ ਨੇ ਕਾਂਗਰਸ ਦੇ ਦਫ਼ਤਰ 'ਤੇ ਛਾਪਾ ਮਾਰਿਆ। ਕਾਂਗਰਸੀਆਂ ਮੁਤਾਬਕ ਕਮਾਂਡੈਂਟ ਗਿੱਲ ਸ਼੍ਰੋਮਣੀ ਅਕਾਲੀ ਦਲ ਦੇ ਦਫ਼ਤਰ ਵਿਚ ਛੁਪ ਗਏ। ਵਿਧਾਨ ਸਭਾ ਵਿਚ ਮੌਜੂਦ ਮਹਿਲਾ ਪੁਲੀਸ ਕਰਮਚਾਰੀਆਂ ਨੂੰ ਵੀ ਕਾਂਗਰਸੀਆਂ ਨੇ ਘੇਰਿਆ ਹੋਇਆ ਸੀ। ਪੀੜਤ ਲੜਕੀ ਤੇ ਉਸ ਦੇ ਪਿਤਾ ਕਸ਼ਮੀਰ ਸਿੰਘ ਨੂੰ ਕਾਂਗਰਸੀ ਆਗੂ ਹਰਮਿੰਦਰ ਸਿੰਘ ਗਿੱਲ ਲੈ ਕੇ ਆਏ ਸਨ।

ਵਿਰੋਧੀ ਧਿਰ ਦੇ ਨੇਤਾ ਸੁਨੀਲ ਜਾਖੜ ਦਾ ਕਹਿਣਾ ਹੈ ਕਿ ਵਿਧਾਨ ਸਭਾ ਕੰਪਲੈਕਸ ਵਿਚ ਉਹ ਆਪਣੇ ਨਾਲ ਇਸ ਪੀੜਤ ਪਰਿਵਾਰ ਨੂੰ ਲੈ ਕੇ ਆਏ ਤਾਂ ਜੋ ਮੀਡੀਆ ਦੇ ਸਾਹਮਣੇ ਆਪਣੀ ਵਿਥਿਆ ਸੁਣਾ ਸਕਣ। ਪੀੜਤ ਲੜਕੀ ਤੇ ਉਸ ਦੇ ਮਾਤਾ ਪਿਤਾ ਨੇ ਕਿਹਾ ਕਿ ਪੁਲਿਸ ਵੱਲੋਂ ਦੋਸ਼ੀਆਂ ਵਿਰੋਧ ਕਾਰਵਾਈ ਕਰਨ ਦੀ ਥਾਂ ਉਨ੍ਹਾਂ 'ਤੇ ਸਮਝੌਤੇ ਲਈ ਦਬਾਅ ਪਾਇਆ ਜਾ ਰਿਹਾ ਹੈ। ਵਿਧਾਇਕਾਂ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਤੇ ਕੁਲਜੀਤ ਸਿੰਘ ਨਾਗਰਾ ਨੇ ਦੱਸਿਆ ਕਿ ਪੁਲਿਸ ਕਰਮਚਾਰੀ ਤਰਨਤਾਰਨ ਤੋਂ ਆਈ ਲੜਕੀ ਦੀ ਕਾਂਗਰਸ ਦੇ ਦਫ਼ਤਰ ਵਿਚ ਤਲਾਸ਼ ਕਰ ਰਹੇ ਸਨ। ਜਦੋਂ ਉਨ੍ਹਾਂ ਨੂੰ ਦਫ਼ਤਰ ਵਿਚ ਦਾਖਲ ਹੋਣ ਦਾ ਕਾਰਨ ਪੁੱਛਿਆ ਤਾਂ ਕੋਈ ਤਸੱਲੀਬਖਸ਼ ਜਵਾਬ ਨਹੀਂ ਦਿੱਤਾ ਗਿਆ। ਇਨ੍ਹਾਂ ਵਿਧਾਇਕਾਂ ਨੇ ਵਿਰੋਧੀ ਧਿਰ ਦੇ ਨੇਤਾ ਸੁਨੀਲ ਜਾਖੜ ਨੂੰ ਜਾਣਕਾਰੀ ਦਿੱਤੀ।

ਵਿਧਾਨ ਸਭਾ ਕੰਪਲੈਕਸ ਵਿਚ ਕਈ ਘੰਟੇ ਅਫ਼ਰਾ ਤਫਰੀ ਦਾ ਮਾਹੌਲ ਬਣਿਆ ਰਿਹਾ। ਕਾਂਗਰਸੀਆਂ ਦੇ ਰੌਂਅ ਦੇਖ ਕੇ ਪੁਲਿਸ ਮੁਲਾਜ਼ਮ ਤੇ ਵਿਧਾਨ ਸਭਾ ਦੇ ਮੁਲਾਜ਼ਮ ਘਬਰਾ ਗਏ, ਜਦੋਂਕਿ ਹਾਕਮ ਪਾਰਟੀ ਦੇ ਵਿਧਾਇਕਾਂ ਦੀ ਹਾਜ਼ਰੀ ਵਿਚ ਸਦਨ ਦੀ ਕਾਰਵਾਈ ਉਸੇ ਤਰ੍ਹਾਂ ਹੀ ਚਲਦੀ ਰਹੀ। ਕਾਂਗਰਸੀ ਵਿਧਾਇਕਾਂ ਨੇ ਪੁਲਿਸ ਕਰਮਚਾਰੀਆਂ ਦੇ ਪਛਾਣ-ਪੱਤਰ ਖੋਹ ਲਏ ਜਿਨ੍ਹਾਂ ਨੂੰ ਹਾਊਸ ਵਿਚ ਜਾ ਕੇ ਸਪੀਕਰ ਦੇ ਸਾਹਮਣੇ ਪੇਸ਼ ਵੀ ਕੀਤੇ। ਸਪੀਕਰ ਨੇ ਇਨ੍ਹਾਂ ਨੂੰ ਅਣਗੌਲਿਆ ਕਰ ਦਿੱਤਾ।

## ਕਾਂਗਰਸੀਆਂ ਨੇ ਪੁਲਿਸ ਨੂੰ ਕਸੂਤ ਫਸਾਇਆ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਵਿਚ ਹੋਈਆਂ ਝੜਪਾਂ ਦੇ ਮਾਮਲੇ ਵਿਚ ਵਿਰੋਧੀ ਧਿਰ ਕਾਂਗਰਸ ਨੇ ਪੁਲਿਸ ਨੂੰ ਕਸੂਤਾ ਫਸਾ ਦਿੱਤਾ ਹੈ। ਚੰਡੀਗੜ੍ਹ ਪੁਲਿਸ ਵੱਲੋਂ ਇਸ ਮਾਮਲੇ ਵਿਚ ਕਾਂਗਰਸੀ ਵਿਧਾਇਕਾਂ ਵਿਰੁੱਧ ਦਰਜ ਕੀਤੀ ਐਫ.ਆਈ.ਆਰ. ਨੂੰ ਵਿਰੋਧੀ ਧਿਰ ਦੇ ਆਗੂ ਸੁਨੀਲ ਜਾਖੜ ਵੱਲੋਂ ਪੁਲਿਸ ਅਧਿਕਾਰੀਆਂ ਵਿਰੁੱਧ ਕੀਤੀ ਸ਼ਿਕਾਇਤ ਨਾਲ ਜੋੜਨ ਕਾਰਨ ਇਹ ਮਾਮਲਾ ਠੰਢੇ ਬਸਤੇ ਵਿਚ ਪੈਂਦਾ ਜਾਪਦਾ ਹੈ। ਚੰਡੀਗੜ੍ਹ ਪੁਲਿਸ ਅਨੁਸਾਰ ਜਿੱਥੇ ਤੀਜੀ ਕਮਾਂਡੋ ਬਟਾਲੀਅਨ ਪੀ.ਏ.ਪੀ. ਮੁਹਾਲੀ ਦੇ ਕਮਾਂਡੈਂਟ ਸੁਖਵੰਤ ਸਿੰਘ ਗਿੱਲ ਵੱਲੋਂ ਕਾਂਗਰਸੀ ਵਿਧਾਇਕਾਂ ਉੱਪਰ ਹੌਲਦਾਰ ਜੈਪਾਲ ਸਿੰਘ ਤੇ ਹੋਰ ਪੁਲਿਸ ਮੁਲਾਜ਼ਮਾਂ ਉੱਪਰ ਹਮਲਾ ਕਰਨ ਦੇ ਦੋਸ਼ ਲਾਏ ਗਏ ਹਨ, ਉਥੇ ਵਿਰੋਧੀ ਧਿਰ ਦੇ ਆਗੂ ਸ੍ਰੀ ਜਾਖੜ ਵੱਲੋਂ ਦਿੱਤੀ ਸ਼ਿਕਾਇਤ ਵਿਚ ਦੋਸ਼ ਲਾਇਆ ਹੈ ਕਿ ਪੁਲਿਸ ਅਧਿਕਾਰੀ ਅਣਅਧਿਕਾਰਤ ਢੰਗ ਨਾਲ ਵਿਧਾਨ ਸਭਾ ਵਿਚ ਕਾਂਗਰਸ ਵਿਧਾਇਕ ਦਲ ਦੇ ਦਫ਼ਤਰ ਵਿਚ ਦਖਲ ਹੋਏ।

# ਕਾਂਗਰਸੀਆਂ ਨੇ ਚਲਾਇਆ ਆਪਣਾ ਸੈਸ਼ਨ

**ਚੰਡੀਗੜ੍ਹ:** ਕਾਂਗਰਸੀਆਂ ਨੇ ਵਿਧਾਨ ਸਭਾ ਵਿਚ ਆਪਣੇ ਸੈਸ਼ਨ ਚਲਾ ਕੇ ਹਾਕਮਾਂ ਨੂੰ ਹੋਰ ਵਖ਼ਤ ਪਾ ਦਿੱਤਾ। ਕਾਂਗਰਸੀ ਵਿਧਾਇਕਾਂ ਨੂੰ ਜਦੋਂ ਵਿਧਾਨ ਸਭਾ ਸਕੱਤਰੇਤ ਵੱਲੋਂ ਵਿਧਾਨ ਸਭਾ ਕੰਪਲੈਕਸ ਵਿਚ ਬਰਾਬਰ ਸੈਸ਼ਨ ਚਲਾਉਣ ਤੋਂ ਮਨ੍ਹਾ ਕਰ ਦਿੱਤਾ ਗਿਆ ਤਾਂ ਕਾਂਗਰਸ ਦੇ ਤਿੰਨ ਦਰਜਨ ਵਿਧਾਇਕਾਂ ਨੇ ਵਿਧਾਨ ਸਭਾ ਦੇ ਬਾਹਰ 'ਮੌਕ' ਸੈਸ਼ਨ ਚਲਾ ਲਿਆ।

'ਮੌਕ' ਸੈਸ਼ਨ ਦੌਰਾਨ ਜਗਮੋਹਨ ਸਿੰਘ ਕੰਗ ਨੂੰ ਸਪੀਕਰ ਬਣਾਇਆ ਗਿਆ। ਸਦਨ ਵਿਚ ਜੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਸੂਬੇ ਵਿਚ 'ਸਭ ਅੱਛਾ' ਹੋਣ ਦਾ ਦਾਅਵਾ ਕਰਦੇ ਸਨ ਤਾਂ ਬਾਹਰ ਕਾਂਗਰਸ ਦੇ ਵਿਧਾਇਕਾਂ ਨੇ ਕਾਨੂੰਨ ਵਿਵਸਥਾ ਦੇ ਮੁੱਦੇ 'ਤੇ ਸਰਕਾਰ ਨੂੰ ਚੰਗੇ ਰਗੜੇ ਲਾਏ। ਕਾਂਗਰਸ ਨੇ ਵਿਧਾਨ ਸਭਾ ਦੇ ਅੰਦਰ ਰਾਜਪਾਲ ਦੇ ਭਾਸ਼ਨ 'ਤੇ ਚੱਲ ਰਹੀ ਬਹਿਸ ਵਿਚ ਹਿੱਸਾ ਨਾ ਲਿਆ। ਸਿਰਫ਼ ਹਾਕਮ ਧਿਰ ਦੇ ਮੈਂਬਰਾਂ ਨੇ ਹੀ ਹਾਜ਼ਰੀ ਲਵਾਈ। ਕਾਂਗਰਸ ਨੇ ਵਿਧਾਨ ਸਭਾ ਦੇ ਬਾਹਰ ਰਾਜਪਾਲ ਦੇ ਭਾਸ਼ਨ ਨੂੰ ਆਧਾਰ



ਬਣਾ ਕੇ ਬਿਆਨਬਾਜ਼ੀ ਕੀਤੀ।

ਕਾਂਗਰਸ ਦੇ ਮੈਂਬਰਾਂ ਨੇ ਰਾਜਪਾਲ ਦੇ ਭਾਸ਼ਨ 'ਤੇ ਚਰਚਾ ਕਰਦਿਆਂ ਇਸ ਨੂੰ ਝੂਠ ਦਾ ਪੁਲੰਦਾ ਕਰਾਰ ਦਿੱਤਾ। ਇਹ 'ਮੌਕ' ਸੈਸ਼ਨ ਤਕਰੀਬਨ ਇਕ ਘੰਟੇ ਤੱਕ ਚੱਲਿਆ। ਜਗਮੋਹਨ ਕੰਗ ਨੇ ਕਿਹਾ ਕਿ ਸਾਨੂੰ ਬਾਹਰ ਮੌਕ ਸੈਸ਼ਨ ਲਾਉਣ ਦੀ ਖੁਸ਼ੀ ਨਹੀਂ ਹੈ ਪਰ ਜਿਸ ਤਰ੍ਹਾਂ ਸਪੀਕਰ ਨੇ ਪੱਖਪਾਤੀ ਰਵੱਈਆ ਅਖ਼ਤਿਆਰ ਕੀਤਾ ਹੈ, ਉਨ੍ਹਾਂ ਨੂੰ ਅਜਿਹਾ ਕਰਨਾ ਪਿਆ। ਉਨ੍ਹਾਂ ਨੂੰ ਇਸ ਦੀ ਉਮੀਦ ਨਹੀਂ ਸੀ ਕਿਉਂਕਿ ਸਪੀਕਰ ਸਭ ਦਾ ਸਾਂਝਾ ਹੁੰਦਾ ਹੈ। ਉਨ੍ਹਾਂ ਕਿਹਾ ਕਿ ਅਸੀਂ ਵਾਪਰੀ ਘਟਨਾ ਨੂੰ ਮੰਦਭਾਗਾ ਵੀ ਕਿਹਾ ਸੀ, ਪਰ ਸਪੀਕਰ ਨੇ ਸਾਡੀ ਹਰ ਗੱਲ ਨੂੰ ਗੈਰ-ਜਮਹੂਰੀ ਢੰਗ ਨਾਲ ਠੁਕਰਾ ਦਿੱਤਾ।

## ...ਸਤਾਈ ਸਾਲ ਬਾਅਦ

ਪੰਜਾਬ ਵਿਧਾਨ ਸਭਾ ਦੇ ਇਤਿਹਾਸ ਵਿਚ 27 ਸਾਲਾਂ ਬਾਅਦ ਮੈਂਬਰਾਂ ਨੇ ਸਪੀਕਰ ਦੇ ਆਸਣ ਤੱਕ ਪਹੁੰਚ ਕੀਤੀ। ਸ਼੍ਰੋਮਣੀ ਅਕਾਲੀ ਦਲ ਦੇ ਇਕ ਸੀਨੀਅਰ ਆਗੂ ਨੇ ਤਤਕਾਲੀਨ ਸਪੀਕਰ ਸੁਰਜੀਤ ਸਿੰਘ ਮਿਨਹਾਸ ਨਾਲ ਬਦਸਲੂਕੀ ਕੀਤੀ ਸੀ। ਵਿਧਾਨ ਸਭਾ ਵਿਚ ਵਿਧਾਇਕਾਂ ਨੇ ਸਪੀਕਰ ਦੀ ਕੁਰਸੀ 'ਤੇ ਬੈਠੇ ਚੇਅਰਮੈਨ ਨਾਲ ਬਦਸਲੂਕੀ ਕੀਤੀ। ਮੇਜ਼ 'ਤੇ ਪਏ ਸਾਮਾਨ ਦੀ ਭੰਨ-ਤੋੜ ਕੀਤੀ ਤੇ ਉਸ ਨੂੰ ਕੁਰਸੀ ਛੱਡ ਕੇ ਭੱਜਣ ਲਈ ਮਜਬੂਰ ਕਰ ਦਿੱਤਾ।

## ਬਾਦਲ ਦੀ ਗ਼ੈਰ-ਹਾਜ਼ਰੀ ਦਾ ਰਾਜ਼

**ਚੰਡੀਗੜ੍ਹ:** ਮੁੱਖ ਮੰਤਰੀ ਤੇ ਸਦਨ ਦੇ ਨੇਤਾ ਪ੍ਰਕਾਸ਼ ਸਿੰਘ ਬਾਦਲ ਦੀ ਗੈਰ-ਮੌਜੂਦਗੀ ਵਿਚ ਅਕਸਰ ਦੋਹਾਂ ਧਿਰਾਂ ਦਰਮਿਆਨ ਟਕਰਾਅ ਵਧਦਾ ਹੈ। ਉਹ ਅਕਸਰ ਹੀ ਅਜਿਹੇ ਮੌਕਿਆਂ 'ਤੇ ਗੈਰ-ਹਾਜ਼ਰ ਰਹਿੰਦੇ ਹਨ। ਬਿਕਰਮ ਸਿੰਘ ਮਜੀਠੀਆ ਤੇ ਰਾਣਾ ਗੁਰਜੀਤ ਸਿੰਘ ਦਰਮਿਆਨ ਤਕਰਾਰ ਹੋਣ ਤੋਂ ਅਗਲੇ ਦਿਨ ਵੀ ਸ. ਬਾਦਲ ਗੈਰ-ਹਾਜ਼ਰ ਸਨ। ਉਨ੍ਹਾਂ ਦੀ ਗੈਰ-ਹਾਜ਼ਰੀ ਵਿਚ ਮਾਲ ਮੰਤਰੀ ਬਿਕਰਮ ਸਿੰਘ ਮਜੀਠੀਆ ਮੈਂਬਰਾਂ ਦੀਆਂ ਸੀਟਾਂ 'ਤੇ ਆ-ਆ ਕੇ ਕੁਝ ਦਿਸ਼ਾ ਨਿਰਦੇਸ਼ ਦਿੰਦੇ ਰਹੇ। ਤਾਜ਼ਾ ਟਕਰਾਅ ਵਾਲੇ ਦਿਨ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਵੀ ਸਦਨ ਵਿਚੋਂ ਕਈ ਵਾਰੀ ਬਾਹਰ ਗਏ। ਮਜੀਠੀਆ ਨੇ ਸੁਖਬੀਰ ਬਾਦਲ ਨਾਲ ਵੀ ਕਈ ਵਾਰੀ ਸਦਨ ਵਿਚ ਗੱਲ ਕੀਤੀ।

## ਹਾਕਮ ਵਿਰੋਧੀ ਧਿਰ ਦਾ ਸਤਿਕਾਰ ਭੁੱਲੇ: ਜਾਖੜ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਵਿਚ ਸ਼ੋਰ-ਸ਼ਰਾਬੇ ਦੀਆਂ ਘਟਨਾਵਾਂ ਬਾਰੇ ਵਿਰੋਧੀ ਧਿਰ ਦੇ ਨੇਤਾ ਸੁਨੀਲ ਜਾਖੜ ਨੇ ਕਿਹਾ ਕਿ ਇਹ ਮੰਦਭਾਗੀਆਂ ਸਨ ਤੇ ਇਨ੍ਹਾਂ ਨੂੰ ਟਾਲਿਆ ਜਾ ਸਕਦਾ ਸੀ। ਇਨ੍ਹਾਂ ਘਟਨਾਵਾਂ ਦਾ ਕਾਰਨ ਹਾਕਮ ਧਿਰ ਦਾ ਰਵੱਈਆ ਹੈ। ਉਨ੍ਹਾਂ ਕਿਹਾ ਕਿ ਉਹ ਹਾਕਮ ਧਿਰ ਦੇ ਝਾਂਸੇ ਵਿਚ ਆ ਗਏ। ਸਰਕਾਰੀ ਧਿਰ ਵੱਲੋਂ ਮਾਮਲੇ ਨੂੰ ਸ਼ਾਂਤ ਕਰਨ ਦਾ ਕੋਈ ਯਤਨ ਨਹੀਂ ਕੀਤਾ ਗਿਆ। ਸਰਕਾਰ ਨੇ ਸਾਰਾ ਮਾਹੌਲ ਖ਼ੁਦ ਬਣਾਇਆ। ਵਿਰੋਧੀ ਧਿਰ ਦੇ ਨੇਤਾ ਨੇ ਕਿਹਾ ਕਿ ਸੱਤਾ ਦੇ ਨਸ਼ੇ ਵਿਚ ਹਾਕਮਾਂ ਨੂੰ ਵਿਰੋਧੀ ਧਿਰ ਦਾ ਸਤਿਕਾਰ ਭੁੱਲ ਗਿਆ ਹੈ ਜਿਸ ਕਾਰਨ ਟਕਰਾਅ ਵਾਲਾ ਮਾਹੌਲ ਬਣਿਆ ਹੈ।

## 15 ਕਾਂਗਰਸੀ ਵਿਧਾਇਕਾਂ ਖ਼ਿਲਾਫ਼ ਕੇਸ ਦਰਜ

**ਚੰਡੀਗੜ੍ਹ:** ਚੰਡੀਗੜ੍ਹ ਪੁਲਿਸ ਨੇ ਵਿਧਾਨ ਸਭਾ ਵਿਚ ਹੋਏ ਹੰਗਾਮੇ ਦੌਰਾਨ ਪੰਜਾਬ ਪੁਲਿਸ ਦੇ ਹੌਲਦਾਰ ਤੇ ਬਜਟ ਸੈਸ਼ਨ 'ਚ ਵਿਧਾਨ ਸਭਾ ਵਿਖੇ ਵਾਚ ਐਂਡ ਵਾਰਡ ਡਿਊਟੀ ਨਿਭਾਅ ਰਹੇ ਜੈਪਾਲ ਦੀ ਕੁੱਟ-ਮਾਰ ਕਰਨ ਦੇ ਦੋਸ਼ ਤਹਿਤ ਪੰਜਾਬ ਕਾਂਗਰਸ ਦੇ ਕੁਲਜੀਤ ਸਿੰਘ ਨਾਗਰਾ, ਗੁਰਕੀਰਤ ਸਿੰਘ ਕੋਟਲੀ, ਜਗਮੋਹਨ ਸਿੰਘ ਕੰਗ, ਰਾਣਾ ਗੁਰਜੀਤ ਸਿੰਘ, ਸੁਖਜਿੰਦਰ ਸਿੰਘ ਰੰਧਾਵਾ ਤੇ ਬਲਬੀਰ ਸਿੰਘ ਸਿੱਧੂ ਸਮੇਤ 15-20 ਵਿਧਾਇਕਾਂ ਵਿਰੁੱਧ ਕੇਸ ਦਰਜ ਕੀਤਾ ਹੈ।

## Matrimonials

### ਵਰ ਦੀ ਲੋੜ ਹੈ

ਜੱਟ ਸਿੱਖ ਅਮਰੀਕਨ ਸਿਟੀਜ਼ਨ, 32/ 5'-6'' ਪਤਲੀ ਖੂਬਸੂਰਤ ਐਮ ਏ ਲੜਕੀ ਲਈ ਯੋਗ ਵਰ ਦੀ ਲੋੜ ਹੈ। ਸਿਰਫ ਅਮਰੀਕਾ ਰਹਿੰਦੇ ਕੱਚੇ ਜਾਂ ਪੱਕੇ ਲੜਕੇ ਹੀ ਸੰਪਰਕ ਕਰਨ। ਫੋਟੋ ਸਮੇਤ ਆਪਣਾ ਵੇਰਵਾ ਈ-ਮੇਲ ਕਰੋ: kaur.rulez13@yahoo.com

### ਕੰਨਿਆ ਦੀ ਲੋੜ ਹੈ

ਜੱਟ ਸਿੱਖ 26 ਸਾਲ, ਕੱਦ 6 ਫੁੱਟ, ਐਮ ਫਾਰਮਾ, ਇੰਡੀਆ ਰਹਿੰਦੇ ਲੜਕੇ ਲਈ ਅਮਰੀਕੀ ਸਿਟੀਜ਼ਨ ਨਰਸਿੰਗ ਕਰਦੀ ਲੜਕੀ ਦੀ ਲੋੜ ਹੈ। ਮੁੰਡੇ ਦੇ ਮਾਪੇ ਅਮਰੀਕਾ ਸੈਟਲਡ ਹਨ। ਸੰਪਰਕ ਕਰੋ: 414-218-0532

---

ਜੱਟ ਸਿੱਖ ਉਮਰ 23 ਸਾਲ, ਕੱਦ 6'-1'', ਵਰਕ ਪਰਮਿਟ 'ਤੇ ਕੈਨੇਡਾ ਰਹਿੰਦੇ ਲੜਕੇ ਲਈ ਕੈਨੇਡਾ/ਅਮਰੀਕਾ ਦੀ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਲੜਕੀ ਦੀ ਲੋੜ ਹੈ। ਲੜਕੇ ਦੀ ਭੈਣ ਅਮਰੀਕਾ ਵਿਚ ਸੈਟਲਡ ਹੈ। ਸੰਪਰਕ ਕਰੋ: 513-787-4237

---

Wanted US Citizen/Green card holder girl for Saini Sikh boy 28, 5'11" MS Software Engineer working on H-1 visa with a MNC in Silicon Valley CA. Cast no bar. Call: 510-585-5412 & email biodata @harry2007gsp@gmail.com

---

ਰਵਿਦਾਸੀਆ ਸਿੱਖ ਲੜਕੇ, 36, 5'-7'' ਵੈਸ਼ਨੋ ਕਲੀਨਸ਼ੇਵ ਵਰਕ ਪਰਮਿਟ 'ਤੇ ਕੰਮ ਕਰਦੇ ਲੜਕੇ ਲਈ ਅਮਰੀਕਨ ਇਮੀਗਰਾਂਟ ਜਾਂ ਵਿਜ਼ਟਰ ਵੀਜ਼ੇ 'ਤੇ ਆਈ ਲੜਕੀ ਦੀ ਲੋੜ ਹੈ। ਸੰਪਰਕ ਕਰੋ: 916-730-8029

# ਸੜਕ ਹਾਦਸੇ 'ਚ 6 ਪੁਲਿਸ ਮੁਲਾਜ਼ਮ ਹਲਾਕ

**ਬਸੀ ਪਠਾਣਾਂ:** ਲਾਗਲੇ ਪਿੰਡ ਲੁਹਾਰੀ ਵਿਖੇ ਵਾਪਰੇ ਭਿਆਨਕ ਸੜਕ ਹਾਦਸੇ ਵਿਚ ਇਕ ਹੌਲਦਾਰ ਸਮੇਤ ਛੇ ਪੁਲਿਸ ਮੁਲਾਜ਼ਮਾਂ ਦੀ ਮੌਤ ਹੋ ਗਈ। ਇਸ ਹਾਦਸੇ ਵਿਚ 11 ਮੁਲਾਜ਼ਮ ਗੰਭੀਰ ਜ਼ਖ਼ਮੀ ਹੋਏ ਜਿਨ੍ਹਾਂ ਵਿਚ ਇਕ ਥਾਣੇਦਾਰ ਵੀ ਸ਼ਾਮਲ ਹੈ। ਇਹ ਮੁਲਾਜ਼ਮ 18 ਮਾਰਚ ਨੂੰ ਸਵੇਰੇ 6.30 ਵਜੇ ਪੁਲਿਸ ਦੀ ਸਕਾਰਪੀਓ ਗੱਡੀ ਵਿਚ ਖਮਾਣੋਂ ਤੋਂ ਬਰਾਸਤਾ ਬਸੀ ਪਠਾਣਾਂ, ਪੁਲਿਸ ਲਾਈਨ ਫਤਹਿਗੜ੍ਹ ਸਾਹਿਬ ਆ ਰਹੇ ਸਨ ਕਿ ਦਸ ਮਿੰਟਾਂ ਬਾਅਦ ਰਾਹ ਵਿਚ ਹਾਦਸਾ ਵਾਪਰ ਗਿਆ।

ਹਾਦਸੇ ਦਾ ਕਾਰਨ ਇਸ ਦਸ ਸੀਟਾਂ ਵਾਲੀ ਗੱਡੀ ਵਿਚ ਤੂੜ ਕੇ ਸਤਾਰਾਂ ਮੁਲਾਜ਼ਮ ਭਰੇ ਹੋਣ ਤੇ ਇਸ ਦੀ ਤੇਜ਼ ਰਫਤਾਰ ਨੂੰ ਦੱਸਿਆ ਜਾ ਰਿਹਾ ਹੈ। ਗੱਡੀ ਤੇਜ਼ ਰਫ਼ਤਾਰ ਕਾਰਨ ਬੇਕਾਬੂ ਹੋ ਕੇ ਖਤਾਨਾਂ ਵਿਚ ਦਰਖ਼ਤ ਨਾਲ ਟਕਰਾ ਗਈ। ਆਈਜੀ ਜਲੰਧਰ ਗੁਰਪ੍ਰੀਤ ਦਿਓ ਨੇ ਕਿਹਾ ਕਿ ਹਾਦਸੇ ਦੇ ਕਾਰਨਾਂ ਦਾ ਪਤਾ ਲਾਉਣ ਲਈ ਉਚ ਪੱਧਰੀ ਜਾਂਚ ਕਰਵਾਈ ਜਾਵੇਗੀ। ਹਾਦਸੇ ਵਿਚ ਮਰਨ ਵਾਲਿਆਂ ਵਿਚ ਰਾਜ ਕੌਰ ਪੁੱਤਰੀ ਮਰਹੂਮ ਅਜਮੇਰ ਸਿੰਘ ਪਿੰਡ ਪੰਜਕੋਹਾ ਤਹਿਸੀਲ ਖਮਾਣੋਂ, ਗੁਰਪ੍ਰੀਤ ਸਿੰਘ ਪੁੱਤਰ ਮਰਹੂਮ ਗੁਰਦਾਸ ਸਿੰਘ ਸਿੱਧੂਪੁਰ ਕਲਾਂ, ਅਮਨਦੀਪ ਸਿੰਘ (26) ਪੁੱਤਰ ਬਲਕਾਰ ਸਿੰਘ ਪਿੰਡ ਮੜੀ ਪੰਨੂਆਂ ਥਾਣਾ ਸ਼੍ਰੀਹਰਗੋਬਿੰਦ ਗੁਰਦਾਸਪੁਰ, ਵਰਿੰਦਰ ਪ੍ਰਤਾਪ (40) ਪੁੱਤਰ ਵੈਦ ਨਾਥ ਪਾਂਡੇ ਖਮਾਣੋਂ, ਕਾਂਸਟੇਬਲ ਕੇਸਰ ਸਿੰਘ ਤੇ ਹੌਲਦਾਰ ਮਨਜਿੰਦਰ ਸਿੰਘ ਅੰਮ੍ਰਿਤਸਰ ਸ਼ਾਮਲ ਹਨ।

Desi Bazar
916 E. Main Street #118, Greenwood, IN, 46143
Tel: 317-888-2040, Fax: 317-887-6116
We specialize in all kind of Indian Groceries and Sweets
• FRESH VEGETABLES EVERY THURSDAY
• FRESH GOAT MEAT
10% off on all Gurudwara supplies and Religious programs!!
We Are Open 7 Days a Week
ਖੁੱਲ੍ਹਾ ਤੇ ਸਾਫ ਸੁਥਰਾ ਸਟੋਰ, ਪੰਜਾਬੀਆਂ ਦਾ ਮਾਣ ਦੇਸੀ ਬਾਜ਼ਾਰ

SUPER TRAVEL
847-676-9090, 773-465-5566
E-mail: supertravel2003@yahoo.com
Lowest Fares With Excellent Service
United Airlines
British Airways

Jet Airways, Air India, KLM, Lufthansa, Delta, Qatar Airlines.
For Emergency Call anytime at 847-673-3825
EARLY BIRD SALE!!!!
Domestic fares available

Visit us on the web:**wwwpunjabtimesusa.com**

Liquor Store For Sale
Well established liquor store in upscale neighborhood on the lake, very affluent city of Indianapolis.
*High margin *20 years in business.
*Loyal customer base.
*Enough room for expansion.
*Square footage: 3200 plus storage
Annual sales $675K to $720K
there's room to increase sales.
Listing price: $325,000 plus Inventory.
Contact: Harman
Ph. 317-454-9430

WANTED
OWNER OPERATORS
6% DISPATCH
CA-NJ-CA ( CHICAGO LOCAL 400 MILES ) HOT SHOTS
48 STATES USA
24/7 DISPATCH
REFFER AND DRY VANS
40% - 50% FUEL ADVANCE
24/7 HELP WITH MAP AND DIRECTIONS
NO FORCED DISPATCH NO TOUCH FREIGHT


GHUMAN TRUCK SERVICE, INC
SINCE 1998
C-VILLE, IL.
KAMALJIT 847-830-9976
GOGA 847-912-7368

ਗੁਰਪਤਵੰਤ ਸਿੰਘ ਪੰਨੂੰ
ਅਟਾਰਨੀ ਐਟ ਲਾਅ

ਗੁਰਪਤਵੰਤ ਸਿੰਘ ਪੰਨੂੰ
ਅਟਾਰਨੀ ਐਟ ਲਾਅ
ਕੀ ਤੁਸੀਂ ਡੀਪੋਰਟ ਹੋ ਰਹੇ ਹੋ?
ਜਾਂ ਤੁਹਾਡਾ ਇਮੀਗ੍ਰੇਸ਼ਨ ਕੇਸ ਬੰਦ ਹੈ?
ਤੁਹਾਡੀ ਸੇਵਾ ਵਿਚ ਹਾਜ਼ਰ ਅਟਾਰਨੀ ਪੰਨੂੰ
ਇਮੀਗ੍ਰੇਸ਼ਨ ਅਤੇ ਡੀਪੋਰਟੇਸ਼ਨ ਡਿਫੈਂਸ
• ਬੋਰਡ ਆਫ ਇਮੀਗ੍ਰੇਸ਼ਨ ਅਪੀਲਜ਼
• 9th & 2nd ਸਰਕਿਟ ਅਪੀਲਜ਼
• ਕੈਨਸੇਲੇਸ਼ਨ ਆਫ ਡੀਪੋਰਟੇਸ਼ਨ (10 ਸਾਲਾ ਰਿਹਾਇਸ਼ੀ ਕੇਸ)
• ਡੀਪੋਰਟੇਸ਼ਨ ਦੇ ਕੇਸ ਖੋਲ੍ਹਣ ਲਈ ਮੋਸ਼ਨ
ਮੁਫਤ ਕਾਨੂੰਨੀ ਸਲਾਹ ਲਈ ਸੰਪਰਕ ਕਰੋ
NEW YORK
T 718.672.8000
75-20 ASTORIA BLVD, SUITE 170
JACKSON HEIGHTS, NEW YORK 11370
CALIFORNIA
T 510.796.9000
39180 LIBERTY STREET, SUITE 118
FREEMONT. CA 94538
* ADMITTED IN THE STATE OF NEW YORK ONLY

**Punjab Times**

**Established in 2000**
**13th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@sbcglobal.net
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh
**Graphics:**
Mandeep Singh

**Photographer**
Kamaljit Singh Virdi
Ph. 847-502-2703

**Our Columnists**
Ashok Bhaura
Tarlochan Singh Dupalpur
Baljit Basi
Major Kular
**Corrspondents**
**Detroit, MI**
Rajinder Syan
734-261-0936
**New York**
Iqbal S. Jabowalia
917-375-6395

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 95 ਡਾਲਰ,**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਬਾਦਲ ਪੰਜਾਬ ਨੂੰ ਮਾਲੀ ਸੰਕਟ 'ਚੋਂ ਕੱਢਣ ਵਿਚ ਨਾਕਾਮ

ਕਿ ਕਦੇ ਦੇਸ਼ ਦੇ ਮੋਹਰੀ ਸੂਬਿਆਂ ਵਿਚ ਸ਼ਾਮਲ ਪੰਜਾਬ ਛੇ ਸਾਲਾਂ ਵਿਚ ਹੀ ਛੇਵੇਂ ਸਥਾਨ ਤੋਂ 12ਵੇਂ 'ਤੇ ਆ ਡਿੱਗਿਆ ਹੈ। ਇਹ ਖੁਲਾਸਾ ਕਿਸੇ ਹੋਰ ਨਹੀਂ; ਬਲਕਿ ਆਰਥਿਕ ਆਜ਼ਾਦ ਸੂਚਕ ਅੰਕ (ਈ.ਐਫ.ਆਈ.) ਵੱਲੋਂ ਕੀਤਾ ਗਿਆ ਹੈ। ਈ.ਐਫ.ਆਈ. ਅਨੁਸਾਰ ਰਾਜ ਦਾ ਬਿਜਲੀ ਸਬਸਿਡੀ ਦੇ ਭਾਰੀ ਬੋਝ ਕਾਰਨ ਲੱਕ ਟੁੱਟ ਗਿਆ ਹੈ। ਇਹ ਖੇਤੀ ਪ੍ਰਧਾਨ ਸੂਬਾ ਖੇਤੀ ਮੰਡੀਕਰਨ ਵਿਚ ਫਾਡੀ ਰਹਿ ਗਿਆ ਹੈ ਤੇ ਸੇਵਾ ਖੇਤਰ ਵਿਚ ਤਾਂ ਕਾਫੀ ਪਛੜ ਗਿਆ ਹੈ।

ਰਿਪੋਰਟ ਅਨੁਸਾਰ ਰਾਜ ਦੇ ਲੋਕਾਂ ਨੂੰ ਇਸ ਭਰਮ ਵਿਚ ਰੱਖਿਆ ਜਾ ਰਿਹਾ ਹੈ ਕਿ ਸਰਹੱਦੀ ਸੂਬਾ ਜਾਂ ਅਤਿਵਾਦ ਤੋਂ ਪੀੜਤ ਹੋਣ ਕਾਰਨ ਪੰਜਾਬ ਆਰਥਿਕ ਪੱਖੋਂ ਪਛੜਿਆ ਹੈ, ਜਦਕਿ ਸੱਚਾਈ ਇਹ ਹੈ ਕਿ ਇਥੋਂ ਦਾ ਪ੍ਰਸ਼ਾਸਨ ਆਪਣੀਆਂ ਨਾਕਾਮੀਆਂ ਇਨ੍ਹਾਂ ਦੋ ਗੱਲਾਂ 'ਤੇ ਸੁੱਟ ਕੇ ਜ਼ਿੰਮੇਵਾਰੀ ਤੋਂ ਸੁਰਖਰੂ ਹੋਣਾ ਚਾਹੁੰਦਾ ਹੈ। ਰਿਪੋਰਟ ਮੁਤਾਬਕ ਹੋਰ ਸੂਬਿਆਂ ਦੀ ਤਰ੍ਹਾਂ ਗੁਜਰਾਤ ਨੇ ਆਰਥਿਕ ਮੋਰਚੇ 'ਤੇ ਝੰਡੇ ਗੱਡ ਦਿੱਤੇ ਹਨ ਜਦਕਿ ਪੰਜਾਬ ਦੀ ਹਾਲਤ ਸੁਧਾਰਨ ਲਈ ਕਿਸੇ ਪਾਸਿਓਂ ਵੀ ਕੋਈ ਕੋਸ਼ਿਸ਼ ਨਜ਼ਰ ਨਹੀਂ ਆ ਰਹੀ। ਇਸ ਰਿਪੋਰਟ ਦੇ ਲੇਖਕ ਸਵਾਮੀਨਾਥਨ ਐਸ. ਅਕਲੇਸਾਰੀਆ ਅਈਅਰ ਨੇ ਕਿਹਾ ਹੈ ਕਿ ਰਾਜ ਦੇ ਆਰਥਿਕ ਪਛੜੇਪਣ ਦਾ ਸਭ ਤੋਂ ਵੱਡਾ ਕਾਰਨ ਕਿਸਾਨਾਂ ਨੂੰ ਮੁਫਤ ਬਿਜਲੀ ਦੇਣਾ ਹੈ। 1960 ਤੇ 1970 ਦੇ ਦਹਾਕੇ ਵਿਚ ਹੋਰ ਸੂਬਿਆਂ ਲਈ ਚਾਨਣ ਮੁਨਾਰਾ ਬਣੇ ਪੰਜਾਬ ਦਾ ਖਜ਼ਾਨਾ ਖਾਲੀ ਹੈ।

ਇਸ ਦਾ ਬਜਟ ਘਾਟਾ 2011-12 ਦੇ ਕੁਲ ਘਰੇਲੂ ਉਪਜ ਦਾ 3.8 ਫੀਸਦੀ ਰਿਹਾ ਜੋ ਹੋਰ ਸੂਬਿਆਂ ਮੁਕਾਬਲੇ ਸਭ ਤੋਂ ਵੱਧ ਹੈ। ਸ੍ਰੀ ਅਈਅਰ ਅਨੁਸਾਰ ਪੰਜਾਬ ਦਾ ਇਸ ਵਿੱਤੀ ਸਾਲ ਵਿਚ 80.44 ਫੀਸਦੀ ਮਾਲੀਆ ਮੁਲਾਜ਼ਮਾਂ ਦੀਆਂ ਤਨਖਾਹਾਂ, ਪੈਨਸ਼ਨਾਂ, ਕਰਜ਼ੇ ਦੀਆਂ ਕਿਸ਼ਤਾਂ ਤੇ ਬਿਜਲੀ ਸਬਸਿਡੀ ਉਪਰ ਖਰਚ ਹੋ ਗਿਆ। ਰਾਜ ਦੀ ਮਾੜੀ ਵਿੱਤੀ ਹਾਲਤ ਦਾ ਇਕ ਹੋਰ ਕਾਰਨ ਇਹ ਹੈ ਕਿ ਕੋਈ ਵੱਡਾ ਨਿਵੇਸ਼ ਨਹੀਂ ਹੋ ਰਿਹਾ। ਇਸ ਲਈ ਬਿਜਲੀ ਦੀ ਘਾਟ ਤੇ ਜ਼ਮੀਨਾਂ ਦੇ ਉਚੇ ਭਾਅ ਮੁੱਖ ਤੌਰ 'ਤੇ ਜ਼ਿੰਮੇਵਾਰ ਹਨ। ਇਸ ਤੋਂ ਇਲਾਵਾ ਰਾਜ ਦੇ ਕਿਸਾਨ ਕਣਕ-ਝੋਨੇ ਦੇ ਚੱਕਰ ਵਿਚ ਫਸੇ ਹੋਏ ਹਨ। ਰਾਜ ਵਿਚੋਂ ਹਰੇ ਇਨਕਲਾਬ ਦਾ ਅਸਰ ਖਤਮ ਹੋ ਗਿਆ ਹੈ ਤੇ ਮੰਡੀਕਰਨ ਦੀ ਸਮੱਸਿਆ ਖੜ੍ਹੀ ਹੋ ਗਈ ਹੈ।

## ਬਾਦਲ ਨੇ ਕੇਂਦਰੀ ਟੈਕਸਾਂ 'ਚੋਂ ਅੱਧਾ ਹਿੱਸਾ ਮੰਗਿਆ

ਚੰਡੀਗੜ੍ਹ: ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਸੰਵਿਧਾਨ ਨੂੰ ਸੰਘੀ ਢਾਂਚੇ ਦੀਆਂ ਲੀਹਾਂ 'ਤੇ ਲਿਆਉਣ ਤੇ ਰਾਜਾਂ ਨੂੰ ਵੱਧ ਅਧਿਕਾਰ ਦੇਣ ਦੀ ਮੰਗ ਕੀਤੀ ਹੈ। ਵਿਧਾਨ ਸਭਾ ਵਿਚ ਰਾਜਪਾਲ ਦੇ ਭਾਸ਼ਣ 'ਤੇ ਚੱਲ ਰਹੀ ਬਹਿਸ ਨੂੰ ਸਮੇਟਦਿਆਂ ਉਨ੍ਹਾਂ ਅਨੰਦਪੁਰ ਸਾਹਿਬ ਦੇ ਮਤੇ ਦਾ ਤਾਂ ਕੋਈ ਜ਼ਿਕਰ ਨਹੀਂ ਕੀਤਾ, ਪਰ ਮਤੇ ਵਿਚਲੀਆਂ ਮੰਗਾਂ ਮੁਤਾਬਕ ਦੇਸ਼ ਅੰਦਰ ਸਹੀ ਅਰਥਾਂ ਵਿਚ ਸੰਘੀ ਢਾਂਚਾ ਕਾਇਮ ਕਰਨ ਦੀ ਵਕਾਲਤ ਕੀਤੀ।

ਸ. ਬਾਦਲ ਨੇ ਮੰਗ ਕੀਤੀ ਕਿ ਕੇਂਦਰ ਸਰਕਾਰ ਵੱਲੋਂ ਚਲਾਈਆਂ ਜਾਂਦੀਆਂ ਸਕੀਮਾਂ ਜਿਨ੍ਹਾਂ ਦਾ ਰਾਜਾਂ ਨੂੰ ਕੋਈ ਲਾਭ ਨਹੀਂ, ਤੁਰੰਤ ਬੰਦ ਕਰ ਦੇਣੀਆਂ ਚਾਹੀਦੀਆਂ ਹਨ। ਉਨ੍ਹਾਂ ਕੇਂਦਰੀ ਕਰਾਂ ਦਾ 50 ਫ਼ੀਸਦੀ ਹਿੱਸਾ ਸਿੱਧੇ ਤੌਰ 'ਤੇ ਸੂਬਿਆਂ ਨੂੰ ਤਬਦੀਲ ਕਰਨ ਵਾਸਤੇ ਕੌਮੀ ਪੱਧਰ 'ਤੇ ਸਿਆਸੀ ਪਹਿਲ ਕਰਨ ਦਾ ਸੱਦਾ ਦਿੱਤਾ। ਟੈਕਸਾਂ ਦਾ 67.5 ਫ਼ੀਸਦੀ ਹਿੱਸਾ ਕੇਂਦਰ ਸਰਕਾਰ ਦੇ ਖ਼ਜ਼ਾਨੇ ਵਿਚ ਚਲਾ ਜਾਂਦਾ ਹੈ ਤੇ ਰਾਜਾਂ ਕੋਲ ਸਿਰਫ਼ 32.5 ਫ਼ੀਸਦੀ ਟੈਕਸ ਰਹਿ ਜਾਂਦਾ ਹੈ।

## ਮੁਲਾਜ਼ਮਾਂ ਨੂੰ ਤਨਖਾਹ ਦੇਣੀ ਵੀ ਹੋਈ ਔਖੀ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਸਾਲ 2013-14 ਦਾ ਬਜਟ ਪਾਸ ਕਰ ਦਿੱਤਾ ਹੈ ਪਰ ਖਜ਼ਾਨਾ ਦਫਤਰਾਂ ਵਿਚ ਕਰੋੜਾਂ ਰੁਪਏ ਦੇ ਬਿੱਲਾਂ ਦੀ ਅਦਾਇਗੀ ਬਕਾਇਆ ਪਈ ਹੈ ਤੇ ਰਾਜ ਦੇ ਸੈਂਕੜੇ ਅਧਿਆਪਕ 2 ਤੋਂ 5 ਮਹੀਨਿਆਂ ਤੋਂ ਤਨਖਾਹਾਂ ਤੋਂ ਵਾਂਝੇ ਹਨ। ਵਿੱਤੀ ਸੰਕਟ ਵਿਚ ਫਸੀ ਸਰਕਾਰ ਨੇ ਰਾਜ ਦੇ ਮੁਲਾਜ਼ਮਾਂ ਨੂੰ ਫਰਵਰੀ ਦੀ ਤਨਖਾਹ ਮਸਾਂ 7 ਮਾਰਚ ਨੂੰ ਰਿਲੀਜ਼ ਕੀਤੀ ਸੀ।

ਸੂਤਰਾਂ ਅਨੁਸਾਰ ਰਾਜ ਦੇ ਖ਼ਜ਼ਾਨਾ ਦਫਤਰਾਂ ਵਿਚ ਤਨਖਾਹਾਂ ਦੇ ਬਿੱਲਾਂ ਨੂੰ ਛੱਡ ਕੇ ਬਾਕੀ ਕਰੀਬ ਸਾਰੇ ਖਰਚਿਆਂ ਦੇ ਬਿੱਲਾਂ ਦੀਆਂ ਅਦਾਇਗੀਆਂ ਕਰਨ ਉਪਰ ਪਾਬੰਦੀ ਲਾਈ ਗਈ ਹੈ। ਸਿਰਫ ਦਫਤਰਾਂ ਦੇ ਫੋਨ, ਬਿਜਲੀ-ਪਾਣੀ ਅਤੇ ਮੁਲਾਜ਼ਮਾਂ ਦੇ ਲੜਕੇ-ਲੜਕੀਆਂ ਦੇ ਵਿਆਹਾਂ ਲਈ ਹੀ ਜੀ.ਪੀ. ਫੰਡ ਦੇ ਐਡਵਾਂਸ ਪਾਸ ਕੀਤੇ ਜਾ ਰਹੇ ਹਨ। ਖ਼ਜ਼ਾਨਾ ਦਫਤਰਾਂ ਵਿਚ ਰਾਜ ਦੇ ਸੇਵਾਮੁਕਤ ਹੋਏ ਮੁਲਾਜ਼ਮਾਂ ਤੇ ਅਧਿਕਾਰੀਆਂ ਦੇ ਪਹਿਲੀ ਦਸੰਬਰ 2012 ਤੋਂ ਹੁਣ ਤੱਕ ਪੁੱਜੇ ਕਰੋੜਾਂ ਰੁਪਏ ਦੇ ਬਿੱਲ ਬਕਾਇਆ ਪਏ ਹਨ। ਸਰਕਾਰੀ ਸਕੂਲਾਂ ਦੇ ਸੈਂਕੜੇ ਮੁਲਾਜ਼ਮ ਦੋ ਤੋਂ ਪੰਜ ਮਹੀਨਿਆਂ ਤੱਕ ਤਨਖਾਹਾਂ ਤੋਂ ਵਾਂਝੇ ਚੱਲਦੇ ਆ ਰਹੇ ਹਨ।

# ਪੰਜਾਬ ਸਰਕਾਰ ਵੱਲੋਂ ਕੇਂਦਰੀ ਫੰਡਾਂ ਵਿਚ ਵੱਡਾ ਘੁਟਾਲਾ:ਕੈਗ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਮਹਾਤਮਾ ਗਾਂਧੀ ਰੁਜ਼ਗਾਰ ਗਰੰਟੀ ਯੋਜਨਾ (ਮਨਰੇਗਾ) ਅਧੀਨ ਆਏ ਕੇਂਦਰੀ ਫੰਡਾਂ ਦੀ ਵੱਡੇ ਪੱਧਰ 'ਤੇ ਦੁਰਵਰਤੋਂ ਕੀਤੀ ਹੈ। ਇਹ ਤੱਥ ਭਾਰਤ ਦੇ ਲੇਖਾ ਨਿਰੀਖਕ ਤੇ ਮਹਾਂ ਲੇਖਾ ਪਰੀਖਕ (ਕੈਗ) ਵੱਲੋਂ ਸਾਹਮਣੇ ਲਿਆਂਦੇ ਗਏ ਹਨ। ਅਧਿਕਾਰੀਆਂ ਨੇ ਮਜ਼ਦੂਰਾਂ ਨੂੰ ਮਿਹਨਤਾਨਾ ਦੇਣ ਵਿਚ ਹੱਥ ਘੁੱਟਿਆ ਜਦੋਂਕਿ ਇਸ ਪੈਸੇ ਨਾਲ ਲੈਪਟਾਪ ਤੇ ਸੋਫਾ ਸੈੱਟ ਹੀ ਖਰੀਦ ਲਏ ਗਏ। ਕੈਗ ਨੇ ਜਨਤਕ ਖੇਤਰ ਦੇ ਅਦਾਰੇ ਵੀ ਇਕ ਤਰ੍ਹਾਂ ਨਾਲ ਸਫੈਦ ਹਾਥੀ ਕਰਾਰ ਦਿੱਤੇ ਹਨ।

ਸੂਬੇ ਵਿਚ ਬੋਰਡਾਂ ਤੇ ਨਿਗਮਾਂ ਦੀ ਕੁੱਲ ਗਿਣਤੀ 31 ਹੈ ਜਿਨ੍ਹਾਂ ਦਾ ਸਾਲਾਨਾ ਘਾਟਾ 1510.16 ਕਰੋੜ ਰੁਪਏ ਦੱਸਿਆ ਗਿਆ ਹੈ। ਕੈਗ ਦੀਆਂ ਰਿਪੋਰਟਾਂ ਵਿਧਾਨ ਸਭਾ ਵਿਚ ਪੇਸ਼ ਕੀਤੀਆਂ ਗਈਆਂ। ਇਨ੍ਹਾਂ ਰਿਪੋਰਟਾਂ ਮੁਤਾਬਕ ਪ੍ਰਧਾਨ ਮੰਤਰੀ ਦਿਹਾਤੀ ਸੜਕ ਯੋਜਨਾ ਵੀ ਆਪਣੇ ਉਦੇਸ਼ ਤੋਂ ਥਿੜਕੀ ਹੋਈ ਹੈ। ਕੈਗ ਨੇ ਰੀਅਲ ਅਸਟੇਟ ਦੇ ਧੰਦੇ ਨਾਲ ਜੁੜੇ ਵਿਅਕਤੀਆਂ ਨੂੰ ਦਿੱਤੀਆਂ ਰਾਹਤਾਂ ਤੇ ਉਨ੍ਹਾਂ ਤੋਂ ਵਸੂਲੀ ਵੇਲੇ ਅੱਖਾਂ ਮੀਟ ਲੈਣ ਦੀ ਗੱਲ ਵੀ ਕਹੀ ਹੈ। ਕੈਗ ਮੁਤਾਬਕ ਰੀਅਲ ਅਸਟੇਟ ਦੇ ਵਪਾਰੀਆਂ ਨੇ ਸਰਕਾਰ ਨੂੰ ਅਰਬਾਂ ਰੁਪਏ ਦਾ ਚੂਨਾ ਲਾਇਆ ਹੈ। ਸਰਕਾਰ ਵੱਲੋਂ ਪੈਸੇ ਦੀ ਵਸੂਲੀ ਲਈ ਕੀਤੀਆਂ ਅਣਗਹਿਲੀਆਂ ਕਾਰਨ ਖ਼ਜ਼ਾਨੇ ਨੂੰ ਕਰੋੜਾਂ ਰੁਪਏ ਦਾ ਘਾਟਾ ਪੈਣ ਦੇ ਤੱਥ ਵੀ ਕੈਗ ਵੱਲੋਂ ਦਰਜ ਕੀਤੇ ਗਏ ਹਨ।

ਸਾਲ 2007 ਤੋਂ 2012 ਦੇ ਸਮੇਂ ਦੌਰਾਨ ਮਜ਼ਦੂਰਾਂ ਨੂੰ ਸਾਲ ਵਿਚ 100 ਦਿਨ ਕੰਮ ਦਿਵਾਉਣ ਦੀ ਥਾਂ 25 ਤੋਂ 39 ਦਿਨ ਹੀ ਕੰਮ ਦਿੱਤਾ। ਛੇ ਚੋਣਵੇਂ ਜ਼ਿਲ੍ਹਿਆਂ ਵਿਚ 100 ਦਿਨ ਕੰਮ ਦਿਵਾਉਣ ਦੀ ਪ੍ਰਤੀਸ਼ਤਤਾ ਮਹਿਜ਼ ਅੱਠ ਫੀਸਦੀ ਤੱਕ ਹੀ ਹੈ। ਇਸੇ ਤਰ੍ਹਾਂ 22 ਜ਼ਿਲ੍ਹਿਆਂ ਵਿਚ ਸੱਤ ਜ਼ਿਲ੍ਹਿਆਂ ਨੇ ਪ੍ਰੋਸਪੈਕਟਿਵ ਯੋਜਨਾ ਹੀ ਤਿਆਰ ਨਹੀਂ ਕੀਤੀ। ਚਾਰ ਜ਼ਿਲ੍ਹਿਆਂ ਵਿਚ 1.21 ਕਰੋੜ ਰੁਪਏ ਅਜਿਹੇ ਕੰਮਾਂ 'ਤੇ ਖਰਚ ਕੀਤੇ ਗਏ ਜੋ ਯੋਜਨਾ ਅਧੀਨ ਆਉਂਦੇ ਹੀ ਨਹੀਂ। ਪ੍ਰਧਾਨ ਮੰਤਰੀ ਸੜਕ ਯੋਜਨਾ ਨੂੰ ਲਾਗੂ ਕਰਨ ਵਿਚ ਤਰੁਟੀਆਂ ਹੋਣ ਕਾਰਨ ਕਰੋੜਾਂ ਰੁਪਏ ਦਾ ਵਾਧੂ ਖਰਚ ਹੋ ਗਿਆ।

ਭਾਰਤ ਦੇ ਲੇਖਾ ਨਿਰੀਖਕ ਤੇ ਮਹਾਂ ਲੇਖਾ ਪਰੀਖਕ (ਕੈਗ) ਨੇ ਪੰਜਾਬ ਸਰਕਾਰ ਦੀ ਮਾਲੀਆ ਰਿਪੋਰਟ ਵਿਧਾਨ ਸਭਾ ਵਿਚ ਪੇਸ਼ ਕਰਦਿਆਂ ਕਿਹਾ ਹੈ ਕਿ ਰਜਿਸਟਰਡ ਠੇਕੇਦਾਰਾਂ ਦੀ ਸ਼ਨਾਖਤ ਕਰਨ ਵਿਚ ਅਸਫਲ ਰਹਿਣ ਕਾਰਨ ਸਰਕਾਰੀ ਖ਼ਜ਼ਾਨੇ ਨੂੰ 413.68 ਕਰੋੜ ਰੁਪਏ ਦੀ ਹਾਨੀ ਹੋਈ ਹੈ। ਮਾਲੀ ਸੰਕਟ ਨਾਲ ਜੂਝ ਰਹੀ ਸਰਕਾਰ 'ਤੇ ਦੋਸ਼ ਹੈ ਕਿ ਸਰੋਤ ਟੈਕਸ ਘੱਟ ਕੱਟਣ ਕਾਰਨ 9.10 ਕਰੋੜ, ਠੇਕੇਦਾਰਾਂ ਤੇ ਰੀਅਲ ਅਸਟੇਟ ਵਾਲਿਆਂ ਵਲੋਂ ਵਰਤੇ ਗਏ ਸਾਮਾਨ, ਫਲੈਟਾਂ ਦੀ ਵਿੱਕਰੀ ਆਦਿ 'ਤੇ ਵੈਟ ਦੀ ਘੱਟ ਅਦਾਇਗੀ ਕਾਰਨ 17.2 ਕਰੋੜ ਦਾ ਨੁਕਸਾਨ, ਨਿਰਮਾਣ ਠੇਕੇਦਾਰਾਂ ਵੱਲੋਂ ਘੱਟ ਰੇਟ ਐਲਾਨਣ ਨਾਲ 4.36 ਕਰੋੜ ਦਾ ਨੁਕਸਾਨ, ਸਰੋਤ 'ਤੇ ਕਰ ਨਾ ਕੱਟਣ ਕਾਰਨ 13.83 ਕਰੋੜ ਦਾ ਜੁਰਮਾਨਾ ਲੱਗਣ ਯੋਗ ਸੀ। ਰੀਅਲ ਅਸਟੇਟ ਦੇ ਠੇਕੇਦਾਰਾਂ ਵੱਲੋਂ 13.35 ਕਰੋੜ ਦੀ ਅਦਾਇਗੀ ਨਹੀਂ ਕੀਤੀ ਗਈ। ਜਾਇਦਾਦਾਂ ਦੇ ਗਲਤ ਵਰਗੀਕਰਨ ਕਰਕੇ 2.49 ਕਰੋੜ ਦਾ ਨੁਕਸਾਨ ਹੋਇਆ, ਟਰਾਂਸਪੋਰਟ ਵਿਭਾਗ ਨੇ 1.65 ਕਰੋੜ ਦੀ ਮੋਟਰ ਵਾਹਨ ਕਰ ਦੀ ਘੱਟ ਉਗਰਾਹੀ ਕੀਤੀ। ਇਸ ਨਾਲ ਸਰਕਾਰ ਨੂੰ 500 ਕਰੋੜ ਦਾ ਮਾਲੀ ਨੁਕਸਾਨ ਹੋਇਆ।

# ਡੀ.ਐਮ.ਕੇ. ਨੇ ਫਿਰ ਚਲਾਇਆ ਡੰਡਾ

88 ਸਾਲਾ ਕਰੁਨਾਨਿਧੀ ਨੇ ਕਿਹਾ ਸੀ ਕਿ ਅਮਰੀਕਾ ਭਾਵੇਂ ਭਾਰਤ ਵੱਲੋਂ ਪੇਸ਼ ਸੋਧਾਂ ਮੰਨੇ ਜਾਂ ਨਾ, ਮਸਲਾ ਇਹ ਨਹੀਂ ਹੈ ਬਲਕਿ ਅਸਲ ਗੱਲ ਇਹ ਹੈ ਕਿ ਨਵੀਂ ਦਿੱਲੀ ਨੂੰ ਸੰਯੁਕਤ ਰਾਸ਼ਟਰ ਦੀ ਮਾਨਵੀ ਹੱਕਾਂ ਬਾਰੇ ਸੰਸਥਾ ਕੋਲ ਜਨੇਵਾ ਵਿਚ ਇਹ ਸੋਧਾਂ ਪੇਸ਼ ਕਰਨੀਆਂ ਚਾਹੀਦੀਆਂ ਹਨ। ਅਮਰੀਕਾ ਵੱਲੋਂ ਪੇਸ਼ ਮਤੇ ਕਾਰਨ ਸ੍ਰੀਲੰਕਾ ਕਸੂਤੀ ਹਾਲਤ ਵਿਚ ਹੈ। ਇਸ 'ਤੇ ਲਿੱਟੇ ਵਿਰੁਧ ਲੜਾਈ ਦੇ ਆਖਰੀ ਪੜਾਅ ਵਿਚ ਤਾਮਿਲ ਨਾਗਰਿਕਾਂ ਦੇ ਮਾਨਵੀ ਹੱਕਾਂ ਦੀ ਅਵੱਗਿਆ ਕਰਨ ਤੇ ਜੰਗੀ ਅਪਰਾਧਾਂ ਦੇ ਦੋਸ਼ ਲੱਗੇ ਸਨ।

ਡੀ.ਐਮ.ਕੇ. ਦਾ ਮੰਨਣਾ ਹੈ ਕਿ ਅਮਰੀਕਾ ਵੱਲੋਂ ਪੇਸ਼ ਮਤਾ ਕੌਮਾਂਤਰੀ ਜਾਂਚ ਤੇ ਜੰਗੀ ਅਪਰਾਧਾਂ ਦੇ ਦੋਸ਼ੀ ਪਾਏ ਗਿਆਂ ਵਿਰੁਧ ਸਮਾਂਬੱਧ ਕਾਰਵਾਈ ਦੀ ਮੰਗ ਸ਼ਾਮਲ ਕਰਨ ਨਾਲ ਹੋਰ ਪੱਕੇ ਪੈਰੀਂ ਹੋ ਜਾਏਗਾ। ਸੰਯੁਕਤ ਰਾਸ਼ਟਰ ਦੀ ਇਸ ਸੰਸਥਾ ਨੇ ਪਿਛਲੇ ਸਾਲ ਅਮਰੀਕਾ ਵੱਲੋਂ ਪੇਸ਼ ਅਜਿਹਾ ਹੀ ਮਤਾ ਭਾਰਤ ਦੀ ਮਦਦ ਨਾਲ ਗ੍ਰਹਿਣ ਕਰ ਲਿਆ ਸੀ ਜਿਸ ਵਿਚ ਕੋਲੰਬੋ ਨੂੰ ਕਿਹਾ ਗਿਆ ਸੀ ਕਿ ਸ੍ਰੀਲੰਕਾ ਤਾਮਿਲ ਮੂਲ ਦੇ ਲੋਕਾਂ ਨਾਲ ਛੇਤੀ ਸੁਲਾਹ ਸਫਾਈ ਕਰੇ।

ਭਾਈਵਾਲਾਂ ਦੀਆਂ ਭਾਵਨਾਵਾਂ ਦਾ ਹਮੇਸ਼ਾ ਖਿਆਲ ਰੱਖਣ ਵਾਲੀ ਕਾਂਗਰਸ ਨੇ ਇਸ ਵਾਰ ਡੀ.ਐਮ.ਕੇ. ਦੀਆਂ ਧਮਕੀਆਂ ਦੀ ਕੋਈ ਪ੍ਰਵਾਹ ਨਹੀਂ ਕੀਤੀ ਤੇ ਪਹਿਲਾਂ ਹੀ ਸਰਕਾਰ ਦੇ ਰਵੱਈਏ ਤੋਂ ਨਾਰਾਜ਼ ਬੈਠੇ ਕਰੁਨਾਨਿਧੀ ਨੇ ਯੂ.ਪੀ.ਏ. ਨੂੰ ਅਲਵਿਦਾ ਕਹਿ ਦਿੱਤੀ। ਕਰੁਨਾਨਿਧੀ ਪਹਿਲਾਂ ਹੀ ਗੱਠਜੋੜ ਵਿਚ ਘੁਟਿਆ-ਘੁਟਿਆ ਮਹਿਸੂਸ ਕਰ ਰਹੇ ਹਨ ਤੇ ਪਿਛਲੇ ਸਮੇਂ ਵਿਚ ਉਨ੍ਹਾਂ ਨੇ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਤੇ ਕਾਂਗਰਸ ਦੀ ਪ੍ਰਧਾਨ ਸੋਨੀਆ ਗਾਂਧੀ ਨੂੰ ਲਗਾਤਾਰ ਚਿੱਠੀਆਂ ਲਿਖ ਕੇ ਕਿਹਾ ਹੈ ਕਿ ਉਹ ਸਰਕਾਰ ਦੇ ਢਿੱਲੇ-ਮੱਠੇ ਹੁੰਗਾਰੇ ਤੋਂ 'ਛੁਟਿਆਏ ਜਾ ਰਹੇ' ਮਹਿਸੂਸ ਕਰ ਰਹੇ ਹਨ, ਪਰ ਕਾਂਗਰਸ ਨੇ ਉਨ੍ਹਾਂ ਗਿਲ੍ਹੇ ਵੱਲ ਕੋਈ ਧਿਆਨ ਨਹੀਂ ਦਿੱਤਾ।



ਐਮ. ਕਰੁਨਾਨਿਧੀ

ਦੂਜੇ ਪਾਸੇ ਡੀ.ਐਮ.ਕੇ. ਨੇ ਵਾਪਸੀ ਦਾ ਰਾਹ ਵੀ ਖੁੱਲ੍ਹਾ ਰੱਖਿਆ ਹੋਇਆ ਹੈ। ਸ੍ਰੀ ਕਰੁਨਾਨਿਧੀ ਨੇ ਕਿਹਾ ਹੈ ਕਿ ਜੇ ਸਰਕਾਰ 21 ਮਾਰਚ ਤੋਂ ਪਹਿਲਾਂ ਉਨ੍ਹਾਂ ਦੀਆਂ ਮੰਗਾਂ ਨਾਲ ਸਬੰਧਤ ਮਤਾ ਸੰਸਦ ਵਿਚ ਪਾਸ ਕਰਵਾ ਲੈਂਦੀ ਹੈ ਤਾਂ ਉਹ ਆਪਣੇ ਫ਼ੈਸਲੇ 'ਤੇ ਮੁੜ ਵਿਚਾਰ ਕਰ ਸਕਦੀ ਹੈ; ਜਦਕਿ ਕੋਰ ਕਮੇਟੀ ਦੀ ਮੀਟਿੰਗ ਪਿਛੋਂ ਵਿੱਤ ਮੰਤਰੀ ਪੀ. ਚਿਦੰਬਰਮ ਨੇ ਦੱਸਿਆ ਕਿ ਸਰਕਾਰ ਨੇ ਡੀ.ਐਮ.ਕੇ. ਦੇ ਇਸ ਸੁਝਾਅ ਨੂੰ ਵੀ ਧਿਆਨ ਵਿਚ ਰੱਖਿਆ ਹੈ।

### ਕਰੁਨਾਨਿਧੀ ਦੀ ਸਿਆਸੀ ਪਹਿਲ

ਸਿਆਸੀ ਮਾਹਿਰਾਂ ਮੁਤਾਬਕ ਐਮ. ਕਰੁਨਾਨਿਧੀ ਨੇ ਹਮਾਇਤ ਵਾਪਸੀ ਦਾ ਫੈਸਲਾ ਅਗਲੇ ਸਾਲ ਹੋ ਰਹੀਆਂ ਵਿਧਾਨ ਸਭਾ ਚੋਣਾਂ ਨੂੰ ਧਿਆਨ ਵਿਚ ਰੱਖ ਕੇ ਕੀਤਾ ਹੈ। ਤਾਮਿਲਨਾਡੂ ਵਿਚ ਜੇ. ਜੈਲਲਿਤਾ ਦੀ ਜਥੇਬੰਦੀ ਅੰਨਾ ਡੀ.ਐਮ.ਕੇ. ਦੀ ਪਾਰਟੀ ਦੇ ਮੁਕਾਬਲੇ ਲਈ ਉਨ੍ਹਾਂ ਨੂੰ ਸ੍ਰੀਲੰਕਾ ਦੇ ਤਾਮਿਲਾਂ ਦਾ ਮੁੱਦਾ ਵੱਧ ਕਾਰਗਰ ਲੱਗਿਆ ਹੈ।

## ਬਰਤਾਨਵੀ ਔਰਤ ਨੇ ਹੋਟਲ ਤੋਂ ਛਾਲ ਮਾਰੀ

**ਆਗਰਾ:** ਜਬਰ ਜਨਾਹ ਤੋਂ ਬਚਣ ਲਈ ਇਕ ਬ੍ਰਿਟਿਸ਼ ਔਰਤ ਨੇ ਇਥੇ ਹੋਟਲ ਦੀ ਖਿੜਕੀ ਤੋਂ ਛਾਲ ਮਾਰ ਦਿੱਤੀ। 25 ਸਾਲਾ ਜੇਸਿਕਾ ਨੇ ਪੁਲਿਸ ਨੂੰ ਦੱਸਿਆ ਕਿ ਉਹ ਆਗਰਾ ਛਾਉਣੀ ਦੇ ਇਕ ਹੋਟਲ ਦੀ ਪਹਿਲੀ ਮੰਜ਼ਲ 'ਤੇ ਰੁਕੀ ਹੋਈ ਸੀ ਕਿ ਕਿਸੇ ਵਿਅਕਤੀ ਨੇ ਉਸ ਨਾਲ ਛੇੜਛਾੜ ਕਰਨ ਦੀ ਕੋਸ਼ਿਸ਼ ਕੀਤੀ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿੱਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਸਰਬਜੀਤ ਸਿੰਘ ਥਿਆੜਾ
ਜਗਦੀਸ਼ਰ ਸਿੰਘ ਕਲੇਰ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਰਿੰਦਰ ਸਿੰਘ ਗਿੱਲ
ਹੈਪੀ ਹੀਰ
ਯਾਦਵਿੰਦਰ ਸਿੰਘ ਰਿੰਪੀ

# ਅਕਾਲੀਆਂ ਲਈ ਕੰਡਿਆਂ ਦਾ ਤਾਜ ਸਾਬਤ ਹੋਈ ਦੂਜੀ ਪਾਰੀ

**ਚੰਡੀਗੜ੍ਹ:** ਲਗਾਤਾਰ ਦੂਜੀ ਵਾਰ ਸੱਤਾ ਵਿਚ ਆਈ ਅਕਾਲੀ ਭਾਜਪਾ ਸਰਕਾਰ ਨੇ ਆਪਣੀ ਦੂਜੀ ਪਾਰੀ ਦਾ ਇਕ ਸਾਲ ਮੁਕੰਮਲ ਕਰ ਲਿਆ ਪਰ ਇਹ ਵਰ੍ਹਾ ਅਮਨ-ਕਾਨੂੰਨ ਦੀ ਹਾਲਤ ਪੱਖੋਂ ਸਰਕਾਰ ਲਈ ਪ੍ਰੇਸ਼ਾਨੀਆਂ ਭਰਿਆ ਰਿਹਾ ਜਿਸ ਕਾਰਨ ਸਰਕਾਰ ਨੂੰ ਕਈ ਵਾਰ ਨਮੋਸ਼ੀ ਦਾ ਸਾਹਮਣਾ ਵੀ ਕਰਨਾ ਪਿਆ।

ਇਨ੍ਹਾਂ ਮਾਮਲਿਆਂ ਵਿਚ ਸਰਕਾਰ ਨੂੰ ਪੁਲਿਸ ਦੇ ਡੀਆਈਜੀ, ਐਸਐਸਪੀ ਤੇ ਹੋਰ ਅਧਿਕਾਰੀਆਂ ਨੂੰ ਮਜਬੂਰਨ ਮੁਅੱਤਲ ਕਰਨਾ ਪਿਆ ਜਦੋਂਕਿ ਪ੍ਰਸ਼ਾਸਨਿਕ ਪੱਧਰ 'ਤੇ ਡਿਪਟੀ ਕਮਿਸ਼ਨਰ ਤੇ ਹੋਰਾਂ ਦੇ ਤਬਾਦਲੇ ਵੀ ਕਰਨੇ ਪਏ ਹਨ। ਸਰਕਾਰ ਦੀ ਸਥਾਪਤੀ 'ਤੇ ਪ੍ਰੇਸ਼ਾਨੀਆਂ ਦਾ ਇਹ ਦੌਰ ਉਸ ਵੇਲੇ ਆਰੰਭ ਹੋਇਆ ਜਦੋਂ ਪਿਛਲੇ ਵਰ੍ਹੇ ਮਾਰਚ ਮਹੀਨੇ ਵਿਚ ਹੀ ਅਦਾਲਤ ਨੇ ਮਰਹੂਮ ਮੁੱਖ ਮੰਤਰੀ ਬੇਅੰਤ ਸਿੰਘ ਕਤਲ ਕਾਂਡ ਵਿਚ ਫਾਂਸੀ ਦੀ ਸਜ਼ਾ ਦਾ ਸਾਹਮਣਾ ਕਰ ਰਹੇ ਭਾਈ ਬਲਵੰਤ ਸਿੰਘ ਰਾਜੋਆਣਾ ਨੂੰ ਫਾਹੇ ਲਾਉਣ ਦਾ ਹੁਕਮ ਜਾਰੀ ਕਰ ਦਿੱਤਾ। ਉਸ ਮੌਕੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਰਾਜੋਆਣਾ ਨੂੰ ਜ਼ਿੰਦਾ ਸ਼ਹੀਦ ਦਾ ਖ਼ਿਤਾਬ ਦੇ ਦਿੱਤਾ ਗਿਆ ਤੇ ਸਰਕਾਰ ਨੂੰ ਫਾਂਸੀ ਦੀ ਸਜ਼ਾ ਮੁਆਫ਼ ਕਰਾਉਣ ਲਈ ਚਾਰਾਜੋਈ ਕਰਨ ਵਾਸਤੇ ਆਦੇਸ਼ ਦਿੱਤੇ। ਸਿੱਟੇ ਵਜੋਂ ਖ਼ੁਦ ਮੁੱਖ ਮੰਤਰੀ ਨੂੰ ਰਾਸ਼ਟਰਪਤੀ ਕੋਲ ਜਾ ਕੇ ਉਸ ਵਾਸਤੇ ਫਾਂਸੀ ਮੁਆਫੀ ਲਈ ਰਹਿਮ ਦੀ ਅਪੀਲ ਕਰਨੀ ਪਈ। ਇਹ ਮਾਮਲਾ ਉਸ ਵੇਲੇ ਹੋਰ ਵੀ ਵਿਗੜ ਗਿਆ ਜਦੋਂ ਗੁਰਦਾਸਪੁਰ ਵਿਚ ਸ਼ਿਵ ਸੈਨਾ ਦੇ ਵਿਰੋਧ ਕਾਰਨ 29 ਮਾਰਚ ਨੂੰ ਪੁਲਿਸ ਦੀ ਗੋਲੀ ਨਾਲ ਸਿੱਖ ਨੌਜਵਾਨ ਜਸਪਾਲ ਸਿੰਘ ਦੀ ਮੌਤ ਹੋ ਗਈ। ਹਾਲਤ ਨੂੰ ਸੰਭਾਲਣ ਲਈ ਗੁਰਦਾਸਪੁਰ ਵਿਚ ਕਰਫਿਊ ਲਾਉਣਾ ਪਿਆ ਤੇ ਮਗਰੋਂ ਉਥੋਂ ਦੇ ਐਸਐਸਪੀ ਨੂੰ ਮੁਅੱਤਲ ਕਰ ਦਿੱਤਾ ਗਿਆ ਤੇ ਡਿਪਟੀ ਕਮਿਸ਼ਨਰ ਦਾ ਵੀ ਤਬਾਦਲਾ ਕੀਤਾ ਗਿਆ।

ਸਰਹੱਦੀ ਜ਼ਿਲ੍ਹੇ ਅੰਮ੍ਰਿਤਸਰ ਵਿਚ ਪੰਜ ਦਸੰਬਰ ਨੂੰ ਦਿਨ ਦਿਹਾੜੇ ਇਕ ਅਕਾਲੀ ਆਗੂ ਰਣਜੀਤ ਸਿੰਘ ਰਾਣਾ ਨੇ ਕੁੜੀ ਨਾਲ ਛੇੜ-ਛਾੜ ਦੇ ਮਾਮਲੇ ਵਿਚ ਪੁਲਿਸ ਦੇ ਸਹਾਇਕ ਸਬ ਇੰਸਪੈਕਟਰ ਨੂੰ ਗੋਲੀ ਮਾਰ ਦਿੱਤੀ। ਉਸ ਵੇਲੇ ਇਕ ਡੀਆਈਜੀ ਪੱਧਰ ਦੇ ਅਧਿਕਾਰੀ ਨੂੰ ਮੁਅੱਤਲ ਵੀ ਕਰ ਦਿੱਤਾ ਗਿਆ। ਇਹ ਮਾਮਲਾ ਅਜੇ ਠੰਢਾ ਵੀ ਨਹੀਂ ਹੋਇਆ ਸੀ ਕਿ ਮਾਰਚ ਮਹੀਨੇ ਵਿਚ ਤਰਨ ਤਾਰਨ ਜ਼ਿਲ੍ਹੇ ਵਿਚ ਇਕ ਕੁੜੀ ਨੂੰ ਦਿਨ-ਦਿਹਾੜੇ ਭਰੇ ਬਾਜ਼ਾਰ ਪੁਲਿਸ ਦੇ ਕਰਮਚਾਰੀਆਂ ਨੇ ਮਾਰ ਕੁੱਟ ਕਰਦਿਆਂ ਬੇਇੱਜ਼ਤ ਕੀਤਾ। ਇਸ ਮਾਮਲੇ ਵਿਚ ਉੱਚ ਅਦਾਲਤ ਨੇ ਨੋਟਿਸ ਲਿਆ ਤੇ ਸਰਕਾਰ ਕੋਲੋਂ ਜੁਆਬਤਲਬੀ ਕੀਤੀ ਹੈ। ਇਸ ਤੋਂ ਇਲਾਵਾ ਮਾਝੇ ਦੇ ਕੈਬਨਿਟ ਮੰਤਰੀ ਗੁਲਜ਼ਾਰ ਸਿੰਘ ਰਣੀਕੇ 'ਤੇ ਸਰਕਾਰੀ ਫੰਡਾਂ ਦੇ ਘਪਲੇ ਦਾ ਮਾਮਲਾ ਵੀ ਚਰਚਾ ਵਿਚ ਰਿਹਾ। ਇਸ ਮਾਮਲੇ ਵਿਚ ਰਣੀਕੇ ਦੇ ਨਿੱਜੀ ਸਹਾਇਕ ਨੂੰ ਗ੍ਰਿਫ਼ਤਾਰ ਕੀਤਾ ਗਿਆ ਤੇ ਕੈਬਨਿਟ ਮੰਤਰੀ ਨੂੰ ਅਸਤੀਫਾ ਦੇਣਾ ਪਿਆ। ਉਂਜ ਪਿਛਲੇ ਦਿਨੀਂ ਗੁਲਜ਼ਾਰ ਸਿੰਘ ਰਣੀਕੇ ਨੂੰ ਮੁੜ ਕੈਬਨਿਟ ਮੰਤਰੀ ਬਣਾ ਲਿਆ ਗਿਆ। ਸਰਕਾਰ ਦਾ ਇਹ ਪਹਿਲਾ ਵਰ੍ਹਾ ਵਿਕਾਸ ਪੱਖੋਂ ਤੇ ਲੋਕਾਂ ਨੂੰ ਮੁੱਢਲੀਆਂ ਸਹੂਲਤਾਂ ਦੇਣ ਪੱਖੋਂ ਅਜਾਈਂ ਗਿਆ ਹੈ। ਇਸ ਵਰ੍ਹੇ ਦੌਰਾਨ ਇਸ ਖੇਤਰ ਵਿਚ ਕੋਈ ਵੀ ਵੱਡਾ ਕੰਮ ਪੂਰਾ ਨਹੀਂ ਹੋਇਆ। ਅੰਮ੍ਰਿਤਸਰ ਸ਼ਹਿਰ ਵਿਚ ਪੌਡ ਪ੍ਰਣਾਲੀ ਸ਼ੁਰੂ ਕਰਨ ਲਈ 2010 ਵਿਚ ਨੀਂਹ ਪੱਥਰ ਰੱਖਿਆ ਗਿਆ ਸੀ ਪਰ ਹੁਣ ਤਕ ਇਹ ਕੰਮ ਸ਼ੁਰੂ ਨਹੀਂ ਹੋ ਸਕਿਆ। ਸ਼ਹਿਰ ਵਿਚ ਬਣਾਈ ਗਈ ਐਲੀਵੇਟਿਡ ਰੋਡ ਦਾ ਕੰਮ ਵੀ ਇਸ ਵਰ੍ਹੇ ਮੁਸ਼ਕਲ ਨਾਲ ਹੀ ਪੂਰਾ ਹੋਇਆ ਹੈ। ਤਰਨ ਤਾਰਨ ਜ਼ਿਲ੍ਹੇ ਵਿਚ ਗੋਇੰਦਵਾਲ ਵਿਖੇ ਬਣ ਰਿਹਾ ਥਰਮਲ ਪਲਾਂਟ ਦਾ ਪਹਿਲਾ ਯੂਨਿਟ ਵੀ ਇਸ ਵਰ੍ਹੇ ਆਰੰਭ ਹੋਣ ਦੀ ਉਮੀਦ ਹੈ।

ਅਫਸਰਾਂ ਦੀਆਂ ਵਧੀਕੀਆਂ ਨੇ ਕੀਤਾ ਸ਼ਰਮਸਾਰ



## ਮਾਨਤਾ ਰੱਦ ਕਰਾਉਣ ਬਾਰੇ ਸੁਣਵਾਈ ਸ਼ੁਰੂ

**ਹੁਸ਼ਿਆਰਪੁਰ:** ਸੋਸ਼ਲਿਸਟ ਪਾਰਟੀ (ਇੰਡੀਆ) ਦੇ ਆਗੂ ਬਲਵੰਤ ਸਿੰਘ ਖੇੜਾ ਵੱਲੋਂ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੀ ਸਿਆਸੀ ਪਾਰਟੀ ਵਜੋਂ ਮਾਨਤਾ ਰੱਦ ਕਰਾਉਣ ਸਬੰਧੀ ਪਾਈ ਗਈ ਪਟੀਸ਼ਨ ਦੀ ਦਿੱਲੀ ਹਾਈ ਕੋਰਟ ਵਿਚ ਲਗਾਤਾਰ ਸੁਣਵਾਈ ਸ਼ੁਰੂ ਹੋ ਗਈ। ਸ. ਖੇੜਾ ਦੇ ਵਕੀਲ ਇੰਦਰਾ ਓਨਿਆਰ ਅਦਾਲਤ ਵਿਚ ਪੇਸ਼ ਹੋਏ। ਹਾਈ ਕੋਰਟ ਦੇ ਚੀਫ਼ ਜਸਟਿਸ ਡੀ ਮੁਰੂਗੇਸਨ ਤੇ ਜਸਟਿਸ ਵੀ.ਕੇ ਜੈਨ 'ਤੇ ਅਧਾਰਤ ਬੈਂਚ ਨੇ ਕੇਸ ਦੀ ਸੁਣਵਾਈ ਸ਼ੁਰੂ ਕੀਤੀ।

ਐਡਵੋਕੇਟ ਓਨਿਆਰ ਨੇ ਅਦਾਲਤ ਨੂੰ ਦੱਸਿਆ ਕਿ ਸ਼੍ਰੋਮਣੀ ਅਕਾਲੀ ਦਲ ਨੇ ਗਲਤ ਤੱਥਾਂ ਦੇ ਅਧਾਰ 'ਤੇ ਚੋਣ ਕਮਿਸ਼ਨ ਤੋਂ ਸਿਆਸੀ ਪਾਰਟੀ ਵਜੋਂ ਮਾਨਤਾ ਹਾਸਿਲ ਕੀਤੀ। ਪਾਰਟੀ ਨੇ ਦੋ ਸੰਵਿਧਾਨ ਰੱਖੇ ਹੋਏ ਹਨ। ਇਕ ਸੰਵਿਧਾਨ ਇਸ ਨੇ ਗੁਰਦੁਆਰਾ ਕਮਿਸ਼ਨ ਨੂੰ ਦਿੱਤਾ ਸੀ ਜਿਸ ਵਿਚ ਇਸ ਨੇ ਆਪਣੇ ਆਪ ਨੂੰ ਸਿੱਖਾਂ ਦੀ ਨੁਮਾਇੰਦਾ ਪਾਰਟੀ ਦੱਸਿਆ ਹੈ ਜਦੋਂਕਿ ਚੋਣ ਕਮਿਸ਼ਨ ਨੂੰ ਦਿੱਤੇ ਹਲਫ਼ੀਆ ਬਿਆਨ ਵਿਚ ਇਸ ਨੇ ਆਪਣੇ ਆਪ ਨੂੰ ਇਕ ਧਰਮ ਨਿਰਪੱਖ ਪਾਰਟੀ ਆਖਿਆ ਹੈ।

## ਇਟਲੀ ਵੱਲੋਂ ਭਾਰਤੀਆਂ 'ਤੇ ਹੋਰ ਸਖ਼ਤੀ

**ਰੋਮ:** ਇਟਲੀ ਦੇ ਜਲ ਸੈਨਿਕਾਂ ਦੇ ਮਾਮਲੇ 'ਤੇ ਭਾਰਤ ਤੇ ਇਟਲੀ ਵਿਚ ਪੈਦਾ ਹੋਏ ਰਾਜਨੀਤਕ ਤਣਾਅ ਕਾਰਨ ਵਿਦੇਸ਼ ਵਿਚ ਵਸਦੇ ਭਾਰਤੀਆਂ ਦੀਆਂ ਪਰੇਸ਼ਾਨੀਆਂ ਵਧ ਗਈਆਂ ਹਨ। ਇਟਲੀ ਦੀ ਸਰਕਾਰ ਨੇ ਉਥੇ ਵਸਦੇ ਗ਼ੈਰ ਕਾਨੂੰਨੀ ਭਾਰਤੀਆਂ ਨੂੰ ਤੇ ਪੱਕੇ ਤੌਰ 'ਤੇ ਵਸੇ ਭਾਰਤੀਆਂ ਨੂੰ ਤੰਗ ਕਰਨਾ ਸ਼ੁਰੂ ਕਰ ਦਿੱਤਾ ਹੈ ਜਿਸ ਦੀ ਤਾਜ਼ਾ ਮਿਸਾਲ ਇਟਲੀ ਦੇ ਸ਼ਹਿਰ ਰੋਮ ਵਿਚ ਕਾਫੀ ਚਿਰ ਬਾਅਦ ਦੇਖਣ ਨੂੰ ਮਿਲੀ।

ਪਿਛਲੇ ਦਿਨੀਂ ਕਾਫੀ ਭਾਰਤੀਆਂ ਨੂੰ ਕਾਬੂ ਕਰ ਲਿਆ ਗਿਆ। ਇਨ੍ਹਾਂ ਦਸਤਾਵੇਜ਼ਾਂ ਤੇ ਫੜ-ਫੜਾਈ ਦਾ ਕੰਮ 2007 ਤੋਂ ਲੈ ਕੇ 2009 ਤੱਕ ਤਾਂ ਹੁੰਦਾ ਰਿਹਾ ਹੈ ਪਰ ਇਸ ਤੋਂ ਬਾਅਦ ਕਦੇ ਵੀ ਕੱਚੇ ਵਿਦੇਸ਼ੀਆਂ ਦੀ ਅਜਿਹੀ ਫੜ-ਫੜਾਈ ਦੀਆਂ ਖ਼ਬਰਾਂ ਨਹੀਂ ਸੁਣੀਆਂ। ਰੋਮ ਸ਼ਹਿਰ ਵਿਚ ਇਟਲੀ ਦੀ ਪੁਲਿਸ ਕਾਰਬਨੇਰੀ ਨੇ ਪੰਜਾਬੀ ਮੁੰਡਿਆਂ ਸਮੇਤ ਬੰਗਲਾ ਦੇਸ਼ ਦੇ ਨਾਗਰਿਕਾਂ ਦੀ ਅਚਾਨਕ ਫੜ ਫੜਾਈ ਸ਼ੁਰੂ ਕਰ ਦਿੱਤੀ। ਜਿਨ੍ਹਾਂ ਕੋਲ ਕਾਗ਼ਜ਼ ਸਨ, ਉਨ੍ਹਾਂ ਨੂੰ ਪੁੱਛ-ਪੜਤਾਲ ਤੋਂ ਬਾਅਦ ਛੱਡ ਦਿੱਤਾ ਪਰ ਬਿਨ੍ਹਾਂ ਦਸਤਾਵੇਜ਼ਾਂ ਤੋਂ ਰਹਿੰਦੇ ਕੁਝ ਭਾਰਤੀਆਂ ਨੂੰ ਪੰਜ ਦਿਨਾਂ ਦੇ ਅੰਦਰ-ਅੰਦਰ ਉਨ੍ਹਾਂ ਦੇ ਹੱਥ ਦੇ ਨਿਸ਼ਾਨ ਲੈ ਕੇ ਦੇਸ਼ ਨਿਕਾਲੇ ਦੇ ਆਦੇਸ਼ ਦਿੱਤੇ ਗਏ।

## ਸ਼ਾਹਪੁਰ ਕੰਢੀ ਪ੍ਰਾਜੈਕਟ ਤੋਂ ਹਰਿਆਣਾ ਦਾ ਦਾਅਵਾ ਰੱਦ

**ਚੰਡੀਗੜ੍ਹ:** ਸੁਪਰੀਮ ਕੋਰਟ ਨੇ ਰਾਵੀ ਦਰਿਆ 'ਤੇ ਪੰਜਾਬ ਨੂੰ ਸ਼ਾਹਪੁਰ ਕੰਢੀ ਡੈਮ ਪ੍ਰਾਜੈਕਟ 'ਤੇ ਕੰਮ ਜਾਰੀ ਰੱਖਣ ਦੀ ਇਜਾਜ਼ਤ ਦਿੰਦਿਆਂ ਹਰਿਆਣਾ ਦੀ ਉਹ ਅਪੀਲ ਰੱਦ ਕਰ ਦਿੱਤੀ ਜਿਸ ਵਿਚ ਉਸ ਨੇ ਇਸ ਦਾ ਕੰਮ ਕੇਂਦਰ ਜਾਂ ਕੇਂਦਰੀ ਏਜੰਸੀ ਨੂੰ ਸੌਂਪਣ ਦੀ ਮੰਗ ਕੀਤੀ ਸੀ। ਹਰਿਆਣਾ ਚਾਹੁੰਦਾ ਸੀ ਕਿ ਇਸ ਪ੍ਰਾਜੈਕਟ ਦਾ ਕੰਮ ਭਾਖੜਾ ਬਿਆਸ ਮੈਨੇਜਮੈਂਟ ਬੋਰਡ (ਬੀਬੀਐਮਬੀ) ਨੂੰ ਸੌਂਪ ਦਿੱਤਾ ਜਾਵੇ।

ਇਹ ਪ੍ਰਾਜੈਕਟ ਸਿੰਜਾਈ ਤੇ ਬਿਜਲੀ ਪੈਦਾ ਕਰਨ ਲਈ ਹੈ। ਜਸਟਿਸ ਸੀ.ਕੇ. ਪ੍ਰਸਾਦ ਤੇ ਜਸਟਿਸ ਗੋਪਾਲ ਗੌੜਾ ਦੇ ਬੈਂਚ ਨੇ ਫੈਸਲੇ ਵਿਚ ਇਹ ਗੱਲ ਵੀ ਆਖ ਦਿੱਤੀ ਕਿ ਇਸ ਪ੍ਰਾਜੈਕਟ ਦੀ ਕੁੱਲ 2,285 ਕਰੋੜ ਰੁਪਏ ਦੀ ਲਾਗਤ ਵਿਚ ਹਰਿਆਣਾ 480 ਕਰੋੜ ਰੁਪਏ, ਭਾਵ 21 ਫੀਸਦ ਹਿੱਸਾ ਪਾ ਸਕਦਾ ਹੈ ਪਰ ਉਹ ਹਿੱਸਾ ਉਦੋਂ ਹੀ ਪਾ ਸਕਦਾ ਹੈ ਜਦੋਂ ਇਸ ਲਈ ਪੰਜਾਬ ਸਹਿਮਤ ਹੋਵੇ। ਇਸ ਦੌਰਾਨ ਪੰਜਾਬ ਨੇ ਹਰਿਆਣਾ ਵੱਲੋਂ ਹਿੱਸਾ ਪਾਉਣ ਦੀ ਪੇਸ਼ਕਸ਼ ਰੱਦ ਕਰ ਦਿੱਤੀ।

ਇਹ ਫੈਸਲਾ ਹਰਿਆਣਾ ਦੀ ਉਸ ਅਪੀਲ 'ਤੇ ਆਇਆ ਹੈ ਜਿਸ ਵਿਚ ਉਸ ਨੇ ਪੰਜਾਬ ਨੂੰ ਦਰਿਆ 'ਤੇ ਇਸ ਪ੍ਰਾਜੈਕਟ ਉਪਰ ਕੰਮ ਕਰਨ ਤੋਂ ਰੋਕਣ ਦੀ ਮੰਗ ਕੀਤੀ ਸੀ। ਹਰਿਆਣਾ ਵੱਲੋਂ ਪੇਸ਼ ਹੋਏ ਵਕੀਲ ਗੋਪਾਲ ਸੁਬਰਾਮਨੀਅਮ ਨੇ ਕਿਹਾ ਕਿ ਇਹ ਮਾੜੀ ਗੱਲ ਹੈ ਕਿ ਕੇਂਦਰ ਇਸ ਪ੍ਰਾਜੈਕਟ 'ਤੇ ਸਿਰਫ ਪੰਜਾਬ ਨਾਲ ਗੱਲ ਕਰ ਰਿਹਾ ਹੈ ਪਰ ਸਰਵਉੱਚ ਅਦਾਲਤ ਨੇ ਉਨ੍ਹਾਂ ਦੀ ਦਲੀਲ ਨੂੰ ਕੋਈ ਅਹਿਮੀਅਤ ਨਾ ਦਿੱਤੀ।

ਰਾਜਸਥਾਨ ਦੇ ਅਡੀਸ਼ਨਲ ਐਡਵੋਕੇਟ ਜਨਰਲ ਮਨੀਸ਼ ਸਿੰਘ ਵੀ ਨੇ ਕਿਹਾ ਕਿ ਰਾਜਸਥਾਨ ਨੇ ਵੀ ਰਾਵੀ ਦਰਿਆ 'ਤੇ ਬਣ ਰਹੇ ਪ੍ਰਾਜੈਕਟ ਦੇ ਮੁੱਦੇ 'ਤੇ ਪੰਜਾਬ ਖ਼ਿਲਾਫ ਕੇਸ ਪਾਉਣ ਦਾ ਫੈਸਲਾ ਕੀਤਾ ਹੈ। ਇਸ ਦੌਰਾਨ ਬੀਬੀਐਮਬੀ ਨੇ ਸੁਪਰੀਮ ਕੋਰਟ ਨੂੰ ਅਪੀਲ ਕੀਤੀ ਕਿ ਹਰਿਆਣਾ ਵੱਲੋਂ ਪੰਜਾਬ ਖ਼ਿਲਾਫ ਪਾਏ ਕੇਸ ਵਿਚੋਂ ਉਸ ਨੂੰ ਧਿਰ ਵਜੋਂ ਹਟਾਇਆ ਜਾਵੇ। ਬੈਂਚ ਵੱਲੋਂ ਮਾਮਲੇ ਦੀ ਸੁਣਵਾਈ ਚਾਰ ਹਫਤਿਆਂ ਮਗਰੋਂ ਕੀਤੀ ਜਾਵੇਗੀ।



## ਅਵਤਾਰ ਹੈਨਰੀ ਬਾਰੇ ਢਿੱਲ ਵਰਤਣ ਵਾਲਾ ਪੁਲਿਸ ਕਮਿਸ਼ਨਰ ਯਾਦਵ ਫਸਿਆ

**ਚੰਡੀਗੜ੍ਹ:** ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਜਸਟਿਸ ਰਾਕੇਸ਼ ਬਿੰਦਲ ਨੇ ਸਾਬਕਾ ਮੰਤਰੀ ਅਵਤਾਰ ਸਿੰਘ ਹੈਨਰੀ ਖ਼ਿਲਾਫ਼ ਕੇਸ ਦਰਜ ਨਾ ਕੀਤੇ ਜਾਣ ਦੇ ਮਾਮਲੇ ਵਿਚ ਪਾਈ ਗਈ ਅਦਾਲਤੀ ਹੱਤਕ ਪਟੀਸ਼ਨ 'ਤੇ ਜਲੰਧਰ ਦੇ ਪੁਲਿਸ ਕਮਿਸ਼ਨਰ ਗੌਰਵ ਯਾਦਵ ਨੂੰ ਨੋਟਿਸ ਜਾਰੀ ਕਰ ਦਿੱਤਾ ਹੈ। ਜਲੰਧਰ ਵਾਸੀ ਪਟੀਸ਼ਨਰ ਅਜੈ ਸਹਿਗਲ ਨੇ ਦੋਸ਼ ਲਾਇਆ ਹੈ ਕਿ ਹਾਈ ਕੋਰਟ ਨੇ 19 ਦਸੰਬਰ, 2012 ਨੂੰ ਕੇਸ ਦਰਜ ਕਰਨ ਲਈ ਹੁਕਮ ਦਿੱਤਾ ਸੀ ਤੇ ਉਸ ਹੁਕਮ ਦੀ ਪਾਲਣਾ ਨਹੀਂ ਹੋ ਰਹੀ।

ਹਾਈ ਕੋਰਟ ਨੇ ਪੁਲਿਸ ਕਮਿਸ਼ਨਰ ਨੂੰ ਹੁਕਮ ਦਿੱਤਾ ਸੀ ਕਿ ਉਹ ਪਟੀਸ਼ਨਰ ਵੱਲੋਂ ਲਾਏ ਦੋਸ਼ਾਂ ਨੂੰ ਗੰਭੀਰਤਾ ਨਾਲ ਲੈਣ। ਸ੍ਰੀ ਸਹਿਗਲ ਨੇ 27 ਦਸੰਬਰ, 2012 ਨੂੰ ਸ਼ਿਕਾਇਤ ਕਰਕੇ ਸ੍ਰੀ ਹੈਨਰੀ ਖ਼ਿਲਾਫ਼ ਵਿਦੇਸ਼ੀਆਂ ਲਈ ਕਾਨੂੰਨ ਤੇ ਆਈਪੀਸੀ ਦੀ ਧਾਰਾ 419, 420, 467, 468, 471 ਤੇ 120-ਬੀ ਤਹਿਤ ਕੇਸ ਦਰਜ ਕਰਨ ਦੀ ਮੰਗ ਕੀਤੀ ਸੀ। ਹਾਈ ਕੋਰਟ ਨੇ ਕਮਿਸ਼ਨਰ ਨੂੰ ਕਿਹਾ ਸੀ ਕਿ ਜੇਕਰ ਪਹਿਲੀ ਨਜ਼ਰੇ ਦੋਸ਼ ਸਹੀ ਲਗਦੇ ਹਨ ਤਾਂ ਹੈਨਰੀ ਖ਼ਿਲਾਫ਼ ਕੇਸ ਦਰਜ ਕੀਤਾ ਜਾਵੇ ਅਤੇ ਇਹ ਕਾਰਵਾਈ ਦੋ ਮਹੀਨਿਆਂ ਵਿੱਚ ਪੂਰੀ ਕੀਤੀ ਜਾਵੇ।

## ਵਿਦੇਸ਼ਾਂ 'ਚੋਂ ਕੱਢੇ ਭਾਰਤੀਆਂ ਨੂੰ ਮਿਲੇ ਨਵੇਂ ਪਾਸਪੋਰਟ

**ਜਲੰਧਰ:** ਜਲੰਧਰ ਦੇ ਖੇਤਰੀ ਪਾਸਪੋਰਟ ਦਫ਼ਤਰ ਵੱਲੋਂ ਲਾਈ ਗਈ ਮਹਾਂ ਲੋਕ ਅਦਾਲਤ ਵਿਚ ਪਹਿਲੀ ਵਾਰ ਉਨ੍ਹਾਂ 800 ਦੇ ਕਰੀਬ ਲੋਕਾਂ ਨੂੰ ਪਾਸਪੋਰਟ ਜਾਰੀ ਕਰਨ ਦੇ ਨਿਰਦੇਸ਼ ਜਾਰੀ ਕਰ ਦਿੱਤੇ ਗਏ ਹਨ ਜਿਨ੍ਹਾਂ ਨੂੰ ਕਈ ਸਾਲ ਪਹਿਲਾਂ ਵਿਦੇਸ਼ਾਂ ਤੋਂ ਕੱਢ ਦਿੱਤਾ ਗਿਆ ਸੀ। ਇਹ ਲੋਕ ਹੁਣ ਦੁਬਾਰਾ ਕੰਮ ਕਰਨ ਲਈ ਵਿਦੇਸ਼ ਜਾਣਗੇ। ਪਾਸਪੋਰਟ ਦੁਬਾਰਾ ਹਾਸਲ ਕਰਨ ਵਾਲਿਆਂ ਵਿਚ ਹੁਸ਼ਿਆਰਪੁਰ, ਨਵਾਂਸ਼ਹਿਰ, ਕਪੂਰਥਲਾ ਤੇ ਜਲੰਧਰ ਦੇ ਲੋਕ ਸ਼ਾਮਲ ਹਨ।

ਪਾਸਪੋਰਟ ਦਫ਼ਤਰ ਨੇ ਪਿਛਲੇ ਦਿਨੀਂ ਵਿਦੇਸ਼ਾਂ ਤੋਂ ਕੱਢੇ ਗਏ ਲੋਕਾਂ ਲਈ ਮਹਾਂ ਲੋਕ ਅਦਾਲਤ ਲਾਈ ਸੀ ਤੇ ਇਨ੍ਹਾਂ ਵਿਚ 2006 ਤੋਂ ਲੈ ਕੇ 2009 ਤੱਕ ਦੇ ਕੇਸਾਂ ਦਾ ਨਿਬੇੜਾ ਕੀਤਾ ਗਿਆ ਸੀ। ਪਾਸਪੋਰਟ ਦਫ਼ਤਰ ਨੇ 1200 ਦੇ ਕਰੀਬ ਲੋਕਾਂ ਨੂੰ ਲੋਕ ਅਦਾਲਤ ਵਿਚ ਸ਼ਾਮਲ ਹੋਣ ਲਈ ਪੱਤਰ ਭੇਜੇ ਸਨ ਜਿਨ੍ਹਾਂ ਵਿਚੋਂ 800 ਕੇਸਾਂ ਦਾ ਨਿਬੇੜਾ ਕਰ ਦਿੱਤਾ ਗਿਆ। ਖੇਤਰੀ ਪਾਸਪੋਰਟ ਅਫ਼ਸਰ ਹਰਮਨਬੀਰ ਸਿੰਘ ਗਿੱਲ ਨੇ ਕਿਹਾ ਕਿ ਦਫ਼ਤਰ ਵਿਚ 3000 ਦੇ ਕਰੀਬ ਵਿਦੇਸ਼ਾਂ ਤੋਂ ਕੱਢੇ ਗਏ ਲੋਕਾਂ ਦੇ ਕੇਸਾਂ ਦੀਆਂ ਫਾਈਲਾਂ ਬਕਾਇਆ ਪਈਆਂ ਸਨ ਜਿਨ੍ਹਾਂ ਵਿਚੋਂ 800 ਕੇਸਾਂ ਦਾ ਨਿਬੇੜਾ ਕਰ ਦਿੱਤਾ ਗਿਆ ਹੈ।

ਉਨ੍ਹਾਂ ਕਿਹਾ ਕਿ 400 ਦੇ ਕਰੀਬ ਜਿਹੜੇ ਕੇਸ ਲੋਕ ਅਦਾਲਤ ਵਿਚ ਰਹਿ ਗਏ ਹਨ, ਉਨ੍ਹਾਂ ਵਿਚ ਦਸਤਾਵੇਜ਼ ਪੂਰੇ ਹੋਣ 'ਤੇ ਉਨ੍ਹਾਂ ਦਾ ਬਾਅਦ ਵਿਚ ਨਿਬੇੜਾ ਵੀ ਕਰ ਦਿੱਤਾ ਜਾਏਗਾ। ਲੋਕ ਅਦਾਲਤ ਵਿਚ ਉਨ੍ਹਾਂ ਲੋਕਾਂ ਦੇ ਚਿਹਰਿਆਂ 'ਤੇ ਕਾਫ਼ੀ ਖ਼ੁਸ਼ੀ ਸੀ ਜਿਨ੍ਹਾਂ ਨੂੰ ਸਾਲਾਂ ਬਾਅਦ ਪਾਸਪੋਰਟ ਬਾਰੇ ਕੇਸ ਦਾ ਨਿਬੇੜਾ ਹੋ ਗਿਆ ਸੀ। ਸਾਰਾ ਸਟਾਫ਼ ਲੋਕ ਅਦਾਲਤ ਦੇ ਕੇਸਾਂ ਨੂੰ ਹੱਲ ਕਰਨ ਲਈ ਲਾਇਆ ਗਿਆ।




## ਕੈਪਟਨ ਨੂੰ ਅਣਗੌਲਿਆ ਕਰਨਾ ਅਜੇ ਔਖਾ

**ਚੰਡੀਗੜ੍ਹ:** ਪੰਜਾਬ ਪ੍ਰਦੇਸ਼ ਕਾਂਗਰਸ ਦੇ ਸਾਬਕਾ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੂੰ ਹਾਈਕਮਾਨ ਨੇ ਵੱਡੀ ਜ਼ਿੰਮੇਵਾਰੀ ਸੌਂਪਣ ਦਾ ਭਰੋਸਾ ਦਿੱਤਾ ਹੈ। ਕੈਪਟਨ ਵੱਲੋਂ ਲੰਘੇ ਦਿਨੀਂ ਦਿੱਲੀ ਵਿਖੇ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਨਾਲ ਇਕ ਘੰਟਾ ਮੁਲਾਕਾਤ ਕੀਤੀ ਗਈ। ਪਾਰਟੀ ਸੂਤਰਾਂ ਅਨੁਸਾਰ ਇਸ ਮੀਟਿੰਗ ਵਿਚ ਹੋਰ ਕੋਈ ਵੀ ਪਾਰਟੀ ਆਗੂ ਹਾਜ਼ਰ ਨਹੀਂ ਸੀ। ਕਾਂਗਰਸੀ ਸੂਤਰਾਂ ਅਨੁਸਾਰ ਸੋਨੀਆ ਗਾਂਧੀ ਨੇ ਕੈਪਟਨ ਅਮਰਿੰਦਰ ਸਿੰਘ ਨੂੰ ਕਿਹਾ ਕਿ ਪਾਰਟੀ ਉਨ੍ਹਾਂ ਦੇ ਤਜਰਬੇ ਤੇ ਸੇਵਾਵਾਂ ਦੀ ਵਰਤੋਂ ਆਲ ਇੰਡੀਆ ਕਾਂਗਰਸ ਕਮੇਟੀ ਵਿਚ ਕਰਨਾ ਚਾਹੁੰਦੇ ਹਨ ਜਿਸ ਲਈ ਸਾਬਕਾ ਮੁੱਖ ਮੰਤਰੀ ਨੇ ਆਪਣੀ ਰਜ਼ਾਮੰਦੀ ਦਿੰਦਿਆਂ ਕਿਹਾ ਕਿ ਉਹ ਕਾਂਗਰਸ ਪਾਰਟੀ ਦੀ ਮਜ਼ਬੂਤੀ ਤੇ ਹਿੱਤਾਂ ਲਈ ਕੋਈ ਵੀ ਜ਼ਿੰਮੇਵਾਰੀ ਲੈਣ ਲਈ ਤਿਆਰ ਹਨ।

ਕੈਪਟਨ ਅਮਰਿੰਦਰ ਜਿਨ੍ਹਾਂ ਦੀ ਥਾਂ ਕੁਝ ਦਿਨ ਪਹਿਲਾਂ ਪ੍ਰਤਾਪ ਸਿੰਘ ਬਾਜਵਾ ਨੂੰ ਪੰਜਾਬ ਕਾਂਗਰਸ ਦਾ ਨਵਾਂ ਪ੍ਰਧਾਨ ਥਾਪਿਆ ਗਿਆ ਹੈ, ਕਈ ਵਾਰ ਜਨਤਕ ਤੌਰ 'ਤੇ ਇਹ ਸਪਸ਼ਟ ਕਰ ਚੁੱਕੇ ਹਨ ਕਿ ਉਹ ਰਾਜਪਾਲ ਜਾਂ ਰਾਜਦੂਤ ਦਾ ਅਹੁਦਾ ਲੈਣ ਵਿਚ ਕੋਈ ਦਿਲਚਸਪੀ ਨਹੀਂ ਰੱਖਦੇ ਤੇ ਉਹ ਆਪਣੀ ਰਹਿੰਦੀ ਜ਼ਿੰਦਗੀ ਪੰਜਾਬ ਦੀ ਸਿਆਸਤ ਨਾਲ ਸਬੰਧਤ ਰਹਿ ਕੇ ਗੁਜ਼ਾਰਨਾ ਚਾਹੁੰਦੇ ਹਨ। ਸ. ਬਾਜਵਾ ਨੂੰ ਪੰਜਾਬ ਕਾਂਗਰਸ ਦਾ ਪ੍ਰਧਾਨ ਥਾਪੇ ਜਾਣ ਤੋਂ ਬਾਅਦ ਉਨ੍ਹਾਂ ਇਹ ਵੀ ਸਪੱਸ਼ਟ ਕੀਤਾ ਸੀ ਕਿ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਵੱਲੋਂ ਹੀ ਉਨ੍ਹਾਂ ਨੂੰ ਅੱਜ ਤੱਕ ਸਭ ਕੁਝ ਮਿਲਿਆ ਹੈ ਤੇ ਉਹ ਭਵਿੱਖ ਵਿਚ ਵੀ ਕਾਂਗਰਸ ਪਾਰਟੀ ਤੇ ਕਾਂਗਰਸ ਪ੍ਰਧਾਨ ਪ੍ਰਤੀ ਆਪਣੀ ਵਫ਼ਾਦਾਰੀ ਨੂੰ ਕਾਇਮ ਰੱਖਣਗੇ।



ਕੈਪਟਨ ਅਮਰਿੰਦਰ ਸਿੰਘ ਨੂੰ ਹਿਮਾਚਲ ਪ੍ਰਦੇਸ਼ ਤੋਂ ਰਾਜ ਸਭਾ ਵਿਚ ਲਿਜਾਣ ਬਾਰੇ ਵੀ ਭਾਵੇਂ ਸਿਆਸੀ ਹਲਕਿਆਂ ਵਿਚ ਚਰਚੇ ਹਨ ਪਰ ਉਨ੍ਹਾਂ ਦੀ ਪਤਨੀ ਮਹਾਰਾਣੀ ਪ੍ਰਨੀਤ ਕੌਰ ਦੇ ਕੇਂਦਰੀ ਮੰਤਰੀ ਮੰਡਲ ਵਿਚ ਹੁੰਦਿਆਂ ਕੈਪਟਨ ਅਮਰਿੰਦਰ ਸਿੰਘ ਦੇ ਕੇਂਦਰੀ ਮੰਤਰੀ ਮੰਡਲ ਵਿਚ ਸ਼ਾਮਲ ਹੋਣ ਦੀ ਸੰਭਾਵਨਾ ਨਹੀਂ। ਪਾਰਟੀ ਸੂਤਰਾਂ ਅਨੁਸਾਰ ਕੈਪਟਨ ਅਮਰਿੰਦਰ ਸਿੰਘ ਸ੍ਰੀਮਤੀ ਗਾਂਧੀ ਨਾਲ ਆਪਣੀ ਮੀਟਿੰਗ ਤੋਂ ਬਾਅਦ ਕਾਫੀ ਖ਼ੁਸ਼ ਨਜ਼ਰ ਆ ਰਹੇ ਸਨ ਪਰ ਉਨ੍ਹਾਂ ਕਿਸੇ ਨੂੰ ਵੀ ਮੀਟਿੰਗ ਸਬੰਧੀ ਕੋਈ ਬਹੁਤਾ ਬਿਊਰਾ ਦੇਣ ਤੋਂ ਗੁਰੇਜ਼ ਕੀਤਾ। ਪਾਰਟੀ ਸੂਤਰਾਂ ਦਾ ਕਹਿਣਾ ਹੈ ਕਿ ਕੈਪਟਨ ਅਮਰਿੰਦਰ ਸਿੰਘ ਨੂੰ ਜੋ ਵੀ ਜ਼ਿੰਮੇਵਾਰੀ ਦਿੱਤੀ ਜਾਵੇਗੀ, ਉਹ ਨਿਕਟ ਭਵਿੱਖ ਵਿਚ ਆਲ ਇੰਡੀਆ ਕਾਂਗਰਸ ਕਮੇਟੀ ਦੇ ਹੋਣ ਵਾਲੇ ਪੁਨਰ ਗਠਨ ਦੌਰਾਨ ਮਿਲੇਗੀ ਜਿਸ ਵਿਚ ਅਜੇ ਕੁਝ ਸਮਾਂ ਲੱਗ ਸਕਦਾ ਹੈ, ਕਿਉਂਕਿ ਸ੍ਰੀ ਗਾਂਧੀ ਅਤੇ ਰਾਹੁਲ ਗਾਂਧੀ ਪਾਰਲੀਮਾਨੀ ਚੋਣਾਂ ਨੂੰ ਸਾਹਮਣੇ ਰੱਖ ਕੇ ਆਲ ਇੰਡੀਆ ਕਾਂਗਰਸ ਕਮੇਟੀ ਦਾ ਪੁਨਰਗਠਨ ਕਰਨ ਲਈ ਅਜੇ ਵਿਚਾਰ ਵਟਾਂਦਰੇ ਕਰ ਰਹੇ ਹਨ।

# ਕਾਰਡੀਨਲ ਜੌਰਜ ਬਣੇ ਨਵੇਂ ਪੋਪ

**ਵੈਟੀਕਨ ਸਿਟੀ (ਬਿਊਰੋ):** ਦੁਨੀਆਂ ਭਰ ਵਿਚ ਰੋਮਨ ਕੈਥੋਲਿਕ ਈਸਾਈਆਂ ਨੂੰ ਆਪਣਾ ਨਵਾਂ ਧਰਮ ਗੁਰੂ (ਪੋਪ) ਮਿਲ ਗਿਆ ਜਦੋਂ 115 ਕਾਰਡੀਨਲਾਂ ਨੇ ਅਰਜਨਟੀਨਾ ਦੇ ਕਾਰਡੀਨਲ ਜੌਰਜ ਬਰਗੋਜਲੀਓ ਨੂੰ ਆਪਣਾ ਨਵਾਂ ਮਹਾਂਨੇਤਾ ਚੁਣ ਲਿਆ। ਉਹ ਪੋਪ ਫਰਾਂਸਿਸ ਦੇ ਨਾਂ ਨਾਲ ਜਾਣੇ ਜਾਣਗੇ। ਰੋਮਨ ਕੈਥੋਲਿਕ ਮੱਤ ਦੇ 2000 ਸਾਲਾ ਇਤਿਹਾਸ ਵਿਚ ਉਹ 266ਵੇਂ ਪੋਪ ਹੋਣਗੇ।

ਉਹ ਪੋਪ ਬੈਨੇਡਿਕਟ 16ਵੇਂ ਦੀ ਥਾਂ ਲੈਣਗੇ ਜਿਨ੍ਹਾਂ ਨੇ ਫਰਵਰੀ ਮਹੀਨੇ ਇਹ ਅਹੁਦਾ ਤਿਆਗਣ ਦਾ ਅਚਨਚੇਤ ਐਲਾਨ ਕਰਦਿਆਂ ਕੈਥੋਲਿਕ ਜਗਤ ਨੂੰ ਹੈਰਾਨ ਕਰ ਦਿੱਤਾ ਸੀ। ਬੈਨੇਡਿਕਟ ਨੇ 2005 ਵਿਚ ਮਰਹੂਮ ਪੋਪ ਜੌਹਨ ਪਾਲ ਦੋਇਮ ਦੀ ਥਾਂ ਲਈ ਸੀ ਤੇ ਉਨ੍ਹਾਂ ਨੂੰ ਆਲਮੀ ਪੱਧਰ 'ਤੇ ਪੋਪ ਜੌਹਨ ਵਰਗਾ ਮਾਣ-ਸਤਿਕਾਰ ਹਾਸਲ ਕਰਦਿਆਂ ਭਾਵੇਂ ਦੋ ਸਾਲ ਲੱਗ ਗਏ ਸਨ ਪਰ ਉਨ੍ਹਾਂ ਨੇ ਹੌਲੀ ਹੌਲੀ ਇਹ ਸਾਬਤ ਕਰ ਦਿੱਤਾ ਸੀ ਕਿ ਉਹ ਸਚਮੁੱਚ ਹੀ ਇਸ ਰੁਤਬੇ ਦੇ ਕਾਬਲ ਸਨ।

ਪੋਪ ਫਰਾਂਸਿਸ 77 ਸਾਲਾਂ ਦੇ ਹਨ ਪਰ ਸਰੀਰਕ ਤੌਰ 'ਤੇ ਉਹ ਬਹੁਤ ਚੁਸਤ-ਦਰੁਸਤ ਜਾਪਦੇ ਹਨ। 17 ਦਸੰਬਰ, 1936 ਨੂੰ ਜਨਮੇ ਫਰਾਂਸਿਸ ਅਰਜਨਟੀਨਾ ਦੇ ਕਾਰਡੀਨਲ ਥਾਪੇ ਜਾਣ ਤੋਂ ਪਹਿਲਾਂ ਬਿਊਨੈੱਸ ਆਇਰਸ ਦੇ ਆਰਚ ਬਿਸ਼ਪ ਰਹੇ। ਉਹ ਸੁਧਾਰਵਾਦੀ ਆਗੂ ਵਜੋਂ ਜਾਣੇ ਜਾਂਦੇ ਹਨ। ਉਨ੍ਹਾਂ ਨੇ 1958 ਵਿਚ ਪਾਦਰੀ ਬਣਨ ਦਾ ਰਾਹ ਚੁਣਿਆ ਤੇ ਵਿਲਾ ਡਿਵੋਟੋ ਦੀ ਕੈਥੋਲਿਕ ਟਕਸਾਲ ਵਿਚ ਭਰਤੀ ਹੋਏ। 1969 ਵਿਚ ਉਹ ਪਾਦਰੀ ਥਾਪੇ ਗਏ। ਉਹ ਧਾਰਮਿਕ ਫਲਸਫ਼ੇ ਤੋਂ ਇਲਾਵਾ ਮਨੋਵਿਗਿਆਨ ਤੇ ਸਾਹਿਤ ਦੇ ਅਧਿਐਨ ਦੇ ਸ਼ੌਕੀਨ ਹਨ।

ਨਵੇਂ ਪੋਪ ਦੀ ਚੋਣ ਹੁੰਦਿਆਂ ਹੀ ਸੇਂਟ ਪੀਟਰਜ਼ ਬੈਸਿਲੀਕਾ ਦੇ ਸਿਸਟਾਈਨ ਚੈਪਲ ਦੀ ਛੱਤ ਤੋਂ ਚਿੱਟਾ ਧੂੰਆਂ ਉਭਰਨਾ ਸ਼ੁਰੂ ਹੋਇਆ ਤੇ ਨਾਲ ਹੀ ਬੈਸਿਲੀਕਾ ਦੀਆਂ ਘੰਟੀਆਂ ਦੀ ਆਵਾਜ਼ ਦੂਰ-ਦੂਰ ਗੂੰਜਣ ਲੱਗੀ। ਇਹ ਸੰਕੇਤ ਸੀ ਕਿ ਨਵਾਂ ਪੋਪ ਚੁਣ ਲਿਆ ਗਿਆ ਹੈ। 115 ਕਾਰਡੀਨਲਾਂ ਵੱਲੋਂ ਨਵੇਂ ਪੋਪ ਦੀ ਚੋਣ ਉਮੀਦਾਂ ਨਾਲੋਂ ਘੱਟ ਸਮੇਂ ਵਿਚ ਹੋਈ। ਦੁਨੀਆਂ ਵਿਚ ਰੋਮਨ ਕੈਥੋਲਿਕ ਮੱਤ ਦੇ ਈਸਾਈਆਂ ਦੀ ਗਿਣਤੀ 1.2



ਅਰਬ ਹੈ ਤੇ ਪੋਪ ਨੂੰ ਉਨ੍ਹਾਂ ਦਾ ਸਰਬ ਉਚ ਧਾਰਮਿਕ ਨੇਤਾ ਮੰਨਿਆ ਜਾਂਦਾ ਹੈ।

ਇਸੇ ਕਾਰਨ ਦੁਨੀਆਂ ਦੇ ਦੋ-ਤਿਹਾਈ ਦੇਸ਼ਾਂ ਦੇ ਹੁਕਮਰਾਨ ਵੀ ਪੋਪ ਦੇ ਹਰ ਹੁਕਮ ਉਪਰ ਫੁੱਲ ਚੜ੍ਹਾਉਂਦੇ ਨਜ਼ਰ ਆਉਂਦੇ ਹਨ। ਪੋਪ ਦੀ ਚੋਣ 115 ਕਾਰਡੀਨਲਾਂ (115 ਦੇਸ਼ਾਂ ਦੇ ਕੈਥੋਲਿਕ ਧਰਮ ਗੁਰੂਆਂ) ਵੱਲੋਂ ਗੁਪਤ ਮਤਦਾਨ ਰਾਹੀਂ ਕੀਤੀ ਜਾਂਦੀ ਹੈ। ਨਵੇਂ ਪੋਪ ਦੀ ਚੋਣ ਅਜਿਹੇ ਪੰਜਵੇਂ ਮਤਦਾਨ ਰਾਹੀਂ ਹੋਈ। ਹਰ ਮੱਤਦਾਨ ਰਾਹੀਂ ਘੱਟੋ-ਘੱਟ ਇਕ ਉਮੀਦਵਾਰ ਜਾਂ ਦਾਅਵੇਦਾਰ ਦੀ ਛਾਂਟੀ ਹੁੰਦੀ ਚਲੀ ਜਾਂਦੀ ਹੈ।

ਮਤਦਾਨ ਦਾ ਅਮਲ ਸ਼ੁਰੂ ਹੋਣ ਤੋਂ ਪਹਿਲਾਂ ਸਾਰੇ ਕਾਰਡੀਨਲ ਇਕ-ਦੂਜੇ ਤੋਂ ਅਲਹਿਦਾ ਰਹਿੰਦੇ ਹਨ ਤੇ ਕਿਸੇ ਵੀ ਤਰ੍ਹਾਂ ਦਾ ਸੰਪਰਕ ਨਹੀਂ ਰੱਖਦੇ ਤਾਂ ਜੋ ਕੋਈ ਵੀ ਕਿਸੇ ਹੋਰ ਕਾਰਡੀਨਲ 'ਤੇ ਆਪਣਾ ਪ੍ਰਭਾਵ ਨਾ ਪਾ ਸਕੇ। ਮਤਦਾਨ ਦੇ ਹਰ ਗੇੜ ਤੋਂ ਬਾਅਦ ਕਾਲੇ ਜਾਂ ਚਿੱਟੇ ਧੂੰਏਂ ਰਾਹੀਂ ਸ਼ਰਧਾਲੂਆਂ ਨੂੰ ਇਹ ਸੁਨੇਹਾ ਦਿੱਤਾ ਜਾਂਦਾ ਹੈ ਕਿ ਚੋਣ ਨਹੀਂ ਹੋਈ ਜਾਂ ਹੋ ਗਈ ਹੈ। ਇਹ ਪ੍ਰਥਾ 12 ਸਦੀਆਂ ਤੋਂ ਚਲੀ ਆ ਰਹੀ ਹੈ।

# ਮੰਗਲ ਗ੍ਰਹਿ 'ਤੇ ਜੀਵਨ ਦੀ ਹੋਂਦ ਦੇ ਸਬੂਤ ਮਿਲੇ

**ਵਾਸ਼ਿੰਗਟਨ:** ਅਮਰੀਕੀ ਪੁਲਾੜ ਏਜੰਸੀ ਨਾਸਾ ਦਾ ਦਾਅਵਾ ਹੈ ਕਿ ਮੰਗਲ 'ਤੇ ਕਿਸੇ ਵੇਲੇ ਜੀਵਨ ਰਿਹਾ ਹੋਵੇਗਾ। ਕਿਊਰੋਸਿਟੀ ਰੋਵਰ ਵੱਲੋਂ ਇਕੱਤਰ ਕੀਤੇ ਨਮੂਨਿਆਂ ਦੀ ਪੁਣਛਾਣ ਤੋਂ ਸੰਕੇਤ ਮਿਲੇ ਹਨ ਕਿ ਮੰਗਲ ਗ੍ਰਹਿ 'ਤੇ ਕਦੇ ਜੀਵਨ ਦੇ ਅਨੁਕੂਲ ਹਾਲਾਤ ਸਨ। ਨਾਸਾ ਦੇ ਮੰਗਲ ਖੋਜ ਮਿਸ਼ਨ ਦੇ ਮੁਖੀ ਮਾਈਕਲ ਮੀਅਰ ਮੁਤਾਬਕ "ਇਸ ਮਿਸ਼ਨ ਦਾ ਬੁਨਿਆਦੀ ਸਵਾਲ ਇਹ ਹੈ ਕਿ ਕੀ ਮੰਗਲ ਗ੍ਰਹਿ 'ਤੇ ਕਦੇ ਰਹਿਣ ਲਾਇਕ ਹਾਲਾਤ ਸਨ।

ਸਾਇੰਸਦਾਨਾਂ ਨੇ ਕਿਊਰੋਸਿਟੀ ਵੱਲੋਂ ਪਿਛਲੇ ਮਹੀਨੇ ਇਸ ਲਾਲ ਗ੍ਰਹਿ ਦੇ ਇਕ ਪੁਰਾਤਨ ਪੰਧ ਲਾਗਿਓਂ ਚਟਾਨਾਂ ਵਿਚੋਂ ਇਕੱਤਰ ਕੀਤੀ ਸਮੱਗਰੀ ਨੂੰ ਪੀਸਣ ਤੋਂ ਬਾਅਦ ਪਾਇਆ ਕਿ ਇਸ ਵਿਚ ਸਲਫਰ, ਨਾਈਟਰੋਜਨ, ਹਾਈਡਰੋਜਨ, ਆਕਸੀਜਨ, ਫਾਸਫੋਰਸ ਤੇ ਕਾਰਬਨ ਦੇ ਕਣ ਹਨ। ਇਹ ਮੁੱਖ ਰਸਾਇਣ ਹਨ ਜੋ ਜੀਵਨ ਨੂੰ ਆਸਰਾ ਦਿੰਦੇ ਹਨ। ਕਿਊਰੋਸਿਟੀ ਛੇ ਪਹੀਆਂ ਵਾਲਾ ਇਕ ਰੋਬੌਟ ਹੈ ਜਿਸ ਉਪਰ ਦਸ ਵਿਗਿਆਨਕ ਉਪਕਰਨ ਲੱਗੇ ਹੋਏ ਹਨ। ਇਹ ਮੰਗਲ ਗ੍ਰਹਿ 'ਤੇ ਹੁਣ ਤੱਕ ਭੇਜੇ ਗਏ ਸਾਰੇ ਵਾਹਨਾਂ ਨਾਲੋਂ ਕਿਤੇ ਵੱਧ ਸੂਖਮ ਹੈ।

ਇਸ ਵੱਲੋਂ ਇਕੱਤਰ ਕੀਤੇ ਡੇਟਾ ਅਨੁਸਾਰ ਯੈਲੋਨਾਈਫ ਬੇਅ ਇਲਾਕੇ ਵਿਚ ਉਸ ਪੁਰਾਤਨ ਦਰਿਆ ਪ੍ਰਣਾਲੀ ਦਾ ਅੰਤ ਹੋਇਆ ਸੀ ਤੇ ਇਥੇ ਬਣੀ ਇਕ ਝੀਲ ਦੇ ਧਰਾਤਲ ਤੋਂ ਰਸਾਇਣਕ ਊਰਜਾ ਦੇ ਸਰੋਤ ਮਿਲ ਸਕਦੇ ਹਨ ਤੇ ਇਸ ਤਰ੍ਹਾਂ ਇਥੇ ਜੀਵਨ ਰਹੇ ਹੋਣ ਦਾ ਇਕ ਹੋਰ ਸੁਰਾਗ ਮਿਲਿਆ ਹੈ। ਕਿਊਰੋਸਿਟੀ ਨੇ ਜਿਸ ਚਟਾਨ ਤੋਂ ਸਮੱਗਰੀ ਪ੍ਰਾਪਤ ਕੀਤੀ ਹੈ ਉਹ ਮਿੱਟੀ ਦੇ ਖਣਿਜਾਂ, ਸਲਫੇਟ ਖਣਿਜਾਂ ਤੇ ਹੋਰਾਂ ਰਸਾਇਣਾਂ ਤੋਂ ਮਿਲ ਕੇ ਬਣੀਆਂ ਹਨ।

# ਪੰਜਾਬੀ ਰੇਡੀਓ ਸਰੋਤਿਆਂ ਅਨੁਸਾਰ ਮੁੱਖ ਮਸਲਾ ਇਮੀਗ੍ਰੇਸ਼ਨ

**ਨਿਊ ਯਾਰਕ (ਬਿਊਰੋ):** ਪੰਜਾਬੀ ਭਾਈਚਾਰੇ ਦੇ ਰੇਡੀਓ ਸਰੋਤਿਆਂ ਵਿਚੋਂ ਇਕ ਤਿਹਾਈ ਸਰੋਤਿਆਂ ਦਾ ਖਿਆਲ ਹੈ ਕਿ ਪੰਜਾਬੀ ਭਾਈਚਾਰੇ ਦਾ ਸਭ ਤੋਂ ਵੱਡਾ ਮਸਲਾ ਇਮੀਗ੍ਰੇਸ਼ਨ ਦਾ ਹੈ ਜਦੋਂਕਿ ਇਕ ਚੌਥਾਈ (27%) ਸਰੋਤਿਆਂ ਦੇ ਖਿਆਲ ਵਿਚ ਹੈਲਥ ਕੇਅਰ ਮੁੱਖ ਮਸਲਾ ਹੈ। ਸਰੋਤਿਆਂ 'ਚੋਂ 21 ਫੀਸਦੀ ਦਾ ਮੰਨਣਾ ਹੈ ਕਿ ਜਰਾਇਮ ਅਤੇ ਹਿੰਸਾ ਮੁੱਖ ਮਸਲਾ ਹੈ ਜਦੋਂਕਿ 16 ਫੀਸਦੀ ਸਰੋਤਿਆਂ ਦਾ ਖਿਆਲ ਹੈ ਕਿ ਰੁਜ਼ਗਾਰ ਦਾ ਮਸਲਾ ਭਾਈਚਾਰੇ ਦੇ ਸਾਹਮਣੇ ਸਭ ਤੋਂ ਪਹਿਲਾਂ ਹੈ।

ਸੰਨ 2012 ਦੀਆਂ ਚੋਣਾਂ ਸਮੇਂ 18 ਫੀਸਦੀ ਪੰਜਾਬੀ ਵੋਟਰਾਂ ਨੇ ਰਾਏ ਦਿੱਤੀ ਸੀ ਕਿ ਪੰਜਾਬੀ ਭਾਈਚਾਰੇ ਦਾ ਮੁੱਖ ਫਿਕਰ ਇਮੀਗ੍ਰੇਸ਼ਨ ਦਾ ਮਾਮਲਾ ਹੈ ਜਦੋਂਕਿ ਆਡੀਓ ਨਾਓ ਵਲੋਂ ਕਰਵਾਏ ਗਏ ਇਸ ਸਰਵੇਖਣ ਅਨੁਸਾਰ 45 ਫੀਸਦੀ ਪੰਜਾਬੀ ਸਰੋਤੇ ਇਮੀਗ੍ਰੇਸ਼ਨ ਨੂੰ ਮੁੱਖ ਮਸਲਾ ਮੰਨਦੇ ਹਨ। ਹਰ ਦਸ ਸਰੋਤਿਆਂ ਵਿਚੋਂ 6 ਅਮਰੀਕਾ ਵਿਚ ਸਖਤ ਗਨ ਕੰਟਰੋਲ ਦੇ ਹੱਕ ਵਿਚ ਹਨ। 84 ਫੀਸਦੀ ਸਰੋਤਿਆਂ ਦਾ ਕਹਿਣਾ ਸੀ ਕਿ ਉਹ ਲਾਜ਼ਮੀ ਬੈਕਗਰਾਊਂਡ ਚੈਕ ਦੇ ਹੱਕ ਵਿਚ ਹਨ ਅਤੇ 68% ਚਾਹੁੰਦੇ ਹਨ ਕਿ ਖਤਰਨਾਕ ਹਥਿਆਰਾਂ ਉਪਰ ਪੂਰੀ ਪਾਬੰਦੀ ਲਾਈ ਜਾਵੇ। 69% ਸਰੋਤੇ ਵੱਡੀ ਸਮਰਥਾ ਵਾਲੇ ਮੈਗਜ਼ੀਨਾਂ ਉਪਰ ਪਾਬੰਦੀ ਦੇ ਹੱਕ ਵਿਚ ਸਨ।

ਇਹ ਵੀ ਜ਼ਿਕਰਯੋਗ ਹੈ ਕਿ ਸੰਨ 2012 ਦੀਆਂ ਚੋਣਾਂ ਵਿਚ ਵੋਟ ਪਾਉਣ ਦੇ ਯੋਗ ਪੰਜਾਬੀ ਭਾਈਚਾਰੇ ਦੇ ਵੋਟਰਾਂ ਵਿਚੋਂ 10 'ਚੋਂ 6 ਹੀ ਆਪਣੀ ਵੋਟ ਦਾ ਇਸਤੇਮਾਲ ਕਰਨ ਗਏ।

ਇਹ ਸਰਵੇਖਣ ਮੋਬਾਈਲ ਫੋਨ ਪਲੈਟਫਾਰਮ ਉਤੇ ਰੇਡੀਓ ਪ੍ਰੋਗਰਾਮ ਪ੍ਰਸਾਰਿਤ ਕਰਨ ਵਾਲੀ ਕੰਪਨੀ ਆਡੀਓ ਨਾਓ ਵਲੋਂ ਵੱਖ ਵੱਖ ਭਾਈਚਾਰਿਆਂ ਅਤੇ ਵੱਖ ਵੱਖ ਭਾਸ਼ਾਵਾਂ ਦੇ ਸਰੋਤਿਆਂ ਦੇ ਗੰਨ ਕੰਟਰੋਲ ਸਮੇਤ ਵੱਖ ਵੱਖ ਮਸਲਿਆਂ ਉਪਰ ਵਿਚਾਰ ਜਾਣਨ ਲਈ ਕਰਵਾਇਆ ਗਿਆ ਸੀ। ਪੰਜਾਬੀ ਭਾਸ਼ਾ ਦੇ ਦੋ ਰੇਡੀਓ ਸਟੇਸ਼ਨਾਂ-ਪੰਜਾਬੀ ਰੇਡੀਓ ਸੈਨ ਹੋਜ਼ੇ ਅਤੇ ਰੇਡੀਓ ਚੜ੍ਹਦੀ ਕਲਾ ਫਰੀਮਾਂਟ (ਕੈਲੀਫੋਰਨੀਆ) ਦੇ ਸਰੋਤਿਆਂ ਨੇ ਇਸ ਸਰਵੇਖਣ ਵਿਚ ਹਿੱਸਾ ਲਿਆ। ਸਰੋਤੇ ਅਮਰੀਕਾ ਦੇ ਵੱਖ ਵੱਖ ਹਿੱਸਿਆਂ ਤੋਂ ਸਨ।

ਆਡੀਓ ਨਾਓ ਵਲੋਂ ਕਰਵਾਇਆ ਗਿਆ ਇਹ ਸਰਵੇਖਣ 14 ਤੋਂ 21 ਫਰਵਰੀ ਦੇ ਹਫਤੇ ਦੌਰਾਨ ਪੰਜ ਪ੍ਰਸਾਰਣ ਸਟੇਸ਼ਨਾਂ ਦੇ ਖਬਰਾਂ ਸੁਣਨ ਦੇ ਸ਼ੌਕੀਨ ਵੱਖ ਵੱਖ ਭਾਸ਼ਾਵਾਂ ਦੇ 2040 ਸਰੋਤਿਆਂ ਉਪਰ ਆਧਾਰਤ ਹੈ। ਇਨ੍ਹਾਂ ਵਿਚ 1016 ਸਰੋਤੇ ਪੰਜਾਬੀ ਭਾਈਚਾਰੇ ਵਿਚੋਂ ਸਨ। ਇਹ ਸਰਵੇਖਣ ਆਡੀਓ ਨਾਓ ਵਲੋਂ ਵਾਸ਼ਿੰਗਟਨ ਦੀ ਹਾਰਟ ਰਿਸਰਚ ਐਸੋਸੀਏਟਸ ਨਾਂ ਦੀ ਫਰਮ ਤੋਂ ਕਰਵਾਇਆ ਗਿਆ।

ਆਡੀਓ ਨਾਓ ਵਲੋਂ ਕਰਵਾਇਆ ਗਿਆ ਇਹ ਸਰਵੇਖਣ ਬਹੁਤ ਹੀ ਸਸਤਾ ਪੈਂਦਾ ਹੈ ਅਤੇ ਵੱਡੀ ਗਿਣਤੀ ਵਿਚ ਸਰੋਤਿਆਂ ਦੇ ਹੁੰਗਾਰੇ ਤੋਂ ਸਾਰਥਕ ਨਤੀਜੇ ਸਾਹਮਣੇ ਆਉਂਦੇ ਹਨ। ਇਸ ਸਰਵੇਖਣ ਰਾਹੀਂ ਅਮਰੀਕਾ ਵਸਦੇ ਵੱਖ ਵੱਖ ਭਾਈਚਾਰਿਆਂ ਦੇ ਵੱਖ ਵੱਖ ਮਸਲਿਆਂ ਬਾਰੇ ਵਿਚਾਰ ਸਾਹਮਣੇ ਆਉਂਦੇ ਹਨ।

ਪੰਜਾਬੀ ਰੇਡੀਓ ਯੂ ਐਸ ਏ ਆਡੀਓ ਨਾਓ ਰਾਹੀਂ ਫੋਨ 832-551-5029 ਅਤੇ ਰੇਡੀਓ ਚੜ੍ਹਦੀ ਕਲਾ ਫੋਨ 832-551-5038 ਉਪਰ ਸੁਣਿਆ ਜਾ ਸਕਦਾ ਹੈ। ਸਰਵੇਖਣ ਦੇ ਸੰਪੂਰਨ ਨਤੀਜਿਆਂ ਲਈ ਆਡੀਓ ਨਾਓ ਦੇ ਪ੍ਰੀਤੀਨਿਧ ਅਲੈਗਜ਼ੈਂਡਰਾ ਮੋ ਨਾਲ ਫੋਨ 202-621-2284 ਉਤੇ ਸੰਪਰਕ ਕੀਤਾ ਜਾ ਸਕਦਾ ਹੈ।

# ਸੋਨੀਆ ਗਾਂਧੀ ਦੀ ਸਰਦਾਰੀ ਦਾ ਡੇਢ ਦਹਾਕਾ ਪੂਰਾ

**ਨਵੀਂ ਦਿੱਲੀ:** ਕਾਂਗਰਸ ਪਾਰਟੀ ਦੇ 127 ਸਾਲ ਦੇ ਇਤਿਹਾਸ ਵਿਚ ਇਕ ਰਿਕਾਰਡ ਬਣਾਉਂਦਿਆਂ ਸੋਨੀਆ ਗਾਂਧੀ ਨੇ ਬਤੌਰ ਕਾਂਗਰਸ ਪ੍ਰਧਾਨ ਆਪਣੇ ਨਿਰਵਿਰੋਧ 15 ਸਾਲ ਪੂਰੇ ਕਰ ਲਏ ਹਨ। 66 ਸਾਲਾ ਸੋਨੀਆ ਦੇ ਸਿਆਸੀ ਜੀਵਨ 'ਚ ਮਈ 2004 ਇਕ ਅਹਿਮ ਮੋੜ ਸੀ ਜਦੋਂ ਉਨ੍ਹਾਂ ਨੇ ਗਠਜੋੜ ਰਾਹੀਂ ਕਾਂਗਰਸ ਨੂੰ ਸਫ਼ਲਤਾ ਸਹਿਤ ਸੱਤਾ 'ਤੇ ਕਾਬਜ਼ ਕੀਤਾ।



ਸੱਤਾ ਹਾਸਲ ਕਰਨ ਤੋਂ ਬਾਅਦ ਸੋਨੀਆ ਨੇ ਦੇਸ਼ ਦੇ ਪ੍ਰਧਾਨ ਮੰਤਰੀ ਦੇ ਅਹੁਦੇ ਨੂੰ ਅਸਵੀਕਾਰ ਕੀਤਾ ਤੇ ਅਰਥ-ਸ਼ਾਸਤਰੀ ਤੋਂ ਨੇਤਾ ਬਣੇ ਮਨਮੋਹਨ ਸਿੰਘ ਦਾ ਨਾਂ ਇਸ ਲਈ ਪੇਸ਼ ਕੀਤਾ। ਸੋਨੀਆ ਨੇ ਮਾਰਚ 1998 ਵਿਚ ਕਾਂਗਰਸ ਪਾਰਟੀ ਦੀ ਵਾਗਡੋਰ ਸੰਭਾਲੀ। ਇਸ ਤੋਂ ਪਹਿਲਾਂ ਉਸ ਨਾਲ ਲੋਕ ਸਭਾ ਚੋਣਾਂ ਵਿਚ ਪਾਰਟੀ ਦਾ ਪ੍ਰਦਰਸ਼ਨ ਕਾਫ਼ੀ ਖ਼ਰਾਬ ਰਿਹਾ ਤੇ ਮਰਹੂਮ ਨੇਤਾ ਸੀਤਾ ਰਾਮ ਕੇਸਰੀ ਨੂੰ ਕਾਂਗਰਸ ਪ੍ਰਧਾਨ ਪਦ ਛੱਡਣਾ ਪਿਆ ਸੀ। ਸਾਲ 1998 ਵਿਚ ਨਿਰਉਤਸ਼ਾਹ ਤੇ ਵੰਡੀ ਹੋਈ ਕਾਂਗਰਸ ਦਾ ਖ਼ਰਾਬ ਦੌਰ ਸੀ ਤੇ ਕੁਝ ਹੀ ਰਾਜਾਂ ਵਿਚ ਕਾਂਗਰਸ ਦੀ ਸਰਕਾਰੀ ਸੀ।

ਸੋਨੀਆ ਦੀ ਉਸ ਸਮੇਂ ਤੋਂ ਇਸ ਪਦ 'ਤੇ ਸਰਬਸੰਮਤੀ ਨਾਲ ਚੋਣ ਹੁੰਦੀ ਰਹੀ ਪਰ ਸਾਲ 2000 'ਚ ਇਸ ਤਰ੍ਹਾਂ ਨਾ ਹੋਇਆ ਜਦ ਕਾਂਗਰਸ ਨੇਤਾ ਜਿਤੇਂਦਰ ਪ੍ਰਸ਼ਾਦ ਪ੍ਰਧਾਨ ਪਦ ਲਈ ਚੋਣਾਂ 'ਚ ਖੜ੍ਹੇ ਹੋਏ ਪਰ ਬੁਰੀ ਤਰ੍ਹਾਂ ਹਾਰ ਗਏ। ਬਤੌਰ ਕਾਂਗਰਸ ਨੇਤਾ ਇਹ ਸੋਨੀਆ ਦਾ ਚੌਥਾ ਕਾਰਜਕਾਲ ਹੈ ਜੋ ਸਾਲ 2015 ਤੱਕ ਚੱਲੇਗਾ। ਦਰਅਸਲ ਪਾਰਟੀ ਸੰਵਿਧਾਨ ਵਿਚ ਕੀਤੇ ਬਦਲਾਅ ਮੁਤਾਬਕ ਹੁਣ 3 ਦੀ ਥਾਂ 5 ਸਾਲ ਲਈ ਜਥੇਬੰਦਕ ਚੋਣਾਂ ਦੀ ਵਿਵਸਥਾ ਹੈ।

# ਅਮਰੀਕਾ ਨੂੰ ਲਸ਼ਕਰੀਆਂ ਤੋਂ ਸਭ ਤੋਂ ਵੱਧ ਖਤਰਾ

**ਵਾਸ਼ਿੰਗਟਨ:** ਅਮਰੀਕੀ ਖ਼ੁਫ਼ੀਆ ਏਜੰਸੀ ਦੇ ਮੁਖੀ ਨੇ ਲਸ਼ਕਰ-ਏ-ਤੋਇਬਾ ਨੂੰ ਪਾਕਿਸਤਾਨ ਵਿਚਲੀਆਂ ਦਹਿਸ਼ਤਗਰਦ ਜਥੇਬੰਦੀਆਂ ਵਿਚੋਂ ਸਭ ਤੋਂ ਵੱਧ ਖਤਰਨਾਕ ਕਰਾਰ ਦਿੱਤਾ ਹੈ। ਉਨ੍ਹਾਂ ਮੁਤਾਬਕ ਇਸ ਜਥੇਬੰਦੀ ਵਿਚ ਇੰਨਾ ਦਮ ਹੈ ਕਿ ਇਹ ਇਸ ਮੁਲਕ ਵਿਚ ਸਥਾਈ ਰੂਪ ਵਿਚ ਹਮਾਸ ਜਾਂ ਹਿਜ਼ਬੁਲ ਜਿਹੀ ਸਥਿਤੀ ਗ੍ਰਹਿਣ ਕਰ ਸਕਦੀ ਹੈ।

ਡਾਇਰੈਕਟਰ ਆਫ ਨੈਸ਼ਨਲ ਇੰਟੈਲੀਜੈਂਸ (ਡੀਐਨਆਈ) ਜੇਮਜ਼ ਕਲੈਪਰ ਨੇ ਕਾਂਗਰਸ ਦੀ ਸੁਣਵਾਈ ਦੌਰਾਨ ਮੈਂਬਰਾਂ ਨੂੰ ਦੱਸਿਆ ਕਿ ਪਾਕਿਸਤਾਨ ਵਿਚਲੀ ਲਸ਼ਕਰ-ਏ-ਤੋਇਬਾ ਅਤਿਵਾਦੀ ਗਰੁੱਪਾਂ ਵਿਚੋਂ ਸਭ ਤੋਂ ਵੱਡੀ ਮੁਸ਼ਕਲ ਬਣਿਆ ਰਹੇਗਾ। ਸੈਨੇਟ ਦੀ ਖ਼ੁਫ਼ੀਆ ਚੋਣ ਕਮੇਟੀ ਅੱਗੇ ਕਲੈਪਰ ਨੇ ਦੱਸਿਆ ਕਿ ਇਸ ਜਥੇਬੰਦੀ 'ਚ ਲੰਮੇ ਸਮੇਂ ਤੱਕ ਸਰਗਰਮ ਰਹਿਣ ਦਾ ਦਮ ਹੈ ਤੇ ਉਹ ਪਾਕਿਸਤਾਨ 'ਚ ਹਮਾਸ ਜਾਂ ਹਿਜ਼ਬੁਲ ਵਰਗੀ ਸਥਾਈ ਹਾਜ਼ਰੀ ਬਣਾ ਸਕਦੀ ਹੈ।

ਇਸੇ ਦੌਰਾਨ ਕਲੈਪਰ ਨੇ ਕਮੇਟੀ ਨੂੰ ਅਮਰੀਕਾ ਨੂੰ ਦਰਪੇਸ਼ ਖ਼ਤਰਿਆਂ ਬਾਰੇ ਡੀਐਨਆਈ ਦੇ ਜਾਇਜ਼ੇ ਤੋਂ ਜਾਣੂ ਕਰਵਾਇਆ। ਹਾਫ਼ਿਜ਼ ਸਈਦ ਦੀ ਅਗਵਾਈ ਵਾਲੇ ਲਸ਼ਕਰ-ਏ-ਤੋਇਬਾ ਦੀਆਂ ਜੰਮੂ-ਕਸ਼ਮੀਰ ਵਿਚ ਵੀ ਸਰਗਰਮੀਆਂ ਰਹਿੰਦੀਆਂ ਹਨ ਤੇ ਮੁੰਬਈ ਦੇ 2009 ਦੇ ਹਮਲਿਆਂ ਸਮੇਤ ਉਸ ਦਾ ਕਈ ਦਹਿਸ਼ਤੀ ਹਮਲਿਆਂ ਵਿਚ ਹੱਥ ਦੱਸਿਆ ਜਾਂਦਾ ਹੈ। ਕਲੈਪਰ ਨੇ ਦੱਸਿਆ ਕਿ ਵੱਖ-ਵੱਖ ਸਮੇਂ ਆਪਣੇ ਵੱਡੇ ਆਗੂ ਗੁਆ ਚੁੱਕਿਆ ਅਲਕਾਇਦਾ ਗਰੁੱਪ ਭਾਵੇਂ ਹੁਣ ਓਨਾ ਗੰਭੀਰ ਤੇ ਗੁੰਝਲਦਾਰ ਨਹੀਂ ਰਿਹਾ ਕਿ ਇਹ ਪੱਛਮ ਵਿਚ ਵੱਡੇ ਹਮਲੇ ਕਰ ਸਕੇ ਪਰ ਇਸ ਦੇ ਰਣਨੀਤਕ ਟੀਚੇ ਉਹੀ ਹਨ ਜੋ ਇਸ ਨੇ 1996 'ਚ ਅਮਰੀਕਾ ਵਿਰੁੱਧ ਜੰਗ ਦੇ ਐਲਾਨਨਾਮੇ ਵਿਚ ਦਿੱਤੇ ਸਨ। ਇਸ ਦੇ ਆਗੂਆਂ ਦੀ ਅਮਰੀਕਾ ਵਿਚ ਹਮਲੇ ਕਰਨ ਦੀ ਰੀਝ ਬਰਕਰਾਰ ਰਹੇਗੀ। ਉਨ੍ਹਾਂ ਨੇ ਅਰਬ ਸਪਰਿੰਗ, ਇਰਾਨ ਤੇ ਲਿਬਨਾਨੀ ਹਿਜ਼ਬੁਲ ਤੋਂ ਅਮਰੀਕਾ ਨੂੰ ਦਰਪੇਸ਼ ਖ਼ਤਰਿਆਂ ਬਾਰੇ ਵੀ ਮੈਂਬਰਾਂ ਨੂੰ ਜਾਣੂ ਕਰਵਾਇਆ।

# ਬੈਂਕ ਬਣਾ ਰਹੇ ਨੇ ਕਾਲੇ ਧਨ ਨੂੰ ਚਿੱਟਾ

**ਨਵੀਂ ਦਿੱਲੀ:** ਇਕ ਸਟਿੰਗ ਅਪਰੇਸ਼ਨ ਰਾਹੀਂ ਕੋਬਰਾ ਪੋਸਟ ਨੇ ਦੋਸ਼ ਲਾਏ ਹਨ ਕਿ ਦੇਸ਼ ਦੇ ਤਿੰਨ ਵੱਡੇ ਪ੍ਰਾਈਵੇਟ ਬੈਂਕ ਐਚ.ਡੀ.ਐਫ਼.ਸੀ, ਆਈ.ਸੀ.ਆਈ.ਸੀ.ਆਈ ਤੇ ਐਕਸਿਸ ਬੈਂਕ ਕਾਲੇ ਧਨ ਨੂੰ ਚਿੱਟੇ ਧਨ ਵਿਚ ਬਦਲਣ ਦਾ ਦਾਅਵਾ ਕਰਦੇ ਹਨ। ਇਸ ਕੰਮ ਲਈ ਬੈਂਕ ਅਧਿਕਾਰੀ ਨਿਯਮਾਂ ਦੀਆਂ ਜੰਮ ਕੇ ਧੱਜੀਆਂ ਉਡਾਉਂਦੇ ਹਨ।

ਕੋਬਰਾ ਪੋਸਟ ਨੇ ਆਪਣੇ ਇਸ ਦਾਅਵੇ ਦੇ ਪੱਖ ਵਿਚ ਦੇਸ਼ ਦੇ ਕਈ ਰਾਜਾਂ ਵਿਚ ਸਥਿਤ ਬੈਂਕਾਂ ਦੀਆਂ ਸ਼ਾਖਾਵਾਂ ਵਿਚ ਜਾ ਕੇ ਸਿਟਿੰਗ ਆਪਰੇਸ਼ਨ ਕੀਤਾ ਤੇ ਉਸ ਨੂੰ 'ਆਪਰੇਸ਼ਨ ਰੈੱਡ ਸਪਾਈਡਰ ਕੋਬਰਾ' ਦਾ ਨਾਂ ਦਿੱਤਾ। ਸਿਟਿੰਗ ਆਪਰੇਸ਼ਨ ਵਿਚ ਕੋਬਰਾ ਪੋਸਟ ਦਾ ਪੱਤਰਕਾਰ ਇਕ ਕਾਲਪਨਿਕ ਨੇਤਾ ਦਾ ਕਾਲਪਨਿਕ ਏਜੰਟ ਬਣਿਆ ਤੇ ਉਸ ਨੇਤਾ ਦੇ ਕਾਲਪਨਿਕ ਕਾਲੇ ਧਨ ਨੂੰ ਚਿੱਟੇ ਧਨ ਵਿਚ ਬਦਲਣ ਲਈ ਬੈਂਕਾਂ ਦੇ ਦਰਵਾਜ਼ੇ 'ਤੇ ਜਾ ਪੁੱਜਾ। ਕੋਬਰਾ ਪੋਸਟ ਦਾ ਦੋਸ਼ ਹੈ ਕਿ ਉਕਤ ਤਿੰਨੇ ਬੈਂਕ ਕਾਲੇ ਧਨ ਨੂੰ ਆਪਣੀਆਂ ਨਿਵੇਸ਼ ਯੋਜਨਾਵਾਂ ਵਿਚ ਖਪਾ ਦਿੰਦੇ ਹਨ ਤੇ ਇਸ ਲਈ



ਬਕਾਇਦਾ ਗਾਹਕ ਦਾ ਖਾਤਾ ਵੀ ਖੋਲ੍ਹਿਆ ਜਾਂਦਾ ਹੈ। ਇਹੋ ਹੀ ਨਹੀਂ ਕੈਸ਼ ਜਮ੍ਹਾਂ ਕਰਵਾਉਣ ਲਈ ਜ਼ਰੂਰੀ ਪੈਨ ਕਾਰਡ ਨੰਬਰ ਵੀ ਮੰਗਿਆ ਨਹੀਂ ਜਾਂਦਾ। ਇਥੋਂ ਤੱਕ ਰਿਜ਼ਰਵ ਬੈਂਕ ਦੇ ਨਿਯਮਾਂ ਤਹਿਤ ਗਾਹਕਾਂ ਤੋਂ ਪੂਰੀ ਜਾਣਕਾਰੀ ਵੀ ਹਾਸਲ ਨਹੀਂ ਕੀਤੀ ਜਾਂਦੀ। ਕੋਬਰਾ ਪੋਸਟ ਅਨੁਸਾਰ ਇਹ ਬੈਂਕ ਕਾਲੇ ਧਨ ਦੀ ਵੱਡੀ ਰਕਮ ਨੂੰ ਕਈ ਛੋਟੇ ਹਿੱਸਿਆਂ ਵਿਚ ਵੰਡ ਕੇ ਬੈਂਕ ਵਿਚ ਜਮ੍ਹਾਂ ਕਰਦੇ ਹਨ। ਹਾਲਾਂਕਿ ਐਚ.ਡੀ.ਐਫ਼.ਸੀ ਨੇ ਇਨ੍ਹਾਂ ਦੋਸ਼ਾਂ ਨੂੰ ਤੱਥਹੀਣ ਕਰਾਰ ਦਿੱਤਾ ਹੈ ਉਥੇ ਆਈ.ਸੀ.ਆਈ.ਸੀ.ਆਈ ਨੇ ਇਨ੍ਹਾਂ ਦੋਸ਼ਾਂ 'ਤੇ ਚਿੰਤਾ ਦਾ ਪ੍ਰਗਟਾਵਾ ਕਰਦਿਆਂ ਆਪਣੇ ਤਰਫ਼ੋਂ ਜਾਂਚ ਸ਼ੁਰੂ ਕਰ ਦਿੱਤੀ ਹੈ।

ਕੋਬਰਾ ਪੋਸਟ ਨੇ ਇਹ ਵੀ ਦਾਅਵਾ ਕੀਤਾ ਹੈ ਕਿ ਉਸ ਦੇ ਸਿਟਿੰਗ ਆਪਰੇਸ਼ਨ ਵਿਚ ਬੈਂਕ ਅਧਿਕਾਰੀਆਂ ਨੇ ਉਨ੍ਹਾਂ ਨੂੰ ਇਥੋਂ ਤੱਕ ਕਿਹਾ ਕਿ ਕਾਲੇ ਧਨ ਦੀ ਵੱਡੀ ਰਕਮ ਰੱਖਣ ਲਈ ਉਨ੍ਹਾਂ ਕੋਲ ਵਿਸ਼ੇਸ਼ ਤਰ੍ਹਾਂ ਦੇ ਵੱਡੇ ਲਾਕਰ ਵੀ ਹਨ ਜਿਥੇ ਕਰੋੜਾਂ ਰੁਪਏ ਕੈਸ਼ ਰੱਖੇ ਜਾ ਸਕਦੇ ਹਨ। ਬੈਂਕਿੰਗ ਸੇਵਾਵਾਂ ਤੋਂ ਬਾਅਦ ਖਾਸ ਤੌਰ 'ਤੇ ਇਹ 'ਵਿਸ਼ੇਸ਼ ਗਾਹਕ' ਜਾ ਕੇ ਆਪਣਾ ਲਾਕਰ ਚੈੱਕ ਕਰ ਸਕਦੇ ਹਨ। ਦਾਅਵੇ ਮੁਤਾਬਕ ਬੈਂਕ ਕਾਲਾ ਧਨ ਵਿਦੇਸ਼ ਭੇਜਣ ਵਿਚ ਵੀ ਮਦਦ ਕਰਦੇ ਹਨ।

# Sistar Mortgage

Minimizing Cost, Maximizing Investment

www.SistarMortgage.com

**Balbir (Bill) Grewal,** Loan Officer

*Residential & Commercial Loans*


**(734) 330-8859 Mobile**

**(586) 802-7385 Fax**

Balbir.Grewal@SistarMortgage.com

**Refinance up to 125% value of the house.*

*Loans Available In Most States!*



>100% FHA Financing >Residential (Purchase & *Refinance) >Self Employed >Cash Out Refinance >Investment Property Loans >Jumbo Loans >Commercial Property With Business or Business Only



# Law Office of Navdeep S. Jhaj



Navdeep S. Jhaj

Member, American Immigration Lawyers Association

***Immigration Law Attorney***

## General Legal Practice

*>Estate Planning >Personal Injury >Bankruptcy*

ਅਸੀਂ ਹੇਠ ਲਿਖੀਆਂ ਸੇਵਾਵਾਂ ਮੁਹੱਈਆ ਕਰਦੇ ਹਾਂ

■ਇਮੀਗਰੇਸ਼ਨ ■ਜਨਰਲ ਲਾਅ
■ਪਰਸਨਲ ਇੰਜਰੀ ■ਬੈਂਕਰਪਸੀ ■ਐਸਟੇਟ ਪਲਾਨਿੰਗ

1930 W Hubbard, 2nd Floor, Chicago, IL 60622

**Voice: 312.404.8893, Fax: 312.243.2277**

email: navjhaj@me.com



# OPTIMA TAX

**Get your Income Tax Return done the right way!**

ਆਪਣੀ ਇਨਕਮ ਟੈਕਸ ਰਿਟਰਨ
ਸਹੀ ਢੰਗ ਨਾਲ ਭਰਵਾਓ

ENROLLED EA AGENT

**ਉਪਲਬਧ ਸੇਵਾਵਾਂ**

- FREE New Business Incorporation *(Corp, LLC, S-Corp, Partnership)*
- Personal Tax Planning & Preparation
- Corporate Tax Planning & Preparation
- Financial Accounting & Bookkeeping Services
- Payroll & Sales Tax Services
- FREE past year tax return review

| Anish Patel, EA | Vikas Patel, EA |
|---|---|
| Ph: 224-595-1258 | Ph: 847-722-7968 |

www.OPTIMATAXINC.com
optimataxinc@gmail.com

IRS e-file

**300 N. Wolf Rd., Wheeling, IL 60090**
**Main: 800-471-8116, Fax: (847)879-1155**



# ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

***National Truck Driving School***

## ਸੈਕਰਾਮੈਂਟੋ ਅਤੇ ਯੂਬਾ ਸਿਟੀ ਕੈਲੀਫੋਰਨੀਆ

**ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ**
*ਕੰਪਨੀ ਡਰਾਈਵਰ ਨੂੰ 35 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ*

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ



**Call For Special Price**

**Kashmir S. Thandi**
**Office: (866) 933-3038**
**Balhar S. Ranu Cell:916-502-7733**
**Yuba City Ph:530-419-5058**

**1816 Main Ave., Secramento CA, 95838**



# ਕੀ ਤੁਹਾਡੀ ਟਰੱਕਿੰਗ ਕੰਪਨੀ ਨੂੰ ਕੈਸ਼ ਫਲੋ ਦੀ ਤੰਗੀ ਹੈ?

## ਅਸੀਂ ਤੁਹਾਡੀ ਮਦਦ ਕਰ ਸਕਦੇ ਹਾਂ

ਅਸੀਂ ਤੁਹਾਡੇ ਫਰੇਟ ਬਿਲ ਖਰੀਦ ਕੇ ਤੁਹਾਡਾ ਕੈਸ਼ ਫਲੋ ਵਧਾ ਸਕਦੇ ਹਾਂ। ਜਦੋਂ ਤੁਸੀਂ ਆਪਣਾ ਲੋਡ ਪਹੁੰਚਦਾ ਕਰੋ ਤਾਂ ਫਰੇਟ ਬਿਲ ਸਾਨੂੰ ਭੇਜੋ, ਤੁਰੰਤ ਅਦਾਇਗੀ ਪਾਓ।

ਸਸਤੀਆਂ ਦਰਾਂ-ਇਕ ਵਾਰ ਦਾ ਕਮਿਸ਼ਨ-ਘੱਟੋ ਘੱਟ ਦੀ ਕੋਈ ਸ਼ਰਤ ਨਹੀਂ



**ਸੰਪਰਕ ਕਰੋ: ਪਾਲ ਫੋਨ 1-800-705-3863**

**Trucking Companies-Improve Your Cash Flow**

*Low Rates *One-Time Discounts *No minimums

**Call Paul at 1-800-705-3863**

**Transportation Funding Group, Inc.**

Minneapolis , MN 55426

ਪੰਜਾਬ ਟਾਈਮਜ਼

*ਸਨਿਚਰਵਾਰ, 23 ਮਾਰਚ 2013*

## ਪੰਜਾਬ ਦੀ ਪਛਾਣ

ਪੰਜਾਬ ਅੱਜਕੱਲ੍ਹ ਪਹਿਲਾਂ ਨਾਲੋਂ ਕਿਤੇ ਵੱਧ ਸੰਕਟ ਦੀ ਮਾਰ ਹੇਠ ਹੈ। ਸੰਕਟ ਤਾਂ ਪਹਿਲਾਂ ਵੀ ਬੜੀ ਵਾਰ ਆਏ, ਪਰ ਐਤਕੀਂ ਦਾ ਸੰਕਟ ਪੰਜਾਬ ਦੀਆਂ ਜੜ੍ਹਾਂ ਵਿਚ ਜਾ ਕੇ ਬੈਠ ਰਿਹਾ ਹੈ। ਇਸ ਦੀਆਂ ਜੜ੍ਹਾਂ ਉਤੇ ਇਹ ਜਕੜ ਦਿਨ-ਬਦਿਨ ਪੀਡੀ ਹੋ ਰਹੀ ਪ੍ਰਤੀਤ ਹੁੰਦੀ ਹੈ। ਇਸ ਜਕੜ ਦੀ ਇਕ ਮਿਸਾਲ ਪੰਜਾਬ ਵਿਧਾਨ ਸਭਾ ਵਿਚ ਖੁੱਲ੍ਹ ਕੇ ਖੇਡੀ ਗਈ ਖੇਡ ਹੈ ਅਤੇ ਇਸ ਤੋਂ ਵੀ ਅਗਾਂਹ ਫਿਕਰ ਵਾਲੀ ਗੱਲ ਮੀਡੀਆ ਵਿਚ ਹੋਈ ਇਸ ਦੀ ਪੇਸ਼ਕਾਰੀ ਹੈ। ਇਹ ਪੇਸ਼ਕਾਰੀ ਲੋਕ-ਮਸਲਿਆਂ ਤੋਂ ਲਾਂਭੇ ਚਲੇ ਜਾਣ ਦੀ ਹੀ ਸਪਸ਼ਟ ਸੂਹ ਦੇ ਰਹੀ ਹੈ। ਨੋਟ ਕਰਨ ਵਾਲਾ ਨੁਕਤਾ ਇਹ ਹੈ ਕਿ ਪੰਜਾਬ ਦੀਆਂ ਮੁੱਖ ਸਿਆਸੀ ਧਿਰਾਂ, ਚਿਰਾਂ ਤੋਂ ਪੰਜਾਬ ਦੇ ਅਸਲ ਮੁੱਦਿਆਂ ਦੀ ਗੱਲ ਨਹੀਂ ਕਰ ਰਹੀਆਂ ਅਤੇ ਆਮ ਲੋਕਾਂ ਦੇ ਸੰਕਟਾਂ ਦਾ ਹੱਲ ਇਨ੍ਹਾਂ ਦੇ ਸਿਆਸੀ ਏਜੰਡੇ ਦਾ ਹਿੱਸਾ ਹੀ ਨਹੀਂ ਹੈ। ਇਨ੍ਹਾਂ ਦੀਆਂ ਸਿਆਸੀ ਸਰਗਰਮੀਆਂ ਲੀਡਰਾਂ ਅਤੇ ਪਾਰਟੀਆਂ ਨਾਲ ਜੁੜੇ ਨਿੱਜੀ ਮੁਫਾਦ ਅਤੇ ਸਰਦਾਰੀਆਂ ਤੱਕ ਹੀ ਸੀਮਤ ਹੋ ਚੁੱਕੀਆਂ ਹਨ। ਜਿਸ ਤਰ੍ਹਾਂ ਦਾ ਤਾਣਾ-ਬਾਣਾ ਹੁਣ ਚੱਲ ਰਿਹਾ ਹੈ, ਉਸ ਬਾਰੇ ਤਾਂ ਇਨ੍ਹਾਂ ਧਿਰਾਂ ਦੀ ਕੋਈ ਅਸਹਿਮਤੀ ਵੀ ਨਹੀਂ ਹੈ। ਅਸਹਿਮਤੀ ਤਾਂ ਬੱਸ ਸੱਤਾਧਾਰੀ ਹੋਣ ਜਾਂ ਨਾ ਹੋਣ ਬਾਰੇ ਹੈ। ਇਨ੍ਹਾਂ ਜਮਾਤਾਂ ਦੀ ਪੰਜਾਬ ਬਾਰੇ ਪਹੁੰਚ, ਅਸਲ ਵਿਚ ਚੋਣਾਂ ਦੀ ਸਿਆਸਤ ਵਿਚੋਂ ਨਿਕਲਦੀ ਹੈ ਜਿਸ ਦਾ ਇਕੋ-ਇਕ ਨਿਸ਼ਾਨਾ ਸਿੱਧੇ ਜਾਂ ਅਸਿੱਧੇ ਢੰਗਾਂ-ਤਰੀਕਿਆਂ ਨਾਲ ਜਿੱਤ ਹਾਸਲ ਕਰਨਾ ਹੈ। ਇਹ ਕਹਿਣਾ ਕੋਈ ਪ੍ਰਸੰਗ ਤੋਂ ਬਾਹਰਾ ਨਹੀਂ ਹੋਵੇਗਾ ਕਿ ਹੁਣ ਸਾਰੀ ਸਿਆਸੀ ਸਰਗਰਮੀ ਦਾ ਆਧਾਰ ਚੋਣਾਂ ਹੀ ਬਣ ਗਈਆਂ ਹਨ। ਇਸੇ ਕਰ ਕੇ ਚੋਣਾਂ ਦੇ ਦਿਨੀਂ ਦਲ-ਬਦਲੀਆਂ ਤੇਜ਼ ਹੁੰਦੀਆਂ ਹਨ। ਚੋਣ ਸਿਆਸਤ ਤੋਂ ਬਾਹਰ ਹੋਣ ਦਾ ਮਤਲਬ ਸਿਆਸੀ ਪਿੜ ਵਿਚੋਂ ਹੀ ਬਾਹਰ ਹੋਣਾ ਮੰਨ ਲਿਆ ਗਿਆ ਹੈ। ਸਮੁੱਚਾ ਪ੍ਰਸ਼ਾਸਨ ਵੀ ਇਸੇ ਸਿਆਸਤ ਦੇ ਗੇੜੇ ਪੈ ਗਿਆ ਹੈ। ਨਿਆਂ ਲਈ ਲੜਨ-ਖੜ੍ਹਨ ਦੀਆਂ ਗੱਲਾਂ ਬਹੁਤ ਪਿਛਾਂਹ ਛੁੱਟ ਗਈਆਂ ਹਨ। ਪ੍ਰਸ਼ਾਸਨ ਤੱਕ ਜਿਸ ਦੀ ਪਹੁੰਚ ਹੈ, ਉਹ ਬੁਰਛਾਗਰਦੀ ਕਰ ਕੇ ਵੀ ਖੁੱਲ੍ਹੇਆਮ ਘੁੰਮ-ਫਿਰ ਸਕਦਾ ਹੈ। ਸਰਕਾਰੇ-ਦਰਬਾਰੇ ਜਿਨ੍ਹਾਂ ਦੀ ਚੱਲਦੀ ਹੈ, ਉਨ੍ਹਾਂ ਦੀ ਹੀ ਸੁਣੀ ਜਾਂਦੀ ਹੈ ਅਤੇ ਉਨ੍ਹਾਂ ਦੇ ਹੀ ਕੰਮ ਨੇਪਰੇ ਚੜ੍ਹਦੇ ਹਨ। ਕੁਝ ਧਿਰਾਂ ਅਤੇ ਵਿਦਵਾਨ ਪਨਪ ਰਹੇ ਇਸ ਸੰਕਟ ਬਾਰੇ ਫਿਕਰਮੰਦ ਹੋ ਕੇ ਮੁੱਢ ਤੋਂ ਹੀ ਆਵਾਜ਼ ਉਠਾਉਂਦੇ ਰਹੇ ਹਨ, ਪਰ ਕਈ ਕਾਰਨਾਂ ਕਰ ਕੇ ਇਹ ਆਵਾਜ਼ ਹਰ ਵਾਰ ਦਬ ਜਾਂਦੀ ਰਹੀ ਹੈ। ਸਿੱਟੇ ਵਜੋਂ ਇਹ ਆਵਾਜ਼ ਜੰਗਲ ਵਿਚ ਮਾਰੀਆਂ ਕੂਕਾਂ ਬਣ ਕੇ ਰਹਿ ਜਾਂਦੀ ਰਹੀ ਜਿੱਥੇ ਇਹ ਹਾਕਾਂ ਸੁਣਨ ਵਾਲਾ ਹੀ ਕੋਈ ਨਹੀਂ ਹੁੰਦਾ। ਇਹੀ ਉਹ ਸੰਕਟ ਹੈ ਜਿਹੜਾ ਹੌਲੀ-ਹੌਲੀ ਕਰ ਕੇ ਪੰਜਾਬ ਦੀਆਂ ਜੜ੍ਹਾਂ ਵਿਚ ਬੈਠ ਰਿਹਾ ਹੈ। ਇਹ ਨਿੱਸਲਤਾ ਵੱਲ ਵਧ ਰਹੇ ਪੰਜਾਬ ਦੀ ਕਥਾ ਹੈ। ਹੁਣ ਪੰਜਾਬ ਦੇ ਲੋਕਾਂ ਦੀ ਬਹੁਗਿਣਤੀ ਨੇ ਮੰਨ ਲਿਆ ਹੈ ਕਿ ਇਹ ਤਾਣਾ-ਬਾਣਾ ਫਿਲਹਾਲ ਇਸੇ ਤਰ੍ਹਾਂ ਚੱਲਣਾ ਹੈ। ਉਂਜ ਇਹ ਭਾਣਾ ਇਕ ਦਿਨ ਵਿਚ ਨਹੀਂ ਵਾਪਰਿਆ। ਇਹ ਅਮਲ ਤਾਂ ਚਿਰਾਂ ਤੋਂ ਚੱਲ ਰਿਹਾ ਸੀ; ਹੁਣ ਤਾਂ ਇਸ ਤੋਂ ਪਰਦਾ ਹੀ ਚੁੱਕਿਆ ਗਿਆ ਹੈ।

ਰਤਾ ਕੁ ਕੁਰੇਦਿਆਂ ਪਤਾ ਲੱਗਦਾ ਹੈ ਕਿ ਇਸ ਸੰਕਟ ਦਾ ਮੁੱਖ ਆਧਾਰ ਸਿਆਸਤ ਦੀ ਸਰਦਾਰੀ ਹੈ। ਕੁਝ ਖਾਸ ਪਰਿਵਾਰ ਜਿਸ ਤਰ੍ਹਾਂ ਪਾਰਟੀਆਂ ਚਲਾ ਰਹੇ ਹਨ ਅਤੇ ਜਿਸ ਤਰ੍ਹਾਂ ਆਮ ਲੋਕ ਇਸ ਸਿਆਸੀ ਅਮਲ ਵਿਚੋਂ ਲਗਾਤਾਰ ਬਾਹਰ ਕੀਤੇ ਗਏ ਹਨ, ਉਸ ਨੇ ਸਿਆਸਤ ਨੂੰ ਬੁਰਛਾਗਰਦੀ ਦੇ ਰਾਹ ਪਾ ਦਿੱਤਾ ਹੈ। ਢਾਈ-ਤਿੰਨ ਦਹਾਕੇ ਪਹਿਲਾਂ ਪੰਜਾਬ ਦੇ ਬੱਚੇ-ਬੱਚੇ ਨੂੰ ਹਥਿਆਰਬੰਦ ਹੋਣ ਦਾ ਹੋਕਾ ਦਿੱਤਾ ਗਿਆ ਸੀ। ਅੱਜ ਜੇ ਬਹੁਤੇ ਨਹੀਂ ਤਾਂ ਲੋਕਾਂ ਦਾ ਇਕ ਹਿੱਸਾ ਹਥਿਆਰਬੰਦ ਤਾਂ ਹੋ ਹੀ ਗਿਆ ਹੈ ਅਤੇ ਲੋਕਾਂ ਦਾ ਇਹ ਖਾਸ ਹਿੱਸਾ ਹੀ ਅੱਜਕੱਲ੍ਹ ਨਿੱਤ ਨਵੇਂ ਦਿਨ ਨਵਾਂ ਚੰਦ ਚਾੜ੍ਹ ਰਿਹਾ ਹੈ। ਸਰਦਾਰੀ ਵਾਲੀ ਸਿਆਸਤ ਨੂੰ ਅਜਿਹੀ ਹਥਿਆਰਬੰਦੀ ਬਹੁਤ ਸੂਤ ਬੈਠਦੀ ਹੈ। ਵਾਰਦਾਤਾਂ ਹੀ ਅਜਿਹੀਆਂ ਵਾਪਰਦੀਆਂ ਹਨ ਕਿ ਲੋਕਾਂ ਨੂੰ ਅਸਲ ਮੁੱਦਿਆਂ ਦਾ ਚੇਤਾ ਵੀ ਨਹੀਂ ਰਹਿੰਦਾ। ਲੋਕਾਂ ਅਤੇ ਪੰਜਾਬ ਨੂੰ ਚਾਹੀਦਾ ਕੁਝ ਹੋਰ ਹੈ, ਮਿਲ ਕੁਝ ਹੋਰ ਰਿਹਾ ਹੈ। ਲੋਕਾਂ ਦੇ ਸਿਰਾਂ ਵਿਚ ਹੋਰ ਦੇ ਹੋਰ ਫਿਕਰ ਵਾੜ ਦਿੱਤੇ ਗਏ ਹਨ। 'ਅਸਲ ਪੰਜਾਬ' ਕਹਾਉਂਦਾ 'ਪਿੰਡ' ਅੱਜ ਉੱਜੜ ਰਿਹਾ ਹੈ, ਮਰ ਰਿਹਾ ਹੈ। ਬਹੁਤ ਤਰੀਕੇ ਨਾਲ ਇਕ-ਇਕ ਕਰ ਕੇ ਹਰ ਸਹੂਲਤ ਪਿੰਡਾਂ ਤੋਂ ਖੋਹ ਲਈ ਗਈ ਹੈ। ਚੰਗੇ ਸਕੂਲ ਅਤੇ ਹਸਪਤਾਲ ਸ਼ਹਿਰਾਂ ਲਈ ਹੀ ਰਾਖਵੇਂ ਹਨ। ਵਿਕਾਸ ਦੇ ਨਾਂ ਉਤੇ ਸਿਰਫ ਪੁਲ ਅਤੇ ਇਮਾਰਤਾਂ ਬਣ ਰਹੀਆਂ ਹਨ। ਰੁਜ਼ਗਾਰ ਨਾ ਮਿਲਣ ਕਰਕੇ ਵਿਹਲੇ ਹੋ ਰਹੇ ਨੌਜਵਾਨਾਂ ਨਾਲ ਨਸ਼ੇ ਪੱਕੇ ਤੌਰ 'ਤੇ ਜੋੜ ਦਿੱਤੇ ਹਨ। ਇਨ੍ਹਾਂ ਨੌਜਵਾਨਾਂ ਨੂੰ ਵਿਹਲੇ ਅਤੇ ਨਸ਼ਈ ਗਰਦਾਨ ਕੇ ਪਾਰਟੀਆਂ ਅਤੇ ਉਨ੍ਹਾਂ ਦੇ ਲੀਡਰ ਸੁਰਖਰੂ ਹੋ ਗਏ ਹਨ। ਮਾਪਿਆਂ ਨੇ ਵੀ ਇਹੀ ਮੰਨ ਲਿਆ ਹੈ। ਕਿਸੇ ਨੇ ਸੱਥ ਵਿਚ ਖਲੋ ਕੇ ਪੁੱਛਿਆ ਨਹੀਂ ਕਿ ਇਹ ਨਸ਼ੇ ਕਿਸ ਦੀ ਬਦੌਲਤ ਪੰਜਾਬ ਦੇ ਚੱਪੇ-ਚੱਪੇ ਵਿਚ ਪੁੱਜ ਰਹੇ ਹਨ। ਵਿਚਾਰਨ ਵਾਲਾ ਮੁੱਦਾ ਇਹ ਹੈ ਕਿ ਇਹ ਸਾਰਾ ਕੁਝ ਬੜੇ ਸਹਿਜ ਅਤੇ ਸਲੀਕੇ ਨਾਲ ਕਰ ਦਿੱਤਾ ਗਿਆ ਹੈ। ਪੰਜਾਬ ਉਂਜ ਤਾਂ ਨਹੀਂ ਸੀ ਮਾਰ ਖਾਂਦਾ, ਪਰ ਸਹਿਜ-ਸਿਆਸਤ ਦੇ ਮਿੱਠੇ ਜ਼ਹਿਰ ਨੇ ਇਹ ਕੰਮ ਵੀ ਕਰ ਦਿਖਾਇਆ ਹੈ। ਪੰਜਾਬ ਦੀਆਂ ਜੜ੍ਹਾਂ ਵਿਚ ਇਹ ਮਿੱਠਾ ਜ਼ਹਿਰ ਕਈ ਦਹਾਕਿਆਂ ਤੋਂ ਪੈ ਰਿਹਾ ਹੈ ਅਤੇ ਹੁਣ ਇਸ ਦਾ ਰੰਗ ਦਰਖਤ ਦੀਆਂ ਟਹਿਣੀਆਂ ਅਤੇ ਪੱਤਿਆਂ ਉਤੇ ਪ੍ਰਤੱਖ ਦਿਸਣ ਲੱਗ ਪਿਆ ਹੈ। ਦੂਜੇ ਬੰਨੇ, ਪੰਜਾਬ ਦੀ ਹਰ ਧਿਰ ਦੇ ਆਪੋ-ਆਪਣੇ ਏਜੰਡੇ ਹਨ। ਇਹ ਧਿਰਾਂ ਆਪੋ-ਆਪਣੇ ਏਜੰਡਿਆਂ ਦੇ ਖੋਲਾਂ ਵਿਚੋਂ ਬਾਹਰ ਆਉਣ ਲਈ ਫਿਲਹਾਲ ਤਿਆਰ ਨਹੀਂ। ਅਸਲ ਵਿਚ ਇਨ੍ਹਾਂ ਦੀ ਸਿਆਸਤ ਦੇ ਮੁਫਾਦ ਇਨ੍ਹਾਂ ਖੋਲਾਂ ਦੇ ਅੰਦਰ ਹੀ ਸਿਮਟੇ ਅਤੇ ਬੱਝੇ ਹੋਏ ਹਨ। ਨਾਲੇ ਜਦੋਂ ਇਕ-ਦੂਜੇ ਉਤੇ ਊਜਾਂ ਲਾ ਕੇ ਹੀ ਸਿਆਸਤ ਦੀ ਹੱਟੀ ਚੱਲਦੀ ਹੋਵੇ ਤਾਂ ਕਿਸੇ ਨੇ ਇਸ ਤੋਂ ਕੁਝ ਵੱਧ ਕਰ ਕੇ ਲੈਣਾ ਵੀ ਕੀ ਹੈ! ਇਸੇ ਪਹੁੰਚ ਦਾ ਹੀ ਸਿੱਟਾ ਹੈ ਕਿ ਪੰਜਾਬ ਦੀ ਪਛਾਣ ਬਦਰੰਗ ਹੋ ਰਹੀ ਹੈ ਅਤੇ ਸੰਕਟ ਜੜ੍ਹਾਂ ਵਿਚ ਬੈਠ ਰਿਹਾ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਮਨ ਹੋਰ ਮੁੱਖ ਹੋਰ!

ਬੋਤਲ ਚਾੜ੍ਹ ਕੇ ਸ਼ਾਇਰ ਨੇ ਗਜ਼ਲ ਆਖੀ, ਨਸ਼ਾਖੋਰੀ ਦਾ ਫਸਤਾ ਵੱਢੀਏ ਜੀ।
ਅਣ-ਜੰਮੀਆਂ ਧੀਆਂ ਨੂੰ ਮਾਰ ਕਹਿੰਦੇ, ਕੁੜੀ-ਮੁੰਡੇ ਦੇ ਫਰਕ ਨੂੰ ਛੱਡੀਏ ਜੀ।
ਮੂੰਹ ਮੰਗਿਆ ਦਾਜ ਲੈ ਕਰਨ ਗੱਲਾਂ, ਲੈਣ-ਦੇਣ ਲਈ ਹੱਥ ਨਾ ਅੱਡੀਏ ਜੀ।
ਬੇਹਯਾਈ ਦੇ ਗੀਤ ਗਾ ਕਹੇ ਗਾਇਕ, ਝੰਡੇ ਸੱਭਿਆਚਾਰ ਦੇ ਗੱਡੀਏ ਜੀ।
ਗਲ਼ੇ ਵੱਢ ਕਸਾਈ ਉਪਦੇਸ਼ ਦੇਵੇ, ਰਹਿਮ ਜੀਆਂ 'ਤੇ ਕਰੋ ਹਮੇਸ਼ ਯਾਰੋ।
ਭ੍ਰਿਸ਼ਟਾਚਾਰ ਵਿਚ ਲਿਬੜੇ ਕਹਿਣ ਆਗੂ, ਬੇਈਮਾਨੀ ਨੇ ਡੋਬ'ਤਾ ਦੇਸ਼ ਯਾਰੋ!

# ਪੰਜਾਬ ਦੀ ਰਾਜਧਾਨੀ ਦੇ ਸਿਆਸੀ ਸਟੰਟ ਅਤੇ ਅਵਾਮੀ ਸਰੋਕਾਰ

## ਪ੍ਰਸੰਗ ਵਿਧਾਨ ਸਭਾ ਦਾ ਹੁੜਦੁੰਗ ਤੇ ਕਿਸਾਨਾਂ-ਮਜ਼ਦੂਰਾਂ ਉਤੇ ਤਸ਼ੱਦਦ

ਪੰਜਾਬ ਵਿਧਾਨ ਸਭਾ ਦਾ ਬਜਟ ਸੈਸ਼ਨ, ਵਿਧਾਨ ਸਭਾ ਵਿਚ ਹੁੜਦੁੰਗ ਅਤੇ ਸੂਬੇ ਅੰਦਰ ਹੱਕ ਮੰਗਦੇ ਲੋਕਾਂ ਉੱਪਰ ਜਬਰ ਦਾ ਕੁਹਾੜਾ ਅੰਤਰ-ਸਬੰਧਤ ਨਾ ਹੁੰਦੇ ਹੋਏ ਵੀ ਇਨ੍ਹਾਂ ਦਾ ਆਪਸ ਵਿਚ ਸਬੰਧ ਜੁੜਦਾ ਹੈ। ਸੂਬੇ ਦੀ ਭਵਿੱਖੀ ਆਰਥਿਕ ਵਿਉਂਤਬੰਦੀ ਦੇ ਨਾਂ ਹੇਠ ਲਗਭਗ ਦੋ ਹਫ਼ਤੇ ਚੱਲਣ ਵਾਲੇ ਸੱਤਾਧਾਰੀਆਂ ਅਤੇ ਵਿਰੋਧੀ ਧਿਰ ਦੇ ਦੋਸਤਾਨਾ ਮੈਚ ਦਾ ਹੋਰ ਏਜੰਡਾ ਕੁਝ ਵੀ ਹੋਵੇ, ਪਰ ਪੰਜਾਬ ਤੇ ਇਸ ਦੇ ਬਾਸ਼ਿੰਦਿਆਂ ਨੂੰ

ਬੂਟਾ ਸਿੰਘ
ਫੋਨ: 91-94634-74342

ਦਰਪੇਸ਼ ਮਸਲਿਆਂ ਦਾ ਹੱਲ ਤਲਾਸ਼ਣ ਲਈ ਸੰਜੀਦਾ ਸੰਵਾਦ ਰਚਾਉਣਾ ਇਸ ਦਾ ਸਰੋਕਾਰ ਬਿਲਕੁਲ ਨਹੀਂ ਹੈ।

ਸੂਬੇ ਵਿਚ ਗੰਭੀਰ ਆਰਥਿਕ, ਸਮਾਜੀ-ਸੱਭਿਆਚਾਰਕ ਤੇ ਸਿਆਸੀ ਮੁੱਦੇ ਸਿਰ ਚੁੱਕੀ ਖੜ੍ਹੇ ਹਨ। ਮਸਲਾ ਮੁੱਦਿਆਂ ਵੱਲ ਰਵੱਈਏ ਦਾ ਹੈ, ਮਾਰਕਸਵਾਦੀ ਮੁਹਾਵਰੇ 'ਚ ਕਹਿਣਾ ਹੋਵੇ ਤਾਂ ਮਸਲਾ "ਜਮਾਤੀ" ਰਵੱਈਏ ਦਾ ਹੈ। ਦੋਵੇਂ ਧਿਰਾਂ, ਸੱਤਾ 'ਚ ਆਪੋ-ਆਪਣੀ ਪਾਰੀ ਸਮੇਂ ਦੀ ਖ਼ੁਦ ਦੀ ਕਾਰਗੁਜ਼ਾਰੀ ਤੋਂ ਵੀ ਚੰਗੀ ਤਰ੍ਹਾਂ ਵਾਕਫ਼ ਹਨ ਅਤੇ ਇਸ ਕੌੜੀ ਹਕੀਕਤ ਤੋਂ ਵੀ, ਕਿ ਇਨ੍ਹਾਂ ਦੋਵਾਂ ਦੇ ਚੋਣ ਮਨੋਰਥ ਪੱਤਰਾਂ 'ਚ ਦਰਜ ਵਾਅਦੇ ਇਨ੍ਹਾਂ 'ਚੋਂ ਕਿਸੇ ਦੇ ਰਾਜ 'ਚ ਕਦੇ ਵੀ ਵਫ਼ਾ ਨਹੀਂ ਹੋਏ। ਜੇ ਸੂਬੇ ਦੇ ਕੁੱਲ ਸਰੋਕਾਰਾਂ ਨੂੰ ਨਜ਼ਰਅੰਦਾਜ਼ ਕਰ ਕੇ ਤਰਨਤਾਰਨ ਵਾਲੀ ਕੁੜੀ ਨਾਲ ਧੱਕੇਸ਼ਾਹੀ ਦਾ ਮੁੱਦਾ ਹੀ ਸਦਨ ਦੀ ਕਾਰਵਾਈ ਦਾ ਧੁਰਾ ਹੋ ਨਿੱਬੜਦਾ ਹੈ (ਪਿਛਲੀ ਵਾਰ ਬਿਕਰਮ ਸਿੰਘ ਮਜੀਠੀਆ ਤੇ ਰਾਣਾ ਗੁਰਜੀਤ ਸਿੰਘ ਦਾ ਗਾਲੀ-ਗਲੋਚ ਅਜਿਹਾ ਮੁੱਦਾ ਸੀ), ਤਾਂ ਇਸ ਪਿੱਛੇ ਇਨ੍ਹਾਂ ਦੋਵਾਂ ਹਾਕਮ ਜਮਾਤੀ ਪਾਰਟੀਆਂ ਦੀ ਕੋਈ ਡੂੰਘੀ ਸੋਚ ਹੀ ਕੰਮ ਕਰ ਰਹੀ ਹੈ। ਕਈ ਬਹੁਤੇ 'ਸਿਆਣਿਆਂ' ਨੇ ਸਦਨ ਦੀ ਮਰਿਯਾਦਾ ਭੰਗ ਹੋਣ 'ਤੇ ਬਹੁਤ ਫ਼ਿਕਰਮੰਦੀ ਦਿਖਾਈ ਹੈ, ਪਰ ਇਸੇ ਦੌਰਾਨ ਜਿਉਣ ਦੇ ਕਾਬਲ ਜ਼ਿੰਦਗੀ ਲਈ ਸੰਘਰਸ਼ ਕਰ ਰਹੇ ਅਵਾਮ ਦੇ ਜਮਹੂਰੀ ਹੱਕਾਂ ਦਾ ਨੰਗਾ ਚਿੱਟਾ ਘਾਣ ਇਨ੍ਹਾਂ ਨੂੰ ਕੋਈ ਮਸਲਾ ਹੀ ਨਹੀਂ ਲੱਗਿਆ।

ਇਹ ਸਿਆਸੀ ਨਾਟਕ ਕਿੰਨੇ ਦਿਨ ਚੱਲਦਾ ਰਹੇਗਾ, ਇਸ ਦਾ ਅੰਤ ਕੀ ਹੋਵੇਗਾ, ਇਸ ਬਾਰੇ ਤਾਂ ਕੁਝ ਨਹੀਂ ਕਿਹਾ ਜਾ ਸਕਦਾ; ਪਰ 'ਚੁਣੇ ਹੋਏ ਸਦਨ' ਦੀ ਇਸ ਕਵਾਇਦ ਦੇ ਸਿੱਟੇ ਤੇ ਦੂਰਅੰਦੇਸ਼ ਅਸਰ ਤੈਅ ਹਨ: ਇਸ ਘੜਮੱਸ ਦੌਰਾਨ ਸੂਬੇ, ਖ਼ਾਸ ਕਰ ਕੇ ਇਸ ਦੇ ਅਵਾਮ ਦੇ ਹਕੀਕੀ ਮਸਲਿਆਂ ਬਾਰੇ ਕੋਈ ਵਿਚਾਰ-ਚਰਚਾ ਨਹੀਂ ਹੋਵੇਗੀ। ਸੱਤਾਧਾਰੀ ਧਿਰ ਵਲੋਂ ਅੰਦਰਖਾਤੇ ਵਿਉਂਤੇ ਕਾਰਜ ਤੇ ਬਿੱਲ ਬਿਨਾਂ ਬਹਿਸ-ਮੁਬਾਹਸੇ, ਚੁੱਪ-ਚੁਪੀਤੇ ਪਾਸ ਕਰਾ ਲਏ ਜਾਣਗੇ। ਸੈਸ਼ਨ ਦੀ ਸਮਾਪਤੀ ਮਗਰੋਂ ਦੋਵਾਂ ਧਿਰਾਂ ਦਾ ਰਾਜਸੀ ਅਮਲ ਖ਼ੁਦ ਹੀ ਆਪਣੇ ਵਾਲੀ ਥਾਂ ਆ ਜਾਵੇਗਾ।

ਸੈਸ਼ਨ ਦੇ ਸ਼ੁਰੂ ਵਿਚ ਰਾਜਪਾਲ ਦੇ ਰਸਮੀ ਭਾਸ਼ਣ ਵਿਚ ਸੂਬੇ ਦੀ ਮਾੜੀ ਆਰਥਿਕਤਾ, ਖਾਲੀ ਖ਼ਜ਼ਾਨੇ ਅਤੇ ਪੰਜਾਬ ਨਾਲ ਦਰਿਆਈ ਪਾਣੀਆਂ, ਚੰਡੀਗੜ੍ਹ ਵਰਗੇ ਸਵਾਲਾਂ ਬਾਰੇ ਧੱਕਾ ਤੇ ਵਿਤਕਰਾ ਹੋਣ ਦਾ ਰੋਣਾ ਸੀ, ਕੇਂਦਰ ਨੂੰ ਫ਼ੌਰੀ ਮੱਦਦ ਦੇਣ ਦੀ ਹਾਲ-ਪਾਹਰਿਆ ਸੀ ਅਤੇ ਫ਼ਸਲੀ ਵੰਨ-ਸੁਵੰਨਤਾ ਲਈ 5 ਹਜ਼ਾਰ ਕਰੋੜ ਰੁਪਏ ਦੇ ਪੈਕੇਜ ਦੀ ਮੰਗ ਵਰਗਾ ਬੜਾ ਕੁਝ ਧਿਆਨ ਭਟਕਾਊ ਸੀ; ਪਰ ਇਹ ਮੂਲ ਸਵਾਲ ਨਦਾਰਦ ਸੀ ਕਿ ਸੂਬੇ ਨੂੰ ਸੰਕਟ ਦੀ ਜਿੱਲ੍ਹਣ 'ਚੋਂ ਕੱਢਣ ਲਈ ਮੁੱਢਲੀ ਸ਼ਰਤ ਇਹ ਹੈ ਕਿ 'ਵਿਕਾਸ' ਦੇ ਉਸ ਮਾਡਲ ਨੂੰ ਫੌਰਨ ਤਿਆਗਣਾ ਹੋਵੇਗਾ ਜਿਸ ਦਾ ਇਕੋ-ਇਕ ਨਿਸ਼ਾਨਾ ਬਹੁਗਿਣਤੀ ਅਵਾਮ ਦੀ ਕੀਮਤ 'ਤੇ ਜ਼ਿੰਦਗੀ ਦੀ ਹਰ ਮੁੱਢਲੀ ਜ਼ਰੂਰਤ ਦਾ ਵੱਧ ਤੋਂ ਵੱਧ ਨਿੱਜੀਕਰਨ, ਵਪਾਰੀਕਰਨ ਤੇ ਉਦਾਰੀਕਰਨ ਕਰਨਾ ਹੈ; ਜਿਸ ਨੇ ਕਾਰਪੋਰੇਟ ਸਰਮਾਏਦਾਰੀ, ਹਾਕਮ ਜਮਾਤੀ ਰਾਜਸੀ ਕੋੜਮੇ ਅਤੇ ਨੌਕਰਸ਼ਾਹੀ ਨੂੰ ਤਾਂ ਪੂਰਾ ਮਾਲਾਮਾਲ ਕੀਤਾ ਹੈ, ਅਤੇ ਆਮ ਆਦਮੀ ਨੂੰ ਉਸ ਦੇ ਗੁਜ਼ਾਰੇ ਦੇ ਮਾੜੇ-ਮੋਟੇ ਵਸੀਲਿਆਂ (ਜ਼ਮੀਨ ਤੇ ਛੋਟੇ-ਛੋਟੇ ਕਾਰੋਬਾਰਾਂ), ਸਿਹਤ ਤੇ ਵਿਦਿਆ ਵਰਗੀਆਂ ਮੁੱਢਲੀਆਂ ਸਹੂਲਤਾਂ ਤੇ ਰੁਜ਼ਗਾਰ ਤੋਂ ਵਾਂਝੇ ਕਰ ਕੇ ਤਬਾਹੀ ਦੇ ਮੂੰਹ ਧੱਕ ਦਿੱਤਾ ਹੈ, ਤੇ ਦਿਨੋ-ਦਿਨ ਹੋਰ ਵੀ ਡੂੰਘੇ ਸੰਕਟ 'ਚ ਧੱਕ ਰਿਹਾ ਹੈ। ਬੁਰੀ ਤਰ੍ਹਾਂ ਸੰਕਟਗ੍ਰਸਤ ਪੰਜਾਬ ਅੰਦਰ ਇਕ ਖ਼ਾਸ 'ਜਮਾਤ' ਦੀ ਤਰੱਕੀ ਨੂੰ ਕਿਵੇਂ ਜ਼ਰਬਾਂ ਆ ਰਹੀਆਂ ਹਨ, ਹੁਣੇ ਹੀ ਜਾਰੀ ਹੋਈ ਕੁਲਦੀਪ ਸਿੰਘ ਕਮੇਟੀ ਦੀ ਰਿਪੋਰਟ ਇਸ ਦਾ ਸਬੂਤ ਹੈ। ਕਮੇਟੀ ਨੇ ਇਨ੍ਹਾਂ ਸਿਆਸਤਦਾਨਾਂ ਅਤੇ ਨੌਕਰਸ਼ਾਹਾਂ ਵਲੋਂ ਸੂਬੇ 'ਚ ਹੜੱਪੀਆਂ ਜਾ ਰਹੀਆਂ ਜ਼ਮੀਨਾਂ ਦੇ ਵੱਡੇ ਸਕੈਂਡਲ ਦੇ ਕੁਝ ਮਾਮਲਿਆਂ ਦੀ ਪੜਤਾਲ ਕੀਤੀ ਹੈ। ਇਸ ਜਾਂਚ ਰਿਪੋਰਟ ਵਿਚ ਬਾਦਲਾਂ ਦੇ ਚਹੇਤੇ ਪੁਲਿਸ ਮੁਖੀ ਸੁਮੇਧ ਸੈਣੀ ਦਾ ਨਾਂ ਪਹਿਲੇ ਨਾਵਾਂ 'ਚ ਬੋਲਦਾ ਹੈ। ਹੋਰ ਸਿਆਸੀ ਵਿਰੋਧ ਭਾਵੇਂ ਕੁਝ ਵੀ ਹੋਣ, ਇਸ ਵਿਕਾਸ ਮਾਡਲ ਬਾਰੇ ਸੱਤਾਧਾਰੀ ਤੇ ਵਿਰੋਧੀ ਧਿਰ ਦੀ ਮੁਕੰਮਲ ਸਹਿਮਤੀ ਹੈ। ਇਸੇ ਲਈ ਇਹ ਕਦੇ ਵੀ ਚਰਚਾ ਦਾ ਮੁੱਦਾ ਨਹੀਂ ਬਣਿਆ ਤੇ ਨਾ ਹੀ ਕਦੇ ਬਣੇਗਾ।

ਇਸ 'ਵਿਕਾਸ ਮਾਡਲ' ਨੂੰ ਤੁਰੰਤ ਰੱਦ ਕੀਤੇ ਬਗ਼ੈਰ ਨਾ ਪੰਜਾਬ ਦੀ ਕਿਸਾਨੀ ਨੂੰ 45,000 ਕਰੋੜ ਰੁਪਏ ਦੇ ਕਰਜ਼ੇ ਤੋਂ ਮੁਕਤੀ ਦਿਵਾਈ ਜਾ ਸਕਦੀ ਹੈ ਜਿਸ ਨਾਲ ਉਹ ਵਾਲ-ਵਾਲ ਵਿੰਨ੍ਹੀ ਪਈ ਹੈ, ਨਾ 87000 ਕਰੋੜ ਰੁਪਏ ਦੇ ਕਰਜ਼ ਬੋਝ ਹੇਠ ਦੱਬੇ ਸੂਬੇ ਨੂੰ ਸਾਵੀਂ ਹਾਲਤ 'ਚ ਲਿਆਂਦਾ ਜਾ ਸਕਦਾ ਹੈ। ਸਵਾਲ ਇਹ ਨਹੀਂ ਕਿ ਕਰਜ਼ਾ ਕਿੰਨਾ ਹੈ, ਸਵਾਲ ਇਹ ਹੈ ਕਿ ਐਨਾ ਪੈਸਾ ਕਿਹੜੀ ਖੁੱਡ 'ਚ ਵੜ ਗਿਆ ਤੇ ਕਿਹੜੀ ਜਮਾਤ ਇਸ ਨੂੰ ਹਜ਼ਮ ਕਰਦੀ ਗਈ। ਉੱਪਰੋਂ ਇਹ ਸੰਸਾਰ ਬੈਂਕ ਦੇ ਕਰਜ਼ੇ ਨਾਲ ਸੜਕਾਂ, ਪੁਲਾਂ, ਫਲਾਈਓਵਰਾਂ ਦੇ ਰੂਪ 'ਚ ਨਕਲੀ ਵਿਕਾਸ ਦੇ ਨਾਂ ਹੇਠ ਵੱਡੇ ਕਮਿਸ਼ਨ ਵੀ ਹਜ਼ਮ ਕਰਦੀ ਜਾਂਦੀ ਹੈ। ਇਨ੍ਹਾਂ ਖੁੱਡਾਂ ਦੀ ਸ਼ਨਾਖ਼ਤ ਕਰ ਕੇ ਇਨ੍ਹਾਂ 'ਚ ਲੁਕੋਇਆ ਜਨਤਕ ਪੈਸਾ ਕਢਵਾ ਕੇ ਸਮੂਹਿਕ ਹਿੱਤਾਂ ਲਈ ਖ਼ਰਚਣ ਵਾਲਾ ਵਿਕਾਸ ਮਾਡਲ ਹੀ ਸੂਬੇ ਤੇ ਇਸ ਦੇ ਅਵਾਮ ਦਾ ਸੰਕਟ ਦੂਰ ਕਰ ਸਕਦਾ ਹੈ।

ਜਿਸ ਦਿਨ ਤੋਂ ਰਾਜਧਾਨੀ ਚੰਡੀਗੜ੍ਹ ਵਿਚ ਬਜਟ ਦਾ ਸਿਆਸੀ ਨਾਟਕ ਸ਼ੁਰੂ ਹੋਇਆ, ਇਸ ਦੇ ਸਿਆਸੀ ਨਾਇਕ ਤੇ ਖ਼ਲਨਾਇਕ ਮੀਡੀਆ ਦੀਆਂ ਸੁਰਖ਼ੀਆਂ 'ਚ ਛਾਏ ਹੋਏ ਹਨ। ਐਨ ਇਸੇ ਵਕਤ, ਪੰਜਾਬ 'ਚ ਜੋ ਘਿਣਾਉਣਾ ਜਾਬਰ ਵਰਤਾਰਾ ਚਲ ਰਿਹਾ ਹੈ, ਉਸ ਦੀ ਕਿਤੇ ਕੋਈ ਚਰਚਾ ਨਹੀਂ ਹੈ। ਨਾ ਮੀਡੀਆ ਦੀਆਂ ਸੁਰਖ਼ੀਆਂ ਵਿਚ, ਨਾ ਅਖ਼ਬਾਰੀ ਸੰਪਾਦਕੀਆਂ ਵਿਚ ਅਤੇ ਨਾ ਹੀ ਇਨ੍ਹਾਂ 'ਚੁਣੇ ਹੋਏ' ਨੁਮਾਇੰਦਿਆਂ ਦੇ ਸੈਸ਼ਨਾਂ ਵਿਚ।


ਬਜਟ ਸੈਸ਼ਨ ਤੋਂ ਐਨ ਪਹਿਲਾਂ ਪੰਜਾਬ ਦੀਆਂ 17 ਕਿਸਾਨ ਤੇ ਮਜ਼ਦੂਰ ਜਥੇਬੰਦੀਆਂ ਨੇ ਸੂਬੇ ਦੇ ਅਵਾਮ ਲਈ ਬੁਨਿਆਦੀ ਤੇ ਫ਼ੌਰੀ ਅਹਿਮੀਅਤ ਵਾਲੇ ਅਸਲ ਮੁੱਦੇ ਉਠਾਉਂਦਿਆਂ 6 ਮਾਰਚ ਨੂੰ ਸੂਬੇ ਵਿਚ ਤਿੰਨ ਘੰਟੇ ਰੇਲਾਂ ਰੋਕਣ ਦਾ ਸੱਦਾ ਦਿੱਤਾ ਸੀ। ਇਨ੍ਹਾਂ ਵਿਚ ਵੱਡਾ ਮੁੱਦਾ ਖੇਤੀ ਲਾਗਤਾਂ ਦੇ ਭਾਰੀ ਖ਼ਰਚੇ ਅਤੇ ਜਿਣਸਾਂ ਦੇ ਹਾਸਲ ਭਾਅ ਦਰਮਿਆਨ ਬੇਹਿਸਾਬੇ ਪਾੜੇ ਦਾ ਹੈ। ਇਸ ਵਿਚ ਵਰ੍ਹਿਆਂ ਤੋਂ ਲਟਕਦੇ ਹੋਰ ਮੰਗਾਂ ਤੇ ਮਸਲੇ ਵੀ ਹਨ, ਵਫ਼ਾ ਨਾ ਹੋਏ ਵਾਅਦੇ ਵੀ ਅਤੇ ਹੁਕਮਰਾਨਾਂ ਵਲੋਂ ਲਾਗੂ ਨਾ ਕੀਤੇ ਗਏ ਸਮਝੌਤੇ ਵੀ। ਜਥੇਬੰਦੀਆਂ ਨੇ ਇਹ 'ਇੰਤਹਾ' ਕਦਮ ਇਸ ਲਈ ਚੁੱਕਿਆ ਸੀ ਕਿਉਂਕਿ ਇਸ ਤੋਂ ਹੇਠਲੇ ਸੰਘਰਸ਼ ਦੇ ਰੂਪਾਂ ਨਾਲ ਉਨ੍ਹਾਂ ਦੀ ਕੋਈ ਸੁਣਵਾਈ ਨਹੀਂ ਸੀ ਹੋ ਰਹੀ। ਬਾਦਲਾਂ ਨੇ ਇਸ ਨੂੰ ਦਬਾਉਣ ਲਈ ਪੂਰੀ ਪੁਲਿਸ ਮਸ਼ੀਨਰੀ ਝੋਕ ਦਿੱਤੀ।

5 ਮਾਰਚ ਰਾਤ ਨੂੰ ਇੱਕੋ ਵਕਤ ਪੰਜਾਬ ਵਿਚ 319 ਥਾਵਾਂ 'ਤੇ ਛਾਪੇ ਮਾਰ ਕੇ 155 ਕਾਰਕੁਨਾਂ ਤੇ ਆਗੂਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ। ਫਿਰ ਦਿਨ ਵੇਲੇ 1353 ਜਣਿਆਂ ਨੂੰ ਅੱਡ-ਅੱਡ ਥਾਵਾਂ ਤੋਂ ਗ੍ਰਿਫ਼ਤਾਰ ਕਰ ਕੇ ਜੇਲ੍ਹਾਂ 'ਚ ਡੱਕਿਆ ਗਿਆ। ਕੁੱਲ ਮਿਲਾ ਕੇ 2000 ਦੇ ਕਰੀਬ ਲੋਕਾਂ ਨੂੰ ਜੇਲ੍ਹਾਂ 'ਚ ਬੰਦ ਕੀਤਾ ਗਿਆ ਜਿਨ੍ਹਾਂ ਵਿਚ 70 ਔਰਤਾਂ ਵੀ ਸ਼ਾਮਲ ਸਨ। ਅੰਮ੍ਰਿਤਸਰ ਵਿਚ ਰਾਤ ਨੂੰ ਛਾਪਾ ਮਾਰਨ ਗਈ ਪੁਲਿਸ ਦੀ ਟੋਲੀ ਨੂੰ ਘੇਰਾ ਪਾ ਕੇ ਕਿਸਾਨਾਂ ਨੇ ਗ੍ਰਿਫ਼ਤਾਰ ਕੀਤਾ ਆਗੂ ਛੁਡਵਾ ਲਿਆ। ਇਸ ਛਾਪੇਮਾਰੀ ਵਿਚ ਸ਼ਾਮਲ ਇਕ ਥਾਣੇਦਾਰ ਦੀ ਲਾਸ਼ ਅਗਲੇ ਦਿਨ ਇਸ ਪਿੰਡ ਤੋਂ ਦੂਰ ਮਿਲੀ। ਫਿਰ ਕੀ ਸੀ, ਬਹਾਨਾ ਮਿਲ ਗਿਆ ਕਿਸਾਨ ਆਗੂਆਂ ਨੂੰ ਝੂਠੇ ਕੇਸਾਂ 'ਚ ਫਸਾਉਣ ਦਾ। ਇਹ ਤੱਥ ਜੱਗ ਜ਼ਾਹਿਰ ਹੈ ਕਿ ਇਲਾਕੇ ਦੇ ਡੀ.ਐਸ.ਪੀ. ਨੇ ਇਸ ਮੌਕੇ ਪਿੰਡ ਵਿਚ ਘਿਰਾਓ ਵਾਲੀ ਜਗ੍ਹਾ ਪਹੁੰਚ ਕੇ ਇਸ ਸ਼ਰਾਬੀ ਥਾਣੇਦਾਰ ਨੂੰ ਖ਼ੁਦ ਉਥੋਂ ਭੇਜਿਆ ਸੀ। ਪੋਸਟ ਮਾਰਟਮ ਦੀ ਰਿਪੋਰਟ ਵਿਚ ਵੀ ਉਸ ਦੀ ਮੌਤ ਦੀ ਵਜ੍ਹਾ ਦਿਲ ਫੇਲ੍ਹ ਹੋਣਾ ਦੱਸੀ ਗਈ ਹੈ, ਪਰ 13 ਕਿਸਾਨ ਆਗੂਆਂ ਉੱਪਰ ਕਤਲ ਦਾ ਮਾਮਲਾ ਦਰਜ ਕਰ ਕੇ ਜਿੰਨੇ ਆਗੂ ਗ੍ਰਿਫ਼ਤਾਰ ਕੀਤੇ ਜਾ ਸਕੇ, ਫੜ ਕੇ ਜੇਲ੍ਹ ਭੇਜ ਦਿੱਤੇ। ਜ਼ਿਲ੍ਹੇ ਦੇ ਪੁਲਿਸ ਮੁਖੀ ਦਾ ਬਿਆਨ ਹੈ ਕਿ ਜਥੇਬੰਦੀਆਂ ਦੇ ਰੋਸ ਪ੍ਰਗਟਾਵੇ ਨੂੰ ਤਾਕਤ ਨਾਲ ਕੁਚਲਿਆ ਜਾਵੇਗਾ। ਇਸ ਖ਼ਾਤਰ 1400 ਵਿਸ਼ੇਸ਼ ਪੁਲਿਸ ਕਮਾਂਡੋਜ਼ ਤੇ ਇੰਡੀਅਨ ਰਿਜ਼ਰਵ ਬਟਾਲੀਅਨ ਤਾਇਨਾਤ ਕੀਤੇ ਗਏ। ਇਸੇ ਤਰ੍ਹਾਂ ਮਾਲਵੇ ਵਿਚ ਬਠਿੰਡਾ, ਰਾਮਪੁਰਾ ਤੇ ਮਾਨਸਾ ਵਿਚ 'ਅਹਿਮ' ਥਾਵਾਂ ਉਤੇ ਪੁਲਿਸ ਦੇ ਪੱਕੇ ਟੈਂਟ ਲਗਾ ਕੇ ਫੋਰਸ ਬੈਠਾਈ ਗਈ। ਮੁਜਾਰਾ ਲਹਿਰ ਦੇ ਗੜ੍ਹ ਰਹੇ ਪਿੰਡ ਕਿਸ਼ਨਗੜ੍ਹ (ਮਾਨਸਾ) ਵਿਚ ਪੁਲਿਸ ਵਲੋਂ ਫਲੈਗ ਮਾਰਚ ਤੱਕ ਕੀਤਾ ਗਿਆ। ਇਨ੍ਹਾਂ ਜ਼ਿਲ੍ਹਿਆਂ ਵਿਚ ਬੱਸਾਂ, ਵਾਹਨਾਂ ਅਤੇ 'ਸ਼ੱਕੀ' ਰਾਹੀਆਂ ਨੂੰ ਘੇਰ ਕੇ ਤਲਾਸ਼ੀ ਲਈ ਗਈ ਅਤੇ ਕਿਸਾਨ ਜਾਪਦੇ ਹਰ ਬੰਦੇ ਨੂੰ ਫੜਿਆ ਗਿਆ। ਰਾਮਪੁਰਾ ਵਿਚ ਮਲਟੀਮੈਕਸ ਸਟੀਲਜ਼ ਇੰਡਸਟਰੀਜ਼ ਦੇ ਘੱਟੋ-ਘੱਟ ਉਜਰਤਾਂ ਲਈ ਸੰਘਰਸ਼ ਕਰ ਰਹੇ ਮਜ਼ਦੂਰਾਂ ਦਾ ਦੋ ਮਹੀਨੇ ਤੋਂ ਚੱਲ ਰਿਹਾ ਧਰਨਾ ਹੀ ਨਹੀਂ ਉਖੇੜਿਆ ਗਿਆ, ਸਗੋਂ ਉਨ੍ਹਾਂ ਦੇ ਸੰਘਰਸ਼ ਦੀ ਹਮਾਇਤ ਵਿਚ ਆਏ 104 ਭੱਠਾ ਮਜ਼ਦੂਰਾਂ ਨੂੰ ਵੀ ਗ੍ਰਿਫ਼ਤਾਰ ਕਰ ਕੇ ਜੇਲ੍ਹ ਭੇਜ ਦਿੱਤਾ ਗਿਆ ਜਿਨ੍ਹਾਂ ਦਾ 17 ਕਿਸਾਨ-ਮਜ਼ਦੂਰ ਜਥੇਬੰਦੀਆਂ ਦੇ ਅੰਦੋਲਨ ਨਾਲ ਕੋਈ ਸਬੰਧ ਹੀ ਨਹੀਂ ਸੀ।

ਵਿਧਾਨ ਸਭਾ 'ਚ ਹੁਕਮਰਾਨ ਧਿਰ ਨੂੰ ਵਿਰੋਧੀ ਧਿਰ ਦੇ ਦਾਅ-ਪੇਚ ਫੇਲ੍ਹ ਕਰਨ ਦੀ ਪੂਰੀ ਤਸੱਲੀ ਹੈ, ਪਰ ਇੱਥੇ ਉਸ ਦੀ ਬੁਖਲਾਹਟ 'ਚੋਂ ਗੁੱਝੀ ਪ੍ਰੇਸ਼ਾਨੀ ਸਾਫ਼ ਨਜ਼ਰ ਆ ਰਹੀ ਹੈ। ਜਿਸ ਡੂੰਘੇ ਸੰਕਟ ਦਾ ਸੰਕੇਤ ਰਾਜਪਾਲ ਦੇ ਭਾਸ਼ਣ 'ਚ ਦਿੱਤਾ ਗਿਆ ਹੈ, ਉਸ ਦੇ ਸਿੱਟੇ ਵਜੋਂ ਅੰਦਰੋਂ ਅੰਦਰੀ ਧੁਖ ਰਹੀ ਸਮਾਜੀ ਬੇਚੈਨੀ ਕਦੇ ਵੀ ਵਿਆਪਕ ਰਾਜਸੀ ਵਿਸਫੋਟ ਬਣ ਕੇ ਫਟ ਸਕਦੀ ਹੈ। ਪਿਛਲੇ ਦਿਨੀਂ ਲੁਧਿਆਣੇ ਵਿਚ ਫ਼ੌਜ ਦੀਆਂ 16 ਅਸਾਮੀਆਂ ਲਈ ਇੰਟਰਵਿਊ ਦੇਣ ਪਹੁੰਚੇ 15,000 ਉਮੀਦਵਾਰਾਂ ਦੇ ਹਜੂਮ ਨੂੰ ਕਾਬੂ ਕਰਨਾ ਮੁਸ਼ਕਲ ਹੋ ਗਿਆ। ਝੂਠੇ ਵਿਕਾਸ ਦਾ ਛਣਛੂਣਾ ਅਤੇ ਪੁਲਿਸ ਦੀਆਂ ਡਾਂਗਾਂ ਦੀ ਵਾਛੜ ਕਿੰਨਾ ਕੁ ਸਮਾਂ ਬੇਰੁਜ਼ਗਾਰ ਜਵਾਨੀ ਨੂੰ ਕਾਬੂ 'ਚ ਰੱਖ ਸਕਦੀ ਹੈ! ਸਿਹਤ ਮਹਿਕਮੇ 'ਚ 64 ਫ਼ੀ ਸਦੀ ਡਾਕਟਰਾਂ ਦੀ ਘਾਟ ਕਾਰਨ ਅਤੇ ਬੇਰਹਿਮ ਪ੍ਰਾਈਵੇਟ ਡਾਕਟਰਾਂ ਦੇ ਵੱਸ ਪੈ ਕੇ ਜਾਨਲੇਵਾ ਬਿਮਾਰੀਆਂ ਨਾਲ ਝੋਰਾ-ਝੋਰਾ ਕਰ ਕੇ ਮਰ ਰਹੇ ਬੇਵਸ ਲੋਕ ਕਿੰਨਾ ਕੁ ਸਮਾਂ ਇਸ ਨੂੰ 'ਭਾਣੇ ਦੀਆਂ ਮੌਤਾਂ' ਮੰਨ ਕੇ ਸਬਰ ਕਰਨਗੇ!! ਇਸ ਡੂੰਘੀ ਬੇਚੈਨੀ ਬਾਰੇ ਰਾਜ ਕਰਦੀ ਧਿਰ ਤਾਂ ਖ਼ਾਮੋਸ਼ ਹੈ ਹੀ, 'ਸਮਾਂਤਰ ਸਦਨ' ਦਾ ਮਜ਼ਮਾ ਲਾਉਣ ਵਾਲੀ ਵਿਰੋਧੀ ਧਿਰ ਕਾਂਗਰਸ ਦੀ ਬਿਆਨਬਾਜ਼ੀ ਵਿਚ ਵੀ ਇਸ ਦਾ ਕਿਤੇ ਜ਼ਿਕਰ ਨਹੀਂ ਹੈ। ਤਰਨ ਤਰਨ ਵਾਲੀ ਦਲਿਤ ਕੁੜੀ ਨਾਲ ਧੱਕੇ ਦਾ ਮੁੱਦਾ ਵਿਧਾਨ ਸਭਾ ਵਿਚ ਜਦ ਕੇ ਗੂੰਜਣਾ ਅਤੇ 2000 ਮਿਹਨਤਕਸ਼ਾਂ ਦੀਆਂ ਨਾ-ਹੱਕ ਗ੍ਰਿਫ਼ਤਾਰੀਆਂ ਬਾਰੇ ਨਿਖੇਧੀ ਦੇ ਦੋ ਬੋਲ ਵੀ ਇਨ੍ਹਾਂ ਦੇ ਮੂੰਹੋਂ ਨਾ ਨਿਕਲਣਾ ਇਕ ਗੁੱਝਾ ਇਸ਼ਾਰਾ ਹੈ। ਅਸਲ ਮੁੱਦਿਆਂ ਪ੍ਰਤੀ ਸੋਚੀ-ਸਮਝੀ ਬੇਵਾਸਤਗੀ, ਸਮੂਹਿਕ ਸਮਾਜੀ ਮੁੱਦਿਆਂ ਦੀ ਥਾਂ ਇੱਕਾ ਦੁੱਕਾ ਵਿਅਕਤੀਗਤ ਮਾਮਲਿਆਂ ਨੂੰ ਉਛਾਲਣ ਦੀ ਰਾਜਸੀ ਸਟੰਟਬਾਜ਼ੀ ਅਤੇ ਸਹੀ ਮੁੱਦਿਆਂ ਉੱਪਰ ਅਵਾਮ ਦੇ ਜਾਇਜ਼ ਸੰਘਰਸ਼ ਬਾਰੇ ਇਨ੍ਹਾਂ ਸਭ ਦੀ ਆਮ ਸਹਿਮਤੀ ਵਾਲੀ ਖ਼ਾਮੋਸ਼ੀ, ਇਨ੍ਹਾਂ ਇਜ਼ਹਾਰਾਂ ਦਾ ਆਪਸੀ ਰਿਸ਼ਤਾ ਬੜਾ ਡੂੰਘਾ ਹੈ। ਹੁਣ ਪੰਜਾਬ ਦੇ ਅਵਾਮ ਨੂੰ ਇਹ ਰਮਜ਼ ਪਛਾਣਨੀ ਹੋਵੇਗੀ।

# ਕੀ ਲੱਭਿਆ ਇਰਾਕ ਨੂੰ ਖੰਡਰ ਬਣਾ ਕੇ!

ਇਰਾਕੀ ਸ਼ਾਸਕ ਸੱਦਾਮ ਹੁਸੈਨ ਦਾ ਤਖ਼ਤਾ ਪਲਟਾਉਣ ਲਈ ਜੰਗ ਸ਼ੁਰੂ ਹੋਇਆਂ ਦਸ ਸਾਲ ਹੋ ਗਏ ਹਨ। ਸਿਆਸੀ ਸਮੀਕਰਨ ਬਦਲਦੇ ਰਹੇ ਪਰ ਇਸ ਸਾਰੀ ਮੁਹਿੰਮ ਤੋਂ ਇਰਾਕ ਨੂੰ ਕੀ ਮਿਲਿਆ? ਇਰਾਕ ਚੁਫੇਰਿਓਂ ਪੈ ਰਹੇ ਸਿਆਸੀ ਤੇ ਸਮਾਜਕ ਦਬਾਅ ਅਤੇ ਵਿੱਤੀ ਸੰਕਟ ਕਾਰਨ ਖੇਰੂੰ-ਖੇਰੂੰ ਹੋ ਕੇ ਰਹਿ ਗਿਆ ਹੈ। ਅਮਰੀਕੀ ਦਖ਼ਲਅੰਦਾਜ਼ੀ ਅਤੇ ਹਮਲੇ ਸ਼ੁਰੂ ਹੋਣ ਤੋਂ ਦਸ ਸਾਲ ਬਾਅਦ ਸ਼ੀਆ, ਸੁੰਨੀ ਅਤੇ ਕੁਰਦਾਂ ਦਰਮਿਆਨ ਫ਼ਿਰਕੂ ਟਕਰਾਅ ਪਹਿਲਾਂ ਨਾਲੋਂ ਵੀ ਬਹੁਤ ਜ਼ਿਆਦਾ ਤਿੱਖਾ ਹੋ ਗਿਆ ਹੈ। ਇਰਾਕੀ ਆਗੂਆਂ ਨੂੰ ਇੱਕ-ਦੂਜੇ



**ਪੈਟਰਿਕ ਕੌਕਬਰਨ**

ਉੱਤੇ ਰੱਤੀ ਭਰ ਵੀ ਭਰੋਸਾ ਨਹੀਂ ਹੈ।

ਸੀਰੀਆ ਵਿਚ ਲਗਾਤਾਰ ਉਥਲ-ਪੁਥਲ, ਕਈ ਅਰਬ ਮੁਲਕਾਂ ਦੀਆਂ ਬਗ਼ਾਵਤਾਂ ਅਤੇ ਘਰੇਲੂ ਆਰਥਿਕ ਸੰਕਟ ਕਾਰਨ ਸਭ ਦਾ ਧਿਆਨ ਇਰਾਕ ਤੋਂ ਹਟ ਗਿਆ। ਇਰਾਕ ਵਿਚ ਸੰਕਟ ਦਿਨੋ-ਦਿਨ ਡੂੰਘਾ ਹੋ ਰਿਹਾ ਹੈ ਅਤੇ ਪਹਿਲਾਂ ਇਸ ਦਾ ਫ਼ਿਕਰ ਕਰਨ ਵਾਲਿਆਂ ਨੂੰ ਹੁਣ ਇਸ ਦੀ ਰੱਤੀ ਭਰ ਵੀ ਪ੍ਰਵਾਹ ਨਹੀਂ। ਅਮਰੀਕਾ ਅਤੇ ਬਰਤਾਨੀਆ ਅਜੇ ਤੱਕ ਨਹੀਂ ਮੰਨ ਰਹੇ ਕਿ ਇਰਾਕ ਉੱਤੇ ਕੀਤੇ ਹਮਲੇ ਅਤੇ ਕਬਜ਼ੇ ਤੋਂ ਉਥੇ ਦੁਨੀਆਂ ਦੀਆਂ ਸਭ ਤੋਂ ਨਿਕੰਮੀਆਂ ਸਰਕਾਰਾਂ ਵਿਚੋਂ ਇੱਕ ਹੋਂਦ ਵਿਚ ਆਈ ਹੈ ਜਿਸ ਉਤੇ ਭਰੋਸਾ ਕੀਤਾ ਹੀ ਨਹੀਂ ਜਾ ਸਕਦਾ। ਇਰਾਕ ਵਿਚ ਇੰਨੀ ਜ਼ਿਆਦਾ ਹਿੰਸਾ ਅਤੇ ਅਸਥਿਰਤਾ ਕਾਰਨ ਵਿਦੇਸ਼ੀਆਂ ਦੇ ਨਾਲ-ਨਾਲ ਉੱਥੋਂ ਦੇ ਬਾਸ਼ਿੰਦੇ ਵੀ ਹੁਣ ਤਾਂ ਇਸ ਬਾਰੇ ਸੰਵੇਦਨਹੀਣ ਹੋ ਗਏ ਹਨ।

ਵਿੱਤੀ ਵਸੀਲਿਆਂ ਦੇ ਬਾਵਜੂਦ ਸੱਦਾਮ ਦੇ ਤਖ਼ਤ ਪਲਟੇ ਮਗਰੋਂ ਬਣੀਆਂ ਸਰਕਾਰਾਂ ਦੀ ਨਾਕਾਮੀ ਹੈਰਾਨ ਕਰਨ ਵਾਲੀ ਹੈ। ਵਿਦੇਸ਼ੀ ਕਬਜ਼ੇ ਬਾਰੇ ਇਰਾਕੀਆਂ ਦੀਆਂ ਭਾਵਨਾਵਾਂ ਜੋ ਵੀ ਹੋਣ, ਪਰ 2003 ਵਿਚ ਬਹੁਤ ਸਾਰੇ ਇਰਾਕੀਆਂ ਨੇ ਸੱਦਾਮ ਹੁਸੈਨ ਦੀ ਤਾਨਾਸ਼ਾਹੀ ਦੇ ਖ਼ਾਤਮੇ ਦਾ ਸਵਾਗਤ ਕੀਤਾ ਸੀ। ਉਹ ਸੋਚਦੇ ਸਨ ਕਿ ਉਨ੍ਹਾਂ ਨੂੰ ਪਾਬੰਦੀਆਂ ਅਤੇ ਜੰਗ ਤੋਂ ਮੁਕਤੀ ਮਿਲ ਜਾਵੇਗੀ, ਪਰ ਹਰ ਸਾਲ ਤੇਲ ਤੋਂ ਹੁੰਦੀ 100 ਅਰਬ ਡਾਲਰ ਆਮਦਨ ਦੇ ਬਾਵਜੂਦ ਅਜਿਹਾ ਨਹੀਂ ਹੋ ਸਕਿਆ। ਬਗ਼ਦਾਦ ਵਿਚ ਪੁਲੀਸ ਜਾਂ ਫ਼ੌਜੀ ਚੌਕੀਆਂ ਤੋਂ ਬਿਨਾਂ ਹੋਰ ਨਵੀਆਂ ਇਮਾਰਤਾਂ ਦੀ ਨਾਂ-ਮਾਤਰ ਹੀ ਉਸਾਰੀ ਹੋਈ ਹੈ। ਤੇਲ ਦੇ ਖੂਹਾਂ ਦੇ ਕੇਂਦਰ ਬਸਰਾ ਦੀਆਂ ਗਲੀਆਂ ਵਿਚ ਸੀਵਰੇਜ ਦਾ ਪਾਣੀ ਅਤੇ ਗੰਦਗੀ ਦੇ ਢੇਰ ਆਮ ਦਿਸਦੇ ਹਨ।

2013 ਦੇ ਪਹਿਲੇ ਮਹੀਨੇ ਜਨਵਰੀ ਦੇ ਅਖ਼ੀਰ ਜਿਹੇ ਵਿਚ ਮੈਂ ਬਗ਼ਦਾਦ ਗਿਆ। ਦੋ ਦਿਨ ਭਰਵਾਂ ਮੀਂਹ ਪਿਆ। ਇਰਾਕੀ ਅਤੇ ਵਿਦੇਸ਼ੀ ਠੇਕੇਦਾਰ ਇੰਨੇ ਸਾਲਾਂ ਤੋਂ ਬਗ਼ਦਾਦ ਵਿਚ ਨਵਾਂ ਸੀਵਰੇਜ ਸਿਸਟਮ ਬਣਾ ਰਹੇ ਹਨ ਪਰ ਪਾਣੀ ਦੀ ਨਿਕਾਸੀ ਨਹੀਂ ਹੋ ਸਕੀ। ਸੀਵਰੇਜ ਦੇ ਪਾਣੀ ਨਾਲ ਮਿਲ ਕੇ ਸੜ੍ਹਾਂਦ ਮਾਰਦੇ ਮੀਂਹ ਦੇ ਪਾਣੀ ਨਾਲ ਗਲੀਆਂ ਭਰੀਆਂ ਹੋਈਆਂ ਸਨ। ਸ਼ਹਿਰ ਦੇ ਪੂਰਬੀ ਹਿੱਸੇ ਵਿਚ ਆਖ਼ਰਕਾਰ ਇਸ ਪਾਣੀ ਵਿਚੋਂ ਲੰਘਣਾ ਮੁਸ਼ਕਿਲ ਹੋ ਗਿਆ ਤਾਂ ਮੈਂ ਸ਼ੀਆ ਭਾਈਚਾਰੇ ਦੇ ਗੜ੍ਹ, ਸਦਰ ਇਲਾਕੇ ਵਿਚ ਚਲਾ ਗਿਆ। ਜਲ ਸਰੋਤ ਮੰਤਰਾਲੇ ਦੀ ਸਲਾਹਕਾਰ ਨੇ ਦੱਸਿਆ ਕਿ 2003 ਤੋਂ ਲੈ ਕੇ ਹੁਣ ਤੱਕ ਬਗ਼ਦਾਦ ਵਿਚ ਸੀਵਰੇਜ ਪ੍ਰਣਾਲੀ ਉੱਤੇ 7 ਅਰਬ ਡਾਲਰ ਖ਼ਰਚੇ ਜਾ ਚੁੱਕੇ ਹਨ, ਪਰ ਸ਼ਹਿਰ ਵਿਚ ਅੱਵਲ ਤਾਂ ਸੀਵਰੇਜ ਬਣੇ ਹੀ ਨਹੀਂ, ਜੇ ਬਣੇ ਤਾਂ ਬਹੁਤ ਮਾੜੇ। ਉਸ ਮੁਤਾਬਕ ਉਨ੍ਹਾਂ ਥਾਵਾਂ ਉੱਤੇ ਜ਼ਿਆਦਾ ਮੰਦਾ ਹਾਲ ਹੈ ਜਿੱਥੇ 'ਕਾਗਜ਼ਾਂ' ਮੁਤਾਬਕ ਨਵੀਆਂ ਪਾਈਪਾਂ ਪਾਈਆਂ ਗਈਆਂ। ਇਸ ਨਾਲੋਂ ਤਾਂ 1980ਵਿਆਂ ਵਿਚ ਬਣੀ ਸੀਵਰੇਜ ਪ੍ਰਣਾਲੀ ਵਧੇਰੇ ਕਾਰਗਰ ਹੈ। ਉਸ ਨੇ ਭ੍ਰਿਸ਼ਟਾਚਾਰ ਨੂੰ ਇਸ ਦੀ ਜੜ੍ਹ ਕਹਿੰਦਿਆਂ ਗੱਲ ਨਿਬੇੜ ਦਿੱਤੀ।

ਲੋਕਾਂ ਦੇ ਪੈਸੇ ਦੀ ਲੁੱਟ ਅਤੇ ਵੱਡੇ ਪੱਧਰ ਉੱਤੇ ਨਾਕਾਮੀ ਦਾ ਮਤਲਬ ਹੈ ਕਿ ਸਰਕਾਰ ਲੋਕਾਂ ਨੂੰ ਬਿਜਲੀ, ਪਾਣੀ ਅਤੇ ਹੋਰ ਮੁੱਢਲੀਆਂ ਸਹੂਲਤਾਂ ਮੁਹੱਈਆ ਨਹੀਂ ਕਰਵਾ ਸਕੀ। ਇਕ-ਤਿਹਾਈ ਮਜ਼ਦੂਰ ਬੇਰੁਜ਼ਗਾਰ ਹਨ। ਜਿਨ੍ਹਾਂ ਕੋਲ ਨੌਕਰੀ ਹੈ, ਉਨ੍ਹਾਂ ਨੇ ਵੀ ਇਹ ਰਿਸ਼ਵਤ ਦੇ ਕੇ ਹਾਸਲ ਕੀਤੀ ਹੈ। ਇੱਕ ਸਾਬਕਾ ਮੰਤਰੀ ਦਾ ਕਹਿਣਾ ਹੈ-"7-8 ਸਾਲ ਪਹਿਲਾਂ ਮੈਨੂੰ ਡਰ ਸੀ ਕਿ ਸਾਡਾ ਮੁਲਕ ਨਾਇਜੀਰੀਆ ਬਣ ਜਾਵੇਗਾ ਪਰ ਹਕੀਕਤ ਵਿਚ ਇਹ ਉਸ ਤੋਂ ਵੀ ਬਦਤਰ ਹੈ।" ਆਪਣੀ ਗੱਲ ਸਿੱਧ ਕਰਨ ਲਈ ਉਸ ਨੇ ਇੱਕ ਮੰਤਰੀ ਵੱਲੋਂ 1.3 ਅਰਬ ਡਾਲਰ ਦੇ ਬਿਜਲੀ ਪ੍ਰੋਜੈਕਟਾਂ ਦੇ ਸਮਝੌਤੇ ਉੱਤੇ ਦਸਤਖ਼ਤ ਕਰਨ ਦੀ ਮਿਸਾਲ ਦਿੱਤੀ। ਉਸ ਮੁਤਾਬਕ ਇਹ ਸਮਝੌਤਾ ਇੱਕ ਕੈਨੇਡੀਅਨ ਅਤੇ ਦੂਜੀ ਜਰਮਨ ਕੰਪਨੀ ਨਾਲ ਕੀਤਾ ਗਿਆ। ਇਨ੍ਹਾਂ ਵਿਚੋਂ ਪਹਿਲੀ ਸਿਰਫ਼ ਨਾਂ ਦੀ ਹੀ ਕੰਪਨੀ ਹੈ ਤੇ ਦੂਜੀ ਦਾ ਦਿਵਾਲਾ ਨਿਕਲ ਚੁੱਕਾ ਹੈ।

ਸੱਦਾਮ ਦੀ ਤਾਨਾਸ਼ਾਹੀ ਦੇ ਅੰਤ ਮਗਰੋਂ ਇਰਾਕੀ ਲੋਕਾਂ ਨੇ ਸੁਰੱਖਿਆ ਅਤੇ ਅਮਨ-ਸ਼ਾਂਤੀ ਭਰੇ ਮਾਹੌਲ ਦਾ ਸੁਪਨਾ ਵੇਖਿਆ ਜੋ ਅਜੇ ਤੱਕ ਸੱਚ ਨਹੀਂ ਹੋ ਸਕਿਆ। ਸਾਲ 2006-07 ਵਿਚ ਹਰ ਮਹੀਨੇ 3000 ਤੋਂ ਵੱਧ ਬੰਦੇ ਮੌਤ ਦੇ ਘਾਟ ਉਤਾਰੇ ਜਾਂਦੇ ਸਨ। ਹੁਣ ਇਸ ਕਿਸਮ ਦੀ ਹਿੰਸਾ ਘੱਟ ਹੈ, ਪਰ ਬੰਬ ਧਮਾਕਿਆਂ, ਕਤਲਾਂ ਅਤੇ ਅਗਵਾ ਦੀਆਂ ਘਟਨਾਵਾਂ ਕਾਰਨ ਬਗ਼ਦਾਦ ਤੇ ਕੇਂਦਰੀ ਇਰਾਕ ਅਜੇ ਵੀ ਦੁਨੀਆਂ ਦੀਆਂ ਸਭ ਤੋਂ ਖ਼ਤਰਨਾਕ ਥਾਵਾਂ ਵਿਚ ਸ਼ੁਮਾਰ ਹੈ। ਸਿਆਸੀ ਹਿੰਸਾ ਦੇ ਨਾਲ-ਨਾਲ ਸਮਾਜ ਵੀ ਇਸ ਕਦਰ ਵੰਡਿਆ ਗਿਆ ਹੈ ਕਿ ਇਨਸਾਫ਼ ਲਈ ਪੁਲੀਸ ਜਾਂ ਅਦਾਲਤ ਦੀ ਥਾਂ ਲੋਕ ਕਬਾਇਲੀ ਆਗੂਆਂ 'ਤੇ ਵਧੇਰੇ ਭਰੋਸਾ ਕਰਦੇ ਹਨ। ਕੋਈ ਸੜਕ ਦੁਰਘਟਨਾ ਹੋਣ 'ਤੇ ਬੰਦੇ ਦਾ ਸਹੀ ਜਾਂ ਗ਼ਲਤ ਹੋਣਾ ਨਹੀਂ, ਸਗੋਂ ਉਸ ਦਾ ਕਬੀਲਾ ਮਾਅਨੇ ਰੱਖਦਾ ਹੈ।



ਬਗ਼ਦਾਦ ਦੇ ਬੁਰੇ ਹਾਲ ਦੀ ਇਕ ਝਲਕ।

ਇਰਾਕ ਦੇ ਵਸਨੀਕ ਫ਼ੌਜ ਦੇ ਅਸਮਰੱਥ ਹੋਣ ਕਾਰਨ ਅਸੁਰੱਖਿਅਤ ਹਨ। ਫ਼ੌਜ ਆਪਣੀ ਜ਼ਿੰਮੇਵਾਰੀ ਨਿਭਾਉਣ ਵਿਚ ਬਹੁਤ ਪਿੱਛੇ ਹੈ, ਪਰ ਜ਼ੁਲਮ ਤੇ ਭ੍ਰਿਸ਼ਟਾਚਾਰ ਦੇ ਮਾਮਲੇ ਵਿਚ ਕਿਸੇ ਤੋਂ ਘੱਟ ਨਹੀਂ। ਨੂਰੀ ਅਲ-ਮਲਿਕੀ 2006 ਵਿਚ ਇਰਾਕ ਦੇ ਪ੍ਰਧਾਨ ਮੰਤਰੀ ਬਣੇ ਸਨ। ਹੁਣ ਲੋਕਾਂ ਦੇ ਦਮਨ ਲਈ ਵਰਤੇ ਜਾਂਦੇ ਅਤਿ-ਆਧੁਨਿਕ ਢੰਗਾਂ ਕਾਰਨ ਇਹ ਸ਼ਾਸਨ ਪ੍ਰਬੰਧ ਵੀ ਤਕਰੀਬਨ ਤਾਨਾਸ਼ਾਹੀ ਰਾਜ ਵਾਂਗ ਹੀ ਹੈ। ਪ੍ਰਧਾਨ ਮੰਤਰੀ ਮਿਥ ਕੇ ਫ਼ੌਜ, ਖ਼ੁਫ਼ੀਆ ਏਜੰਸੀਆਂ, ਸਰਕਾਰੀ ਮਸ਼ੀਨਰੀ ਅਤੇ ਬਜਟ; ਭਾਵ ਸਾਰੇ ਕੁਝ 'ਤੇ ਆਪਣਾ ਗਲਬਾ ਕਾਇਮ ਕਰਨਾ ਚਾਹੁੰਦਾ ਹੈ। ਸਾਲ 2010 ਵਿਚ ਹੋਈਆਂ ਚੋਣਾਂ ਸਮੇਂ ਉਸ ਦੀ ਅਗਵਾਈ ਵਾਲੇ ਗਠਜੋੜ ਨੂੰ ਮਹਿਜ਼ 24 ਫ਼ੀਸਦੀ ਵੋਟਾਂ ਪਈਆਂ, ਪਰ ਉਸ ਨੇ ਰਾਜ ਇਉਂ ਕੀਤਾ ਜਿਵੇਂ ਬਹੁਗਿਣਤੀ ਵੋਟਾਂ ਉਨ੍ਹਾਂ ਨੂੰ ਮਿਲੀਆਂ ਹੋਣ।

ਸੱਦਾਮ ਹੁਸੈਨ ਅਤੇ ਅਮਰੀਕਾ ਛੇਤੀ ਹੀ ਜਾਣ ਗਏ ਸਨ ਕਿ ਇਰਾਕ ਉੱਤੇ ਸਿਰਫ਼ ਤਾਕਤ ਦੇ ਸਿਰ 'ਤੇ ਰਾਜ ਨਹੀਂ ਕੀਤਾ ਜਾ ਸਕਦਾ, ਪਰ ਅਲ-ਮਲਿਕੀ ਨੂੰ ਇਹ ਗੱਲ ਅਜੇ ਚੰਗੀ ਤਰ੍ਹਾਂ ਸਮਝ ਨਹੀਂ ਲੱਗ ਰਹੀ। ਧਾਰਮਿਕ ਅਤੇ ਨਸਲੀ ਧੜੇ ਇੰਨੇ ਤਾਕਤਵਰ ਹਨ ਕਿ ਸਰਕਾਰ ਉਨ੍ਹਾਂ ਨੂੰ ਪੂਰੀ ਤਰ੍ਹਾਂ ਦਬਾ ਨਹੀਂ ਸਕਦੀ। ਕਬੀਲਿਆਂ ਅਤੇ ਕੁਨਬਿਆਂ ਆਦਿ ਪ੍ਰਤੀ ਇਰਾਕੀ ਨਾਗਰਿਕਾਂ ਦੀ ਵਫ਼ਾਦਾਰੀ ਇਸ ਦਾ ਪ੍ਰਮਾਣ ਹੈ। ਅਮਰੀਕੀ ਸਮਝਦੇ ਸਨ ਕਿ ਉਨ੍ਹਾਂ ਦੀਆਂ ਫ਼ੌਜਾਂ ਇਰਾਕ ਵਿਚੋਂ ਨਿਕਲਣ ਮਗਰੋਂ ਲੋਕਾਂ ਲਈ ਸੁਰੱਖਿਆ ਸਭ ਤੋਂ ਵੱਡਾ ਮਸਲਾ ਹੋਵੇਗੀ, ਪਰ ਉਹ ਇਰਾਕੀ ਸਿਆਸਤ ਨੂੰ ਪੂਰੀ ਤਰ੍ਹਾਂ ਸਮਝ ਨਹੀਂ ਸਕੇ। ਇਰਾਕ ਦੇ ਇੱਕ ਆਗੂ ਮੁਤਾਬਕ ਮੁਲਕ ਦੀ ਨਵੀਂ ਸਰਕਾਰ ਤਿੰਨ ਫ਼ਿਰਕਿਆਂ ਕੁਰਦ, ਸ਼ੀਆ ਅਤੇ ਸੁੰਨੀ ਦੀ ਆਪਸੀ ਸਹਿਮਤੀ ਸਦਕਾ ਹੀ ਹੋਂਦ

**ਪਰਿਕਰਮਾ**

ਵਿਚ ਆਈ ਹੈ। ਇਸ ਸਿਆਸੀ ਸਰਬਸੰਮਤੀ ਵਿਚ ਵੀ ਤਰੇੜਾਂ ਆ ਗਈਆਂ ਹਨ। ਉਂਜ, ਡੁੱਲ੍ਹੇ ਬੇਰਾਂ ਦਾ ਅਜੇ ਵੀ ਕੁਝ ਨਹੀਂ ਵਿਗੜਿਆ। ਜੇ ਇਸ ਮਸਲੇ ਦਾ ਹੱਲ ਨਾ ਕੀਤਾ ਗਿਆ ਤਾਂ ਇਰਾਕ ਦਾ ਖ਼ਾਤਮਾ ਅਤੇ ਮੁਲਕ ਦੀ ਵੰਡ ਨੂੰ ਕੋਈ ਰੋਕ ਨਹੀਂ ਸਕੇਗਾ।

ਮੁਲਕ ਦੀਆਂ ਮੁਸੀਬਤਾਂ ਲਈ ਸੱਦਾਮ ਹੁਸੈਨ ਨੂੰ ਜ਼ਿੰਮੇਵਾਰ ਸਮਝਦਿਆਂ ਵਰ੍ਹਿਆਂਬੱਧੀ ਉਸ ਖ਼ਿਲਾਫ਼ ਲੜਨ ਵਾਲੇ ਲੋਕਾਂ ਦੀਆਂ ਆਸਾਂ ਨੂੰ ਬੂਰ ਨਹੀਂ ਪਿਆ। ਉਨ੍ਹਾਂ ਨੂੰ ਗਿਲਾ ਹੈ ਕਿ ਨੂਰੀ ਅਲ-ਮਲਿਕੀ ਸੱਤਾ ਆਪਣੇ ਹੱਥਾਂ ਵਿਚ ਰੱਖਣ ਲਈ ਸਿਆਸੀ ਵੰਡੀਆਂ ਹੋਰ ਵਧਾ ਰਿਹਾ ਹੈ। ਸ਼ੀਆ ਫ਼ਿਰਕੇ ਦਾ ਆਗੂ ਹੋਣ ਨਾਤੇ ਉਹ ਇਸ ਭਾਈਚਾਰੇ ਨੂੰ ਸੁੰਨੀ ਮੁਸਲਮਾਨਾਂ ਤੋਂ ਖ਼ਤਰਾ ਹੋਣ ਦਾ ਪਾਠ ਪੜ੍ਹਾਉਂਦਾ ਹੈ। ਪਿਛਲੇ ਸਾਲ ਕੁਰਦ ਭਾਈਚਾਰੇ ਦੇ ਕੰਟਰੋਲ ਵਾਲੇ ਇਲਾਕਿਆਂ 'ਤੇ ਹਮਲਾ ਕਰਨ ਦੀ ਧਮਕੀ ਦਿੰਦਿਆਂ ਫ਼ੌਜ ਤਾਇਨਾਤ ਕਰ ਦਿੱਤੀ ਗਈ। ਇਨ੍ਹਾਂ ਤਿੰਨਾਂ ਫ਼ਿਰਕਿਆਂ ਨੂੰ ਇੱਕ-ਦੂਜੇ ਪ੍ਰਤੀ ਇੰਨੀ ਨਫ਼ਰਤ ਅਤੇ ਬੇਭਰੋਸਗੀ ਹੈ ਕਿ ਸਰਕਾਰ ਬੇਵੱਸ ਹੈ। ਯੋਗ ਅਧਿਕਾਰੀਆਂ ਦੇ ਵਿਦੇਸ਼ੀਂ ਜਾ ਵੱਸਣ ਅਤੇ ਸਿਫ਼ਾਰਸ਼ ਦੇ ਸਿਰ 'ਤੇ ਹੀ ਨੌਕਰੀਆਂ ਮਿਲਣ ਕਾਰਨ ਪ੍ਰਸ਼ਾਸਕੀ ਮਸ਼ੀਨਰੀ ਫੇਲ੍ਹ ਹੋ ਚੁੱਕੀ ਹੈ। ਇੱਕ ਅਧਿਐਨ ਮੁਤਾਬਿਕ ਪ੍ਰਸ਼ਾਸਕੀ ਅਧਿਕਾਰੀ ਹਰ ਰੋਜ਼ ਔਸਤਨ 17 ਮਿੰਟ ਧਿਆਨ ਨਾਲ ਕੰਮ ਕਰਦੇ ਹਨ। ਇਹ ਸਾਰੇ ਤੱਤ ਭ੍ਰਿਸ਼ਟ ਅਤੇ ਅਸਮਰੱਥ ਪ੍ਰਸ਼ਾਸਨ ਲਈ ਜ਼ਿੰਮੇਵਾਰ ਹਨ। ਲੋਕਾਂ ਨੂੰ ਬਿਜਲੀ, ਪਾਣੀ, ਸਿਹਤ ਅਤੇ ਹੋਰ ਮੁੱਢਲੀਆਂ ਸਹੂਲਤਾਂ ਦੀ ਕਮੀ ਕਾਰਨ ਰੋਸ ਹੈ ਪਰ ਲੰਮੇ ਸਮੇਂ ਤੋਂ ਇਉਂ ਹੀ ਚੱਲ ਰਿਹਾ ਹੈ।

---

# ਕੀ ਨਵੇਂ ਪੋਪ ਕਰਵਾ ਸਕਣਗੇ ਧਰਮ ਦੀ ਜੈ-ਜੈਕਾਰ?

ਪਿਛਲੇ ਪੋਪ ਬੈਨੇਡਿਕਟ ਸੋਲਵੇਂ ਦਾ ਸਮਾਂ ਮੁੱਖ ਰੂਪ ਵਿਚ ਉਥਲ-ਪੁਥਲ ਵਾਲਾ ਸਮਾਂ ਰਿਹਾ ਹੈ। ਵੈਟੀਕਨ ਬੈਂਕ ਦਾ ਘਪਲਾ, ਪੋਪ ਦੇ ਰਸੋਈਏ ਵੱਲੋਂ ਵੈਟੀਕਨ ਅੰਦਰ ਚੱਲਣ ਵਾਲੀਆਂ ਅਨੈਤਿਕ ਕਾਰਨਾਮਿਆਂ ਦਾ ਖੁਲਾਸਾ ਅਤੇ ਸਿਖਰਲੇ ਅਹੁਦੇ 'ਤੇ ਬੈਠੇ ਕਾਰਡੀਨਲਾਂ ਦੀ ਬੱਚਿਆਂ ਨਾਲ ਕਾਮੁਕ ਛੇੜਖਾਨੀ ਆਦਿ ਨਾਲ ਬਹੁਤ ਸਾਰੇ ਸਵਾਲ ਉਠ ਖੜ੍ਹੇ ਸਨ। ਇਸ ਦੇ ਨਾਲ ਹੀ ਧਾਰਮਿਕ ਪੁਰਸ਼ਾਂ

**ਗੁਰਬਖ਼ਸ਼ ਸਿੰਘ ਸੋਢੀ**

ਨੇ ਇਹ ਫ਼ਿਕਰ ਵੀ ਜ਼ਾਹਿਰ ਕੀਤਾ ਸੀ ਕਿ ਦੁਨੀਆਂ ਭਰ ਵਿਚ ਨਾਸਤਿਕਾਂ ਦੀ ਗਿਣਤੀ ਤੇਜ਼ੀ ਨਾਲ ਵਧ ਰਹੀ ਹੈ। ਇਹ ਵੀ ਕਿ ਸਿਆਸੀ ਖੇਤਰ ਵਿਚ ਧਰਮ-ਨਿਰਪੱਖਤਾ ਵਾਲਾ ਪੱਖ ਵੀ ਪਹਿਲਾਂ ਨਾਲੋਂ ਜ਼ੋਰ ਫੜ ਰਿਹਾ ਹੈ। ਨਵੇਂ ਪੋਪ ਫਰਾਂਸਿਸ ਨੇ ਅਜਿਹੇ ਹਾਲਾਤ ਵਿਚ ਆਪਣਾ ਇਹ ਅਹੁਦਾ ਸੰਭਾਲਿਆ ਹੈ ਤਾਂ ਸਾਰੀ ਦੁਨੀਆਂ ਦੀਆਂ ਨਜ਼ਰਾਂ ਉਨ੍ਹਾਂ ਉਤੇ ਲੱਗੀਆਂ ਹੋਈਆਂ ਹਨ।

ਨਵੇਂ ਪੋਪ ਦਾ ਅਸਲ ਨਾਂ ਜਾਰਜ ਮਾਰੀਓ ਬਰਗੋਗਲੀਓ ਹੈ। ਉਨ੍ਹਾਂ ਵੱਲੋਂ ਆਪਣੇ ਲਈ ਸੰਤ ਫਰਾਂਸਿਸ ਦਾ ਨਾਂ ਚੁਣਨਾ ਬਹੁਤ ਅਹਿਮੀਅਤ ਰੱਖਦਾ ਹੈ। ਕੈਨੇਡੀਅਨ ਮੁਸਲਮਾਨ ਲੀਡਰ ਡਾ. ਡੇਵਿਡ ਲੀਪਰਟ ਨੇ ਇਸ ਦਾ ਸਿੱਧਾ ਸਬੰਧ ਮੁਸਲਮਾਨਾਂ ਅਤੇ ਈਸਾਈਆਂ ਦੇ ਆਪਸੀ ਸਬੰਧਾਂ ਨਾਲ ਜੋੜਿਆ ਹੈ। ਅਸੀਸੀ ਦੇ ਸੰਤ ਫਰਾਂਸਿਸ (ਜਨਮ 1181/82-3 ਅਕਤੂਬਰ 1226) ਜਿਸ ਤੋਂ ਨਵੇਂ ਪੋਪ ਨੇ ਇਹ ਨਾਂ ਉਧਾਰਾ ਲਿਆ ਹੈ, ਨੂੰ ਮੁਸਲਮਾਨ ਬੜੇ ਅਦਬ ਨਾਲ ਯਾਦ ਕਰਦੇ ਹਨ। ਇਤਿਹਾਸ ਵਿਚ ਇਸ ਸੰਤ ਦਾ ਨਾਂ ਬੜਾ ਪਾਕ ਮੰਨਿਆ ਗਿਆ ਹੈ। ਸ਼ਾਇਦ ਈਸਾ ਮਸੀਹ ਤੋਂ ਬਾਅਦ ਇਹੀ ਇਕ ਸੰਤ ਹੈ ਜਿਸ ਨੂੰ ਈਸਾਈਆਂ ਅਤੇ ਮੁਸਲਮਾਨਾਂ ਨੇ ਬਰਾਬਰ ਦੀ ਮਾਨਤਾ ਦਿੱਤੀ। ਅੱਜ ਦੇ ਦੌਰ ਵਿਚ ਜਦੋਂ ਸੈਮੂਅਲ ਪੀ. ਹਟਿੰਗਟਨ ਵਰਗੇ ਅਮਰੀਕੀ ਵਿਦਵਾਨ ਈਸਾਈਆਂ ਅਤੇ ਮੁਸਲਮਾਨਾਂ ਵਿਚਕਾਰ ਪੈਦਾ ਹੋਏ ਪਾੜੇ ਨੂੰ ਸਭਿਆਚਾਰਾਂ ਦੇ ਭੇੜ ਵਜੋਂ ਪੇਸ਼ ਕਰ ਰਹੇ ਹਨ ਅਤੇ ਕਹਿ ਰਹੇ ਹਨ ਕਿ ਭੇੜ ਤਾਂ ਅਟੱਲ ਹੈ; ਤਾਂ ਸੰਤ ਫਰਾਂਸਿਸ ਅਤੇ ਮਿਸਰ ਦੇ ਸੁਲਤਾਨ ਸ਼ੇਖ ਅਲ-ਮਲਿਕ ਅਲ-ਕਾਮਲ ਵੱਲੋਂ ਅਪਣਾਇਆ ਰਾਹ ਆਸ ਦੀ ਕਿਰਨ ਜਾਪਦਾ ਹੈ।

ਸੰਤ ਫਰਾਂਸਿਸ ਨੇ ਸੁਲਤਾਨ ਨਾਲ 3 ਹਫ਼ਤੇ ਲਗਾਤਾਰ ਗੱਲਬਾਤ ਚਲਾਈ ਸੀ। ਇਸ ਗੱਲਬਾਤ ਦਾ ਆਧਾਰ ਈਸਾਈਆਂ ਅਤੇ ਮੁਸਲਮਾਨਾਂ ਵਿਚਕਾਰ ਸਾਂਝ ਹੀ ਸੀ। ਇਸ ਗੱਲਬਾਤ ਦੇ ਬਹੁਤੇ ਵੇਰਵੇ ਤਾਂ ਭਾਵੇਂ ਅਜੇ ਤੱਕ ਵੀ ਨਸ਼ਰ ਨਹੀਂ ਹੋਏ, ਪਰ ਦੋਹਾਂ ਸ਼ਖ਼ਸੀਅਤਾਂ ਵਿਚਕਾਰ ਹੋਈ ਗੱਲਬਾਤ ਨੇ ਦੋਹਾਂ ਧਰਮਾਂ ਦੇ ਸ਼ਰਧਾਲੂਆਂ ਉਤੇ ਹਾਂ-ਮੁਖੀ ਅਸਰ ਪਾਇਆ। ਸੰਤ ਫਰਾਂਸਿਸ ਸ਼ਹਾਦਤ ਦੇ ਸੰਕਲਪ ਅਤੇ ਧਰਮ ਪਰਿਵਰਤਨ ਬਾਰੇ ਵਧੇਰੇ ਜਾਣਕਾਰੀ ਲੈਣ ਲਈ ਮਿਸਰ ਗਏ ਸਨ, ਪਰ ਜਦੋਂ ਉਹ ਵਾਪਸ ਮੁੜ ਰਹੇ ਸਨ ਤਾਂ ਉਨ੍ਹਾਂ ਆਪਣੇ ਈਸਾਈ ਸ਼ਰਧਾਲੂਆਂ ਨੂੰ ਇਹ ਸੁਨੇਹਾ ਦਿੱਤਾ ਸੀ ਕਿ ਉਹ ਮੁਸਲਮਾਨਾਂ ਦਾ ਧਰਮ ਪਰਿਵਰਤਨ ਕਰਨ ਦੀ ਥਾਂ ਉਨ੍ਹਾਂ ਨਾਲ ਸਾਂਝ ਵਧਾਉਣ।

ਧਾਰਮਿਕ ਸਹਿਣਸ਼ੀਲਤਾ ਦੀ ਇਸ ਤੋਂ ਵੱਡੀ ਮਿਸਾਲ ਹੋਰ ਕਿਤੇ ਨਹੀਂ ਲੱਭਦੀ। ਉਨ੍ਹਾਂ ਨੂੰ ਆਪਣੇ ਸ਼ਰਧਾਲੂਆਂ ਨੂੰ ਜ਼ੋਰ ਦੇ ਕੇ ਕਿਹਾ ਕਿ ਧਰਮ ਪਰਿਵਰਤਨ ਵਾਲਾ ਰਾਹ ਉਹ ਛੱਡ ਦੇਣ। ਉਨ੍ਹਾਂ ਦੇ ਸੁਨੇਹੇ ਦਾ ਸਾਰ, ਆਪਣੀ ਸਾਰੀ ਦੀ ਸਾਰੀ ਊਰਜਾ ਮਨੁੱਖਤਾ ਦੀ ਭਲਾਈ ਲਈ ਲਾਉਣ ਦਾ ਸੀ। ਇਹੀ ਉਹ ਸੁਨੇਹਾ ਹੈ ਜਿਸ ਦੀ ਅੱਜ ਦੇ ਯੁੱਗ ਨੂੰ ਬਹੁਤ ਲੋੜ ਹੈ, ਕਿ ਈਸਾਈ ਅਤੇ ਗੈਰ-ਇਸਾਈ ਰਲ-ਮਿਲ ਕੇ ਮਨੁੱਖਤਾ ਦੇ ਰਾਹ ਉਤੇ ਅੱਗੇ ਵਧਣ।

ਫਿਲਹਾਲ ਇਹ ਤਾਂ ਨਹੀਂ ਕਿਹਾ ਜਾ ਸਕਦਾ ਕਿ ਮੁਸਲਮਾਨਾਂ ਅਤੇ ਈਸਾਈਆਂ ਵਿਚਕਾਰ ਕਿਸ ਤਰ੍ਹਾਂ ਦਾ ਵਿਚਾਰ-ਵਟਾਂਦਰਾ ਸੰਭਵ ਹੈ; ਜਾਂ ਇਹ ਕਿ ਪੋਪ ਫਰਾਂਸਿਸ, ਸੰਤ ਫਰਾਂਸਿਸ ਵਾਲੀ ਗੱਲ ਨੂੰ ਕਿੱਥੇ ਕੁ ਲੈ ਕੇ ਜਾਂਦੇ ਹਨ, ਪਰ ਇਹ ਤਾਂ ਤੈਅ ਹੀ ਹੈ ਕਿ ਸੰਤ ਅਤੇ ਸੁਲਤਾਨ ਵਾਲੀ ਗੱਲ ਕਿਸੇ ਪਾਸਿਓਂ ਤਾਂ ਸ਼ੁਰੂ ਹੋਵੇਗੀ ਹੀ। ਕੁਝ ਲੋਕ ਇਹ ਦਾਅਵਾ ਕਰਦੇ ਹਨ ਕਿ ਸੁਲਤਾਨ ਬਾਅਦ ਵਿਚ ਈਸਾਈ ਬਣ ਗਿਆ ਸੀ; ਅਤੇ ਇਹ ਵੀ ਕਿ ਸੰਤ ਫਰਾਂਸਿਸ ਨੇ ਇਸਲਾਮ ਕਬੂਲ ਕਰ ਲਿਆ ਸੀ ਪਰ ਜਾਪਦਾ ਹੈ ਇਹ ਸਭ ਮਨੁੱਖੀ ਮਨ ਦੀਆਂ ਕਿਆਸ-ਅਰਾਈਆਂ ਹਨ ਜਾਂ ਆਪੋ-ਆਪਣੇ ਧਰਮ ਨੂੰ ਉੱਚਾ ਦਰਸਾਉਣ ਦੀ ਕੋਈ ਕੋਸ਼ਿਸ਼ ਹਨ; ਜਦਕਿ ਅਸਲ ਗੱਲ ਧਰਮ ਦੇ ਖੇਤਰ ਵਿਚ ਸੁੱਚਾ ਕਾਰਜ ਕਰਨ ਦੀ ਹੈ।

ਸੰਤ ਫਰਾਂਸਿਸ ਕੁਦਰਤ ਦਾ ਪ੍ਰੇਮੀ ਅਤੇ ਲੋੜਵੰਦਾਂ ਦੀ ਮੱਦਦ ਲਈ ਬੜਾ ਮਸ਼ਹੂਰ ਸੀ। ਉਹ ਵੱਡੇ ਕੱਪੜਾ ਵਪਾਰੀ ਦੇ ਘਰ ਜੰਮਿਆ, ਪਰ ਸਾਰੀ ਉਮਰ ਉਸ ਨੇ ਪਾਟੇ-ਪੁਰਾਣੇ ਕੱਪੜਿਆਂ ਵਿਚ ਹੀ ਕੱਢ ਦਿੱਤੀ। ਜਿਹੜੇ ਲੋਕ ਪੋਪ ਫਰਾਂਸਿਸ ਨੂੰ ਜਾਣਦੇ ਹਨ, ਉਨ੍ਹਾਂ ਨੂੰ ਦੋਹਾਂ ਵਿਚਕਾਰ ਬਹੁਤ ਸਮਾਨਤਾਵਾਂ ਦਿਸਦੀਆਂ ਹਨ। ਲੋਕਾਂ ਦਾ ਮੰਨਣਾ ਹੈ ਕਿ ਪੋਪ ਫਰਾਂਸਿਸ ਦੀ ਜੀਵਨ-ਜਾਚ ਸੰਤ ਫਰਾਂਸਿਸ ਨਾਲ ਬਹੁਤ ਮਿਲਦੀ-ਜੁਲਦੀ ਹੈ। ਇਕ ਗੱਲ ਹੋਰ ਵੀ ਹੈ। ਸੰਤ ਫਰਾਂਸਿਸ ਬਹੁਤ ਸਦੀਆਂ ਬਾਅਦ ਗੈਰ-ਯੂਰਪੀ ਪੋਪ ਬਣਿਆ ਹੈ। ਉਸ ਤੋਂ ਪਹਿਲਾਂ 8ਵੀਂ ਸਦੀ ਦੌਰਾਨ ਸੀਰੀਆ ਤੋਂ ਇਕ ਪਾਦਰੀ, ਪੋਪ ਬਣਿਆ ਸੀ। ਇਸ ਦਾ ਨਾਂ ਪੋਪ ਗਰੇਗਰੀ ਤੀਜਾ ਸੀ। ਉਹ 731 ਤੋਂ 741 ਈਸਵੀ ਤੱਕ ਪੋਪ ਰਹੇ। ਇਉਂ 1272 ਵਰ੍ਹਿਆਂ ਬਾਅਦ ਕੋਈ ਗੈਰ-ਯੂਰਪੀ ਪੋਪ ਬਣਿਆ ਹੈ।

ਪੋਪ ਫਰਾਂਸਿਸ ਆਪਣੀ ਹਲੀਮੀ ਅਤੇ ਨਿਮਰਤਾ ਕਰਕੇ ਬੜੇ ਮਸ਼ਹੂਰ ਹੈ। ਉਹ ਆਮ ਲੋਕਾਂ ਵਾਂਗ ਬੱਸ ਵਿਚ ਹੀ ਯਾਤਰਾ ਕਰਦਾ ਹੈ। ਉਹ ਚਾਹੁੰਦਾ ਹੈ ਕਿ ਚਰਚ ਗਰੀਬਾਂ ਨੂੰ ਘੁੱਟ ਕੇ ਆਪਣੇ ਕਲਾਵੇ ਵਿਚ ਲਵੇ। ਉਂਜ ਉਨ੍ਹਾਂ ਨਾਲ ਕੁਝ ਵਿਵਾਦ ਵੀ ਜੁੜੇ ਹੋਏ ਹਨ। ਅਰਜਨਟੀਨਾ ਦੀ ਬਦਨਾਮ ਜੰਗ ਜੋ 'ਡਰਟੀ ਵਾਰ' ਵਜੋਂ ਅਕਸਰ ਚਰਚਾ ਵਿਚ ਰਹਿੰਦੀ ਹੈ, ਵੇਲੇ ਅਗਵਾ ਕੀਤੇ ਬੱਚਿਆਂ ਦਾ ਮਸਲਾ ਅਜੇ ਤੱਕ ਜਿਉਂ ਦਾ ਤਿਉਂ ਹੈ। ਮਨੁੱਖੀ ਹੱਕਾਂ ਬਾਰੇ ਸਰਗਰਮ ਕਾਰਕੁਨਾਂ ਦਾ ਕਹਿਣਾ ਹੈ ਕਿ ਪੋਪ ਫਰਾਂਸਿਸ ਨੇ ਉਦੋਂ ਦੇਸ਼ ਦੇ ਤਾਨਾਸ਼ਾਹਾਂ ਖ਼ਿਲਾਫ਼ ਮੂੰਹ ਨਹੀਂ ਸੀ ਖੋਲ੍ਹਿਆ। 1976 ਤੋਂ 1983 ਤੱਕ ਚੱਲੀ ਅਰਜਨਟੀਨਾ ਦੀ ਇਸ 'ਬਦਨਾਮ ਜੰਗ' ਦੌਰਾਨ 30,000 ਲੋਕ ਮਾਰੇ ਜਾਂ ਲਾਪਤਾ ਹੋ ਗਏ ਸਨ। ਵੈਟੀਕਨ ਨੇ ਇਹ ਦਾਅਵੇ ਰੱਦ ਕਰ ਦਿੱਤੇ ਹਨ। ਅਜਿਹੇ ਹਾਲਾਤ ਵਿਚ ਹੁਣ ਦੇਖਣਾ ਇਹ ਹੈ ਕਿ ਨਵੇਂ ਪੋਪ ਧਰਮ ਦੀ ਜੈ-ਜੈਕਾਰ ਕਿੰਜ ਕਰਵਾਉਂਦੇ ਹਨ।

## ਪਹਿਲਾਂ ਪਿਆਰ ਫਿਰ ਪਾਦਰੀ!




*ਬਿਊਨਸ ਆਇਰਸ ਵਿਚ ਰਹਿੰਦੀ 77 ਸਾਲਾ ਅਮੈਲੀਆ ਦਮੋਤੇ ਟੈਲੀਵਿਜ਼ਨ ਉਤੇ ਪੋਪ ਦੀ ਚੋਣ ਸਬੰਧੀ ਖ਼ਬਰ ਸੁਣ ਕੇ ਇਕ ਵਾਰੀ ਤਾਂ ਸੁੰਨ ਹੋ ਗਈ। ਉਸ ਦੇ ਮੂੰਹੋਂ ਬੱਸ ਇੰਨਾ ਹੀ ਨਿਕਲਿਆ-"ਜਾਰਜ, ਪੋਪ ਬਣ ਗਿਆ!" ਜਾਰਜ ਬੇਬੇ ਅਮੈਲੀਆ ਦਾ ਬਚਪਨ ਦਾ ਸਾਥੀ ਰਿਹਾ ਹੈ ਜਿਸ ਨਾਲ ਉਹ ਖੇਡਦੀ ਹੁੰਦੀ ਸੀ। ਮਗਰੋਂ ਉਸ ਨੇ ਦੱਸਿਆ ਕਿ ਜਾਰਜ ਨੇ ਵਰ੍ਹਿਆਂ ਪਹਿਲਾਂ ਉਸ ਨੂੰ ਇਕ ਮੁਹੱਬਤੀ ਖ਼ਤ ਲਿਖਿਆ ਸੀ।*

*ਇਹ ਗੱਲ 1948 ਜਾਂ 1949 ਦੀ ਹੈ ਜਦੋਂ ਇਕ ਇਤਾਲਵੀ ਦੇ 12 ਵਰ੍ਹਿਆਂ ਦੇ ਪੁੱਤਰ ਨੇ ਉਸ ਦੇ ਹੱਥ ਉਹ ਖ਼ਤ ਫੜਾਇਆ। ਇਸ ਖ਼ਤ ਵਿਚ ਉਸ ਨੇ ਲਿਖਿਆ ਸੀ ਕਿ ਉਹ ਉਸ (ਅਮੈਲੀਆ) ਨੂੰ ਬੇਇੰਤਹਾ ਮੁਹੱਬਤ ਕਰਦਾ ਹੈ। ਆਪਣੇ ਮਾਪਿਆਂ ਦੇ ਡਰੋਂ ਅਮੈਲੀਆ ਨੇ ਉਸ ਦੀ ਮੁਹੱਬਤ ਦਾ ਕੋਈ ਹੁੰਗਾਰਾ ਨਾ ਭਰਿਆ। ਜਾਰਜ ਨੇ ਆਪਣੇ ਖ਼ਤ ਵਿਚ ਅਮੈਲੀਆ ਨੂੰ ਇਹ ਵੀ ਲਿਖਿਆ ਸੀ ਕਿ ਉਹ, ਉਸ ਨਾਲ ਵਿਆਹ ਕਰਵਾਉਣਾ ਚਾਹੁੰਦਾ ਹੈ। ਅਮੈਲੀਆ ਨੇ ਦੱਸਿਆ, "ਜਾਰਜ ਨੇ ਆਪਣੇ ਖ਼ਤ ਵਿਚ ਇਹ ਵੀ ਲਿਖਿਆ ਸੀ ਕਿ ਜੇ ਮੈਂ ਉਸ ਦੀ ਮੁਹੱਬਤ ਨੂੰ ਠੁਕਰਾ ਦਿੱਤਾ ਤਾਂ ਉਹ ਪਾਦਰੀ ਬਣ ਜਾਵੇਗਾ।" ਅਮੈਲੀਆ ਇਸ ਮੁਹੱਬਤ ਨੂੰ ਠੁਕਰਾਉਣ ਨੂੰ ਖੁਸ਼ਕਿਸਮਤੀ ਹੀ ਸਮਝਦੀ ਕਿਉਂਕਿ ਹੁਣ ਜਾਰਜ ਇਸ ਉੱਚੇ ਰੁਤਬੇ 'ਤੇ ਪੁੱਜ ਗਿਆ ਹੈ। ਉਂਜ, ਉਸ ਦੇ ਦਿਲ ਵਿਚ ਅਜੇ ਵੀ ਖ਼ਤ ਦੀ ਉਹ ਇਬਾਰਤ ਸਾਂਭੀ ਪਈ ਹੈ। ਉਸ ਨੂੰ ਅੱਜ ਵੀ ਜਾਰਜ ਨੂੰ ਇਨਕਾਰ ਕਰਨ ਦਾ ਅਫ਼ਸੋਸ ਹੈ।*

# ਸਾਧੇ ਮਨਾਂ ਵਾਲੇ ਸਾਧਾਂ ਦੀ ਸੋਭਾ!

ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ
ਫੋਨ: 408-915-1268

ਅੰਗਰੇਜ਼ਾਂ ਦੇ ਰਾਜ ਵੇਲੇ ਫੌਜ ਵਿਚੋਂ ਸੇਵਾ ਮੁਕਤ ਹੋਣ ਮਗਰੋਂ ਦਰਬਾਰ ਸਾਹਿਬ ਅੰਮ੍ਰਿਤਸਰ ਹੈੱਡ ਗ੍ਰੰਥੀ ਰਹੇ ਗਿਆਨੀ ਕਰਤਾਰ ਸਿੰਘ 'ਕਲਾਸਵਾਲੀਆ' ਨੇ ਗੁਰੂ ਗੋਬਿੰਦ ਸਿੰਘ ਦੇ ਜੀਵਨ ਬਾਰੇ ਪ੍ਰਸਿੱਧ ਗ੍ਰੰਥ ਲਿਖਿਆ ਹੋਇਆ ਹੈ। ਉਨ੍ਹਾਂ ਸਮਿਆਂ ਦੀ ਪ੍ਰਚਲਿਤ ਸ਼ੈਲੀ ਅਨੁਸਾਰ 'ਬੈਂਤ' ਛੰਦ ਵਿਚ ਲਿਖੇ 'ਸ੍ਰੀ ਗੁਰੂ ਦਸਮੇਸ਼ ਪ੍ਰਕਾਸ਼' ਨਾਂ ਦੇ ਇਸ ਇਤਿਹਾਸਕ ਗ੍ਰੰਥ ਵਿਚ ਗਿਆਨੀ ਜੀ ਨੇ ਲਿਖਿਆ ਹੈ ਕਿ ਜੰਗਾਂ-ਯੁੱਧਾਂ ਤੋਂ ਪਹਿਲੇ ਅਮਨ-ਅਮਾਨ ਵਾਲੇ ਦਿਨਾਂ 'ਚ ਅਨੰਦਪੁਰ ਸਾਹਿਬ ਵਿਖੇ ਇਕ ਗ੍ਰਿਹਸਥੀ ਪਰਿਵਾਰ ਗੁਰੂ ਦਰਬਾਰ ਵਿਚ ਹਾਜ਼ਰ ਹੋਇਆ। ਨੰਦ ਸਿੰਘ ਨਾਂ ਦੇ ਆਪਣੇ ਜਵਾਨ ਪੁੱਤਰ ਵੱਲ ਇਸ਼ਾਰਾ ਕਰਦਿਆਂ ਮਾਂ-ਬਾਪ ਕਹਿਣ ਲੱਗੇ ਕਿ ਸੱਚੇ ਪਾਤਸ਼ਾਹ, ਸਾਡਾ ਇਕੋ-ਇਕ ਪੁੱਤਰ ਹੈ ਜੋ ਵਿਆਹ ਕਰਵਾਉਣ ਤੋਂ ਇਨਕਾਰੀ ਹੋ ਕੇ ਸਾਧੂ ਬਣਨਾ ਚਾਹੁੰਦਾ ਹੈ। ਸਾਡੀ ਚਾਹਤ ਹੈ ਕਿ ਇਹ ਘਰ-ਬਾਰੀ ਹੋ ਕੇ ਸਾਡੀ ਅੰਸ-ਬੰਸ ਚਲਦਾ ਰੱਖੇ।

ਗ੍ਰੰਥ-ਕਾਰ ਅਨੁਸਾਰ ਗੁਰੂ ਸਾਹਿਬ ਨੇ ਲੜਕੇ ਸਾਹਮਣੇ ਦੋ ਮਿਸਾਲਾਂ ਰੱਖੀਆਂ। ਇਕ ਗ੍ਰਿਹਸਥੀ ਪਰਿਵਾਰ ਦੀ ਅਤੇ ਇਕ ਸਾਧ ਦੀ। ਗ੍ਰਿਹਸਥੀ ਦੇ ਫਰਜ਼ਾਂ ਦਾ ਵਰਣਨ ਕਰਦਿਆਂ ਦਸਮੇਸ਼ ਪਿਤਾ ਨੇ ਜੰਗਲ ਵਿਚ ਰਹਿੰਦੇ ਕਬੂਤਰ-ਕਬੂਤਰੀ ਦਾ ਦਿਲਚਸਪ ਕਿੱਸਾ ਸੁਣਾਇਆ। ਜਿਸ ਦਰਖ਼ਤ ਉਤੇ ਇਸ ਕਬੂਤਰ ਜੋੜੀ ਦਾ ਆਲ੍ਹਣਾ ਸੀ, ਉਸ ਥੱਲੇ ਸਾਰੇ ਦਿਨ ਦਾ ਭੁੱਖਾ-ਭਾਣਾ ਕੋਈ ਸ਼ਿਕਾਰੀ ਆ ਬੈਠਾ। ਕਹਿਰਾਂ ਦੀ ਠੰਢ, ਉਤੋਂ ਪੈਂਦੇ ਮੀਂਹ ਕਾਰਨ ਉਹ ਦਰਖ਼ਤ ਥੱਲੇ ਬੈਠਾ ਠੁਰ-ਠੁਰ ਕਰ ਰਿਹਾ ਸੀ। ਪਲ-ਪਲ ਵਧਦੇ ਜਾਂਦੇ ਹਨ੍ਹੇਰੇ ਕਾਰਨ ਉਹ ਕਿਤੇ ਅਗਾਂਹ-ਪਿਛਾਂਹ ਵੀ ਨਾ ਜਾ ਸਕਿਆ। ਉਹਦਾ ਦੰਦੋ-ਡਿੱਕਾ ਵੱਜਦਾ ਦੇਖ ਕੇ ਕਬੂਤਰ-ਕਬੂਤਰੀ ਨੂੰ ਤਰਸ ਆਉਣ ਲੱਗਾ। ਉਨ੍ਹਾਂ ਦੋਹਾਂ ਸੋਚਿਆ ਕਿ ਇਹ ਕੋਈ ਰਾਹੀ ਮੁਸਾਫਿਰ ਅੱਜ ਸਾਡੇ ਘਰ ਠਹਿਰਿਆ ਹੈ। ਲੱਖ ਲਾਹਣਤ ਸਾਡੇ ਗ੍ਰਿਹਸਥੀ ਹੋਣ 'ਤੇ, ਜੇ ਅਸੀਂ ਦਰ ਆਏ ਪ੍ਰਾਹੁਣੇ ਦੀ ਕੋਈ ਟਹਿਲ ਸੇਵਾ ਵੀ ਨਾ ਕਰ ਸਕੇ! ਆਪਸ ਵਿਚੀਂ ਉਹ ਵਿਉਂਤਾਂ ਬਣਾਉਣ ਲੱਗੇ।

ਸਭ ਤੋਂ ਪਹਿਲਾਂ ਸ਼ਿਕਾਰੀ ਦਾ ਕਾਂਬਾ ਦੂਰ ਕਰਨ ਦੀ ਸਕੀਮ ਬਣਾਈ। ਕਬੂਤਰ ਉਡਦਾ-ਉਡਦਾ ਜਾ ਕੇ ਕਿਸੇ ਪਿੰਡ 'ਚੋਂ ਧੁਖਦੀ ਹੋਈ ਲੱਕੜੀ ਚੁੰਜ 'ਚ ਫਸਾ ਲਿਆਇਆ। ਧੁਖ ਰਹੀ ਲੱਕੜੀ ਤਾਂ ਸ਼ਿਕਾਰੀ ਮੂਹਰੇ ਸੁੱਟ ਦਿੱਤੀ ਗਈ, ਪਰ ਅੱਗ ਬਾਲਣ ਲਈ ਕੀ ਕੀਤਾ ਜਾਏ? ਦੋਹਾਂ ਨੇ ਆਪਣਾ ਆਲ੍ਹਣਾ ਹੀ ਥੱਲੇ ਸੁੱਟ ਦਿੱਤਾ। ਰੱਬ ਦਾ ਲੱਖ-ਲੱਖ ਸ਼ੁਕਰ ਕਰਦਿਆਂ ਸ਼ਿਕਾਰੀ ਨੇ ਕੰਬਦੇ ਹੱਥਾਂ ਨਾਲ ਅੱਗ ਬਾਲ ਲਈ। ਹੁਣ ਕਬੂਤਰ-ਕਬੂਤਰੀ ਇਹ ਵਿਚਾਰ ਕਰਨ ਲੱਗੇ ਕਿ ਮੁਸਾਫਿਰ ਦੀ ਭੁੱਖ ਦਾ ਕੋਈ ਬੰਦੋਬਸਤ ਕੀਤਾ ਜਾਏ। ਦੋਹਾਂ ਨੇ ਸਲਾਹ ਕੀਤੀ ਕਿ ਸਾਡੇ ਵਿਚੋਂ ਇਕ ਨੂੰ ਬਲਦੀ ਅੱਗ ਵਿਚ ਛਾਲ ਮਾਰ ਦੇਣੀ ਚਾਹੀਦੀ ਹੈ ਤਾਂ ਕਿ ਭੁੱਜਿਆ ਮਾਸ ਖਾ ਕੇ ਅਤਿਥੀ ਤ੍ਰਿਪਤ ਹੋ ਸਕੇ। ਕਬੂਤਰ ਆਖਦਾ ਹੈ ਕਿ ਪਤੀ ਹੋਣ ਨਾਤੇ ਮੇਰਾ ਫਰਜ਼ ਬਣਦਾ ਹੈ ਕਿ ਇਹ ਸੇਵਾ ਮੈਂ ਕਰਾਂ, ਪਰ ਕਬੂਤਰੀ ਅਰਧਾਂਗਣੀ ਹੋਣ ਨਾਤੇ ਆਪਣੇ ਸਿਰ ਦੇ ਸਾਈਂ ਦੀ ਸਲਾਮਤੀ ਮੰਗਦੀ ਹੋਈ ਖੁਦ ਅੱਗ ਵਿਚ ਮੱਚਣਾ ਚਾਹੁੰਦੀ ਹੈ।

ਇੱਥੇ ਗਿਆਨੀ ਜੀ ਨੇ ਦੋਹਾਂ ਦੀ ਵਾਰਤਾਲਾਪ ਨੂੰ ਇੰਨੇ ਕਰੁਣਾਮਈ ਸ਼ਬਦਾਂ ਵਿਚ ਬਿਆਨ ਕੀਤਾ ਹੈ ਕਿ ਪੜ੍ਹਦਿਆਂ ਅੱਖਾਂ ਨਮ ਹੋ ਜਾਂਦੀਆਂ ਹਨ। ਦੋਵੇਂ ਇਕ-ਦੂਜੇ ਨੂੰ ਦਲੀਲਾਂ ਦੇ-ਦੇ ਕੇ ਅੱਗ ਵਿਚ ਕੁੱਦਣ ਲਈ ਕਾਹਲੇ ਪਈ ਜਾਂਦੇ ਹਨ। ਆਖਰ ਪਤਨੀ ਦੇ ਨਾਂਹ-ਨਾਂਹ ਕਰਦਿਆਂ ਕਬੂਤਰ ਅੱਗ ਵਿਚ ਜਾ ਡਿੱਗਦਾ ਹੈ। ਉਹਦੇ ਮਗਰੇ ਹੀ ਕਬੂਤਰੀ ਵੀ ਆਪਾ ਅਗਨ ਭੇਂਟ ਕਰ ਦਿੰਦੀ ਹੈ। ਇੰਜ ਇਹ ਗ੍ਰਿਹਸਥੀ ਜੋੜਾ ਘਰ ਆਏ ਮਹਿਮਾਨ ਦੀ ਉਦਰ-ਪੂਰਤੀ ਹਿੱਤ ਜਾਨ ਕੁਰਬਾਨ ਕਰ ਦਿੰਦਾ ਹੈ।

'ਗ੍ਰਿਹਸਥੀ ਕੈਸਾ ਹੋਣਾ ਚਾਹੀਏ?' ਦਾ ਦ੍ਰਿਸ਼ਟਾਂਤ ਦਿਖਾਉਣ ਪਿਛੋਂ ਦਸਮੇਸ਼ ਪਿਤਾ, ਸਾਧ ਦੇ ਲੱਛਣ ਦੱਸਦੀ ਕਥਾ ਬਿਆਨਦੇ ਹਨ। ਕਿਸੇ ਪਿੰਡ ਦੇ ਬਾਹਰ ਵਣ ਵਿਚ ਕੋਈ ਰਮਤਾ ਸਾਧੂ ਆ ਟਿਕਿਆ। ਪਿੰਡ ਵਾਸੀਆਂ ਨੂੰ ਪਤਾ ਲੱਗਾ ਤਾਂ ਉਹਦੇ ਲਈ ਪਿੰਡ 'ਚੋਂ ਕਦੇ ਕਿਸੇ ਘਰੋਂ, ਕਦੇ ਕਿਸੇ ਘਰੋਂ ਰੋਟੀ ਜਾਣ ਲੱਗੀ। ਕੁਝ ਅਰਸੇ ਬਾਅਦ ਕਰਨੀ ਰੱਬ ਦੀ ਐਸੀ ਹੋਈ ਕਿ ਬਹੁਤੇ ਘਰਾਂ ਦੇ ਪ੍ਰਾਹੁਣੇ ਵਾਂਗੂੰ ਕਈ ਦਿਨ ਉਹਦੇ ਲਈ ਰੋਟੀ ਲੈ ਕੇ ਕੋਈ ਵੀ ਨਾ ਪਹੁੰਚਾ। ਕਈ ਦਿਨ ਬੀਤ ਗਏ, ਵਿਚਾਰਾ ਭੁੱਖਣ-ਭਾਣਾ ਬੈਠਾ ਰਿਹਾ। ਕੁਝ ਸੋਚ ਕੇ ਇਕ ਦਿਨ ਉਹ ਖੁਦ ਹੀ ਪਿੰਡ ਵੱਲ ਗੇੜਾ ਮਾਰਨ ਚਲਾ ਗਿਆ। ਕਿਸਮਤ ਦੀ ਖੇਡ ਕਿ ਉਸ ਨੂੰ ਕਿਸੇ ਨੇ ਪਾਣੀ ਵੀ ਨਾ ਪੁੱਛਿਆ। ਡਿੰਗਦਾ-ਢਹਿੰਦਾ ਮੁੜ ਵਣਾਂ ਵਿਚ ਪਰਤ ਆਇਆ। ਭੁੱਖ ਨੇ ਭਾਵੇਂ ਉਸ ਦੀ ਜਾਨ ਕੱਢੀ ਪਈ ਸੀ, ਪਰ ਉਹ ਸ਼ਾਂਤ ਚਿੱਤ ਹੋ ਕੇ ਭਜਨ ਬੰਦਗੀ ਕਰੀ ਗਿਆ।

ਇਸੇ ਮੰਦੜੇ ਹਾਲ 'ਚ ਕੁਝ ਦਿਨ ਹੋਰ ਬੀਤ ਗਏ ਤਾਂ ਇਕ ਸ਼ਾਮ ਰੱਬ ਦੇ ਭੇਜੇ ਕੁਝ ਦੂਤ ਸਾਧੂ ਕੋਲ ਆਏ। ਉਨ੍ਹਾਂ ਆਉਂਦਿਆਂ ਸਾਰ ਦੱਸਿਆ ਕਿ ਮਹਾਂਪੁਰਸ਼ੋ, ਰੱਬ ਨੇ ਆਪ 'ਤੇ ਦਯਾ ਕਰਦਿਆਂ ਹੁਕਮ ਕੀਤਾ ਹੈ ਕਿ ਅਸੀਂ ਅਜਿਹੇ ਨਾ-ਸ਼ੁਕਰੇ ਪਿੰਡ ਨੂੰ ਭਸਮਾ-ਭੂਤ ਕਰ ਆਈਏ ਜਿਥੋਂ ਦੇ ਵਾਸੀ ਆਪ ਤਾਂ ਦੋਏ ਵੇਲੇ ਅੰਨ-ਜਲ ਛਕੀ ਜਾ ਰਹੇ ਹਨ, ਪਰ ਰੱਬ ਦੇ ਭਗਤ ਨੂੰ ਭੁੱਖਿਆਂ ਰਾੜ੍ਹਨ ਲੱਗੇ ਹੋਏ ਹਨ। ਸਤਿ-ਚਿਤ-ਅਨੰਦ ਬੈਠੇ ਸਾਧੂ ਨੇ ਰੱਬ ਦੇ ਦੂਤਾਂ ਨੂੰ ਨਿਮਰਤਾ ਨਾਲ ਜਵਾਬ ਦਿੱਤਾ ਕਿ ਜਦ ਮੇਰੀ ਪ੍ਰਾਲਭਦ 'ਚ ਹੀ ਇੰਨੇ ਦਿਨ ਲਈ ਰਿਜ਼ਕ ਨਹੀਂ ਸੀ ਲਿਖਿਆ ਹੋਇਆ ਤਾਂ ਮੈਂ ਕਿਵੇਂ ਕੁਝ ਛਕ ਸਕਦਾ ਸਾਂ? ਇਸ 'ਚ ਪਿੰਡ ਵਾਸੀਆਂ ਦਾ ਕੀ ਕਸੂਰ? ਉਨ੍ਹਾਂ ਬੇਕਸੂਰਿਆਂ ਨੂੰ ਸਜ਼ਾ ਕਿਉਂ ਦਿੱਤੀ ਜਾਏ? ਸਾਧੂ ਦੀ ਪੂਰਨਤਾ ਤੋਂ ਕਾਇਲ ਹੋ ਭਗਵਾਨ ਦੇ ਦੂਤ ਵੀ ਉਸ ਦੇ ਚਰਨੀਂ ਡਿਗ ਪਏ।

ਕਮਾਲ ਦੀ ਗੱਲ ਹੈ ਕਿ ਗੁਰੂ ਮਹਾਰਾਜ ਪਾਸੋਂ ਇਹ ਦੋਵੇਂ ਮਿਸਾਲਾਂ ਸੁਣ ਕੇ ਨੌਜਵਾਨ ਨੰਦ ਸਿੰਘ ਨੂੰ ਸਾਧ ਬਣਨਾ ਔਖਾ ਲੱਗਿਆ। ਉਸ ਨੇ ਗ੍ਰਿਹਸਥੀ ਬਣਨ ਨੂੰ ਤਰਜੀਹ ਦਿੱਤੀ। ਉਸ ਨੂੰ ਕਰੋਧ 'ਤੇ ਫਤਿਹ ਪਾ ਕੇ ਭਾਣੇ ਵਿਚ ਜੀਵਨ ਬਤੀਤ ਕਰਨ ਵਾਲਾ ਸਾਧੂ-ਸੰਤ ਬਣਨ ਨਾਲੋਂ ਆਤਮ-ਬਲੀਦਾਨੀ ਗ੍ਰਿਹਸਥੀ ਹੋਣਾ ਸੌਖਾ ਲੱਗਿਆ ਹੋਵੇਗਾ। ਇਹ ਪ੍ਰਸੰਗ ਪੜ੍ਹਦਿਆਂ ਮਨ 'ਚ ਵਾਰ-ਵਾਰ ਸਵਾਲ ਉਠਿਆ ਕਿ ਗੁਰੂ ਕਾਲ ਤੋਂ ਬਾਅਦ ਵੀ ਐਸੇ ਸਾਧੂ ਸੰਤ ਹੋਏ ਹੋਣਗੇ? ਬੜੇ-ਬੜੇ ਪ੍ਰਸਿੱਧ ਕਹੇ ਜਾਂਦੇ ਸੰਤਾਂ ਦੇ ਵੀ ਐਸੇ ਬੇਅੰਤ ਕਿੱਸੇ ਸੁਣਨ ਨੂੰ ਮਿਲਦੇ ਹਨ ਕਿ ਫਲਾਣੇ ਬਾਬਾ ਜੀ ਨੇ ਢਿਮਕੇ ਨੂੰ 'ਸਰਾਪ' ਦੇ ਦਿੱਤਾ। ਜਾਂ ਖੁਸ਼ ਹੋ ਕੇ ਕਿਸੇ ਨੂੰ 'ਵਰ' ਦੇ ਦਿੱਤਾ। ਕੀ ਇਨ੍ਹਾਂ ਵਰਾਂ-ਸਰਾਪਾਂ ਦੇ ਚੱਕਰਾਂ ਤੋਂ ਮੁਕਤ ਰੱਬੀ ਰਜ਼ਾ ਵਿਚ ਰਾਜ਼ੀ ਰਹਿਣ ਵਾਲੇ ਵੀ ਕੋਈ ਹੋਣਗੇ ਹੀ?

ਇਸੇ ਖੋਜ ਵਿਚ ਭਾਈ ਵੀਰ ਸਿੰਘ ਦੀ ਲਿਖੀ 'ਸੰਤ ਗਾਥਾ' ਨਾਂ ਦੀ ਕਿਤਾਬ ਮੇਰੇ ਹੱਥ ਲੱਗ ਗਈ। ਨਿੰਜ-ਪੂਜਾ ਜਾਂ ਗੁਰਡੰਮ ਦਾ ਡੰਕੇ ਦੀ ਚੋਟ ਨਾਲ ਵਿਰੋਧ ਕਰ ਕੇ ਸ਼ਬਦ ਗੁਰੂ ਦਾ ਪ੍ਰਚਮ ਲਹਿਰਾਉਣ ਵਾਲੇ ਗਿਆਨੀ ਦਿੱਤ ਸਿੰਘ ਦੇ ਅਕਾਲ ਚਲਾਣਾ ਕਰ ਜਾਣ 'ਤੇ 'ਜਾਗੋ-ਜਾਗੋ ਦਿੱਤ ਸਿੰਘ ਪਿਆਰੇ' ਜਿਹੀ ਵੈਰਾਗਮਈ ਕਵਿਤਾ ਲਿਖਣ ਵਾਲੇ ਭਾਈ ਵੀਰ ਸਿੰਘ ਅਖੌਤੀ ਸੰਤਾਂ ਦੀ ਤਾਂ ਗਾਥਾ ਬਿਆਨ ਹੀ ਨਹੀਂ ਕਰ ਸਕਦੇ। ਇਹ ਵਿਚਾਰ ਕੇ ਮੈਂ ਭਾਈ ਸਾਹਿਬ ਦੀ ਪੁਸਤਕ ਨਿੱਠ ਕੇ ਪੜ੍ਹੀ। ਇਸ ਵਿਚ ਪੁਰਾਤਨ ਸੰਤਾਂ ਦੀਆਂ ਜਿਹੋ ਜਿਹੀਆਂ ਕਰਨੀਆਂ ਅਤੇ ਕਥਨੀਆਂ ਵਰਣਨ ਕੀਤੀਆਂ ਹੋਈਆਂ ਹਨ, ਮੈਨੂੰ ਨਹੀਂ ਜਾਪਦਾ ਕਿ ਉਹ ਪੜ੍ਹ ਕੇ ਕੋਈ ਸੱਜਣ ਅਜੋਕੇ ਸੰਤਾਂ ਦੇ ਡੇਰਿਆਂ ਵੱਲ ਨੂੰ ਕਦੇ ਮੂੰਹ ਵੀ ਕਰ ਜਾਵੇ। ਇਨ੍ਹਾਂ ਵਿਚੋਂ ਚੰਦ ਕੁ ਵੇਰਵੇ ਇਥੇ ਅੰਕਿਤ ਕਰ ਰਿਹਾ ਹਾਂ।

ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵੇਲੇ ਭੰਗ ਦੇ ਇਲਾਕੇ ਵਿਚ ਭਾਈ ਬੁੱਧੂ ਨਾਂ ਦਾ ਸਾਧੂ ਹੋਇਆ ਹੈ ਜਿਸ ਨੂੰ ਸਾਰੇ ਇਲਾਕੇ ਵਿਚ 'ਭਾਈ ਬੁੱਧੂ ਸਾਹਿਬ' ਕਰ ਕੇ ਜਾਣਿਆ ਜਾਂਦਾ ਸੀ। ਕਿਤੇ ਉਸ ਇਲਾਕੇ ਵਿਚ ਗਏ ਹੋਏ ਮਹਾਰਾਜਾ ਰਣਜੀਤ ਸਿੰਘ ਨੇ ਭਾਈ ਬੁੱਧੂ ਨੂੰ ਮਿਲਣ ਦੀ ਇੱਛਾ ਜਤਾਈ। ਲਾਮ ਲਸ਼ਕਰ ਸਮੇਤ ਮਹਾਰਾਜਾ ਉਨ੍ਹਾਂ ਦੀ ਕੁਟੀਆ ਜਾ ਪਹੁੰਚਿਆ। ਉਥੇ ਸਫਾਈ ਕਰ ਰਹੇ ਸਾਧਾਰਨ ਜਿਹੇ ਬੰਦੇ ਨੂੰ ਮਹਾਰਾਜੇ ਨੇ ਪੁੱਛਿਆ ਕਿ ਭਾਈ ਬੁੱਧੂ ਸਾਹਿਬ ਕਿਥੇ ਹੋਣਗੇ? ਉਹ ਸੱਜਣ ਨਿਮਰਤਾ ਨਾਲ ਬੋਲਿਆ, "ਬੁੱਧੂ ਤਾਂ ਇਹੀ ਖੜ੍ਹਾ ਹੈ, 'ਸਾਹਿਬ' ਅੰਦਰ ਹਨ!" ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਅਸਥਾਨ ਵੱਲ ਇਸ਼ਾਰਾ ਕਰਦਿਆਂ ਆਖਿਆ, "ਅੰਦਰ ਚੱਲ ਕੇ ਉਨ੍ਹਾਂ ਦੇ ਦਰਸ਼ਨ ਕਰੋ, ਮੱਥਾ ਟੇਕੋ, ਜਨਮ ਸਫ਼ਲਾ ਕਰੋ।"

ਇਸੇ ਭਾਈ ਬੁੱਧੂ ਪਾਸ ਦੋ ਸੰਨਿਆਸੀ ਸਾਧੂਆਂ ਦੇ ਡੇਰਿਆਂ ਦਾ ਕੋਈ ਝਗੜਾ ਹੱਲ ਕਰਨ ਵਾਸਤੇ ਆਇਆ। ਲੰਗਰ ਦੇ ਕਿਸੇ ਵੱਡੇ ਦੇਗਚੇ ਦਾ ਕੋਈ ਰੌਲਾ ਸੀ ਦੋਹਾਂ ਡੇਰਿਆਂ ਦਾ। ਭਾਈ ਸਾਹਿਬ ਨੇ ਦੋਹਾਂ ਡੇਰੇਦਾਰਾਂ ਨੂੰ ਕੋਲ ਬਿਠਾ ਕੇ ਪੁੱਛਿਆ, "ਭਾਈ, ਤੁਸੀਂ ਘਰ-ਬਾਰ ਛੱਡ ਕੇ ਇਹ 'ਭੇਖ' ਲਏ ਹਨ, ਜੇ ਤੁਸੀਂ ਛੱਡੀਆਂ ਜਾ ਚੁੱਕੀਆਂ ਵਸਤਾਂ ਨੂੰ ਹੀ ਫਿਰ ਗ੍ਰਹਿਣ ਕਰਨਾ ਸੀ, ਤਾਂ ਘਰ ਕਿਉਂ ਛੱਡੇ? ਜੇ ਮੋਹ ਤੇ ਮਾਇਆ ਦੇ ਬੰਧਨ ਅਜੇ ਵੀ ਨਹੀਂ ਟੁੱਟੇ, ਤਦ ਫਿਰ ਕਦੋਂ ਟੁੱਟਣਗੇ? ਡੇਰਿਆਂ ਵਿਚ ਰਹੋ, ਅਨਾਥਾਂ ਅਤਿਥੀਆਂ ਲਈ ਲੰਗਰ ਚਲਾਉ, ਪਰ ਨਿਰਮੋਹ ਹੋ ਕੇ। ਜੇ ਘਰ-ਬਾਰ ਛੱਡ ਕੇ ਵੀ ਝੂਠ ਦੀ ਟੇਕ ਹੈ ਤਾਂ ਕਾਹਦਾ ਵੈਰਾਗ, ਕਾਹਦਾ ਤਿਆਗ ਤੇ ਕਾਹਦੀ ਫਕੀਰੀ? ਇਸ ਨਾਲੋਂ ਤਾਂ ਗ੍ਰਿਹਸਥੀ ਚੰਗੇ।"

ਇਸ ਕਿਤਾਬ ਵਿਚ ਸੰਨ ਸੰਤਾਲੀ ਤੋਂ ਪਹਿਲੇ ਸਮਿਆਂ ਵਿਚ ਜ਼ਿਲ੍ਹਾ ਅੰਮ੍ਰਿਤਸਰ ਦੀ ਅਜਨਾਲਾ ਤਹਿਸੀਲ ਦੇ ਇਕ ਪਿੰਡ 'ਚ ਰਹਿੰਦੇ ਸੰਤ ਨਿਹਾਲ ਸਿੰਘ ਦੇ ਸਮਦਰਸ਼ੀ ਸੁਭਾਅ ਦਾ ਵੇਰਵਾ ਵੀ ਹੈ। ਇਕ ਰਾਤ ਉਨ੍ਹਾਂ ਦੇ ਡੇਰੇ ਦੀ ਪਿਛਲੀ ਕੰਧ ਪਾੜ ਕੇ ਕੁਝ ਚੋਰ ਸਾਮਾਨ ਲੁੱਟ ਕੇ ਲੈ ਗਏ। ਸੇਵਾਦਾਰਾਂ ਨੂੰ ਪਤਾ ਲੱਗਾ ਤਾਂ ਉਹ ਗਾਰਾ ਇੱਟਾਂ ਲੈ ਕੇ ਰਾਤ ਵਾਲਾ ਪਾੜ ਬੰਦ ਕਰਨ ਲੱਗੇ। ਇੰਨੇ ਨੂੰ ਉਨ੍ਹਾਂ ਕੋਲ ਸੰਤ ਜੀ ਆ ਗਏ। ਪੁੱਛਣ ਲੱਗੇ ਕਿ ਇਹ ਕੀ ਕਰਨ ਡਹੇ ਹੋ? ਸੇਵਾਦਾਰਾਂ ਦੱਸਿਆ ਕਿ ਰਾਤ ਨੂੰ ਚੋਰਾਂ ਦਾ ਲਾਇਆ ਪਾੜ ਬੰਦ ਕਰਨ ਲੱਗੇ ਹਾਂ। ਸੰਤ ਕਹਿਣ ਲੱਗੇ, "ਭਾਈ, ਜਿਹੜਾ ਸੱਜਣ ਰਾਤ ਵੇਲੇ ਸਾਮਾਨ ਲੈਣ ਆਇਆ ਹੋਣੈ, ਉਹ ਲੋੜਵੰਦ ਤੇ ਸ਼ਰਮ ਵਾਲਾ ਬੰਦਾ ਹੋਵੇਗਾ। ਦਿਨੇ ਮੰਗਦਿਆਂ ਉਸ ਨੂੰ ਸ਼ਰਮਿੰਦਗੀ ਆਉਂਦੀ ਹੋਣੀ ਐਂ। ਇਸ ਕਰ ਕੇ ਰਾਤ ਨੂੰ ਆਇਆ ਹੋਊ। ਜੇ ਤੁਸੀਂ ਪਾੜ ਇੱਟਾਂ ਨਾਲ ਬੰਦ ਕਰ ਦਿੱਤਾ, ਤਦ ਉਸ ਨੂੰ ਲੋੜ ਪਈ ਤੋਂ ਫਿਰ ਕੰਧ ਪਾੜਨ ਦੀ ਖੇਚਲ ਕਰਨੀ ਪਿਆ ਕਰੇਗੀ। ਮੇਰੀ ਮੰਨੋ ਤਾਂ ਇੱਥੇ ਇਕ ਖਾਲੀ ਘੜਾ ਮੂਧਾ ਮਾਰ ਦਿਉ। ਉਹ ਘੜਾ ਚੁੱਕ ਕੇ ਸੌਖਿਆਂ ਹੀ ਲੋੜੀਂਦਾ ਸਾਮਾਨ ਲੈ ਜਾਇਆ ਕਰੇਗਾ।" ਇਹ ਗੱਲਾਂ ਸੁਣ ਕੇ ਹੈਰਾਨ ਹੋ ਰਹੇ ਸ਼ਰਧਾਲੂਆਂ ਨੂੰ ਕਹਿਣ ਲੱਗੇ, "ਭਾਈ, ਇਥੇ ਕੋਈ ਦੇ ਜਾਂਦਾ ਹੈ, ਕੋਈ ਲੈ ਜਾਂਦਾ ਹੈ। ਕੋਈ ਲੋੜਵੰਦ ਹੀ ਹੋਊ, ਨਹੀਂ ਤਾਂ ਰਾਤਾਂ ਨੂੰ ਕੌਣ ਜਗਰਾਤੇ ਕੱਟਦਾ ਫਿਰਦਾ ਹੈ!"

ਭਾਈ ਵੀਰ ਸਿੰਘ ਨੇ 'ਸੰਤ ਗਾਥਾ' ਲਿਖਦਿਆਂ ਆਪਣੇ ਸਮਕਾਲੀ ਸੰਤ ਸਵਾਇਆ ਸਿੰਘ ਦੇ ਨਿਰਮਲ, ਨਿਰਵੈਰ ਅਤੇ ਨਿਰਛਲ ਕੌਤਕਾਂ ਦੇ ਨਾਲ-ਨਾਲ ਇਕ ਐਸੇ ਫੱਕਰ ਸੰਤ ਦਾ ਵੀ ਜ਼ਿਕਰ ਕੀਤਾ ਹੈ ਜਿਸ ਦੇ ਜਨਮ ਸਥਾਨ, ਮਾਂ-ਬਾਪ ਬਾਰੇ ਵੀ ਕਿਸੇ ਨੂੰ ਕੋਈ ਪਤਾ ਨਹੀਂ ਸੀ। ਇੱਥੋਂ ਤੱਕ ਕਿ ਉਨ੍ਹਾਂ ਨੇ ਤਾਂ ਜ਼ਿੰਦਗੀ 'ਚ ਆਪਣਾ ਨਾਂ ਵੀ ਕਿਸੇ ਨੂੰ ਨਹੀਂ ਦੱਸਿਆ। ਉਨ੍ਹਾਂ ਗਵਾਲੀਅਰ ਦੇ ਇਲਾਕੇ ਵਿਚ ਗੁਰਬਾਣੀ ਦਾ ਪ੍ਰਚਾਰ ਪਸਾਰ ਕੀਤਾ ਪਰ ਆਪਣਾ ਨਾਂ ਨਹੀਂ ਜਣਾਇਆ। ਸਾਡੇ ਸਮਿਆਂ ਦੇ ਸੰਤ 'ਸਗਲੀ ਧਰਤੀ ਸਾਧ ਕੀ...' ਗਾਉਂਦੇ ਹੋਏ ਵੀ ਆਪਣੀ 'ਵਿਸ਼ੇਸ਼ ਪਛਾਣ' ਬਣਾਈ ਰੱਖਣ ਲਈ ਆਪਣੇ ਨਾਂ ਪਿੱਛੇ 'ਫਲਾਣੇ ਵਾਲੇ, ਢਿਮਕੇ ਵਾਲੇ' ਨੱਥੀ ਕਰੀ ਫਿਰਦੇ ਹਨ। ਛੇ-ਛੇ ਚਿਮਟਿਆਂ ਤੇ 3-3 ਢੋਲਕੀਆਂ ਦੀ ਘਨਘੋਰ ਮਚਾ ਕੇ 'ਨਾ ਕੋ ਬੈਰੀ ਨਾਹਿ ਬਿਗਾਨਾ ਜੀ' ਦੀਆਂ ਧਾਰਨਾਂ ਗਾਉਂਦੇ ਹੋਏ ਗੰਨਮੈਨਾਂ ਦੀਆਂ ਧਾੜਾਂ ਵੀ ਨਾਲ ਲਈ ਫਿਰਦੇ ਹਨ।

ਬੇਸ਼-ਕੀਮਤੀ ਚੋਲਿਆਂ ਅਤੇ ਆਲੀਸ਼ਾਨ ਡੇਰਿਆਂ ਵਾਲੇ ਕਰਨੀ ਰਹਿਤ ਨਿਰੀਆਂ ਕਥਨੀਆਂ ਵਾਲੇ ਜਾਂ ਚੇਲਿਆਂ ਬਾਲਕਿਆਂ ਦੀ ਬਹੁਗਿਣਤੀ ਸਹਾਰੇ ਸਰਕਾਰੇ ਦਰਬਾਰੇ ਆਪਣਾ ਅਸਰ ਰਸੂਖ ਬਣਾਉਣ ਵਾਲੇ ਨਹੀਂ, ਸਗੋਂ ਸਾਧੇ ਹੋਏ ਮਨਾਂ ਵਾਲੇ ਸਾਧ ਬਾਬਿਆਂ ਦੀ ਸੋਭਾ ਜਾਇਜ਼ ਵੀ ਹੈ।

***ਭਾਈ ਵੀਰ ਸਿੰਘ ਨੇ 'ਸੰਤ ਗਾਥਾ' ਲਿਖਦਿਆਂ ਆਪਣੇ ਸਮਕਾਲੀ ਸੰਤ ਸਵਾਇਆ ਸਿੰਘ ਦੇ ਨਿਰਮਲ, ਨਿਰਵੈਰ ਅਤੇ ਨਿਰਛਲ ਕੌਤਕਾਂ ਦੇ ਨਾਲ-ਨਾਲ ਇਕ ਐਸੇ ਫੱਕਰ ਸੰਤ ਦਾ ਵੀ ਜ਼ਿਕਰ ਕੀਤਾ ਹੈ ਜਿਸ ਦੇ ਜਨਮ ਸਥਾਨ, ਮਾਂ-ਬਾਪ ਬਾਰੇ ਵੀ ਕਿਸੇ ਨੂੰ ਕੋਈ ਪਤਾ ਨਹੀਂ ਸੀ। ਇੱਥੋਂ ਤੱਕ ਕਿ ਉਨ੍ਹਾਂ ਨੇ ਤਾਂ ਜ਼ਿੰਦਗੀ 'ਚ ਆਪਣਾ ਨਾਂ ਵੀ ਕਿਸੇ ਨੂੰ ਨਹੀਂ ਦੱਸਿਆ। ਉਨ੍ਹਾਂ ਗਵਾਲੀਅਰ ਦੇ ਇਲਾਕੇ ਵਿਚ ਗੁਰਬਾਣੀ ਦਾ ਪ੍ਰਚਾਰ ਪਸਾਰ ਕੀਤਾ ਪਰ ਆਪਣਾ ਨਾਂ ਨਹੀਂ ਜਣਾਇਆ। ਸਾਡੇ ਸਮਿਆਂ ਦੇ ਸੰਤ 'ਸਗਲੀ ਧਰਤੀ ਸਾਧ ਕੀ...' ਗਾਉਂਦੇ ਹੋਏ ਵੀ ਆਪਣੀ 'ਵਿਸ਼ੇਸ਼ ਪਛਾਣ' ਬਣਾਈ ਰੱਖਣ ਲਈ ਆਪਣੇ ਨਾਂ ਪਿੱਛੇ 'ਫਲਾਣੇ ਵਾਲੇ, ਢਿਮਕੇ ਵਾਲੇ' ਨੱਥੀ ਕਰੀ ਫਿਰਦੇ ਹਨ।***

# ਮੋਢੀ ਗ਼ਜ਼ਲਕਾਰ ਕਬੀਰ

**ਗੁਰਬਚਨ ਸਿੰਘ ਭੁੱਲਰ**

ਕਬੀਰ ਮੇਰੇ ਮਨਭਾਉਂਦੇ ਸੰਤ-ਕਵੀ ਹਨ। ਮਨ ਕਦੇ ਵੀ ਇਸ ਦੁਨੀਆਂ ਤੋਂ ਦੂਰ ਕਿਸੇ ਵੱਖਰੇ ਸੰਸਾਰ ਵਿਚ ਜਾ ਕੇ ਰੂਹ ਨਸ਼ਿਆਉਣੀ ਚਾਹੇ, ਉਨ੍ਹਾਂ ਦੀ ਸ਼ਬਦਸ਼ਾਲਾ ਤੋਂ ਚੰਗੀ ਢੋਈ ਹੋਰ ਕੋਈ ਨਹੀਂ। ਨਾ ਸਾਕੀ ਵਰਤਾਉਂਦਾ ਅੱਕੇ ਤੇ ਨਾ ਰਿੰਦ ਚੜ੍ਹਾਉਂਦਾ ਥੱਕੇ।

ਇਕ ਦਿਨ ਅਚੰਭਿਤ ਹੋ ਕੇ ਪੁੱਛਿਆ, "ਗੁਰੂਦੇਵ, ਫ਼ਕੀਰੀ 'ਚ ਜੱਗ ਕਿਵੇਂ ਜਿੱਤਿਆ?"

ਹੱਸ ਪਏ, "ਚਾਹ ਗਈ ਚਿੰਤਾ ਮਿਟੀ, ਮਨੂਆ ਬੇਪਰਵਾਹ। ਜਿਨ ਕੋ ਕਿਛੁ ਨਹੀਂ ਚਾਹੀਏ, ਵੋਹੀ ਸ਼ਹਿਨਸ਼ਾਹ!"

ਇਕ ਹੋਰ ਦਿਨ ਆਸਨ ਅੱਗੇ ਆਪਣੀ ਕਲਮ ਰਖਦਿਆਂ ਸ੍ਰੀਚਰਨ ਦਾ ਅੰਗੂਠਾ ਉਸ ਨੂੰ ਛੁਹਾ ਕੇ ਸਾਹਿਤਕ ਅਸੀਸ ਦੇਣ ਦੀ ਬੇਨਤੀ ਕੀਤੀ ਅਤੇ ਚੂਲੀ ਚਰਨਾਮਤ ਸਿੱਖਿਆ-ਦੀਖਿਆ ਵਜੋਂ ਮੰਗੀ। ਬੋਲੇ, "ਐਸੀ ਬਾਣੀ ਬੋਲੀਏ, ਮਨ ਕਾ ਆਪਾ ਖੋਇ। ਔਰਨ ਕੋ ਸ਼ੀਤਲ ਕਰੇ, ਆਪ ਭੀ ਸ਼ੀਤਲ ਹੋਇ!"

ਅੱਜ ਕਬੀਰ-ਬਾਣੀ ਦੇ ਸਾਗਰ ਵਿਚ ਡੂੰਘਾ ਉਤਰਿਆ, ਤਾਂ ਇਕ ਅਲੋਕਾਰ ਮੋਤੀ ਜਗਮਗ-ਜਗਮਗ ਕਰਦਾ ਨਜ਼ਰ ਪਿਆ, ਜਿਸ ਦੀ ਆਭਾ ਹੋਰਾਂ ਨਾਲੋਂ ਦੂਣ-ਸਵਾਈ ਸੀ। ਛੋਹ ਕੇ ਦੇਖਿਆ, ਗ਼ਜ਼ਲ ਸੀ। ਗੁਰੂਦੇਵ ਦੀ ਗ਼ਜ਼ਲ? ਉਹ ਤਾਂ ਦੋਹਿਆਂ, ਸ਼ਲੋਕਾਂ ਤੇ ਭਜਨਾਂ ਸਦਕਾ ਘਰ-ਘਰ ਤੇ ਘਟ-ਘਟ ਵਿਚ ਵਸੇ ਹੋਏ ਹਨ। ਨਾਲੇ, ਹਿੰਦੀ ਵਿਚ ਗ਼ਜ਼ਲ ਤਾਂ ਉਨ੍ਹਾਂ ਤੋਂ ਬਹੁਤ ਪਿੱਛੋਂ ਆਈ ਮੰਨੀ ਜਾਂਦੀ ਹੈ। ਲਉ, ਤ੍ਰੈਕਾਲ-ਦਰਸ਼ੀ ਮਹਾਂਕਵੀ ਦੀ ਪੰਜ ਸਦੀਆਂ ਪੁਰਾਣੀ ਗ਼ਜ਼ਲ ਦਾ ਅਨੰਦ ਮਾਣੋ!

ਹਮਨ ਹੈ ਇਸ਼ਕ ਮਸਤਾਨਾ,
ਹਮਨ ਕੋ ਹੋਸ਼ਿਆਰੀ ਕਿਆ!
ਰਹੇਂ ਆਜ਼ਾਦ ਯਾ ਜਗ ਸੇ,
ਹਮਨ ਦੁਨੀਆਂ ਸੇ ਯਾਰੀ ਕਿਆ!

ਜੋ ਬਿਛੁੜੇ ਹੈਂ ਪਿਆਰੇ ਸੇ,
ਭਟਕਤੇ ਦਰ-ਬ-ਦਰ ਫਿਰਤੇ,
ਹਮਾਰਾ ਯਾਰ ਹੈ ਹਮ ਮੇਂ,
ਹਮਨ ਕੋ ਇੰਤਜ਼ਾਰੀ ਕਿਆ!

ਖਲਕ ਸਬ ਨਾਮ ਅਪਨੇ ਕੋ,
ਬਹੁਤ ਕਰ ਸਿਰ ਪਟਕਤਾ ਹੈ,
ਹਮਨ ਗੁਰ-ਨਾਮ ਸਾਂਚਾ ਹੈ,
ਹਮਨ ਦੁਨੀਆਂ ਸੇ ਯਾਰੀ ਕਿਆ!

ਨ ਪਲ ਬਿਛੁੜੇ ਪੀਆ ਹਮ ਸੇ,
ਨ ਹਮ ਬਿਛੜੇ ਪਿਆਰੇ ਸੇ,
ਉਨ੍ਹੀਂ ਸੇ ਨੇਹ ਲਾਗੀ ਹੈ,
ਹਮਨ ਕੋ ਬੇਕਰਾਰੀ ਕਿਆ!

ਕਬੀਰਾ ਇਸ਼ਕ ਕਾ ਮਾਤਾ,
ਦੁਈ ਕੋ ਦੂਰ ਕਰ ਦਿਲ ਸੇ,
ਜੋ ਚਲਨਾ ਰਾਹ ਨਾਜ਼ੁਕ ਹੈ,
ਹਮਨ ਸਿਰ ਬੋਝ ਭਾਰੀ ਕਿਆ!

RADIO CHARDI KALA

ਦੁਨੀਆਂ ਭਰ ਵਿਚ ਸੁਣਿਆ ਜਾ ਰਿਹਾ

ਰੇਡੀਓ ਚੜ੍ਹਦੀ ਕਲਾ

ਡਾਇਲ ਕਰੋ ਤੇ ਸੁਣੋ
832-551-5038 ਰੇਡੀਓ ਚੜ੍ਹਦੀ ਕਲਾ 24/7
www.radiock.com
702-489-0222 ਖਾਲਸਾ ਰੇਡੀਓ 24/7
(ਗੁਰਬਾਣੀ)
www.khalsaradio.org
702-489-0228 ਆਪਣਾ ਪੰਜਾਬ 24/7
(ਭੰਗੜਾ ਮਿਊਜ਼ਿਕ)
www.apnapunjabradio.com
702-489-0229 ਦੇਸੀ ਬਾਇਟ ਰੇਡੀਓ 24/7
(ਬਾਲੀਵੁਡ ਮਿਊਜ਼ਿਕ)
www.desibiteradio.com

ਧਾਰਮਿਕ, ਸਭਿਆਚਾਰਕ ਪ੍ਰੋਗਰਾਮ, ਤਾਜ਼ਾ ਖਬਰਾਂ, ਟਾਕ ਸ਼ੋਅ, ਗੁਰਦੁਆਰਾ ਸੈਨ ਹੋਜ਼ੇ ਤੇ ਫਰੀਮਾਂਟ ਤੋਂ ਗੁਰਬਾਣੀ ਦਾ ਸਿੱਧਾ ਪ੍ਰਸਾਰਣ

Wifi Radio ਖਰੀਦਣ ਅਤੇ ਹੋਰ ਜਾਣਕਾਰੀ ਲਈ
ਫੋਨ: 510-900-3600
Radio CK, PO Box 296, Fremont, CA 94537

# ਮੋਹਿਨਾ ਆਹਲੂਵਾਲੀਆ ਤੇ ਈਸ਼ਾ ਜੋਗ ਦਾ ਸਨਮਾਨ



**ਸ਼ਿਕਾਗੋ (ਬਿਊਰੋ):** ਏਸ਼ੀਅਨ ਅਮੈਰਿਕਨ ਕੁਲੀਸ਼ਨ, ਸ਼ਿਕਾਗੋ ਵਲੋਂ ਆਪਣੇ 30ਵੇਂ ਚੀਨੀ ਨਵਾਂ ਵਰ੍ਹਾ ਸਮਾਰੋਹ ਦੌਰਾਨ ਮੋਹਿਨਾ ਆਹਲੂਵਾਲੀਆ ਅਤੇ ਈਸ਼ਾ ਜੋਗ ਦਾ ਵਿਸ਼ੇਸ਼ ਮਾਣ ਸਨਮਾਨ ਕੀਤਾ ਗਿਆ। ਇਥੇ ਰੀਜੈਂਸੀ ਓ'ਹੇਅਰ ਹੋਟਲ (ਰੋਜ਼ਮਾਂਟ) ਵਿਚ ਪਿਛਲੇ ਦਿਨੀਂ ਹੋਏ ਸਮਾਗਮ ਦਾ ਥੀਮ ਸਾਂਝੀ ਲੀਡਰਸ਼ਿਪ ਅਤੇ ਸਾਂਝੀਆਂ ਸੇਵਾਵਾਂ ਦੇ ਤਿੰਨ ਦਹਾਕੇ ਸੀ ਅਤੇ ਇਸ ਦਾ ਆਯੋਜਕ ਸੀ, ਸ਼ਿਕਾਗੋ ਦਾ ਵੀਅਤਨਾਮੀ ਅਮਰੀਕੀ ਭਾਈਚਾਰਾ।

ਸ੍ਰੀਮਤੀ ਮੋਹਿਨਾ ਆਹਲੂਵਾਲੀਆ ਜੋ ਅਲਫਾ ਮੈਨੂਫੈਕਚਰਿੰਗ ਇੰਡਟਰੀਜ਼ ਦੇ ਸੀ ਈ ਓ ਹਨ ਅਤੇ ਪੰਜਾਬੀ ਕਲਚਰਲ ਸੁਸਾਇਟੀ, ਸ਼ਿਕਾਗੋ ਦੇ ਸਾਬਕਾ ਚੇਅਰਪਰਸਨ ਹਨ, ਨੂੰ ਭਾਈਚਾਰਕ ਸੇਵਾਵਾਂ ਬਦਲੇ ਸਨਮਾਨ ਦਿੱਤਾ ਗਿਆ। ਹਾਫਮੈਨ ਐਸਟੇਟਸ ਹਾਈ ਸਕੂਲ ਵਿਚ ਸੀਨੀਅਰ ਈਸ਼ਾ ਜੋਗ ਨੂੰ ਭਾਰਤੀ ਅਮਰੀਕਨ ਯੁਵਾ ਪੁਰਸਕਾਰ ਦਿੱਤਾ ਗਿਆ। ਈਸ਼ਾ ਇਕ ਨ੍ਰਿਤ ਕਲਾਕਾਰ ਹੈ। ਏਸ਼ੀਅਨ ਟੀ ਵੀ ਸ਼ੋਅ ਪ੍ਰੋਡਿਊਸਰ ਅਤੇ ਸਿਖਿਆ ਸ਼ਾਸਤਰੀ ਸ੍ਰੀਮਤੀ ਲੌਰਡਜ਼ ਮੋਨ ਨੂੰ ਪੈਨ ਏਸ਼ੀਅਨ ਅਮੈਰਿਕਨ ਐਵਾਰਡ ਅਤੇ ਇਲੀਨਾਏ ਸਟੇਟ ਦੇ ਸਾਬਕਾ ਗਵਰਨਰ ਜੇਮਜ਼ ਥਾਂਪਸਨ ਨੂੰ ਗਰੈਂਡ ਏਸ਼ੀਅਨ ਐਵਾਰਡ ਦਿੱਤਾ ਗਿਆ। ਇਹ ਐਵਾਰਡ ਗੈਰ ਏਸ਼ੀਆਈ ਮੂਲ ਦੇ ਕਿਸੇ ਅਜਿਹੇ ਵਿਅਕਤੀ ਨੂੰ ਦਿਤਾ ਜਾਂਦਾ ਹੈ, ਜਿਸ ਨੇ ਏਸ਼ੀਆ ਪੈਸੇਫਿਕ ਅਮਰੀਕਨ ਭਾਈਚਾਰੇ ਲਈ ਵਿਸ਼ੇਸ਼ ਯੋਗਦਾਨ ਪਾਇਆ ਹੋਵੇ।

ਇਸ ਸਮਾਗਮ ਦੌਰਾਨ ਪੀ ਸੀ ਐਸ ਸ਼ਿਕਾਗੋ ਦੀ ਤਰਫੋਂ ਡੀਪੌਲ ਯੂਨੀਵਰਸਿਟੀ ਦੀ ਭੰਗੜਾ ਟੀਮ ਨੇ ਭੰਗੜਾ ਪੇਸ਼ ਕਰਕੇ ਦਰਸ਼ਕਾਂ ਦਾ ਮਨੋਰੰਜਨ ਕੀਤਾ। ਚੀਨੀ, ਫਿਲਪੀਨੋ, ਇੰਡੋਨੇਸ਼ੀਆਈ, ਕੋਰੀਅਨ, ਥਾਈ ਅਤੇ ਵੀਅਤਨਾਮੀ ਨ੍ਰਿਤ ਵੀ ਪੇਸ਼ ਕੀਤੇ ਗਏ। ਇਸ ਸਮਾਗਮ ਵਿਚ 700 ਤੋਂ ਵੱਧ ਲੋਕ ਸ਼ਾਮਲ ਹੋਏ ਜਿਨ੍ਹਾਂ ਵਿਚ ਇਲੀਨਾਏ ਸਟੇਟ ਦੇ ਸੈਕਟਰੀ ਜੈਸੀ ਵ੍ਹਾਈਟ, ਸਟੇਟ ਟਰੈਜ਼ਰਰ ਡੈਨ ਰੁਦਰਫੋਰਡ, ਸਟੇਟ ਕੰਪਟਰੋਲਰ ਜੂਡੀ ਬਾਰ ਟੋਪਿਨਕਾ, ਅਮਰੀਕੀ ਕਾਂਗਰਸ ਮੈਂਬਰ ਟੈਮੀ ਡਕਵਰਥ ਅਤੇ ਕੁੱਕ ਕਾਉਂਟੀ ਦੇ ਬਹੁਤ ਸਾਰੇ ਸਰਕਾਰੀ ਅਫਸਰਾਂ ਤੋਂ ਇਲਾਵਾ ਸ਼ਿਕਾਗੋ ਵਿਚ ਭਾਰਤੀ ਕੌਂਸਲ ਐਨ ਜੇ ਗੰਗਟੇ ਸ਼ਾਮਲ ਸਨ। ਪੀ ਸੀ ਐਸ ਦੀ ਟੀਮ ਰਾਜਿੰਦਰ ਸਿੰਘ ਮਾਗੋ ਦੀ ਅਗਵਾਈ ਹੇਠ ਪਹੁੰਚੀ ਹੋਈ ਸੀ।


Radio Chann Pardesi ਰੇਡੀਓ ਚੰਨ ਪ੍ਰਦੇਸੀ

ਰੇਡੀਓ ਚੰਨ ਪ੍ਰਦੇਸੀ

ਫੋਨ 832-225-5354 'ਤੇ ਕਾਲ ਕਰਕੇ ਅਤੇ ਵੈਬਸਾਈਟ www.channpardesi.com ਰਾਹੀਂ 24 ਘੰਟੇ 7 ਦਿਨ ਸੁਣੋ

ਹੋਰ ਜਾਣਕਾਰੀ ਲਈ ਕਾਲ ਕਰੋ

ਦਰਸ਼ਨ ਸਿੰਘ ਬਸਰਾਓਂ, ਫੋਨ: 815-557-4991

ਸਰਵਣ ਸਿੰਘ ਟਿਵਾਣਾ, ਫੋਨ:219-670-4579



Freeway Travel Inc

ਸਸਤੀਆਂ ਟਿਕਟਾਂ, ਖਰਾ ਸੌਦਾ, ਬਿਹਤਰ ਸਰਵਿਸ

Call Raju

Tel: 773-973-0200

Fax: 773-973-0557

2542 W Devon Ave. Chicago IL 60659



ਪੰਜਾਬੀਆਂ ਦੀ ਪਹਿਲੀ ਪਸੰਦ-ਡੀ ਜੇ ਮਾਵੀ

DJ MAVI

Professional entertainment for all occasions

DJ, M.C, Laser Lights, Large Sound Systems

We also offer: Dhol Players, Bhangra Dancers, and Up-Lighting

Ohio, Indiana, Kentucky, Michigan, West Virginia, Tennessee, Illinois

ਵਿਆਹ-ਸ਼ਾਦੀ, ਵਰ੍ਹੇਗੰਢ, ਜਨਮ ਦਿਨ, ਗ੍ਰੈਜੁਏਸ਼ਨਾਂ, ਸਵੀਟ-16, ਮਹਿੰਦੀ-ਸੰਗੀਤ, ਜਾਗੋ ਤੇ ਹੋਰ ਬਹੁਤ ਕੁਝ...

*We will make your event memorable for years to come*

10 years of experience** Top of the line equipment

**More than 75,000 Songs **Up to 10,000 Watts of Sound**

ਖੁਸ਼ੀ ਦਾ ਮੌਕਾ ਵੱਡਾ ਹੋਵੇ ਜਾਂ ਛੋਟਾ, ਡੀ ਜੇ ਮਾਵੀ ਨੂੰ ਯਾਦ ਰੱਖੋ

ਫੋਨ: 513-885-1679

Deejaymavi@yahoo.com WWW.DJMAVI.NET



Individual & Business Taxes, Accounting, Payroll & Financial Consulting Services.

ਆਪਣੇ ਟੈਕਸ ਸਮੇਂ ਸਿਰ ਦਾਇਰ ਕਰੋ

ਅਸੀਂ ਪੰਜਾਬੀ, ਹਿੰਦੀ, ਗੁਜਰਾਤੀ ਅਤੇ ਅੰਗਰੇਜ਼ੀ ਬੋਲਦੇ ਹਾਂ। ਟੈਕਸ ਬਾਰੇ ਕੋਈ ਵੀ ਸਲਾਹ ਮੁਫਤ ਦਿੰਦੇ ਹਾਂ। ਸਾਡੇ ਪਾਸ 10 ਸਾਲ ਦਾ ਤਜ਼ਰਬਾ ਹੈ।

ਟੈਕਸ ਬਚਾਉਣ ਲਈ ਸੇਵਾ ਦਾ ਮੌਕਾ ਦਿਓ

Ph:248-982-2036

Fax:616-855-5575

Mohan Singh M.COM, MBA (Finance), ACA Master in Taxation. IRS Enrolled agent, Notary Public

Office Location 38969 Cheshire Drive, Northville, MI, 48167

Email : jhand_mohan@yahoo.com; or info@SinghTaxServices.com

For More Detail check our web site at :www.SinghTaxServices.com



ਇੰਡੀਆ ਕਾਲ ਕਰਨ ਲਈ ਸਭ ਤੋਂ ਵਧੀਆ ਤੇ ਭਰੋਸੇਮੰਦ ਸਰਵਿਸ

www.011india.com

$25 3,000 Minutes

$50 • $100 Available

✓ ਵਧੀਆ, ਸਾਫ਼ ਆਵਾਜ਼

✓ ਘਰੋਂ, ਸੈਲ ਫੋਨ ਤੋਂ ਵਰਤੋ

✓ ਇਕ ਮਿੰਟ ਗੱਲ, ਇਕ ਮਿੰਟ ਦੇ ਪੈਸੇ

✓ ਮਿੰਟ ਤੁਹਾਡੇ ਵਰਤਿਆਂ ਹੀ ਖਤਮ ਹੋਣਗੇ

ਸਾਨੂੰ ਗਾਹਕ ਭੇਜੋ ਤੇ ਫਰੀ ਮਿੰਟ ਲਵੋ!

ਇਕੋ ਡੀਲ ਤੇ ਦੋ ਨੰਬਰ ਕੱਠੇ ਚੱਲ ਸਕਦੇ ਹਨ।

ਅਮਰੀਕਾ ਜਾਂ ਕੈਨੇਡਾ ਤੋਂ ਇਕੋ ਰੇਟ

Limited Time Offer. Restrictions & Fees Apply.

800-914-1013 • 408-726-6103



INDIAN BAZAAR ਇੰਡੀਅਨ ਬਜ਼ਾਰ

334 S. Emerson Ave., GREENWOOD, IN 46143

ਹਰ ਤਰ੍ਹਾਂ ਦੀ ਭਾਰਤੀ ਗਰੌਸਰੀ ਅਤੇ ਮਿਠਾਈਆਂ ਲਈ ਮਸ਼ਹੂਰ

- ਤਾਜ਼ਾ ਸਬਜ਼ੀਆਂ ਹਰ ਵੀਰਵਾਰ
- ਸਭ ਧਰਮਾਂ ਦੇ ਧਾਰਮਿਕ ਪ੍ਰੋਗਰਾਮਾਂ ਲਈ 10% ਛੂਟ

ਇਕ ਵਾਰ ਜ਼ਰੂਰ ਦਰਸ਼ਨ ਦਿਓ, ਦੂਜੀ ਵਾਰ ਤੁਸੀਂ ਖੁਦ ਹੀ ਆਓਗੇ ਕਿਉਂਕਿ ਹਰ ਚੀਜ਼ ਤੁਹਾਨੂੰ ਵਧੀਆ ਕੁਆਲਿਟੀ 'ਚ ਅਤੇ ਵਾਜਬ ਰੇਟ 'ਤੇ ਮਿਲੇਗੀ।

ਤੁਹਾਡਾ ਆਪਣਾ ਸਾਫ ਸੁਥਰਾ ਗਰੌਸਰੀ ਸਟੋਰ

ਸੱਤੇ ਦਿਨ ਖੁੱਲ੍ਹਾ-ਸਵੇਰੇ 9 ਵਜੇ ਤੋਂ ਰਾਤ 9 ਵਜੇ ਤੱਕ

Ph: 317-534-5151, 317-997-9140

ਆਪਣੇ ਰੂਪ ਨੂੰ ਚਾਰ ਚੰਨ ਲਾਓ

DESIGNER LEHANGAS, SUITS, SAREES, KIDS WEAR

ਡਿਜ਼ਾਈਨਰ ਲਹਿੰਗੇ, ਸੂਟ ਤੇ ਸਾੜੀਆਂ

ਬੱਚਿਆਂ ਦੀਆਂ ਪੁਸ਼ਾਕਾਂ

Gidha Bhangra Dresess On Rent

Preet BOUTIQUE

ਵਿਆਹ-ਸ਼ਾਦੀ ਦੇ ਸ਼ਗਨਾਂ ਲਈ ਕਲੀਰੇ, ਗਾਨੇ, ਸੁਰਮੇਦਾਨੀ, ਕਿਰਪਾਨ, ਕਲਗੀ, ਸਿਹਰਾ, ਚੂੜਾ, ਜਾਗੋ ਮਟਕੀ, ਪਰਾਂਦੀ ਤੇ ਹੋਰ ਸਭ ਕੁਝ ਮਿਲਦਾ ਹੈ

Call: 317-603-4018, 317-332-1387

E-mail:spkaurus@yahoo.co.in

Facebook preetboutique

ਭਾਰ ਘਟਾਓ, ਰੋਗਾਂ ਤੋਂ ਬਚੋ

ਕੀ ਤੁਸੀਂ ਭਾਰ ਵਧਣ, ਸ਼ੂਗਰ, ਕੋਲੈਸਟਰੋਲ, ਬਲੱਡ ਪ੍ਰੈਸ਼ਰ, ਕਬਜ਼, ਕਮਰ ਦਰਦ, ਜੋੜਾਂ ਦੇ ਦਰਦ, ਹਰਦਮ ਥਕੇ ਰਹਿਣ, ਥੋੜਾ ਜਿਹਾ ਤੁਰਨ ਨਾਲ ਸਾਹ ਚੜ੍ਹਨ ਆਦਿ ਅਲਾਮਤਾਂ ਤੋਂ ਰਾਹਤ ਪਾਉਣਾ ਚਾਹੁੰਦੇ ਹੋ?

> ਸਾਡੀ ਕੰਪਨੀ ਦੀਆਂ ਦੇਸੀ ਦਵਾਈਆਂ ਵਰਤ ਕੇ ਤੁਸੀਂ ਆਪਣਾ ਵਜ਼ਨ ਘਟਾ ਸਕਦੇ ਹੋ। ਇਨ੍ਹਾਂ ਦਵਾਈਆਂ ਦੇ ਕੋਈ ਸਾਈਡ ਇਫੈਕਟ ਵੀ ਨਹੀਂ ਹਨ।

> ਸਾਡੀ ਕੰਪਨੀ ਪਿਛਲੇ 32 ਸਾਲ ਤੋਂ 72 ਦੇਸ਼ਾਂ ਵਿਚ ਹਰਬਲ ਦਵਾਈਆਂ ਨਾਲ ਲੋਕਾਂ ਦੀ ਸੇਵਾ ਕਰ ਰਹੀ ਹੈ।

Safe & Easy Weight Loss

Ph:317-886-4858

www.punjabiweightloss.blogspot.com

www.goherbalife.com/skaur

# ਸਾਕਾ ਨੀਲਾ ਤਾਰਾ ਦਾ ਹਰਜਾਨਾ ਵਸੂਲਣ ਦੀ ਮੰਗ ਨੇ ਜ਼ੋਰ ਫੜਿਆ


## ਸ਼੍ਰੋਮਣੀ ਕਮੇਟੀ ਨੇ ਅਦਾਲਤੀ ਫੀਸ ਜਮ੍ਹਾਂ ਨਹੀਂ ਕਰਵਾਈ

**ਅੰਮ੍ਰਿਤਸਰ:** ਸਾਕਾ ਨੀਲਾ ਤਾਰਾ ਸਮੇਂ ਹੋਏ ਨੁਕਸਾਨ ਦਾ ਹਰਜਾਨਾ ਵਸੂਲਣ ਦੀ ਮੰਗ ਇਕ ਵਾਰ ਫਿਰ ਜ਼ੋਰ ਫੜਨ ਲੱਗੀ ਹੈ। ਇਸ ਸਬੰਧੀ ਕੇਂਦਰ ਸਰਕਾਰ ਖ਼ਿਲਾਫ਼ ਕੀਤੇ ਕੇਸ ਨੂੰ ਮੁੜ ਸ਼ੁਰੂ ਕਰਨ ਬਾਰੇ ਸ਼੍ਰੋਮਣੀ ਕਮੇਟੀ ਵੱਲੋਂ ਇਹ ਮਾਮਲਾ ਜਲਦੀ ਹੀ ਅੰਤ੍ਰਿੰਗ ਕਮੇਟੀ ਵਿਚ ਵਿਚਾਰਿਆ ਜਾਵੇਗਾ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਆਖਿਆ ਹੈ ਕਿ ਉਹ ਇਸ ਮਾਮਲੇ ਨੂੰ ਜਲਦੀ ਹੀ ਅੰਤ੍ਰਿੰਗ ਕਮੇਟੀ ਵਿਚ ਰੱਖਣਗੇ ਤੇ ਇਸ ਬਾਰੇ ਅਗਲਾ ਫੈਸਲਾ ਲੈਣਗੇ। ਉਨ੍ਹਾਂ ਆਖਿਆ ਕਿ ਭਾਵੇਂ ਸਾਰੇ ਅਧਿਕਾਰ ਉਨ੍ਹਾਂ ਕੋਲ ਹਨ ਪਰ ਕਰੋੜਾਂ ਰੁਪਏ ਦੀ ਅਦਾਲਤੀ ਫੀਸ ਜਮ੍ਹਾਂ ਕਰਾਉਣ ਤੋਂ ਪਹਿਲਾਂ ਉਹ ਇਸ ਮਾਮਲੇ ਵਿਚ ਅੰਤ੍ਰਿੰਗ ਕਮੇਟੀ ਦੀ ਸਹਿਮਤੀ ਲੈਣਗੇ।

ਉਨ੍ਹਾਂ ਆਖਿਆ ਕਿ ਜੇ ਅੰਤ੍ਰਿੰਗ ਕਮੇਟੀ ਨੇ ਹਾਮੀ ਭਰੀ ਤਾਂ ਇਸ ਮਾਮਲੇ ਵਿਚ ਵਕੀਲਾਂ ਰਾਹੀਂ ਉੱਚ ਅਦਾਲਤ ਵਿਚ ਅਰਜ਼ੀ ਦਾਇਰ ਕਰਕੇ ਤਾਰੀਖ਼ ਨੂੰ ਅਗਾਂਹ ਵਧਾਇਆ ਜਾਵੇਗਾ। ਉਨ੍ਹਾਂ ਆਖਿਆ ਕਿ ਸਾਕਾ ਨੀਲਾ ਤਾਰਾ ਤੇ ਨਵੰਬਰ 1984 ਦੇ ਸਿੱਖ ਕਤਲੇਆਮ ਦੇ ਮਾਮਲੇ ਵਿਚ ਹੁਣ ਤਕ ਸਿੱਖ ਕੌਮ ਨੂੰ ਨਿਆਂ ਨਹੀਂ ਮਿਲਿਆ। ਅਜਿਹੇ ਮਾਮਲਿਆਂ ਵਿਚ ਨਿਆਂ ਦੇਰ ਨਾਲ ਮਿਲਣਾ ਨਿਆਂ ਨਾ ਮਿਲਣ ਦੇ ਬਰਾਬਰ ਹੈ। ਸਾਕਾ ਨੀਲਾ ਤਾਰਾ ਦੇ ਹਰਜਾਨੇ ਦੇ ਮਾਮਲੇ ਵਿਚ ਵੀ ਇਹੀ ਕੁਝ ਹੋਇਆ ਹੈ।

ਲੰਮੇ ਅਰਸੇ ਬਾਅਦ ਅਦਾਲਤ ਨੇ ਫੀਸ ਜਮ੍ਹਾਂ ਕਰਾਉਣ ਲਈ ਹਦਾਇਤ ਕੀਤੀ ਹੈ। ਉਨ੍ਹਾਂ ਇਸ ਮਾਮਲੇ ਵਿਚ ਅਦਾਲਤ ਨੂੰ ਅਪੀਲ ਕੀਤੀ ਸੀ ਕਿ ਪਹਿਲਾਂ ਇਹ ਤੈਅ ਕਰ ਦਿੱਤਾ ਜਾਵੇ ਕਿ ਕੀ ਇਸ ਕੇਸ ਨੂੰ ਵਿਚਾਰਨ ਯੋਗ ਮੰਨਿਆ ਜਾਵੇਗਾ ਜਾਂ ਨਹੀਂ ਪਰ ਇਸ ਮਾਮਲੇ ਵਿਚ ਅਦਾਲਤ ਨੇ ਕੋਈ ਸੁਣਵਾਈ ਕਰਨ ਦੀ ਥਾਂ ਸਿੱਧੀ ਹਦਾਇਤ ਕੀਤੀ ਹੈ ਕਿ ਪਹਿਲਾਂ ਲੋੜੀਂਦੀ ਫੀਸ ਜਮ੍ਹਾਂ ਕਰਾਈ ਜਾਵੇ ਤੇ ਮਗਰੋਂ ਹੀ ਕੇਸ ਦੇ ਵਿਚਾਰਨਯੋਗ ਹੋਣ ਬਾਰੇ ਫੈਸਲਾ ਹੋਵੇਗਾ।

ਜੂਨ 1984 ਵਿਚ ਸ੍ਰੀ ਦਰਬਾਰ ਸਾਹਿਬ ਸਮੂਹ 'ਤੇ ਕੀਤੇ ਫੌਜੀ ਹਮਲੇ ਨੀਲਾ ਤਾਰਾ ਸਮੇਂ ਇਥੇ ਭਾਰੀ ਜਾਨੀ ਤੇ ਮਾਲੀ ਨੁਕਸਾਨ ਹੋਇਆ ਸੀ। ਇਸ ਹਮਲੇ ਵਿਚ ਹਜ਼ਾਰਾਂ ਵਿਅਕਤੀ ਮਾਰੇ ਗਏ ਸਨ ਤੇ ਕਈ ਇਤਿਹਾਸਕ ਇਮਾਰਤਾਂ ਨੂੰ ਨੁਕਸਾਨ ਪੁੱਜਾ ਸੀ। ਇਸ ਦੌਰਾਨ ਬਹੁਮੁੱਲੇ ਇਤਿਹਾਸਕ ਦਸਤਾਵੇਜ਼ ਵੀ ਨੁਕਸਾਨੇ ਗਏ ਸਨ। 1985 ਵਿਚ ਸ਼੍ਰੋਮਣੀ ਕਮੇਟੀ ਵੱਲੋਂ ਇਸ ਬਾਰੇ



ਉਸ ਵੇਲੇ ਦੀ ਕੇਂਦਰ ਸਰਕਾਰ ਦੇ ਖਿਲਾਫ ਇਕ ਹਜ਼ਾਰ ਕਰੋੜ ਰੁਪਏ ਦੇ ਹਰਜਾਨੇ ਲਈ ਦਾਅਵਾ ਅੰਮ੍ਰਿਤਸਰ ਦੀ ਅਦਾਲਤ ਵਿਚ ਦਾਇਰ ਕੀਤਾ ਗਿਆ ਸੀ ਜੋ ਮਗਰੋਂ ਦਿੱਲੀ ਹਾਈ ਕੋਰਟ ਵਿਚ ਤਬਦੀਲ ਹੋ ਗਿਆ।

ਇਸ ਦਾਅਵੇ ਰਾਹੀਂ ਸ਼੍ਰੋਮਣੀ ਕਮੇਟੀ ਨੇ ਸਾਕਾ ਨੀਲਾ ਤਾਰਾ ਸਮੇਂ ਇਥੇ ਹੋਏ ਜਾਨੀ ਮਾਲੀ ਨੁਕਸਾਨ ਲਈ ਕੇਂਦਰ ਸਰਕਾਰ ਨੂੰ ਜ਼ਿੰਮੇਵਾਰ ਠਹਿਰਾਉਂਦਿਆਂ ਇਕ ਹਜ਼ਾਰ ਕਰੋੜ ਰੁਪਏ ਦੇ ਹਰਜਾਨੇ ਦੀ ਮੰਗ ਕੀਤੀ ਸੀ। ਲੰਮੇ ਸਮੇਂ ਬਾਅਦ ਹੁਣ ਇਸ ਮਾਮਲੇ ਵਿਚ ਉੱਚ ਅਦਾਲਤ ਨੇ ਸ਼੍ਰੋਮਣੀ ਕਮੇਟੀ ਨੂੰ ਹਦਾਇਤ ਕੀਤੀ ਹੈ ਕਿ ਉਹ ਆਪਣੇ ਹਰਜਾਨੇ ਦੇ ਦਾਅਵੇ ਬਾਰੇ ਲੋੜੀਂਦੀ ਫੀਸ ਅੱਠ ਹਫਤਿਆਂ ਵਿਚ ਅਦਾਲਤ ਵਿਚ ਜਮ੍ਹਾਂ ਕਰਾਏ ਤਾਂ ਜੋ ਇਸ ਕੇਸ ਬਾਰੇ ਅਗਲੀ ਕਾਰਵਾਈ ਹੋ ਸਕੇ।

ਅਦਾਲਤ ਵੱਲੋਂ ਤੈਅ ਕੀਤੇ ਸਮੇਂ ਅਨੁਸਾਰ ਇਹ ਹੱਦ 15 ਮਾਰਚ ਨੂੰ ਖ਼ਤਮ ਹੋ ਗਈ ਹੈ। ਇਸ ਬਾਰੇ ਗੱਲ ਕਰਦਿਆਂ ਸ਼੍ਰੋਮਣੀ ਕਮੇਟੀ ਦੇ ਸਾਬਕਾ ਪ੍ਰਧਾਨ ਬਲਦੇਵ ਸਿੰਘ ਸਿਬੀਆ ਨੇ ਦੱਸਿਆ ਕਿ 1990 ਤੋਂ 91 ਦੌਰਾਨ ਉਹ ਖੁਦ ਵੀ ਇਸ ਕੇਸ ਨੂੰ ਲੈ ਕੇ ਅਦਾਲਤ ਵਿਚ ਪੇਸ਼ ਹੁੰਦੇ ਰਹੇ ਹਨ। ਉਸ ਵੇਲੇ ਅਦਾਲਤ ਵਿਚ ਸ਼੍ਰੋਮਣੀ ਕਮੇਟੀ ਨੇ ਮੁਫਲਿਸੀ ਦਾਅਵਾ (ਪੱਪਰ ਕੇਸ) ਦਾਇਰ ਕੀਤਾ ਸੀ ਜਿਸ ਵਿਚ ਲੋੜੀਂਦੀ ਫੀਸ ਦੇਣ ਤੋਂ ਛੋਟ ਹੁੰਦੀ ਹੈ ਪਰ ਅਦਾਲਤ ਨੇ ਹੁਣ ਇਸ ਨੂੰ ਮੁਫਲਿਸੀ ਦਾਅਵਾ ਮੰਨਣ ਤੋਂ ਇਨਕਾਰ ਕਰ ਦਿੱਤਾ ਤੇ ਲੋੜੀਂਦੀ ਫੀਸ ਮੰਗੀ ਹੈ।

ਉਨ੍ਹਾਂ ਆਖਿਆ ਕਿ ਇਸ ਮਾਮਲੇ ਵਿਚ ਅਦਾਲਤ ਨੇ ਭਾਵੇਂ ਮੁਫਲਿਸੀ ਦਾਅਵੇ ਨੂੰ ਸਵਿਕਾਰ ਨਹੀਂ ਕੀਤਾ ਪਰ ਸ਼੍ਰੋਮਣੀ ਕਮੇਟੀ ਨੂੰ ਅਦਾਲਤ ਦੀਆਂ ਹਦਾਇਤਾਂ ਅਨੁਸਾਰ ਲੋੜੀਂਦੀ ਫੀਸ ਜਮ੍ਹਾਂ ਕਰਾ ਕੇ ਇਸ ਕੇਸ ਨੂੰ ਅਗਾਂਹ ਤੋਰਨਾ ਚਾਹੀਦਾ ਹੈ। ਇਹ ਕੇਸ ਜੇਕਰ ਸ਼੍ਰੋਮਣੀ ਕਮੇਟੀ ਦੇ ਹੱਕ ਵਿਚ ਹੁੰਦਾ ਹੈ ਤਾਂ ਇਸ ਨਾਲ ਇਹ ਵੀ ਸਾਬਤ ਹੋਵੇਗਾ ਕਿ ਉਸ ਵੇਲੇ ਦੀ ਕੇਂਦਰ ਸਰਕਾਰ ਦਾ ਫੈਸਲਾ ਜਾਇਜ਼ ਨਹੀਂ ਸੀ ਤੇ ਜੇ ਸ਼੍ਰੋਮਣੀ ਕਮੇਟੀ ਇਸ ਕੇਸ ਨੂੰ ਛੱਡਦੀ ਹੈ ਤਾਂ ਕੇਂਦਰ ਸਰਕਾਰ ਦਾ ਫੈਸਲਾ ਜਾਇਜ਼ ਸਾਬਤ ਹੁੰਦਾ ਹੈ।

ਉਨ੍ਹਾਂ ਆਖਿਆ ਕਿ ਉਸ ਵੇਲੇ ਇਹ ਕੇਸ ਸ਼੍ਰੋਮਣੀ ਕਮੇਟੀ ਦੇ ਮਰਹੂਮ ਪ੍ਰਧਾਨ ਜਥੇਦਾਰ ਗੁਰਚਰਨ ਸਿੰਘ ਟੋਹੜਾ ਨੇ ਦਾਇਰ ਕੀਤਾ ਸੀ ਤੇ ਲੰਮਾ ਸਮਾਂ ਇਸ ਦੀ ਪੈਰਵਾਈ ਵੀ ਕੀਤੀ। ਉਨ੍ਹਾਂ ਆਖਿਆ ਕਿ ਇਸ ਕੇਸ ਨੂੰ ਲੋੜੀਂਦੀ ਅਦਾਲਤੀ ਫੀਸ ਕਾਰਨ ਵਿਚਾਲੇ ਨਹੀਂ ਛੱਡਣਾ ਚਾਹੀਦਾ। ਭਾਵੇਂ ਇਸਦੀ ਤਰੀਕ ਲੰਘ ਗਈ ਹੈ ਪਰ ਇਸ ਮਾਮਲੇ ਵਿਚ ਸ਼੍ਰੋਮਣੀ ਕਮੇਟੀ ਇਕ ਨਵੀਂ ਅਰਜ਼ੀ ਦਾਇਰ ਕਰਕੇ ਇਸ ਤਰੀਕ ਨੂੰ ਹੋਰ ਅਗਾਂਹ ਵਧਾ ਸਕਦੀ ਹੈ।

# ਸੜਕ ਹਾਦਸੇ ਵਿਚ ਗਾਇਕ ਸੁਖਰਾਜ ਔਜਲਾ ਦੀ ਮੌਤ

**ਬਟਾਲਾ:** ਔਜਲਾ ਬ੍ਰਦਰਜ਼ ਜੋੜੀ 'ਤੇ ਉਦੋਂ ਦੁਖਾਂ ਦਾ ਪਹਾੜ ਟੁੱਟ ਪਿਆ ਜਦੋਂ ਗਾਇਕ ਸੁਖਰਾਜ ਔਜਲਾ ਦਾ ਸੜਕ ਹਾਦਸੇ ਵਿਚ ਦੇਹਾਂਤ ਹੋ ਗਿਆ। ਉਹ ਆਪਣੀ ਪਤਨੀ ਦੇ ਨਾਲ ਇਕ ਸਮਾਗਮ ਤੋਂ ਆਪਣੇ ਪਿੰਡ ਔਜਲਾ ਪਰਤ ਰਹੇ ਸਨ ਤੇ ਬਟਾਲਾ ਨਜ਼ਦੀਕ ਕਾਲਾ ਅਫਗਾਨਾਂ ਵਿਖੇ ਉਨ੍ਹਾਂ ਦੀ ਕਾਰ ਦਰੱਖ਼ਤ ਨਾਲ ਟਕਰਾ ਗਈ। ਇਸ ਹਾਦਸੇ ਵਿਚ ਉਨ੍ਹਾਂ ਦੀ ਪਤਨੀ ਰਣਜੀਤ ਕੌਰ ਗੰਭੀਰ ਜ਼ਖਮੀ ਹੋ ਗਈ। ਸੁਖਰਾਜ ਔਜਲਾ ਉਰਫ ਸੰਤੋਖ ਸਿੰਘ ਨੇ ਆਪਣੇ ਭਰਾ ਅਨੋਖ ਔਜਲਾ ਨਾਲ ਰਲ ਕੇ ਨਿਵੇਕਲੀ ਕਿਸਮ ਦੀ ਗਾਇਕੀ ਦਾ ਰੰਗ ਬੰਨ੍ਹਿਆ ਸੀ। ਰੰਗਲੀ ਮਧਾਣੀ ਬਾਹਵਾਂ ਗੋਰੀਆਂ, ਮੈਂ ਚਾਈਂ ਚਾਈਂ ਦੁੱਧ ਰਿੜਕਾ, ਨਿੰਮੀ ਨਿੰਮੀ ਤਾਰਿਆਂ ਦੀ ਲੋਅ ਵਰਗੇ ਚਰਚਿਤ ਗੀਤਾਂ ਵਾਲੀ ਇਸ ਗਾਇਕ ਜੋੜੀ ਨੇ ਦੇਸ਼ ਤੇ ਵਿਦੇਸ਼ ਦੇ ਵਿਚ ਪੰਜਾਬੀ ਸੱਭਿਆਚਾਰ ਤੇ ਪੰਜਾਬੀ ਜ਼ੁਬਾਨ ਦੀ ਪੰਜਾਬੀ ਪਹਿਰਾਵੇ ਦੇ ਵਿਚ ਤਰਜ਼ਮਾਨੀ ਕੀਤੀ। ਸੁਖਰਾਜ ਔਜਲਾ ਨੇ ਅਸ਼ਲੀਲ ਤੇ ਲੱਚਰ ਗਾਇਕੀ ਦਾ ਸਹਾਰਾ ਨਹੀਂ ਲਿਆ। ਇਸ ਘਟਨਾ ਤੋਂ ਬਾਅਦ ਇਲਾਕੇ ਤੇ ਕਲਾਕਾਰ ਜਗਤ ਵਿਚ ਸੋਗ ਦੀ ਲਹਿਰ ਦੌੜ ਗਈ ਹੈ। ਇਸ ਮੌਕੇ ਸੁਖਰਾਜ ਔਜਲਾ ਦੀ ਮੌਤ 'ਤੇ ਸੂਫ਼ੀ ਗਾਇਕਾ, ਪਦਮਸ੍ਰੀ ਪੂਰਨ ਚੰਦ-



ਪਿਆਰੇ ਲਾਲ ਵਡਾਲੀ ਭਰਾ, ਲਖਵਿੰਦਰ ਵਡਾਲੀ, ਦਲਵਿੰਦਰ ਦਿਆਲਪੁਰੀ, ਰੰਜਨਾ, ਸਇਦਾ ਬੇਗਮ, ਵੀਡੀਓ ਨਿਰਦੇਸ਼ਕ ਸੱਗੀ ਬਾਸ ਤੇ ਹੋਰਾਂ ਨੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਉਨ੍ਹਾਂ ਦਾ ਜਨਮ ਪਿੰਡ ਔਜਲਾ ਵਿਖੇ ਕਾਂਗਰਸੀ ਆਗੂ ਸੋਹਣ ਸਿੰਘ ਔਜਲਾ ਦੇ ਘਰ ਮਾਤਾ ਪ੍ਰਕਾਸ਼ ਕੌਰ ਦੀ ਕੁੱਖੋਂ ਹੋਇਆ। ਉਹ ਪਿੰਡ ਵਡਾਲਾ ਬਾਂਗਰ ਦੇ ਸਰਕਾਰੀ ਮਿਡਲ ਸਕੂਲ ਵਿਖੇ ਪਿਛਲੇ ਬਾਰ੍ਹਾਂ ਸਾਲਾਂ ਤੋਂ ਬਤੌਰ ਪੰਜਾਬੀ ਅਧਿਆਪਕ ਵਜੋਂ ਤਾਲੀਮ ਦੇ ਰਹੇ ਹਨ। ਔਜਲਾ ਬ੍ਰਦਰਜ ਵੱਲੋਂ 'ਖਾਲਸੇ' ਦੇ ਨਾਂ ਹੇਠ ਜਲਦ ਹੀ ਧਾਰਮਿਕ ਐਲਬਮ ਵੀ ਰਿਲੀਜ਼ ਹੋਣ ਵਾਲੀ ਹੈ। ਸੰਤੋਖ ਸਿੰਘ ਔਜਲਾ ਆਪਣੇ ਪਿੱਛੇ ਦੋ ਲੜਕੇ ਛੱਡ ਗਏ ਹਨ।

# ਉਰਮਿਲਾ ਆਨੰਦ ਦਾ ਦੇਹਾਂਤ

**ਜਲੰਧਰ:** ਨਵਾਂ ਜ਼ਮਾਨਾ ਦੇ ਮੁੱਖ ਸੰਪਾਦਕ ਕਾਮਰੇਡ ਜਗਜੀਤ ਸਿੰਘ ਆਨੰਦ ਦੀ ਪਤਨੀ ਤੇ ਨਾਮਵਰ ਪੰਜਾਬੀ ਲੇਖਕ ਗੁਰਬਖਸ਼ ਸਿੰਘ ਪ੍ਰੀਤਲੜੀ ਦੀ ਪੁੱਤਰੀ ਉਰਮਿਲਾ ਆਨੰਦ ਦਾ ਪਿਛਲੇ ਦਿਨੀਂ ਦੇਹਾਂਤ ਹੋ ਗਿਆ। ਉਹ ਪਿਛਲੇ ਇਕ ਮਹੀਨੇ ਤੋਂ ਬਿਮਾਰ ਚਲੇ ਆ ਰਹੇ ਸਨ। ਉਨ੍ਹਾਂ ਨੂੰ ਇਥੇ ਪ੍ਰਾਈਵੇਟ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ ਜਿਥੇ ਆਪ੍ਰੇਸ਼ਨ ਤੋਂ ਬਾਅਦ ਉਨ੍ਹਾਂ ਦੀ ਹਾਲਤ ਵਿਗੜ ਗਈ। 14 ਮਾਰਚ ਨੂੰ ਦੁਪਹਿਰ ਦੋ ਵਜੇ ਉਨ੍ਹਾਂ ਆਖਰੀ ਸਾਹ ਲਿਆ।

ਉਨ੍ਹਾਂ ਦਾ ਇਕ ਬੇਟਾ ਸੁਕੀਰਤ ਆਨੰਦ ਤੇ ਇਕ ਬੇਟੀ ਸੁਅੰਗਣਾ ਹੈ ਜੋ ਦਿੱਲੀ ਵਿਚ ਰਹਿੰਦੀ ਹੈ। ਉਹ ਇਸਤਰੀ ਲਹਿਰ ਦੇ ਮੋਢੀਆਂ ਵਿਚੋਂ ਸਨ। ਯਾਦ ਰਹੇ ਕਿ ਉਰਮਿਲਾ ਆਨੰਦ ਛੋਟੀ ਉਮਰੇ ਸਿਆਸਤ ਵਿਚ ਹਿੱਸਾ ਲੈਣ ਲੱਗ ਪਏ ਸਨ ਤੇ 'ਕੱਢ ਦਿਓ ਬਾਹਰ ਫਰੰਗੀ ਨੂੰ' ਨਾਟਕ ਵਿਚ ਹਿੱਸਾ ਲੈਣ 'ਤੇ ਆਜ਼ਾਦੀ ਤੋਂ ਪਹਿਲਾਂ 1946 ਵਿਚ ਉਨ੍ਹਾਂ ਨੂੰ ਲਾਹੌਰ ਵਿਚ ਗ੍ਰਿਫ਼ਤਾਰ ਕੀਤਾ ਗਿਆ। ਉਨ੍ਹਾਂ ਦੋ ਕਿਤਾਬਾਂ 'ਧਰੇਕ ਪੁੰਗਰ ਪਈ' ਤੇ 'ਪ੍ਰੀਤ ਨਗਰ ਬੁਝਦੇ ਪ੍ਰਛਾਵੇਂ' ਪੰਜਾਬੀ ਸਾਹਿਤ ਦੀ ਝੋਲੀ ਪਾਈਆਂ।

# ਵਿਦੇਸ਼ ਜਾਣ ਵਾਲੇ ਅਧਿਆਪਕਾਂ 'ਤੇ ਸ਼ਿਕੰਜਾ ਕੱਸਿਆ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਗੌਰਮਿੰਟ ਕਾਲਜ ਅਧਿਆਪਕਾਂ ਦੇ ਹਵਾਈ ਜਹਾਜ਼ਾਂ ਦੇ ਝੂਟੇ ਬੰਦ ਕਰ ਦਿੱਤੇ ਹਨ। ਇਕ ਨਵੇਂ ਫੈਸਲੇ ਅਨੁਸਾਰ ਗੌਰਮਿੰਟ ਕਾਲਜਾਂ ਦੇ ਅਧਿਆਪਕ ਵਿਦੇਸ਼ ਜਾਣ ਲਈ ਸਿਰਫ ਇਕ ਮਹੀਨੇ ਦੀ ਐਕਸ ਇੰਡੀਆ ਲੀਵ ਲੈ ਸਕਣਗੇ ਤੇ ਛੁੱਟੀ ਮਨਜ਼ੂਰ ਕਰਨ ਦਾ ਅਧਿਕਾਰ ਉੱਚ ਸਿੱਖਿਆ ਮੰਤਰੀ ਨੇ ਆਪਣੇ ਕੋਲ ਰੱਖ ਲਿਆ ਹੈ। ਇਕ ਮਹੀਨੇ ਦੀ ਐਕਸ ਇੰਡੀਆ ਲੀਵ ਲਈ ਅਰਜ਼ੀ ਦੇਣ ਵੇਲੇ ਇਕ ਹਲਫੀਆ ਬਿਆਨ ਦੇਣਾ ਹੋਵੇਗਾ ਕਿ ਅਧਿਆਪਕ ਦੇ ਛੁੱਟੀ ਖਤਮ ਹੋਣ ਤੋਂ ਪਹਿਲਾਂ ਡਿਊਟੀ 'ਤੇ ਨਾ ਪਰਤਣ ਦੀ ਸੂਰਤ ਵਿਚ ਇਸ ਨੂੰ ਅਸਤੀਫਾ ਮੰਨ ਲਿਆ ਜਾਵੇ।

ਇੱਥੇ ਹੀ ਬੱਸ ਨਹੀਂ ਵਿਦੇਸ਼ ਤੋਂ ਪਰਤ ਕੇ ਅਧਿਆਪਕ ਕੋਲੋਂ ਆਪਣੇ ਕਾਲਜ ਵਿਚ ਡਿਊਟੀ ਜੁਆਇੰਨ ਕਰਨ ਦਾ ਹੱਕ ਵੀ ਲੈ ਲਿਆ ਗਿਆ ਹੈ। ਉਸ ਨੂੰ ਆਪਣੀ ਹਾਜ਼ਰੀ ਚੰਡੀਗੜ੍ਹ ਸਥਿਤ ਮੁੱਖ ਦਫਤਰ ਵਿਚ ਲਾਉਣੀ ਪਵੇਗੀ। ਸਾਲ 2007 ਤਕ ਉੱਚ ਸਿੱਖਿਆ ਵਿਭਾਗ ਦੇ ਡਾਇਰੈਕਟਰ ਕੋਲ ਕਾਲਜ ਅਧਿਆਪਕਾਂ ਦੀ ਇਕ ਸਾਲ ਦੀ ਐਕਸ ਇੰਡੀਆ ਲੀਵ ਪ੍ਰਵਾਨ ਕਰਨ ਦਾ ਅਧਿਕਾਰ ਸੀ। ਉਸ ਤੋਂ ਵੱਧ ਤਿੰਨ ਸਾਲਾਂ ਦੀ ਛੁੱਟੀ ਲਈ ਵਿਭਾਗ ਦੇ ਸਕੱਤਰ ਨੂੰ ਅਖ਼ਤਿਆਰ ਦਿੱਤੇ ਗਏ ਸਨ। ਉਸ ਵੇਲੇ ਦੀ ਸਿੱਖਿਆ ਮੰਤਰੀ ਉਪਿੰਦਰਜੀਤ ਕੌਰ ਨੇ ਐਕਸ ਇੰਡੀਆ ਲੀਵ ਦੇ ਸਾਰੇ ਅਧਿਕਾਰ ਆਪਣੇ ਕੋਲ ਲੈ ਲਏ ਸਨ। ਉਸ ਤੋਂ ਬਾਅਦ ਜਦੋਂ ਸੇਵਾ ਸਿੰਘ ਸੇਖਵਾਂ ਉੱਚ ਸਿੱਖਿਆ ਮੰਤਰੀ ਬਣੇ ਤਾਂ ਉਨ੍ਹਾਂ ਨੇ ਤਿੰਨ ਮਹੀਨੇ ਤਕ ਅਧਿਆਪਕਾਂ ਦੀ ਐਕਸ ਇੰਡੀਆ ਲੀਵ ਦਾ ਅਖ਼ਤਿਆਰ ਸਕੱਤਰ ਨੂੰ ਦੇ ਦਿੱਤਾ ਤੇ ਉਸ ਤੋਂ ਵੱਧ ਸਮੇਂ ਲਈ ਛੁੱਟੀ ਮਨਜ਼ੂਰ ਕਰਨ ਦੇ ਅਧਿਕਾਰ ਆਪਣੇ ਕੋਲ ਰੱਖ ਲਏ ਸਨ। ਨਵੇਂ ਨਿਯਮਾਂ ਅਨੁਸਾਰ ਅਧਿਆਪਕ ਨੂੰ ਐਕਸ ਇੰਡੀਆ ਲੀਵ ਲਈ ਤਿੰਨ ਮਹੀਨੇ ਪਹਿਲਾਂ ਅਪਲਾਈ ਕਰਨਾ ਪਵੇਗਾ। ਪੰਜਾਬ ਵਿਚ ਗੌਰਮਿੰਟ ਕਾਲਜਾਂ ਦੀ ਗਿਣਤੀ 46 ਹੈ। ਇਨ੍ਹਾਂ ਕਾਲਜਾਂ ਵਿਚ ਅਧਿਆਪਕਾਂ ਦੀਆਂ ਮਨਜ਼ੂਰਸ਼ੁਦਾ ਆਸਾਮੀਆਂ ਦੀ ਗਿਣਤੀ 1873 ਹੈ ਪਰ ਇਨ੍ਹਾਂ ਵਿਚੋਂ 1123 ਖ਼ਾਲੀ ਪਈਆਂ ਹਨ। ਸੱਤ ਕਾਲਜਾਂ ਵਿੱਚ ਪ੍ਰਿੰਸੀਪਲ ਨਹੀਂ ਹਨ।

# ਸ਼੍ਰੋਮਣੀ ਕਮੇਟੀ ਵੱਲੋਂ ਇਮਾਰਤਾਂ ਬਣਾਉਣ 'ਤੇ ਹੀ ਜ਼ੋਰ

## ਧਰਮ ਪ੍ਰਚਾਰ ਲਈ 9 ਕਰੋੜ, ਇਮਾਰਤਾਂ ਲਈ 510 ਕਰੋੜ

**ਅੰਮ੍ਰਿਤਸਰ:** ਸਿੱਖਾਂ ਦੀ ਮਿੰਨੀ ਸੰਸਦ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਵਿੱਤੀ ਵਰ੍ਹੇ 2013-14 ਲਈ ਤਕਰੀਬਨ 806 ਕਰੋੜ, 8 ਲੱਖ, 62 ਹਜ਼ਾਰ ਰੁਪਏ ਦਾ ਸਾਲਾਨਾ ਬਜਟ ਅੰਤ੍ਰਿੰਗ ਕਮੇਟੀ ਵਲੋਂ ਪ੍ਰਵਾਨ ਕੀਤਾ ਗਿਆ ਜੋ ਪਿਛਲੇ ਵਰ੍ਹੇ ਨਾਲੋਂ ਲਗਪਗ 21 ਫੀਸਦੀ ਵੱਧ ਹੈ। ਪਿਛਲੇ ਵਰ੍ਹੇ 665 ਕਰੋੜ, 46 ਲੱਖ ਰੁਪਏ ਦਾ ਬਜਟ ਸੀ। ਇਸ ਵਾਰ ਵੀ ਸ਼੍ਰੋਮਣੀ ਕਮੇਟੀ ਵੱਲੋਂ ਵਧੇਰੇ ਧਿਆਨ ਗੁਰਦੁਆਰਿਆਂ ਦੀਆਂ ਇਮਾਰਤਾਂ ਦੀ ਮੁਰੰਮਤ ਤੇ ਉਸਾਰੀ 'ਤੇ ਦਿੱਤਾ ਗਿਆ ਹੈ ਪਰ ਵਿਦਿਆ ਦੇ ਪਾਸਾਰ ਤੇ ਧਰਮ ਪ੍ਰਚਾਰ ਲਈ ਨਗੂਣੀ ਰਾਸ਼ੀ ਰੱਖੀ ਗਈ ਹੈ। ਧਰਮ ਪ੍ਰਚਾਰ 'ਤੇ ਸਿਰਫ ਨੌਂ ਕਰੋੜ ਰੁਪਏ ਤੇ ਇਮਾਰਤਾਂ ਬਣਾਉਣ 'ਤੇ 510 ਕਰੋੜ ਰੁਪਏ ਰੱਖੇ ਗਏ ਹਨ।

ਸ਼੍ਰੋਮਣੀ ਕਮੇਟੀ ਦਾ ਬਜਟ ਜਨਰਲ ਸਕੱਤਰ ਸੁਖਦੇਵ ਸਿੰਘ ਭੌਰ ਨੇ ਪੇਸ਼ ਕੀਤਾ ਜਿਸ ਨੂੰ ਅੰਤ੍ਰਿੰਗ ਕਮੇਟੀ ਦੇ ਸਮੂਹ ਮੈਂਬਰਾਂ ਨੇ ਸਰਬਸੰਮਤੀ ਨਾਲ ਪ੍ਰਵਾਨਗੀ ਦਿੱਤੀ। ਸ਼੍ਰੋਮਣੀ ਕਮੇਟੀ ਦੇ ਨਵੇਂ ਸਦਨ ਦੀ ਹੋਂਦ ਦਾ ਮਾਮਲਾ ਸੁਪਰੀਮ ਕੋਰਟ ਦੇ ਵਿਚਾਰ ਅਧੀਨ ਹੋਣ ਕਾਰਨ ਇਹ ਦੂਜੀ ਵਾਰ ਹੈ ਜਦੋਂ ਸਿੱਖ ਸੰਸਥਾ ਦਾ



ਸਾਲਾਨਾ ਬਜਟ ਜਨਰਲ ਹਾਊਸ ਵਿਚ ਪੇਸ਼ ਕੀਤੇ ਬਿਨਾਂ ਤੇ ਇਸ ਦੀ ਪ੍ਰਵਾਨਗੀ ਬਿਨਾਂ ਪਾਸ ਕੀਤਾ ਗਿਆ ਹੈ। ਪਿਛਲੇ ਵਰ੍ਹੇ ਵੀ ਅੰਤ੍ਰਿੰਗ ਕਮੇਟੀ ਵਲੋਂ ਹੀ ਸਾਲਾਨਾ ਬਜਟ ਪਾਸ ਕੀਤਾ ਗਿਆ ਸੀ।

ਸ਼੍ਰੋਮਣੀ ਕਮੇਟੀ ਦੀ ਸਾਲਾਨਾ ਆਮਦਨ ਵਿਚ ਹੋਏ ਭਾਰੀ ਵਾਧੇ ਤੋਂ ਬਾਅਦ ਇਸ ਵਾਰ ਬਜਟ ਵਿਚ ਵੀ 21.13 ਫੀਸਦੀ ਵਾਧਾ ਕੀਤਾ ਗਿਆ ਹੈ। ਬਜਟ ਨੂੰ ਸੱਤ ਹਿੱਸਿਆਂ ਵਿਚ ਵੰਡਿਆ ਗਿਆ ਹੈ ਜਿਨ੍ਹਾਂ ਵਿਚ ਜਨਰਲ ਬੋਰਡ ਫੰਡ ਦਾ ਬਜਟ 48 ਕਰੋੜ 40 ਲੱਖ ਰੁਪਏ, ਟਰਸੱਟ ਫੰਡ 31 ਕਰੋੜ 23 ਲੱਖ 92 ਹਜ਼ਾਰ, ਵਿਦਿਆ ਫੰਡ 23 ਕਰੋੜ, 90 ਲੱਖ, ਪ੍ਰਿੰਟਿੰਗ ਪ੍ਰੈਸਾਂ ਦਾ ਛੇ ਕਰੋੜ ਨੌਂ ਲੱਖ, ਧਰਮ ਪ੍ਰਚਾਰ ਕਮੇਟੀ ਦਾ 52 ਕਰੋੜ ਰੁਪਏ, ਸੈਕਸ਼ਨ 85 ਦੇ ਗੁਰਦੁਆਰਿਆਂ ਦਾ 510 ਕਰੋੜ 78 ਲੱਖ ਤੇ ਵਿਦਿਅਕ ਅਦਾਰਿਆਂ ਦਾ ਬਜਟ 133 ਕਰੋੜ 64 ਲੱਖ ਰੁਪਏ ਰੱਖਿਆ ਗਿਆ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਦੱਸਿਆ ਕਿ ਬਜਟ ਦਾ ਵੱਡਾ ਹਿੱਸਾ ਗੁਰਦੁਆਰਿਆਂ ਦੀਆਂ ਇਮਾਰਤਾਂ ਦੀ ਮੁਰੰਮਤ ਤੇ ਨਵ ਉਸਾਰੀ ਲਈ ਰੱਖਿਆ ਗਿਆ ਹੈ ਜੋ ਤਕਰੀਬਨ 510 ਕਰੋੜ 78 ਲੱਖ ਰੁਪਏ ਹੈ। ਪਿਛਲੇ ਵਰ੍ਹੇ ਇਹ ਰਕਮ 421 ਕਰੋੜ 26 ਲੱਖ ਰੁਪਏ ਸੀ। ਉਨ੍ਹਾਂ ਦੱਸਿਆ ਕਿ ਇਸੇ ਤਰ੍ਹਾਂ ਵਿਦਿਆ ਦੇ ਵਧੇਰੇ ਪ੍ਰਚਾਰ ਤੇ ਪ੍ਰਸਾਰ ਦੇ ਬਜਟ ਵਿਚ ਵਾਧਾ ਕੀਤਾ ਗਿਆ ਹੈ। ਸਿੱਖ ਧਰਮ ਦੇ ਪ੍ਰਚਾਰ ਲਈ ਵੀ ਇਸ ਵਾਰ ਨੌਂ ਕਰੋੜ ਰੁਪਏ ਵਧੇਰੇ ਰੱਖੇ ਗਏ ਹਨ। ਜਨਰਲ ਬੋਰਡ ਫੰਡ 43 ਕਰੋੜ 40 ਲੱਖ ਰੁਪਏ ਤੋਂ ਵਧਾ ਕੇ 48 ਕਰੋੜ 40 ਲੱਖ, ਟਰੱਸਟ ਫੰਡ 23 ਕਰੋੜ 61 ਲੱਖ ਤੋਂ ਵਧਾ ਕੇ 31 ਕਰੋੜ 23 ਲੱਖ ਰੁਪਏ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਸ਼੍ਰੋਮਣੀ ਕਮੇਟੀ ਵਲੋਂ ਕਬੱਡੀ ਵਾਂਗ ਹਾਕੀ ਦੀ ਟੀਮ ਬਣਾਉਣ ਤੇ ਇਸ ਖੇਡ ਨੂੰ ਉਤਸ਼ਾਹਤ ਕਰਨ ਲਈ ਵਿਸ਼ੇਸ਼ ਤਵੱਜੋ ਦਿੱਤੀ ਜਾਵੇਗੀ। ਕੈਂਸਰ ਰਲੀਫ ਫੰਡ ਵਿਚ ਵੀ ਵੱਡਾ ਵਾਧਾ ਕੀਤਾ ਗਿਆ ਹੈ। ਇਸ ਤੋਂ ਇਲਾਵਾ ਕਮੇਟੀ ਵੱਲੋਂ ਸ਼ਰਧਾਲੂਆਂ ਦੀ ਸਹੂਲਤ ਲਈ ਨਵੀਆਂ ਸਰਾਵਾਂ ਬਣਾਉਣ ਨੂੰ ਤਰਜੀਹ ਦਿੱਤੀ ਜਾ ਰਹੀ ਹੈ। ਇਸ ਵੇਲੇ ਸਾਰਾਗੜ੍ਹੀ ਵਿਖੇ ਨਵੀਂ ਸਰਾਂ ਉਸਾਰੀ ਅਧੀਨ ਹੈ। ਚੌਕ ਬਾਬਾ ਸਾਹਿਬ ਵਿਖੇ ਤੇ ਆਟਾ ਮੰਡੀ ਵਿਖੇ ਵੀ ਨਵੀਆਂ ਸਰਾਵਾਂ ਉਸਾਰੀਆਂ ਜਾਣਗੀਆਂ। ਇਕ ਸਰਾਂ ਗੁਰੂ ਨਾਨਕ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਦੇ ਤਬਦੀਲ ਹੋਣ ਤੋਂ ਬਾਅਦ ਉਥੇ ਉਸਾਰੀ ਜਾਵੇਗੀ।

ਉਨ੍ਹਾਂ ਦੱਸਿਆ ਕਿ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਗੁਰੂ ਗੋਬਿੰਦ ਸਿੰਘ ਨਿਵਾਸ ਤੇ ਤਖ਼ਤ ਸ੍ਰੀ ਦਮਦਮਾ ਸਾਹਿਬ ਵਿਖੇ ਮਾਤਾ ਸਾਹਿਬ ਕੌਰ ਨਿਵਾਸ ਬਣ ਕੇ ਤਿਆਰ ਹੋ ਚੁੱਕੇ ਹਨ। ਆਉਂਦੇ ਵਰ੍ਹੇ ਵਿਚ ਇਤਿਹਾਸਕ ਯਾਦਗਾਰਾਂ ਦੀ ਉਸਾਰੀ ਵਲ ਵੀ ਉਚੇਚਾ ਧਿਆਨ ਦਿੱਤਾ ਜਾਵੇਗਾ। ਮੁਹਾਲੀ ਵਿਖੇ ਸਿਵਲ ਸੇਵਾਵਾਂ ਪ੍ਰੀਖਿਆਵਾਂ ਦੀ ਤਿਆਰੀ ਲਈ ਸਿਖਲਾਈ ਕੇਂਦਰ ਜਲਦ ਬਣਾਇਆ ਜਾਵੇਗਾ। ਇਸ ਦੌਰਾਨ ਅੰਤ੍ਰਿੰਗ ਕਮੇਟੀ ਵੱਲੋਂ ਦੋ ਮਤੇ ਪਾਸ ਕੀਤੇ ਗਏ। ਮਤੇ ਰਾਹੀਂ ਕੇਂਦਰ ਸਰਕਾਰ ਕੋਲੋਂ ਮੰਗ ਕੀਤੀ ਗਈ ਕਿ ਫਿਲਮ ਸੈਂਸਰ ਬੋਰਡ, ਐਨਸੀਈਆਰਟੀ ਤੇ ਟੈਕਸ ਬੁੱਕ ਬੋਰਡਾਂ ਵਿਚ ਸ਼੍ਰੋਮਣੀ ਕਮੇਟੀ ਦੀ ਸਿਫਾਰਸ਼ ਉਤੇ ਸਿੱਖ ਨੁਮਾਇੰਦੇ ਸ਼ਾਮਲ ਕੀਤੇ ਜਾਣ ਤਾਂ ਜੋ ਭਵਿੱਖ ਵਿਚ ਵੱਖ-ਵੱਖ ਟੀਵੀ ਲੜੀਵਾਰਾਂ, ਫਿਲਮਾਂ, ਕਿਤਾਬਾਂ ਆਦਿ ਵਿਚ ਸਿੱਖ ਧਰਮ ਵਿਰੋਧੀ ਪ੍ਰਚਾਰ ਨੂੰ ਰੋਕਿਆ ਜਾ ਸਕੇ।

# ਵਿਆਹਾਂ ਦੀ ਸ਼ਰਾਬ ਵਿਚ ਹੜ੍ਹ ਚੱਲਿਆ ਆਪਣਾ 'ਪੰਜ-ਆਬ'

**ਚੰਡੀਗੜ੍ਹ:** ਪੰਜਾਬੀ ਲੋਕ ਵਿਆਹਾਂ ਦੇ ਜਸ਼ਨਾਂ ਲਈ ਇਕੱਲੀ ਸ਼ਰਾਬ 'ਤੇ ਹੀ ਕੋਈ 500 ਕਰੋੜ ਰੁਪਏ ਹਰ ਵਰ੍ਹੇ ਰੋੜ੍ਹ ਦਿੰਦੇ ਹਨ। ਸ਼ਹਿਰੀ ਪੰਜਾਬ ਵਿਚ ਹਰ ਵਰ੍ਹੇ 320 ਕਰੋੜ ਰੁਪਏ ਵਿਆਹਾਂ ਦੇ ਜਸ਼ਨਾਂ ਵਾਲੀ ਸ਼ਰਾਬ 'ਤੇ ਖਰਚ ਹੁੰਦੇ ਹਨ। ਇਹ ਸਿਰਫ਼ ਉਹੀ ਖਰਚ ਹੈ ਜਿਸ ਦਾ ਹਿਸਾਬ-ਕਿਤਾਬ ਸਰਕਾਰੀ ਕਾਗ਼ਜ਼ਾਂ ਵਿਚ ਆ ਜਾਂਦਾ ਹੈ ਤੇ ਜੋ ਸ਼ਰਾਬ ਸਿਰਫ਼ ਮੈਰਿਜ ਪੈਲੇਸਾਂ ਵਿਚ ਪਿਲਾਈ ਜਾਂਦੀ ਹੈ। ਸ਼ਾਇਦ ਇਸੇ ਲਈ ਪੰਜਾਬ ਵਿਧਾਨ ਸਭਾ ਨੇ ਵਿਆਹਾਂ 'ਤੇ ਹੁੰਦੀ ਫ਼ਜ਼ੂਲ-ਖ਼ਰਚੀ ਰੋਕਣ ਵਾਸਤੇ ਗੈਰਸਰਕਾਰੀ ਮਤਾ ਪਾਸ ਕੀਤਾ ਹੈ। ਵਿਆਹਾਂ 'ਤੇ ਖ਼ਾਤਰਦਾਰੀ ਦਾ ਬਹੁਤਾ ਬਜਟ ਸ਼ਰਾਬ ਹੀ ਡੀਕ ਜਾਂਦੀ ਹੈ। ਮੈਰਿਜ ਪੈਲੇਸਾਂ ਵਿਚ ਹੋਣ ਵਾਲੇ ਵਿਆਹ 'ਤੇ ਔਸਤਨ 80 ਹਜ਼ਾਰ ਰੁਪਏ ਦੀ ਸ਼ਰਾਬ ਖਰਚ ਹੁੰਦੀ ਹੈ। ਟੈਕਸ ਤੇ ਆਬਕਾਰੀ ਵਿਭਾਗ ਤੋਂ ਸੂਚਨਾ ਅਧਿਕਾਰ ਕਾਨੂੰਨ ਤਹਿਤ ਨਮੂਨੇ ਵਜੋਂ ਅੱਠ ਜ਼ਿਲ੍ਹਿਆਂ ਵਿਚੋਂ ਇਹ ਵੇਰਵੇ ਹਾਸਲ ਕੀਤੇ ਗਏ ਹਨ। ਇਸ ਤੋਂ ਇਸ ਰੁਝਾਨ ਦਾ ਪਤਾ ਲੱਗਾ ਹੈ।

ਮੈਰਿਜ ਪੈਲੇਸ ਵਿਚ ਜੇਕਰ ਵਿਆਹ ਮੌਕੇ ਸ਼ਰਾਬ ਵਰਤਾਈ ਜਾਂਦੀ ਹੈ ਤਾਂ ਉਸ ਦਾ ਪਰਮਿਟ ਪਹਿਲਾਂ ਕਰ ਤੇ ਆਬਕਾਰੀ ਵਿਭਾਗ ਤੋਂ ਲੈਣਾ ਪੈਂਦਾ ਹੈ। ਸਿਆਸੀ ਪਹੁੰਚ ਵਾਲੇ ਲੋਕ ਤਾਂ ਇਹ ਪਰਮਿਟ ਲੈਂਦੇ ਹੀ ਨਹੀਂ ਹਨ ਕਿਉਂਕਿ ਪਰਮਿਟ ਲੈਣ ਖਾਤਰ ਫੀਸ ਤਾਰਨੀ ਪੈਂਦੀ ਹੈ। ਰਾਜ ਵਿਚ ਪਿਛਲੇ ਪੰਜ ਵਰ੍ਹਿਆਂ ਵਿਚ ਕਰ ਅਤੇ ਆਬਕਾਰੀ ਵਿਭਾਗ ਤੋਂ ਤਕਰੀਬਨ 1.85 ਲੱਖ ਪਰਮਿਟ ਮੈਰਿਜ ਪੈਲੇਸਾਂ ਵਿਚ ਵਿਆਹ ਮੌਕੇ ਸ਼ਰਾਬ ਪਿਲਾਏ ਜਾਣ ਵਾਸਤੇ ਜਾਰੀ ਹੋਏ ਹਨ।

ਔਸਤਨ ਹਰ ਵਰ੍ਹੇ 40 ਹਜ਼ਾਰ ਪਰਮਿਟ ਜਾਰੀ ਹੋ ਜਾਂਦੇ ਹਨ। ਇਸ ਹਿਸਾਬ ਪ੍ਰਤੀ ਵਿਆਹ 80 ਹਜ਼ਾਰ ਦੀ ਸ਼ਰਾਬ ਪਿਲਾਏ ਜਾਣ ਦੀ ਸੂਰਤ ਵਿਚ ਸ਼ਰਾਬ ਦਾ ਸਾਲਾਨਾ ਦਾ ਖਰਚਾ 320 ਕਰੋੜ ਰੁਪਏ ਬਣ ਜਾਂਦਾ ਹੈ। ਦਿਹਾਤੀ ਖੇਤਰਾਂ ਵਿਚ ਬਣੇ ਮੈਰਿਜ ਪੈਲੇਸਾਂ ਵਿਚ ਤਾਂ ਇਹ ਪਰਮਿਟ ਲਿਆ ਹੀ ਨਹੀਂ ਜਾਂਦਾ। ਮੋਟਾ ਅੰਦਾਜ਼ਾ ਹੈ ਕਿ ਕਰੀਬ 200 ਕਰੋੜ ਰੁਪਏ ਦੀ ਸ਼ਰਾਬ ਦੀ ਖਪਤ ਦਿਹਾਤੀ ਪੰਜਾਬ ਵਿਚ ਹੋ ਜਾਂਦੀ ਹੈ।

### ਸਾਲ 'ਚ 5 ਅਰਬ ਦੀ ਸ਼ਰਾਬ ਡਕਾਰੀ



ਹਾਸਲ ਵੇਰਵਿਆਂ ਅਨੁਸਾਰ ਇਸ ਮਾਮਲੇ ਵਿਚ ਲੁਧਿਆਣਾ ਜ਼ਿਲ੍ਹਾ ਪਹਿਲੇ ਨੰਬਰ 'ਤੇ ਹੈ। ਜ਼ਿਲ੍ਹਾ ਲੁਧਿਆਣਾ ਵਿਚ ਲੰਘੇ ਪੰਜ ਵਰ੍ਹਿਆਂ ਵਿਚ 28,887 ਵਿਆਹ ਮੈਰਿਜ ਪੈਲੇਸਾਂ ਵਿਚ ਅਜਿਹੇ ਹੋਏ ਹਨ ਜਿਥੇ ਸ਼ਰਾਬ ਵਰਤਾਈ ਗਈ। ਹਰ ਸਾਲ ਇਸ ਜ਼ਿਲ੍ਹੇ ਵਿਚ ਔਸਤਨ 5700 ਵਿਆਹ ਸ਼ਰਾਬ ਵਾਲੇ ਹੁੰਦੇ ਹਨ। ਜਿਨ੍ਹਾਂ ਵਿਆਹਾਂ ਵਿਚ ਬਿਨਾਂ ਸ਼ਰਾਬ ਦਾ ਪਰਮਿਟ ਲਏ ਸ਼ਰਾਬ ਪਿਲਾਈ ਜਾਂਦੀ ਹੈ, ਉਹ ਅੰਕੜਾ ਵੱਖਰਾ ਹੈ। ਔਸਤਨ ਹਰ ਵਰ੍ਹੇ 50 ਕਰੋੜ ਦੀ ਸ਼ਰਾਬ ਤਾਂ ਇਕੱਲੇ ਲੁਧਿਆਣਾ ਜ਼ਿਲ੍ਹੇ ਦੇ ਮੈਰਿਜ ਪੈਲੇਸਾਂ 'ਚ ਪਿਲਾ ਦਿੱਤੀ ਜਾਂਦੀ ਹੈ।

ਜ਼ਿਲ੍ਹਾ ਮੁਹਾਲੀ ਵਿਚ 5 ਵਰ੍ਹਿਆਂ 'ਚ ਮੈਰਿਜ ਪੈਲੇਸਾਂ ਵਿਚ ਹੋਏ 11704 ਵਿਆਹਾਂ 'ਤੇ ਸ਼ਰਾਬ ਵਰਤਾਈ ਗਈ ਹੈ। ਹਰ ਵਰ੍ਹੇ ਕਰੀਬ 2400 ਪਰਮਿਟ ਜਾਰੀ ਕੀਤੇ ਜਾਂਦੇ ਹਨ। ਜ਼ਿਲ੍ਹਾ ਬਠਿੰਡਾ ਵਿਚ ਹਰ ਸਾਲ ਔਸਤਨ 700 ਪਰਮਿਟ ਜਾਰੀ ਹੁੰਦੇ ਹਨ। ਇਸ ਜ਼ਿਲ੍ਹੇ ਵਿਚ ਬਹੁਤੇ ਵਿਆਹਾਂ 'ਤੇ ਤਾਂ ਬਿਨਾਂ ਪਰਮਿਟ ਤੋਂ ਹੀ ਸ਼ਰਾਬ ਪਿਲਾਈ ਜਾਂਦੀ ਹੈ। ਇਕ ਆਬਕਾਰੀ ਅਫਸਰ ਨੇ ਜਦੋਂ ਪਿਛਲੇ ਸਮੇਂ ਵਿਚ ਸ਼ਰਾਬ ਪਿਲਾਏ ਜਾਣ ਵਾਸਤੇ ਪਰਮਿਟ ਲਾਜ਼ਮੀ ਕਰ ਦਿੱਤਾ ਤਾਂ ਉਸ ਦੀ ਸਰਕਾਰ ਨੇ ਹੀ ਬਦਲੀ ਕਰ ਦਿੱਤੀ। ਇਸ ਜ਼ਿਲ੍ਹੇ ਦੇ ਸ਼ਹਿਰੀ ਵਿਆਹਾਂ 'ਤੇ ਕਰੀਬ 5.60 ਕਰੋੜ ਰੁਪਏ ਦੀ ਸ਼ਰਾਬ ਸਾਲਾਨਾ ਵਰਤਾ ਦਿੱਤੀ ਜਾਂਦੀ ਹੈ। ਪੰਜਾਬ ਦੇ ਅਮੀਰ ਲੋਕਾਂ ਵੱਲੋਂ ਤਾਂ ਵਿਆਹਾਂ ਮੌਕੇ ਸਾਰਾ ਜ਼ੋਰ ਹੀ ਲੈੱਗ ਤੇ ਪੈੱਗ ਉਤੇ ਲਾਇਆ ਜਾਂਦਾ ਹੈ।

ਰੀਸੋ-ਰੀਸੀ ਪੇਂਡੂ ਪੰਜਾਬ ਵਿਚ ਵੀ ਇਹ ਰੁਝਾਨ ਵਧ ਹੀ ਰਿਹਾ ਹੈ। ਜ਼ਿਲ੍ਹਾ ਫਰੀਦਕੋਟ ਵਿਚ 5 ਸਾਲਾਂ 'ਚ 2299 ਪਰਮਿਟ ਕਰ ਤੇ ਆਬਕਾਰੀ ਵਿਭਾਗ ਨੇ ਜਾਰੀ ਕੀਤੇ ਹਨ ਜਦੋਂਕਿ ਫਤਿਹਗੜ੍ਹ ਸਾਹਿਬ ਵਿਚ ਇਸ ਸਮੇਂ ਦੌਰਾਨ 3279 ਪਰਮਿਟ ਜਾਰੀ ਹੋਏ ਹਨ। ਇਸੇ ਤਰ੍ਹਾਂ ਜ਼ਿਲ੍ਹਾ ਰੋਪੜ ਵਿਚ 5 ਸਾਲਾਂ 'ਚ 3947 ਪਰਮਿਟ ਜਾਰੀ ਹੋਏ।

ਸਰਕਾਰੀ ਸੂਚਨਾ ਅਨੁਸਾਰ ਮੁੱਖ ਮੰਤਰੀ ਦੇ ਜੱਦੀ ਜ਼ਿਲ੍ਹੇ ਮੁਕਤਸਰ ਵਿਚ ਸਾਲ 2006-07 ਤੇ ਸਾਲ 2008-09 ਦੌਰਾਨ ਮੈਰਿਜ ਪੈਲੇਸਾਂ ਵਿਚ ਸਾਰੇ ਸੋਫੀ ਵਿਆਹ ਹੀ ਹੋਏ ਹਨ। ਇਨ੍ਹਾਂ ਦੋ ਵਰ੍ਹਿਆਂ ਵਿਚ ਸ਼ਰਾਬ ਵਾਲਾ ਕੋਈ ਵੀ ਪਰਮਿਟ ਜਾਰੀ ਨਹੀਂ ਹੋਇਆ ਹੈ। ਸੂਤਰ ਆਖਦੇ ਹਨ ਕਿ ਸਿਆਸੀ ਪਹੁੰਚ ਹੋਣ ਕਰਕੇ ਕੋਈ ਵੀ ਵਿਆਹ ਲਈ ਸਰਕਾਰ ਤੋਂ ਸ਼ਰਾਬ ਪਿਲਾਉਣ ਵਾਸਤੇ ਪਰਮਿਟ ਹੀ ਨਹੀਂ ਲੈਂਦਾ। ਇਸ ਤਰ੍ਹਾਂ ਨਾਲ ਸਰਕਾਰੀ ਟੈਕਸ ਦੀ ਚੋਰੀ ਹੁੰਦੀ ਹੈ। ਇਸ ਜ਼ਿਲ੍ਹੇ ਵਿਚ ਉਸ ਮਗਰੋਂ ਕਿਸੇ ਵੀ ਸਾਲ 200 ਤੋਂ ਜ਼ਿਆਦਾ ਪਰਮਿਟ ਜਾਰੀ ਨਹੀਂ ਹੋਏ ਹਨ।

## ਫਜ਼ੂਲ-ਖਰਚੀ ਰੋਕਣ ਲਈ ਮਤਾ ਪਾਸ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਨੇ ਵਿਆਹਾਂ 'ਤੇ ਹੁੰਦੀ ਫਜ਼ੂਲ ਖ਼ਰਚੀ ਨੂੰ ਨੱਥ ਪਾਉਣ ਵਿਧਾਨ ਸਭਾ ਵਿਚ ਪਾਸ ਕੀਤਾ। ਵਿਆਹਾਂ ਸ਼ਾਦੀਆਂ 'ਤੇ ਫਜ਼ੂਲ ਖ਼ਰਚੀ ਬਾਰੇ ਮਤਾ ਮਲੋਟ ਦੇ ਵਿਧਾਇਕ ਹਰਪ੍ਰੀਤ ਸਿੰਘ ਨੇ ਲਿਆਂਦਾ। ਇਸ ਮਤੇ 'ਤੇ ਹੋਈ ਬਹਿਸ ਵਿਚ ਹਿੱਸਾ ਲੈਂਦਿਆਂ ਮੈਂਬਰਾਂ ਨੇ ਵਿਆਹਾਂ 'ਤੇ ਹੁੰਦੀ ਫਜ਼ੂਲ ਖਰਚੀ 'ਤੇ ਫਿਕਰ ਜ਼ਾਹਰ ਕੀਤਾ।

ਮਤੇ ਰਾਹੀਂ ਵਿਆਹ ਤੇ ਹੋਰਾਂ ਸਮਾਗਮਾਂ 'ਤੇ ਹੁੰਦੀ ਫਜ਼ੂਲ ਖਰਚੀ ਰੋਕਣ ਲਈ ਸਮਾਜਿਕ ਜਾਗਰੂਕਤਾ ਮੁਹਿੰਮ ਚਲਾਉਣ ਲਈ ਸਰਕਾਰ ਨੂੰ ਸਿਫਾਰਸ਼ ਕੀਤੀ। ਵਿਧਾਇਕ ਹਰਪ੍ਰੀਤ ਸਿੰਘ ਨੇ ਕਿਹਾ ਕਿ ਕੋਈ ਸਮਾਂ ਸੀ ਜਦੋਂ ਪੰਜਾਬ ਵਿਚ ਬਹੁਤ ਹੀ ਸਾਦੇ ਢੰਗ ਨਾਲ ਵਿਆਹ ਸਮਾਗਮ ਹੁੰਦੇ ਸਨ ਪਰ ਕੁਝ ਦਹਾਕਿਆਂ ਤੋਂ ਵਿਆਹਾਂ ਉਤੇ ਇਕ-ਦੂਜੇ ਨੂੰ ਵੇਖਦੇ ਹੋਏ ਜ਼ਿਆਦਾ ਤੋਂ ਜ਼ਿਆਦਾ ਖਰਚ ਕੀਤਾ ਜਾਣ ਲੱਗਾ ਹੈ। ਇਸ ਨਾਲ ਜਿਥੇ ਪਰਿਵਾਰਾਂ ਦੀ ਆਰਥਿਕ ਹਾਲਤ ਵਿਚ ਨਿਘਾਰ ਹੁੰਦਾ ਹੈ।

ਵਿਧਾਇਕ ਇਕਬਾਲ ਝੂੰਦਾ ਨੇ ਇਸ ਮਤੇ ਦੀ ਪ੍ਰੋੜਤਾ ਕਰਦਿਆਂ ਕਿਹਾ ਕਿ ਕੈਨੇਡਾ ਤੇ ਅਮਰੀਕਾ ਵਰਗੇ ਧਨਾਢ ਮੁਲਕਾਂ ਵਿਚ ਵੀ ਵਿਆਹਾਂ ਉਤੇ ਔਸਤਨ 27 ਹਜ਼ਾਰ ਡਾਲਰ ਖਰਚ ਹੁੰਦਾ ਹੈ ਜੋ ਭਾਰਤੀ ਕਰੰਸੀ ਵਿਚ 15 ਕੁ ਲੱਖ ਰੁਪਏ ਬਣਦਾ ਹੈ ਪਰ ਉਨ੍ਹਾਂ ਦੇਸ਼ਾਂ ਨਾਲੋਂ ਕਾਫੀ ਘੱਟ ਧਨਾਢ ਮੰਨੇ ਜਾਂਦੇ ਪੰਜਾਬ ਵਿਚ ਔਸਤਨ ਵਿਆਹ ਉੱਤੇ 10 ਲੱਖ ਰੁਪਏ ਤੋਂ 60 ਲੱਖ ਰੁਪਏ ਦਾ ਖਰਚ ਕੀਤਾ ਜਾਂਦਾ ਹੈ। ਉਨ੍ਹਾਂ ਕਿਹਾ ਕਿ ਇਸ ਨੂੰ ਰੋਕਿਆ ਜਾਣਾ ਚਾਹੀਦਾ ਹੈ। ਕੇਡੀ ਭੰਡਾਰੀ ਨੇ ਵੀ ਮਤੇ ਦੀ ਪ੍ਰੋੜਤਾ ਕੀਤੀ ਤੇ ਕਿਹਾ ਕਿ ਵਿਆਹਾਂ ਦੀ ਫਜ਼ੂਲ ਖਰਚੀ ਹੀ ਭਰੂਣ ਹੱਤਿਆ ਤੇ ਵਿਆਹ ਬਾਅਦ ਝਗੜਿਆਂ ਦੀ ਜੜ੍ਹ ਹੈ।


ਮਿਸ਼ੀਗਨ ਵਿਚ ਮਕਾਨ ਵੇਚਣ/ਖਰੀਦਣ ਲਈ ਭਰੋਸੇਯੋਗ ਨਾਂ

ਕਰਨ ਗਿੱਲ



Ph: (734) 612-9984

Either Buying or Selling a Home in Michigan
"Always Go with the Winner"

COLDWELL BANKER

44644 Ann Arbor Road Plymouth, MI 48170
Email: KarnGill@Hotmail.com
Website: www.KarnGill.com



# The Anu Attorney Immigration Law Firm
## Law offices of Anu Peshawaria

*More than 25 years of experience *Internationally Awarded-Extraordinary ability *Served as Legal Advisor to Govt. of India, Embassy of India, Washington, DC



*Anu Peshawaria*
*Attorney at Law*
*Licensed to practice Immigration & Bankruptcy in all 50 states.*
More than 20 year experience in US immigration & Indian law

**US IMMIGRATION**
*Green Cards (Investor, Employment)
*E-2 investor Visa, L1 (Intra Company)
*Family Green Card, Fiancee Visa
*Deportation Defense, VAWA, U Visa
*Asylum, Appeals, Ninth Circuit Court
*H1B, Computer Engineers, Cooks, Teachers, Students, Doctors, Nurses, Physical Therapist

ਪੰਜਾਬੀ, ਅੰਗਰੇਜ਼ੀ, ਹਿੰਦੀ ਤੇ ਉਰਦੂ ਵਿਚ ਗੱਲ ਕਰੋ

ਹੁਣ ਸਿਆਟਲ ਵਿਚ ਵੀ ਦਫਤਰ ਖੁਲ੍ਹ ਚੁਕਾ ਹੈ

**FAMILY LAW**
*Divorce *Annulment
*International Custody

**INCORPORATIONS**
*International Contracts, Mergers
*Attorney Supreme Court of India

*Bankruptcy Consultation & Filing


Contact numbers:
Seattle, WA
Ph: 206-774-0907
Fremont, California
Ph: 510-353-0102
Cell Phone 510-299-1907
Toll free: 1-866-586-6297
anu@anuattorney.com
www.anuattorney.com

46560 Fremont Blvd., STE#205, Fremont, CA 94538
801, Pine Street, # 21 H, Seattle, Washington 98101
Offices: Seattle, WA *Fremont, CA *UK *Canada *India

Weekends & Evening Appointments Available



# Syan Video Production, Inc.



ਰਾਜਿੰਦਰ ਸਿੰਘ

ਵਿਆਹ-ਸ਼ਾਦੀ ਹੋਵੇ, ਖੁਸ਼ੀ ਦਾ ਕੋਈ ਵੀ ਮੌਕਾ ਜਾਂ ਫਿਰ ਯਾਦਗਾਰੀ ਪਲ ਆਪਣੀਆਂ ਯਾਦਾਂ ਨੂੰ ਬਿਹਤਰੀਨ ਤਰੀਕੇ ਨਾਲ ਸਾਂਭਣ ਲਈ ਸੇਵਾ ਦਾ ਮੌਕਾ ਦਿਓ ਮਿਸ਼ੀਗਨ, ਇੰਡੀਆਨਾ, ਇਲੀਨਾਏ, ਓਹਾਇਓ, ਆਇਓਆ

*Professional HD Video & Digital Photo Production*

Multiple Camera shooting/Digital Still Photography
(with flush mount album)
Live Video Display With Large Screens
DJ Service with Laser Lights
Call Toll Free: 1-800-RAJ-SYAN
(with 17 years Experienced)

**Call:734-261-0936 or 734-890-1767**

e-mail: raj@syanvideo.com or visit at: www.syanvideo.com

## ਪੰਜਾਬ ਟਾਈਮਜ਼ ਦੀ 13ਵੀਂ ਵਰ੍ਹੇਗੰਢ ਮੌਕੇ

# ਪੰਜਾਬ ਟਾਈਮਜ਼ ਨਾਈਟ-2013

## ਗੀਤ ਸੰਗੀਤ ਭਰੀ ਇਕ ਸ਼ਾਮ


ਜਤਿੰਦਰ ਜਰਗੀਆ


ਨਿੰਮਾ ਡੱਲੇਵਾਲਾ

**6 ਅਪਰੈਲ 2013**

*(ਸਨਿਚਰਵਾਰ ਸ਼ਾਮ 6:30 ਵਜੇ)*

**ਇੰਡੀਆ ਹਾਊਸ, ਸ਼ਾਮਬਰਗ**

1521 W. Schaumburg Rd., Schaumburg,
IL 60194, Ph:847-895-5501

Limited seats, Minimum contribution: $50

**ਹੋਰ ਜਾਣਕਾਰੀ ਲਈ 847-359-0746**


ਸੰਗੀਤ: ਨਰਿੰਦਰ ਬੱਗਾ



ਮਹਿਮਾਨ ਗਾਇਕ ਟੋਨੀ ਧਨੋਆ

## ਗਰੈਂਡ ਸਪਾਂਸਰ


ਨਿੱਕ ਗਾਖਲ


ਹਰਜਿੰਦਰ ਸਿੰਘ ਸੰਧੂ


ਗੁਲਜ਼ਾਰ ਸਿੰਘ ਮੁਲਤਾਨੀ


ਭੁਪਿੰਦਰ ਸਿੰਘ ਹੁੰਦਲ


ਮੇਜਰ ਗੁਰਚਰਨ ਸਿੰਘ ਝੱਜ


ਡਾ. ਹਰਜਿੰਦਰ ਸਿੰਘ ਖਹਿਰਾ


ਡਾ. ਦਲਵੀਰ ਸਿੰਘ ਪੰਨੂ

**ਸਪਾਂਸਰ (ਸ਼ਿਕਾਗੋ):** ਸਵਰਨ ਸਿੰਘ ਸੇਖੋਂ, ਦਰਸ਼ਨ ਸਿੰਘ, ਜਗਜੀਤ ਸਿੰਘ ਢੀਂਡਸਾ, ਜਸਵਿੰਦਰ ਸਿੰਘ ਸੰਧੂ, ਕ੍ਰਿਪਾਲ ਸਿੰਘ ਰੰਧਾਵਾ, ਭੁਪਿੰਦਰ (ਭਿੰਦਾ) ਸਿੰਘ ਢਿੱਲੋਂ, ਬਲਵਿੰਦਰ ਸਿੰਘ ਗਿਰਨ, ਰੋਨੀ ਕੁਲਾਰ, ਸੰਨੀ ਕੁਲਾਰ, ਅਮਰੀਕ ਸਿੰਘ (ਅਮਰ ਕਾਰਪੈਟਸ), ਨਾਜਰ ਸਿੰਘ ਗਿੱਲ, ਜਸਵਿੰਦਰ ਸਿੰਘ ਗਿੱਲ, ਅੰਮ੍ਰਿਤਪਾਲ ਗਿੱਲ, ਕਰਨਲ ਨਿਰਮਲ ਸਿੰਘ ਸਿੰਘਾ, ਰਵੀ (ਆਰ ਕੇ ਕਾਰਪੈਟ), ਅਮਰਦੇਵ ਬਦੇਸ਼ਾ, ਰਛਪਾਲ ਖੰਗੂੜਾ, ਹਰਦੀਪ ਗਿੱਲ, ਪਰਮਿੰਦਰ ਵਾਲੀਆ, ਸੰਤੋਖ ਸਿੰਘ ਡੀ ਸੀ, ਲੱਕੀ ਸਹੋਤਾ, ਹਰਵਿੰਦਰ ਸਿੰਘ ਬਿੱਲਾ, ਅਜੈਬ ਸਿੰਘ ਲੱਖਣ, ਜਸਕਰਨ ਧਾਲੀਵਾਲ, ਅਜਮੇਰ ਪੰਨੂ, ਜਗਵਿੰਦਰ ਸਿੰਘ ਭੱਠਲ, ਗੁਰਪ੍ਰੀਤ ਗਿੱਲ, ਠਾਕਰ ਸਿੰਘ ਬਸਾਤੀ, ਸਤਿੰਦਰ ਸਿੰਘ ਸੁਸਾਣਾ, ਦਰਸ਼ਨ ਸਿੰਘ ਬਸਰਾਓਂ, ਲਖਵੀਰ ਸਿੰਘ ਸੰਧੂ, ਗਿਆਨ ਸਿੰਘ ਸੀਹਰਾ, ਸਤਨਾਮ ਸਿੰਘ ਔਲਖ, ਇਕਬਾਲ ਸਿੰਘ ਰੰਧਾਵਾ।

**ਇੰਡੀਆਨਾ:** ਬਲਦੇਵ ਸਿੰਘ ਸੱਲਾਂ, ਕਮਲਜੀਤ ਵਿਰਕ, ਪ੍ਰਿਥਪਾਲ ਸਿੰਘ ਘੋਤੜਾ, ਜਸਪਾਲ ਸਿੰਘ ਮੁਲਤਾਨੀ, ਜਸਪਾਲ ਸਿੰਘ ਬਿੱਟੂ, ਜਸਬੀਰ ਸਿੰਘ ਪੇਲੀਆ, ਮਨਜੀਤ ਨਾਗਰਾ, ਧਰਮਿੰਦਰ ਖਟੜਾ, ਗੁਰਬਖਸ਼ ਰਾਹੀ, ਮਨਜਿੰਦਰ ਸਿੰਘ ਸੰਧੂ, ਸੁਖਜਿੰਦਰ ਸਿੰਘ ਭੁੱਲਰ; **ਮਿਸ਼ੀਗਨ:** ਰਾਜ ਸਿਆਨ, ਰਾਜਬੀਰ ਸਿੰਘ ਬੋਪਾਰਾਏ, ਕਰਨ ਗਿੱਲ, ਸੁਰਿੰਦਰ ਸਿੰਘ ਕੰਗ।

**ਮਿਲਵਾਕੀ:** ਕੁਲਵਿੰਦਰ ਸਿੰਘ ਧਾਲੀਵਾਲ, ਅਮਰਜੀਤ ਸਿੰਘ ਸੰਧਰ, ਬਲਬੀਰ ਸਿੰਘ ਸੈਣੀ, ਪਾਖਰ ਸਿੰਘ ਸਿੱਧੂ, ਸੁਖਦੇਵ ਸਿੰਘ ਖਾਲਸਾ, ਲਾਲੀ ਸਿੱਧੂ, ਗੁਰਦੇਵ ਸਿੰਘ; **ਓਹਾਇਓ:** ਇਕਬਾਲ ਸਿੰਘ ਬੋਪਾਰਾਏ, ਗੁਰਿੰਦਰ ਸਿੰਘ ਢਿੱਲੋਂ।

**ਕੈਲੀਫੋਰਨੀਆ:** ਪਿਆਰਾ ਸਿੰਘ ਗੋਸਲ, ਨਾਹਰ ਸਿੰਘ ਹੀਰ, ਰਛਪਾਲ ਸਿੰਘ ਫਰਵਾਲਾ, ਚਰਨ ਸਿੰਘ ਜੱਜ, ਸਤਵੰਤ ਸਿੰਘ, ਭੁਪਿੰਦਰ ਸਿੰਘ ਢਿਲੋਂ, ਸੁਖਦੇਵ ਸਿੰਘ ਬੈਣੀਵਾਲ, ਪ੍ਰੀਤਮ ਸਿੰਘ ਗਰੇਵਾਲ, ਕੁਲਜੀਤ ਸਿੰਘ, ਐਸ ਪੀ ਸਿੰਘ, ਪਲਵਿੰਦਰ ਸਿੰਘ ਗੁਰਾਇਆ, ਗੁਰਚਰਨ ਸਿੰਘ ਮਾਨ, ਗੁਰਦਾਵਰ ਸਿੰਘ ਮਹੇੜੂ, ਸਰਬਜੋਤ ਸਿੰਘ ਸਵੱਦੀ, ਪਰਮਜੀਤ ਸਿੰਘ ਦਾਖਾ।

**ਸਹਿਯੋਗੀ ਸੰਸਥਾਵਾਂ:** ਪੰਜਾਬੀ ਕਲਚਰਲ ਸੁਸਾਇਟੀ-ਸ਼ਿਕਾਗੋ, ਪੰਜਾਬੀ ਹੈਰੀਟੇਜ ਆਰਗੇਨਾਈਜੇਸ਼ਨ-ਸ਼ਿਕਾਗੋ, ਪੰਜਾਬੀ ਅਮੈਰਿਕਨ ਆਰਗੇਨਾਈਜੇਸ਼ਨ-ਸ਼ਿਕਾਗੋ, ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ-ਸ਼ਿਕਾਗੋ, ਪੰਜਾਬ ਸਪੋਰਟਸ ਕਲੱਬ-ਸ਼ਿਕਾਗੋ, ਲਾਇਨਜ਼ ਆਫ ਪੰਜਾਬ-ਸ਼ਿਕਾਗੋ, ਅਮੈਰਿਕਨ ਸੀਨੀਅਰ ਸਿੱਖ ਐਸੋਸੀਏਸ਼ਨ (ਆਸਾ), ਪੰਜਾਬੀ ਕਲਚਰਲ ਆਰਗੇਨਾਈਜੇਸ਼ਨ-ਮਿਲਵਾਕੀ, ਗੁਰੂ ਲਾਧੋ ਰੇ ਸੇਵਾ ਸੁਸਾਇਟੀ-ਮਿਲਵਾਕੀ, ਪੰਜਾਬੀ ਅਮੈਰਿਕਨ ਯੂਥ ਕਲੱਬ-ਇੰਡੀਆਨਾ, ਸੰਤ ਬਾਬਾ ਪ੍ਰੇਮ ਸਿੰਘ ਸਿੱਖ ਕਲਚਰਲ ਸੁਸਾਇਟੀ-ਇੰਡੀਆਨਾ, ਪੰਜਾਬੀ ਕਲਚਰਲ ਸੁਸਾਇਟੀ ਸਾਊਥ ਮਿਸ਼ੀਗਨ-ਕੈਲਮਜ਼ੂ, ਪੰਜਾਬ ਸਪੋਰਟਸ ਐਂਡ ਕਲਚਰਲ ਐਸੋਸੀਏਸ਼ਨ-ਮਿਸ਼ੀਗਨ, ਪੰਜਾਬੀ ਕਲਚਰਲ ਸੁਸਾਇਟੀ ਆਫ ਮਿਡਵੈਸਟ-ਮਿਸ਼ੀਗਨ, ਪੰਜਾਬ ਸਪੋਰਟਸ ਕਲੱਬ ਕੈਲਮਜ਼ੂ-ਬੈਟਲ ਕਰੀਕ, ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ-ਸਿਨਸਿਨੈਟੀ, ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਐਸੋਸੀਏਸ਼ਨ, ਸਿਨਸਿਨੈਟੀ, ਪੰਜਾਬ ਸਪੋਰਟਸ ਕਲੱਬ ਕਲੀਵਲੈਂਡ (ਓਹਾਇਓ), ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ, ਡੇਅਟਨ (ਓਹਾਇਓ), ਸ਼ਹੀਦ ਊਧਮ ਸਿੰਘ ਸੁਸਾਇਟੀ-ਨਿਊ ਯਾਰਕ, ਹੱਸਦਾ ਪੰਜਾਬ ਐਸੋਸੀਏਸ਼ਨ ਡੈਲਸ (ਟੈਕਸਸ); ਯੂਨਾਈਟਡ ਸਪੋਰਟਸ ਕਲੱਬ ਕੈਲੀਫੋਰਨੀਆ, ਬੇਅ ਏਰੀਆ ਸਪੋਰਟਸ ਕਲੱਬ ਕੈਲੀਫੋਰਨੀਆ, ਸੋਲਾਨੋ ਕਾਉਂਟੀ ਸਪੋਰਟਸ ਕਲੱਬ (ਫੇਅਰਫੀਲਡ), ਪੰਜਾਬੀ ਕਲਚਰਲ ਸੁਸਾਇਟੀ ਸੈਕਰਾਮੈਂਟੋ, ਗਦਰ ਮੈਮੋਰੀਅਲ ਫਾਊਂਡੇਸ਼ਨ ਸੈਕਰਾਮੈਂਟੋ, ਇੰਡੋ ਅਮੈਰੀਕਨ ਕਲਚਰਲ ਆਰਗੇਨਾਈਜੇਸ਼ਨ ਸੈਕਰਾਮੈਂਟੋ, ਇੰਡੋ-ਅਮੈਰੀਕਨ ਹੈਰੀਟੇਜ਼ ਫੋਰਮ ਫਰਿਜ਼ਨੋ, ਇੰਡੋ ਯੂ ਐਸ ਹੈਰੀਟੇਜ਼ ਐਸੋਸੀਏਸ਼ਨ ਫਰਿਜ਼ਨੋ, ਪੰਜਾਬੀ ਅਮੈਰੀਕਨ ਹੈਰੀਟੇਜ਼ ਸੁਸਾਇਟੀ ਯੂਬਾ ਸਿਟੀ, ਬੇਅ ਏਰੀਆ ਕਲਚਰਲ ਐਂਡ ਸਪੋਰਟਸ ਐਸੋਸੀਏਸ਼ਨ ਸੈਨ ਹੋਜ਼ੇ।

**ਮੀਡੀਆ ਸਹਿਯੋਗੀ:** ਪੰਜਾਬੀ ਲੇਖਕ ਡਾਟ ਕਾਮ, ਰੇਡੀਓ ਚੰਨ ਪਰਦੇਸੀ, ਰੇਡੀਓ ਰੌਣਕ ਮੇਲਾ, ਸਿੱਖ ਟੀ ਵੀ, ਰੇਡੀਓ ਦੇਸੀ ਜੰਕਸ਼ਨ, ਰੇਡੀਓ ਚੜ੍ਹਦੀ ਕਲਾ, ਪੰਜਾਬੀ ਰੇਡੀਓ ਯੂ ਐਸ ਏ।

**ਵਿਸ਼ੇਸ਼ ਸਹਿਯੋਗੀ: ਜੈ ਰਾਮ ਸਿੰਘ ਕਾਹਲੋਂ, ਗੁਰਮੁਖ ਸਿੰਘ ਭੁੱਲਰ, ਸੁਰਿੰਦਰ ਸਿੰਘ ਭਾਟੀਆ**

***ਵੀਡੀਓ ਅਤੇ ਫੋਟੋਗ੍ਰਾਫੀ: ਸਿਆਨ ਵੀਡੀਓ (ਫੋਨ:734-261-0936)***

**ਪੰਜਾਬ ਟਾਈਮਜ਼** ਬੇਲਾਗ, ਬੇਬਾਕ ਅਤੇ ਜ਼ਿੰਮੇਵਾਰ ਪੱਤਰਕਾਰੀ ਦਾ ਮੁੱਦਈ

*e-mail: punjabtimes1@sbcglobal.net, website: www.punjabtimesusa.com*

# ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ



ਸਵਰਨਜੀਤ ਸਿੰਘ ਢਿਲੋਂ · ਪ੍ਰੋ ਜੋਗਿੰਦਰ ਸਿੰਘ ਰਮਦੇਵ · ਅਮੋਲਕ ਸਿੰਘ ਗਾਖਲ · ਡਾ. ਨਵਦੀਪ ਕੌਰ ਸੰਧੂ · ਬਲਵਿੰਦਰ ਕੌਰ ਸੇਖੋਂ · ਗੁਰਦਿਆਲ ਸਿੰਘ ਬਸਰਾਨ · ਹਰਦਿਆਲ ਦਿਓਲ · ਹਰਜੀਤ ਸਿੰਘ ਸਾਹੀ



ਬਲਵਿੰਦਰ ਸਿੰਘ ਸੰਧੂ · ਸਰਵਣ ਸਿੰਘ ਟਿਵਾਣਾ · ਦਰਸ਼ਨ ਸਿੰਘ ਦਰੜ · ਰਾਜਿੰਦਰ ਸਿੰਘ ਬੈਂਸ · ਜੈਦੇਵ ਸਿੰਘ ਭੱਠਲ · ਜੱਸੀ ਗਿੱਲ · ਦਰਸ਼ਨ ਸਿੰਘ ਗਰੇਵਾਲ · ਡਾ. ਹਰਗੁਰਮੁਖਪਾਲ ਸਿੰਘ



ਸਰਬਜੀਤ ਥਿਆੜਾ · ਯਾਦਵਿੰਦਰ ਸਿੰਘ ਖੱਟੜਾ · ਮਨਦੀਪ ਸਿੰਘ ਭੂਰਾ · ਜਗਦੀਸ਼ਰ ਸਿੰਘ ਕਲੇਰ · ਹੈਪੀ ਹੀਰ · ਗੁਰਿੰਦਰ ਸਿੰਘ ਗਿੱਲ · ਅਯੁਧਿਆ ਸਲਵਾਨ · ਡਾ. ਤੇਜਿੰਦਰ ਸਿੰਘ ਮੰਡੇਰ

## ਮੁੱਖ ਸਪਾਂਸਰ



ਗੁਰਮੇਲ ਸਿੰਘ ਕੰਗ · ਰਵਿੰਦਰ ਸਿੰਘ ਰਵੀ · ਮਨਜਿੰਦਰ ਸਿੰਘ ਭੰਬਰਾ · ਪਰਸ਼ਨ ਸਿੰਘ ਮਾਨ · ਜਗਮੀਤ ਸਿੰਘ (ਰੀਮੈਕਸ) · ਮੱਖਣ ਸਿੰਘ ਬੈਂਸ · ਨਰਿੰਦਰ ਸਿੰਘ ਮੁੰਦਰ · ਹਰਪਾਲ ਸਿੰਘ ਟਾਂਡਾ



ਪਾਲ ਖਲੀਲ · ਕਿਰਨਜੀਤ ਸਿੰਘ ਬਾਵਾ · ਸਤਵੰਤ ਸਿੰਘ ਨਿੱਜਰ · ਸੰਦੀਪ ਸਿੰਘ ਲਾਡੀ · ਜਸਵੰਤ ਸਿੰਘ ਜੱਸਾ · ਬੇਅੰਤ ਸਿੰਘ ਬੋਪਾਰਾਏ · ਗੁਰਦੇਵ ਸਿੰਘ ਜੌੜਾ · ਅਮਰਜੀਤ ਸਿੰਘ ਸੰਧਰ



ਮੁਖਤਿਆਰ ਸੇਖੋਂ · ਅਵਤਾਰ ਸਿੰਘ ਸਪਰਿੰਗਫੀਲਡ · ਹਰਿੰਦਰ ਵਾਲੀਆ · ਸੁਰਜੀਤ ਸਿੰਘ ਮਾਵੀ · ਬਹਾਦੁਰ ਸਿੰਘ ਸੇਲਮ · ਰਘਬੀਰ ਸਿੰਘ ਘੁੰਨ · ਹੀਰਾਲਾਲ ਸਿੰਘ ਚਮਦਲ · ਦਲਬਾਰਾ ਮਾਂਗਟ



ਰਾਣਾ ਵਿਰਕ · ਸੁਰਿੰਦਰ ਸਿੰਘ ਗਰਚਾ · ਦਲਵੀਰ ਸਿੰਘ ਗਿੱਲ · ਬਲਜੀਤ ਸਿੱਧੂ · ਇਕਬਾਲ ਸਿੰਘ ਗਾਖਲ · ਪਲਵਿੰਦਰ ਸਿੰਘ ਗਾਖਲ · ਗੁਰਨਾਮ ਸਿੰਘ ਸਿੱਧੂ · ਹਰਪ੍ਰੀਤ ਸਿੰਘ

## ਪਿਉ-ਪੁੱਤ ਤੇ ਪਰਦੇਸਾਂ ਦੀ ਬਾਤ

# ਪੰਜਾਬੀ ਫਿਲਮ 'ਨਾਬਰ' ਨੂੰ ਨੈਸ਼ਨਲ ਐਵਾਰਡ

**ਰਾਜੀਵ ਸ਼ਰਮਾ ਦੀ ਪਲੇਠੀ ਪੰਜਾਬੀ ਫੀਚਰ ਫਿਲਮ 'ਨਾਬਰ' ਨੂੰ ਬਿਹਤਰੀਨ ਪੰਜਾਬੀ ਫਿਲਮ ਦਾ ਕੌਮੀ ਇਨਾਮ ਮਿਲਣਾ ਪੰਜਾਬੀ ਸਿਨੇਮਾ ਦਾ ਧੰਨਭਾਗ ਹੈ। ਰਾਜੀਵ ਸਦਾ ਸਮਾਜਕ ਸਰੋਕਾਰਾਂ ਨਾਲ ਜੁੜੇ ਸਿਨੇਮਾ ਦਾ ਹਾਮੀ ਰਿਹਾ ਹੈ। ਉਸ ਨੇ ਆਪਣੀ ਪਲੇਠੀ ਦਸਤਾਵੇਜ਼ੀ ਫਿਲਮ 'ਆਪਣਾ ਪਾਸ਼' ਨਾਲ ਹੀ ਇਹ ਦਰਸਾ ਦਿੱਤਾ ਸੀ। ਫਿਰ ਉਸ ਨੇ ਢਾਡੀ ਈਦੂ ਸ਼ਰੀਫ ਅਤੇ ਗੁਰਮੀਤ ਕੜਿਆਲਵੀ ਦੀ ਕਹਾਣੀ 'ਆਤੂ ਖੋਜੀ' ਨੂੰ ਆਧਾਰ ਬਣਾ ਕੇ ਛੋਟੀਆਂ ਫਿਲਮਾਂ ਬਣਾਈਆਂ। 'ਨਾਬਰ' ਵਿਚ ਉਹਨੇ ਪਰਦੇਸਾਂ ਵਿਚ ਰੁਲ ਰਹੇ ਪੁੱਤਾਂ ਅਤੇ ਪੰਜਾਬ ਵਿਚ ਤੜਫ ਰਹੇ ਮਾਪਿਆਂ ਦੀ ਗੱਲ ਕੀਤੀ ਹੈ। ਰਾਜੀਵ ਦੇ ਸਮਕਾਲੀ ਅਤੇ ਦਸਤਾਵੇਜ਼ੀ ਫਿਲਮਸਾਜ਼ ਦਲਜੀਤ ਅਮੀ ਨੇ 'ਨਾਬਰ' ਬਾਰੇ ਟਿੱਪਣੀ ਕੀਤੀ ਹੈ। -ਸੰਪਾਦਕ**

**ਕਲਾ ਪਰਿਕਰਮਾ**

**ਦਲਜੀਤ ਅਮੀ**
ਫੋਨ: 91-97811-21873



ਰਾਜੀਵ ਦੀ ਫ਼ਿਲਮ 'ਨਾਬਰ' ਨੂੰ ਬਿਹਤਰੀਨ ਪੰਜਾਬੀ ਫ਼ਿਲਮ ਦਾ ਨੈਸ਼ਨਲ ਐਵਾਰਡ ਮਿਲਿਆ ਹੈ। ਪ੍ਰਾਈਵੇਟ ਟੈਲੀਵਿਜ਼ਨ ਦੇ ਦੌਰ ਵਿਚ ਇਸ ਸਨਅਤ ਅੰਦਰ ਰਾਜੀਵ ਸ਼ਰਮਾ ਸਭ ਤੋਂ ਤਜਰਬੇਕਾਰ ਪੇਸ਼ੇਵਰ ਪੰਜਾਬੀ ਹੈ। ਰਾਜੀਵ ਸ਼ਰਮਾ ਨੇ ਵੱਖ-ਵੱਖ ਚੈਨਲਾਂ ਲਈ ਉੱਚੇ ਅਹੁਦਿਆਂ ਉੱਤੇ ਰਹਿ ਕੇ ਪਾਏਦਾਰ ਕੰਮ ਕੀਤਾ ਹੈ। ਉਸ ਦੇ ਕੰਮ ਵਿਚ ਟੈਲੀਵਿਜ਼ਨ ਸਨਅਤ ਦੀਆਂ ਜ਼ਰੂਰਤਾਂ ਤੋਂ ਜ਼ਿਆਦਾ ਵੰਨ-ਸਵੰਨਤਾ ਹੈ ਜਿਸ ਕਾਰਨ ਉਹ ਪੰਜਾਬੀ ਤੇ ਹਿੰਦੀ ਦੇ ਨਾਲ-ਨਾਲ ਵਿਦੇਸ਼ੀ ਚੈਨਲਾਂ ਲਈ ਵੀ ਪਿੱਛਾ ਕਰ ਕੇ ਲਿਆਉਣਯੋਗ ਪੇਸ਼ੇਵਰ ਰਿਹਾ ਹੈ। ਟੈਲੀਵਿਜ਼ਨ, ਫ਼ਿਲਮ, ਸਾਹਿਤ ਅਤੇ ਸੰਗੀਤ ਦੇ ਨਾਲ-ਨਾਲ ਸਿਆਸਤ ਅਤੇ ਸਮਾਜ ਵਿਚ ਉਸ ਦੀ ਰੁਚੀ ਇੱਕ ਪਾਸੇ ਉਸ ਦੇ ਪੇਸ਼ੇਵਰ ਹੁਨਰ ਨੂੰ ਤਿੱਖਾ ਕਰਦੀ ਹੈ ਤੇ ਦੂਜੇ ਪਾਸੇ ਬਿਹਤਰੀਨ ਇਨਸਾਨ ਬਣਾਉਂਦੀ ਹੈ। ਉਸ ਦੇ ਇਸ ਸਫ਼ਰ ਦਾ ਮੈਂ ਵੀਹ ਸਾਲ ਤੋਂ ਹਮਸਫ਼ਰ ਹਾਂ। ਹੋਸਟਲ ਦੇ ਇੱਕੋ ਕਮਰੇ ਵਿਚ ਰਹਿੰਦਿਆਂ ਉਸ ਦੀ ਜਗਿਆਸਾ ਅਤੇ ਸਾਦਗੀ ਦਿਲਕਸ਼ ਲੱਗਦੀ ਸੀ। ਮੁੰਬਈ ਵਰਗੇ ਮਹਾਂਨਗਰ ਦੀ ਰਿਹਾਇਸ਼ ਅਤੇ ਦੇਸ਼-ਵਿਦੇਸ਼ ਦੇ ਤਜਰਬੇ ਤੋਂ ਬਾਅਦ ਵੀ ਉਸ ਦੀ ਇਹ ਦਿਲਕਸ਼ੀ ਜਿਉਂ ਦੀ ਤਿਉਂ ਕਾਇਮ ਹੈ।ਸਾਡੀ ਮੁਲਾਕਾਤ 1992 ਵਿਚ ਹੋਈ। ਸਾਂਝ ਦਾ ਕਾਰਨ ਸਾਡੇ ਪੇਂਡੂ ਪਿਛੋਕੜ ਅਤੇ ਹੋਰ ਸਾਂਝੀਆਂ ਰੁਚੀਆਂ ਬਣੀਆਂ। ਇਸ ਦੌਰਾਨ ਸਾਡੀਆਂ ਰੁਚੀਆਂ ਵੰਨ-ਸਵੰਨੀਆਂ ਹੋਈਆਂ ਅਤੇ ਗੱਲਬਾਤ ਦਾ ਘੇਰਾ ਮੋਕਲਾ ਹੋਇਆ। ਰਾਜੀਵ ਹੁਣ ਜ਼ਿਆਦਾਤਰ ਮੁੰਬਈ ਰਹਿੰਦਾ ਹੈ, ਪਰ ਜਦੋਂ ਵੀ ਪੰਜਾਬ ਆਉਂਦਾ ਹੈ ਤਾਂ ਕੁਝ ਨਾ ਕੁਝ ਪੰਜਾਬੀ ਵਿਚ ਕਰਦਾ ਹੈ। ਰੰਗਮੰਚ ਨਾਲ ਉਸ ਦੇ ਮੇਲੇ ਜਗਰਾਓਂ ਪੜ੍ਹਦਿਆਂ ਮੁੱਲਾਂਪੁਰ ਤੋਂ ਸ਼ੁਰੂ ਹੋਏ ਸਨ। ਉਹ ਆਪਣੇ ਪੁਰਾਣੇ ਸਾਥੀਆਂ ਨਾਲ ਮਿਲ ਕੇ ਛੋਟੀਆਂ ਫ਼ਿਲਮਾਂ ਬਣਾਉਂਦਾ ਰਿਹਾ। 'ਕਲਾਣ' ਤੇ 'ਆਤੂ ਖੋਜੀ' ਇਸ ਲੜੀ ਦੀਆਂ ਆਖ਼ਰੀ ਫ਼ਿਲਮਾਂ ਹਨ। ਇਸ ਲੜੀ ਦੀ ਸ਼ੁਰੂਆਤ ਸਾਖ਼ਰਤਾ ਤੇ ਤਰਕਸ਼ੀਲ ਮੁਹਿੰਮਾਂ ਉੱਤੇ ਬਣਾਈ ਫ਼ਿਲਮ ਤੋਂ ਹੋਈ ਸੀ। ਉਸ ਵੇਲੇ ਰਾਜੀਵ ਪੰਜਾਬ ਯੂਨੀਵਰਸਿਟੀ ਦੇ ਇੰਡੀਅਨ ਥਿਏਟਰ ਵਿਭਾਗ ਵਿਚ ਪੜ੍ਹਦਾ ਸੀ।




ਵਿਗਿਆਨ ਦਾ ਵਿਦਿਆਰਥੀ ਗਿਆਨੀ ਕਰ ਕੇ ਪੰਜਾਬੀ ਸਾਹਿਤ ਰਾਹੀਂ ਬੀ.ਏ. ਪਾਸ ਕਰ ਕੇ ਚੰਡੀਗੜ੍ਹ ਪੁੱਜਿਆ ਸੀ। ਇੱਥੇ ਹੀ ਉਸ ਨੇ ਆਪਣੀ ਪਲੇਠੀ ਦਸਤਾਵੇਜ਼ੀ ਫ਼ਿਲਮ 'ਆਪਣਾ ਪਾਸ਼' ਬਣਾਈ ਜੋ ਮੇਰੀ ਫ਼ਿਲਮ ਨਿਰਮਾਣ ਨਾਲ ਜੁੜਨ ਦੀ ਸ਼ੁਰੂਆਤ ਸੀ। ਉਨ੍ਹਾਂ ਦਿਨਾਂ ਵਿਚ ਪੰਜਾਬੀ ਫ਼ਿਲਮਾਂ ਦਾ ਮਿਆਰ ਕੁਝ ਜ਼ਿਆਦਾ ਹੀ ਡਿੱਗਿਆ ਹੋਇਆ ਸੀ। ਰਾਜੀਵ ਨੇ ਕਈ ਫ਼ਿਲਮਾਂ ਵਿਚ ਬਤੌਰ ਸਹਾਇਕ ਨਿਰਦੇਸ਼ਕ ਕੰਮ ਕੀਤਾ। ਰਾਜੀਵ ਸਮੇਤ ਸਾਨੂੰ ਉਹ ਫ਼ਿਲਮਾਂ ਨਾਪਸੰਦ ਹਨ ਅਤੇ ਗਾਹੇ-ਬਗਾਹੇ ਇਨ੍ਹਾਂ ਬਾਰੇ ਪੜਚੋਲ ਕਰਦਿਆਂ ਰਾਜੀਵ ਨੂੰ ਅਕਸਰ ਟਕੋਰਾਂ ਲੱਗਦੀਆਂ ਰਹਿੰਦੀਆਂ ਹਨ। ਟੈਲੀਵਿਜ਼ਨ ਦੇ ਲੰਮੇ ਤਜਰਬੇ ਤੋਂ ਬਾਅਦ ਰਾਜੀਵ ਦੀ ਇੱਛਾ ਫੀਚਰ ਫ਼ਿਲਮ ਬਣਾਉਣ ਦੀ ਸੀ। ਇੱਛਾ ਤਾਂ ਇਹ ਸ਼ੁਰੂ ਤੋਂ ਸੀ ਪਰ ਇਸ ਦੌਰਾਨ ਕਦੇ ਕੋਈ ਸਬੱਬ ਨਹੀਂ ਬਣਿਆ। ਇਹ ਸਬੱਬ ਜੁਗਾੜ ਨਾਲ ਬਣਦੇ ਹਨ ਪਰ ਰਾਜੀਵ ਨੂੰ ਟੈਲੀਵਿਜ਼ਨ ਤੇ ਫ਼ਿਲਮ ਸਨਅਤ ਦਾ ਇਹ ਸਰਵ-ਗੁਣਕਾਰੀ ਹੁਨਰ ਨਹੀਂ ਆਉਂਦਾ। ਉਸ ਨੇ ਪੇਂਡੂ ਸਾਦਗੀ ਅਤੇ ਮਹਾਂਨਗਰੀ ਗਿਆਨ ਸਹਿਜਤਾ ਨਾਲ ਸਮੋ ਲਿਆ ਹੈ। ਇਸ ਦੌਰਾਨ ਰਾਜੀਵ ਨੇ 'ਨਾਬਰ' ਦੀ ਕਹਾਣੀ ਲਿਖ ਲਈ ਸੀ ਅਤੇ ਕਈਆਂ ਨੂੰ ਸੁਣਾਈ ਸੀ। ਪੰਜਾਬੀ ਫ਼ਿਲਮਾਂ ਦੇ ਕਈ ਵੱਡਿਆਂ ਨੇ ਕਹਾਣੀ ਦੀ ਸਿਫ਼ਤ ਕੀਤੀ ਸੀ ਪਰ ਪੈਸੇ ਲਗਾਉਣ ਵਾਲਾ ਕੋਈ ਨਹੀਂ ਸੀ। ਰਾਜੀਵ ਦਾ 'ਚੈਨਲ ਪੰਜਾਬ' ਨਾਲ ਚੰਗਾ ਤਜਰਬਾ ਸੀ। ਜਦੋਂ ਚੈਨਲ ਪੰਜਾਬ ਵਾਲੇ ਜਸਵੀਰ ਸਿੰਘ ਨੇ ਫ਼ਿਲਮ ਨਿਰਮਾਣ ਵਿਚ ਹੱਥ ਅਜ਼ਮਾਉਣਾ ਸ਼ੁਰੂ ਕੀਤਾ ਤਾਂ ਪੁਰਾਣੇ ਸਾਥੀ ਰਾਜੀਵ ਨੂੰ ਉਸ ਨੇ ਹਿੱਸੇਦਾਰ ਬਣਾਇਆ ਅਤੇ 'ਨਾਬਰ' ਬਣਾਉਣ ਦਾ ਫ਼ੈਸਲਾ ਹੋਇਆ। ਪਿਉ-ਪੁੱਤ ਦੇ ਰਿਸ਼ਤੇ ਦੀਆਂ ਤੰਦਾਂ ਫਰੋਲਦਿਆਂ ਰਾਜੀਵ 'ਨਾਬਰ' ਰਾਹੀਂ ਪੰਜਾਬੀਆਂ ਦੇ ਪਰਦੇਸ ਜਾਣ ਦੇ ਝੱਸ ਦੀ ਗੱਲ ਕਰ ਰਿਹਾ ਹੈ। ਪਿਉ-ਪੁੱਤ ਦੇ ਰਿਸ਼ਤੇ ਦੀ ਬੇਪ੍ਰਵਾਹੀ ਤੋਂ ਸ਼ਿੱਦਤ ਤੱਕ ਦੀ ਬਾਤ ਚੁੱਪ ਬੰਦੇ ਦੇ 'ਨਾਬਰ' ਹੋਣ ਦਾ ਐਲਾਨ ਹੈ। ਰਾਜੀਵ ਅੰਦਰਲਾ ਪੰਜਾਬੀ ਇੱਕੋ ਸਾਹ ਵਿਚ ਬਾਬਾ ਫਰੀਦ, ਬਾਬੂ ਰਜਬ ਅਲੀ ਤੋਂ ਲੈਕੇ ਚੰਡੀ ਦੀ ਵਾਰ ਤੱਕ ਸੁਣ, ਪੜ੍ਹ ਤੇ ਗਾ ਸਕਦਾ ਹੈ। ਇਹੋ ਜਮ੍ਹਾਂ-ਜੋੜ ਉਸ ਨੇ 'ਨਾਬਰ' ਵਿਚ ਸ਼ਾਮਿਲ ਕੀਤਾ ਹੈ। ਰਾਜੀਵ ਸਿਦਕਦਿਲੀ ਵਾਲਾ ਦਰਦਮੰਦ ਪੰਜਾਬੀ ਬੰਦਾ ਹੈ। ਉਹ ਪੰਜਾਬ ਵਿਚ ਰਹਿ ਕੇ ਪੰਜਾਬੀ ਫ਼ਿਲਮਾਂ ਬਣਾਉਣੀਆਂ ਅਤੇ ਦਿਖਾਉਣੀਆਂ ਚਾਹੁੰਦਾ ਹੈ। ਜਦੋਂ ਰੁਜ਼ਗਾਰ ਉਸ ਨੂੰ ਦੂਰ-ਦੁਰਾਡੇ ਲਿਜਾਂਦਾ ਰਿਹਾ ਹੈ ਤਾਂ ਮੈਂ ਉਸ ਨੂੰ ਆਵਾਜ਼ ਮਾਰਦਾ ਰਿਹਾ ਹਾਂ। 'ਨਾਬਰ' ਨੂੰ ਐਡਾਰਡ ਮਿਲ ਜਾਣ ਨਾਲ ਮੇਰੀ ਆਵਾਜ਼ ਦੇ ਸੁਣੇ ਜਾਣ ਦੀ ਸੰਭਾਵਨਾ ਵਧ ਗਈ ਹੈ। ਹੋ ਸਕਦਾ ਹੈ ਕਿ ਹੁਣ ਰਾਜੀਵ ਦੇ ਪੰਜਾਬ ਵਿਚ ਫ਼ਿਲਮਾਂ ਬਣਾਉਣ ਅਤੇ ਦਿਖਾਉਣ ਦਾ ਬਿਹਤਰ ਸਬੱਬ ਬਣ ਜਾਏ।



ਰਾਜੀਵ



ਅਦਾਕਾਰਾ ਗੀਤਾਂਜਲੀ ਗਿੱਲ

# ਆਖ ਤਸਵੀਰਾਂ ਬੋਲਦੀਆਂ

'ਪੰਜਾਬ ਟਾਈਮਜ਼' ਦੇ ਪਾਠਕਾਂ ਲਈ ਸ਼ੁਰੂ ਕੀਤੇ ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੂੰ ਭਰਪੂਰ ਹੁੰਗਾਰਾ ਮਿਲਿਆ ਹੈ। ਇਸ ਕਾਲਮ ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖ਼ੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ ਵਿਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਵਧੀਆ ਲਿਖਤਾਂ ਪਰਚੇ ਵਿਚ ਛਾਪੀਆਂ ਜਾਣਗੀਆਂ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਕਾਵਿ ਟੋਟਾ ਤੁਹਾਡੀ ਆਪਣੀ ਜਾਂ ਕਿਸੇ ਹੋਰ ਦੀ ਰਚਨਾ ਵੀ ਹੋ ਸਕਦੀ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਜਾਂ ਕੋਈ ਹੋਰ ਵਿਕੋਲਿਤਰੀ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਸਾਡੇ ਪਾਸ ਪਹੁੰਚਣ ਲਈ ਆਖਰੀ ਤਾਰੀਖ 30 ਮਾਰਚ ਹੈ। -ਸੰਪਾਦਕ

## ਕੈਪਸ਼ਨ ਮੁਕਾਬਲਾ-57



*ਥਲ ਵਿਚ ਤਾਂ ਧੂੜਾਂ ਪੁੱਟ ਦਿੰਦੇ, ਜਦ ਕੋਈ 'ਰੇਸ' ਮਰੋੜੇ।*
*ਨਦੀ ਲੰਘਣ ਲਈ ਬੇੜੀ ਬਹਿ ਗਏ, ਇਹ ਲੋਹੇ ਦੇ ਘੋੜੇ!*

## ਕੈਪਸ਼ਨ ਮੁਕਾਬਲਾ-55



ਨੂੰਹ ਕੁਪੱਤੀ ਆਈ ਐਸੀ,
ਕੰਮ ਨੂੰ ਹੱਥ ਨਾ ਲਾਵੇ।
ਚੜ੍ਹੀ ਚੁਬਾਰੇ ਰਹਿੰਦੀ ਕਮਲੀ,
ਨਾ ਸੱਸ ਨਾਲ ਹੱਥ ਵਟਾਵੇ।
ਬੁੱਢ ਵਰੇਸੇ ਕੀ ਕੀ ਕਰਾਂ?
ਨਖਰੇਲੋ ਨੂੰ ਸਮਝ ਨਾ ਆਵੇ।
ਟੱਬਰ ਦਾ ਰੋਟੀ-ਪਾਣੀ ਕਰਦੀ,
ਉਤੋਂ ਹੱਡਾਂ ਦੀ ਪੀੜ ਸਤਾਵੇ।
ਰਗੜਾਂ ਮਸਾਲੇ, ਬਣਾਵਾਂ ਸਬਜ਼ੀ,
ਬਾਲਾਂ ਅੱਗ, ਧੂੰਆਂ ਚੜ੍ਹ ਜਾਵੇ।
ਧੂੰਆਂਖੇ ਹੋਏ ਘਰ ਦੇ ਵਾਂਗੂ,
ਮੇਰੀ ਜ਼ਿੰਦਗੀ ਧੂੰਆਂਖੀ ਜਾਵੇ।
***-ਬਲਜਿੰਦਰ ਸਿੰਘ ਖਾਲਸਾ***

---

ਚੁੱਲ੍ਹੇ ਬਾਲੀ ਛਟੀਆਂ ਦੀ ਅੱਗ,
ਉਤੇ ਰੱਖੀ ਮਸਰਾਂ ਦੀ ਦਾਲ।
ਰਗੜਿਆ ਮਸਾਲਾ ਬੇਬੇ ਨੇ,
ਕੂੰਡੀ ਦੇ ਵਿਚ, ਘੋਟਣੇ ਨਾਲ।
ਦਾਲ ਪਿਛੋਂ ਬਣਾਵੇ ਫੁਲਕੇ,
ਚੋਪੜੇ ਦੇਸੀ ਘਿਓ ਦੇ ਨਾਲ।
ਮੋਹ-ਮਮਤਾ ਦੀ ਮੂਰਤ ਬੇਬੇ,
ਰੋਟੀ-ਟੁੱਕ ਕਰਦੀ ਰੀਝਾਂ ਨਾਲ।
***-ਗੁਰਮਨ ਸਿੰਘ ਮਾਨ ਨਿਊ ਯਾਰਕ***

---

ਬਿਜਲੀ ਮਹਿੰਗੀ, ਗੈਸ ਵੀ ਮਹਿੰਗੀ,
ਚੁੱਲ੍ਹਾ ਸਾਡਾ ਡੰਗ ਟਪਾਵੇ।
ਮਿਕਸੀ ਵਾਲੀ ਪਹੁੰਚ ਨਹੀਂ ਹੈ,
ਕੂੰਡੀ-ਸੋਟਾ ਸਾਥ ਨਿਭਾਵੇ।
ਤੇਜੀ ਨੇ ਸਭ ਸੁਆਦ ਗਾਲ'ਤੇ,
ਸਹਿਜ 'ਚੋਂ ਅਸਲੀ ਲੱਜ਼ਤ ਆਵੇ।
***-ਜਗਮੀਤ ਸਿੰਘ ਪੰਧੇਰ***
***ਫੋਨ: 91-98783-37222***

---

ਬੜਾ ਹੀ ਪਿਆਰਾ ਤੈਨੂੰ
ਆਪਣਾ ਘਰ ਬਾਰ ਨੀ।
ਪਲ ਪਲ ਰੁੱਝੀ ਰਹਿੰਦੀ,
ਹੱਥੀਂ ਚੜ੍ਹੇ ਕੰਮ-ਕਾਰ ਨੀ।
ਕਦੇ ਫਰਜ਼ਾਂ ਤੋਂ ਨਾ ਭੱਜੀ,
ਲੱਖ ਹੋਵੇਂ ਬਿਮਾਰ ਨੀ।
ਤੈਨੂੰ ਚੁੱਲ੍ਹੇ-ਚੌਂਕੇ ਨਾਲ,
ਮਾਏ ਬੜਾ ਪਿਆਰ ਨੀ।
***-ਪ੍ਰਕਾਸ਼ ਕੌਰ ਢਿੱਲੋਂ***
***ਪਿਟਸਬਰਗ, ਕੈਲੀਫੋਰਨੀਆ।***

---

ਹੁਣ ਰਸੋਈ ਗੈਸ ਦੀ ਮੌਜ ਬੜੀ,
ਪਹਿਲਾਂ ਲੱਕੜਾਂ ਲਿਆਂਦੇ ਰੱਖ ਮੋਢੇ।
ਹਲਕੇ-ਭਾਰੇ ਕੰਮਾਂ ਦੀ ਬਦੌਲਤ,
ਕਾਇਮ ਰਹਿੰਦੇ ਸੀ ਹੱਡ-ਗੋਡੇ।
ਵਿਹਲੀਆਂ ਨੂੰਹਾਂ, ਵਿਹਲੀਆਂ ਸੱਸਾਂ,
ਹੁਣ ਜੀਅ ਕੰਮਾਂ ਤੋਂ ਚੁਰਾਉਣ।
ਦਾਦੀ ਅੰਮਾ ਇਹ ਦਿੰਦੀ ਸੁਨੇਹਾ,
'ਕਾਮੇ ਸਰੀਰ ਤੰਦਰੁਸਤ ਰਹਿਣ।'
***-ਜਗਤਾਰ ਸਿੰਘ ਲੇਘਾ ਬਾਲਟੀਮੋਰ।***

---

ਬੜਾ ਚੇਤੇ ਆਉਂਦਾ ਏ ਮਾਂ
ਤੇਰੇ ਕੂੰਡੇ 'ਚ ਰਗੜੇ
ਮਸਾਲੇ ਦਾ ਸਵਾਦ।
ਕੋਈ ਮੈਕਡੌਨਲਡ, ਸਬਵੇ,
ਕੇ ਐਫ ਸੀ ਨਹੀਂ ਦੇ ਸਕਦਾ
ਇਸ ਬੇਮਿਸਾਲ ਸਵਾਦ ਦਾ ਜਵਾਬ।
ਵਕਤ ਦਾ ਪਲਟਾ ਕਹੀਏ
ਜਾਂ ਆਪਣੇ ਮਨ ਦੀ ਭਟਕਣਾ,
ਤੇਰੇ ਚੌਂਕੇ 'ਚ ਮਾਏ
ਇਨ੍ਹਾਂ ਚੀਜ਼ਾਂ ਨੂੰ ਲੱਭਦੇ ਸਾਂ।
ਤੇ ਹੁਣ ਉਸ ਚੌਂਕੇ 'ਚ ਬੈਠ ਕੇ
ਖਾਣ ਨੂੰ ਮਨ ਰਹਿੰਦਾ ਏ ਬੇਤਾਬ।
***-ਸ੍ਰੀਮਤੀ ਅਮਰਜੀਤ ਗਿੱਲ।***

---

ਭਰੇ ਰਹਿਣ ਤੇਰੇ ਆਲੇ
ਚੌਂਕੇ-ਚੁੱਲ੍ਹੇ ਮਘਦੇ ਰਹਿਣ।
ਦੁੱਧੀਂ ਭਰੀਆਂ ਬਾਲਟੀਆਂ,
ਲੋਹ 'ਤੇ ਫੁਲਕੇ ਲਹਿਣ।
ਜੇ ਆਣ ਖਾਵਣ ਬਾਲੜੇ,
ਪਏ ਮਾਂ ਦੇ ਸੀਨੇ ਚੈਨ।
ਕੂੰਡੇ ਕੁੱਟੀ ਚਟਣੀ ਖਾਣ ਨੂੰ,
ਪੁੱਤ ਵਿਦੇਸ਼ੀਂ ਤਰਸਦੇ ਰਹਿਣ।
***-ਜੁਗਰਾਜ ਗਿੱਲ, ਸ਼ਾਰਲਟ***
***ਫੋਨ: 704-257-6693***

# ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਸੁਸਾਇਟੀ ਸਿਨਸਿਨੈਟੀ ਵਲੋਂ ਫਿਲਮ ਅਤੇ ਮੰਚ ਅਦਾਕਾਰਾ ਅਨੀਤਾ ਸ਼ਬਦੀਸ਼ ਦੇ ਸਨਮਾਨ ਲਈ ਇਕ ਸਮਾਗਮ ਕੀਤਾ ਗਿਆ। ਇਸ ਸਮਾਗਮ ਦੀਆਂ ਕੁਝ ਹੋਰ ਤਸਵੀਰਾਂ






# ਬਾਦਲ ਵੱਲੋਂ ਸਿੱਖਸ ਫਾਰ ਜਸਟਿਸ ਖਿਲਾਫ ਪਟੀਸ਼ਨ ਦਾਇਰ

**ਮਿਲਵਾਕੀ:** ਮਨੁੱਖੀ ਅਧਿਕਾਰਾਂ ਦੀ ਉਲੰਘਣਾ ਬਾਰੇ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਖਿਲਾਫ ਲਟਕੇ ਮਾਮਲੇ ਵਿਚ ਤੀਜੀ ਧਿਰ ਦੇ ਗਵਾਹਾਂ ਨੂੰ ਉਕਸਾਉਣ ਦੇ ਦੋਸ਼ ਹਿਤ ਅਮਰੀਕੀ ਅਦਾਲਤ ਵਿਚ ਪਟੀਸ਼ਨ ਦਾਇਰ ਕੀਤੀ ਗਈ ਹੈ। ਸ. ਬਾਦਲ ਦੇ ਵਕੀਲ ਨੇ ਵਿਸਕਾਨਸਿਨ ਦੀ ਅਦਾਲਤ ਵਿਚ ਇਹ ਪਟੀਸ਼ਨ ਦਾਇਰ ਕੀਤੀ। ਇਸ ਵਿਚ ਅਦਾਲਤ ਵਿਚ ਤੀਜੀ ਧਿਰ ਦੇ ਗਵਾਹਾਂ ਦੀ ਸੂਚਨਾ ਨੂੰ ਜਨਤਕ ਨਾ ਕਰਨ, ਉਨ੍ਹਾਂ ਦਾ ਕੋਈ ਖਾਸ ਅਕਸ ਬਣਾਉਣ ਤੋਂ ਰੋਕਣ ਤੇ ਉਨ੍ਹਾਂ ਨੂੰ ਪ੍ਰੇਸ਼ਾਨ ਤੇ ਸ਼ਰਮਿੰਦਾ ਕਰਨੋਂ ਰੋਕਣ ਦੀ ਅਪੀਲ ਕੀਤੀ ਗਈ ਹੈ।

ਮੁੱਖ ਮੰਤਰੀ ਦੇ ਵਕੀਲ ਨੇ ਇਹ ਪਟੀਸ਼ਨ ਵਿਸ਼ਵ ਸਿੱਖ ਕੌਂਸਲ ਦੇ ਸਾਬਕਾ ਡਾਇਰੈਕਟਰ ਸੁਰਿੰਦਰਪਾਲ ਸਿੰਘ ਕਾਲੜਾ ਵੱਲੋਂ ਅਦਾਲਤ ਵਿਚ ਗਵਾਹੀ ਦੇਣ ਦੇ ਦੋ ਦਿਨ ਬਾਅਦ ਦਾਇਰ ਕੀਤੀ। ਵਕੀਲ ਨੇ ਦੋਸ਼ ਲਾਇਆ ਕਿ ਸਿੱਖਸ ਫਾਰ ਜਸਟਿਸ ਉਨ੍ਹਾਂ ਦੇ ਬਿਆਨ ਨੂੰ ਗਲਤ ਢੰਗ ਨਾਲ ਪੇਸ਼ ਕਰ ਰਹੀ ਹੈ। ਉਨ੍ਹਾਂ ਅਦਾਲਤ ਨੂੰ ਕਿਹਾ ਕਿ ਹੁਣ ਆਪਣੇ ਵਕੀਲਾਂ ਰਾਹੀਂ ਅਦਾਲਤ ਵਿਚ ਮਾਮਲੇ ਰੱਖਣ ਦੀ ਥਾਂ ਪਟੀਸ਼ਨਰ ਇਕ ਲੋਕ ਸੰਪਰਕ ਮੁਹਿੰਮ ਛੇੜ ਰਹੇ ਹਨ ਤਾਂ ਜੋ ਇਹ ਮਾਮਲਾ ਸੇਵਾ ਵਿਚ ਭੁੱਲ ਕਾਰਨ ਹੋਈ ਗਲਤੀ ਤੋਂ ਕਿਤੇ ਵੱਡਾ ਨਜ਼ਰ ਆਏ। ਉਨ੍ਹਾਂ ਕਿਹਾ ਕਿ ਕਾਲੜਾ ਨਾਲ ਅਜਿਹਾ ਵਿਹਾਰ ਨਹੀਂ ਕੀਤਾ ਜਾਣਾ ਚਾਹੀਦਾ। ਜਾਂਚ ਦੇ ਨਿਯਮ ਇਸ ਦੀ ਪ੍ਰਵਾਨਗੀ ਨਹੀਂ ਦਿੰਦੇ ਤੇ ਅਦਾਲਤ ਨੇ 21 ਫਰਵਰੀ 2013 ਦੀ ਸੁਣਵਾਈ ਦੇ ਖਤਮ ਹੋਣ ਸਮੇਂ ਜੋ ਕਿਹਾ ਸੀ, ਇਹ ਅਜਿਹਾ ਨਹੀਂ ਹੈ। ਚੇਤੇ ਰਹੇ ਸ. ਬਾਦਲ 'ਤੇ ਪੰਜਾਬ 'ਚ ਸਿੱਖਾਂ ਖਿਲਾਫ ਮਨੁੱਖੀ ਹੱਕਾਂ ਦੀ ਉਲੰਘਣਾ ਤੇ ਤਸ਼ੱਦਦ ਕਰਨ ਲਈ ਜ਼ਿੰਮੇਵਾਰ ਪੁਲਿਸ ਅਫਸਰਾਂ ਨੂੰ ਬਚਾਉਣ ਦੇ ਦੋਸ਼ਾਂ ਹੇਠ ਮੁਕੱਦਮਾ ਚੱਲ ਰਿਹਾ ਹੈ।

ਇਸੇ ਦੌਰਾਨ ਸ. ਬਾਦਲ ਦੀ ਇਸ ਅਰਜ਼ੀ 'ਤੇ ਟਿਪਣੀ ਕਰਦਿਆਂ ਸਿੱਖਸ ਫਾਰ ਜਸਟਿਸ ਦੇ ਕਾਨੂੰਨੀ ਸਲਾਹਕਾਰ ਅਟਾਰਨੀ ਗੁਰਪਤੰਵਤ ਸਿੰਘ ਪੰਨੂ ਨੇ ਕਿਹਾ ਹੈ ਕਿ ਇਸਤਗਾਸਾ ਧਿਰ ਦੇ ਖੁਲਾਸਿਆਂ 'ਤੇ ਰੋਕ ਲਾਉਣ ਲਈ ਅਮਰੀਕੀ ਸੰਵਿਧਾਨ ਵਲੋਂ ਇਸਤਗਾਸਾ ਧਿਰ ਨੂੰ ਦਿੱਤੇ ਗਏ ਪ੍ਰਥਮ ਸੋਧ ਅਧਿਕਾਰਾਂ ਦੀ ਉਲੰਘਣਾ ਹੈ। ਉਨ੍ਹਾਂ ਕਿਹਾ ਕਿ ਖੁਦ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਕਰਨ ਵਾਲਿਆਂ ਦਾ ਅਮਰੀਕਾ ਵਿਚ ਪੀੜਤਾਂ ਦੀ ਅਵਾਜ਼ ਦਬਾਉਣ ਦਾ ਯਤਨ ਏਲੀਅਨ ਟੋਰਟਸ ਕਲੇਮਸ ਐਕਟ ਦੀ ਭਾਵਨਾ ਦੇ ਬਿਲਕੁਲ ਖਿਲਾਫ ਹੈ ਜਿਸ ਤਹਿਤ ਇਸਤਗਾਸਾ ਧਿਰ ਨੇ ਅਮਰੀਕੀ ਅਦਾਲਤ ਤੋਂ ਗੁਹਾਰ ਲਾਈ ਹੈ।


ooraa

ਕਰੈਡਿਟ ਕਾਰਡ ਪੇਮੈਂਟਾਂ ਤੋਂ ਬੇਹੱਦ ਪ੍ਰੇਸ਼ਾਨ ਹੋ?

- ਹਜ਼ਾਰਾਂ ਡਾਲਰ ਬਚਾਓ, ਆਪਣੀ ਜਾਨ ਸੁਖਾਲੀ ਕਰੋ
- ਤੁਹਾਡੀ ਰਹਿੰਦੀ ਪੇਮੈਂਟ 60% ਤੱਕ ਘਟ ਸਕਦੀ ਹੈ
- ਆਪਣਾ ਕਰੈਡਿਟ ਬਹਾਲ ਕਰਾਓ
- Bankruptcy ਤੋਂ ਬਚੋ !
- ਸਾਰੇ ਕਾਰਡਾਂ ਦੀ ਇਕੋ Monthly Payment ਬਣਾਓ

- Achieve financial peace of mind
- Get the fast results
- 100% confidential
- Prevent wages garnishment and bank levies

We work in USA & Canada

Resolve your IRS Tax Debt / Problems

100% SATISFACTION GUARANTEED

ਅੱਜ ਹੀ ਸਾਨੂੰ ਕਾਲ ਕਰੋ

(888) 888-9914

www.ooraa.org

Dhillon Truck Stop

Dhillon Road Service

Interstate 40, exit 356, San Jon, NM

ਗਿੱਲ ਮੰਜ ਗੁਰਦਾਸਪੁਰ ਵਾਲੇ

ਪੰਜਾਬੀ ਢਾਬਾ

ਡੀਜ਼ਲ ਅਤੇ ਰੋਡ ਸਰਵਿਸ

New & Used Tires

Oil Change

ਨਿਊ ਮੈਕਸੀਕੋ ਦੀ ਸਕੇਲ ਉਤੇ ਵੀ ਸਰਵਿਸ ਦਿੰਦੇ ਹਾਂ

Ph:575-576-4111, 575-815-8536

# ਹਿੰਦੋਸਤਾਨ ਸੋਸ਼ਲਿਸਟ ਰਿਪਬਲਿਕਨ ਆਰਮੀ

*ਕ੍ਰਾਂਤੀਕਾਰੀਆਂ ਦੀ ਜਥੇਬੰਦੀ ਹਿੰਦੋਸਤਾਨ ਸੋਸ਼ਲਿਸਟ ਰਿਪਬਲਿਕਨ ਐਸੋਸੀਏਸ਼ਨ (ਐਚ.ਐਸ.ਆਰ.ਏ.) ਹਿੰਦੋਸਤਾਨ ਸੋਸ਼ਲਿਸਟ ਰਿਪਬਲਿਕਨ ਆਰਮੀ ਵਜੋਂ ਵੀ ਜਾਣੀ ਜਾਂਦੀ ਹੈ। ਇਸ ਦਾ ਪਹਿਲਾਂ ਨਾਂ ਹਿੰਦੋਸਤਾਨ ਰਿਪਬਲਿਕਨ ਐਸੋਸੀਏਸ਼ਨ ਸੀ। ਇਹ ਅਸਲ ਵਿਚ ਮੋਹਨ ਦਾਸ ਕਰਮ ਚੰਦ ਗਾਂਧੀ ਦੀ ਸਿਆਸਤ ਦੇ ਬਦਲ ਵਜੋਂ ਸਾਹਮਣੇ ਆਈ ਸੀ। ਗਾਂਧੀ ਨੇ ਜਦੋਂ ਚੌਰਾ-ਚੌਰਾ ਦੀ ਘਟਨਾ ਤੋਂ ਬਾਅਦ ਆਪਣਾ ਅੰਦੋਲਨ ਵਾਪਸ ਲੈ ਲਿਆ ਤਾਂ ਕਾਂਗਰਸ ਨਾਲ ਜੁੜੇ ਕ੍ਰਾਂਤੀਕਾਰੀ ਆਗੂਆਂ ਨੇ ਗਾਂਧੀ ਨਾਲੋਂ ਤੋੜ-ਵਿਛੋੜਾ ਕਰ ਕੇ ਆਪੋ-ਆਪੇ ਪੱਧਰ ਉਤੇ ਸਰਗਰਮੀ ਕੀਤੀ। ਹਿੰਦੋਸਤਾਨ ਰਿਪਬਲਿਕਨ ਐਸੋਸੀਏਸ਼ਨ ਅਜਿਹੇ ਮਾਹੌਲ ਦੀ ਹੀ ਪੈਦਾਵਾਰ ਸੀ। ਬਾਅਦ ਵਿਚ ਭਗਤ ਸਿੰਘ ਦੀ ਸਲਾਹ 'ਤੇ ਇਸ ਵਿਚ 'ਸੋਸ਼ਲਿਸਟ' ਸ਼ਬਦ ਪਾ ਦਿੱਤਾ ਗਿਆ। ਇਸ ਐਸੋਸੀਏਸ਼ਨ ਦੇ ਕੁਝ ਪੱਖਾਂ ਬਾਰੇ ਚਰਚਾ ਭਗਤ ਸਿੰਘ ਦੇ ਸਾਥੀਆਂ ਵਿਚੋਂ ਇਕ, ਯਸ਼ਪਾਲ (3 ਦਸੰਬਰ 1903-26 ਦਸੰਬਰ 1976) ਨੇ ਸੁਣਾਈ ਹੈ। ਉਹ ਇਸ ਐਸੋਸੀਏਸ਼ਨ ਦਾ ਅਹਿਮ ਮੈਂਬਰ ਸੀ। ਉਸ ਦੀ ਗ੍ਰਿਫਤਾਰੀ 1932 ਵਿਚ ਹੋਈ ਅਤੇ ਉਸ ਨੂੰ 14 ਸਾਲ ਬਾਮੁਸ਼ੱਕਤ ਕੈਦ ਦੀ ਸਜ਼ਾ ਦਿੱਤੀ ਗਈ। ਮਗਰੋਂ ਉਹ ਹਿੰਦੀ ਲੇਖਕ ਵਜੋਂ ਮਸ਼ਹੂਰ ਹੋਇਆ। ਉਸ ਦਾ ਲਿਖਿਆ ਨਾਵਲ 'ਝੂਠਾ ਸੱਚ' ਵੱਡੇ ਪੱਧਰ 'ਤੇ ਪੜ੍ਹਿਆ ਅਤੇ ਸਲਾਹਿਆ ਗਿਆ। ਆਪਣੇ ਇਸ ਲੇਖ ਵਿਚ ਯਸ਼ਪਾਲ ਨੇ ਹਿੰਦੋਸਤਾਨ ਸੋਸ਼ਲਿਸਟ ਰਿਪਬਲਿਕਨ ਐਸੋਸੀਏਸ਼ਨ ਦਾ ਨਾਂ ਹਿੰਦੋਸਤਾਨ ਸੋਸ਼ਲਿਸਟ ਰਿਪਬਲਿਕਨ ਆਰਮੀ ਦਰਜ ਕੀਤਾ ਹੋਇਆ ਹੈ। ਅਸੀਂ 23 ਮਾਰਚ ਦੇ ਸ਼ਹੀਦਾਂ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਨੂੰ ਸ਼ਰਧਾਂਜਲੀ ਵਜੋਂ ਯਸ਼ਪਾਲ ਦਾ ਇਹ ਲੇਖ ਅਤੇ ਸ਼ਹੀਦ ਸੁਖਦੇਵ ਦੀ ਗਾਂਧੀ ਨੂੰ ਲਿਖੀ ਚਿੱਠੀ ਛਾਪ ਰਹੇ ਹਾਂ। ਸੁਖਦੇਵ ਵੱਲੋਂ ਚਿੱਠੀ ਵਿਚ ਉਠਾਏ ਨੁਕਤੇ ਇਨ੍ਹਾਂ ਕ੍ਰਾਂਤੀਕਾਰੀਆਂ ਦੇ ਦਿਲਾਂ ਅੰਦਰ ਬਲ ਰਹੇ ਰੋਹ ਦੇ ਭਾਂਬੜਾਂ ਵੱਲ ਹੀ ਇਸ਼ਾਰਾ ਕਰਦੇ ਹਨ। ਇਹ ਦੱਸਦੇ ਹਨ ਕਿ ਇਹ ਨੌਜਵਾਨ ਇਕੋ ਵੇਲੇ ਅੰਗਰੇਜ਼ਾਂ ਅਤੇ ਦੇਸੀ ਆਗੂਆਂ ਨਾਲ ਕਿਸ ਤਰ੍ਹਾਂ ਟੱਕਰ ਲੈ ਰਹੇ ਸਨ। -ਸੰਪਾਦਕ*



ਭਗਤ ਸਿੰਘ, ਸੁਖਦੇਵ, ਵਿਜੇ ਅਤੇ ਸ਼ਿਵ ਵਰਮਾ ਦੇ ਯਤਨਾਂ ਨਾਲ ਉਤਰੀ ਭਾਰਤ ਦੇ ਸੂਬਿਆਂ ਦੇ ਕ੍ਰਾਂਤੀਕਾਰੀਆਂ ਦੇ ਨੁਮਾਇੰਦਿਆਂ ਦੀ ਮਿਲਣੀ ਦੀ ਯੋਜਨਾ ਦਿੱਲੀ ਵਿਚ ਬਣਾਈ ਗਈ। ਇਹ ਮਿਲਣੀ 8 ਅਤੇ 9 ਸਤੰਬਰ (1928) ਨੂੰ ਫਿਰੋਜ਼ਸ਼ਾਹ ਕੋਟਲਾ ਦੇ ਖੰਡਰਾਂ ਵਿਚ ਹੋਈ ਸੀ। ਇਸ ਮਿਲਣੀ ਵਿਚ ਪੰਜਾਬ ਤੋਂ ਭਗਤ ਸਿੰਘ ਤੇ ਸੁਖਦੇਵ, ਰਾਜਪੂਤਾਨਾ (ਰਾਜਸਥਾਨ) ਤੋਂ ਕੁੰਦਨ ਲਾਲ, ਸੰਯੁਕਤ ਪ੍ਰਾਂਤ ਤੋਂ ਸ਼ਿਵ ਵਰਮਾ, ਬ੍ਰਹਮ ਦੱਤ ਮਿਸ਼ਰਾ, ਜੈ ਦੇਵ, ਵਿਜੇ ਕੁਮਾਰ ਸਿਨਹਾ, ਸੁਰਿੰਦਰ ਨਾਥ ਪਾਂਡੇ ਅਤੇ ਬਿਹਾਰ ਤੋਂ ਫਣੀਂਦਰ ਨਾਥ ਘੋਸ਼ ਤੇ ਮਨਮੋਹਨ ਬੈਨਰਜੀ ਆਏ ਸਨ। ਚੰਦਰ ਸ਼ੇਖਰ ਆਜ਼ਾਦ ਇਸ ਮਿਲਣੀ ਵਿਚ ਨਹੀਂ ਸਨ ਆ ਸਕੇ। ਭਗਤ ਸਿੰਘ ਤੇ ਸ਼ਿਵ ਉਸ ਨੂੰ ਮਿਲ ਚੁੱਕੇ ਸਨ। ਉਸ ਨੇ ਭਰੋਸਾ ਦਿੱਤਾ ਸੀ ਕਿ ਬਹੁਮਤ ਨਾਲ ਜੋ ਫੈਸਲਾ ਹੋਵੇਗਾ, ਉਹ ਉਸ ਨੂੰ ਸਵੀਕਾਰ ਕਰਨਗੇ। ਬੰਗਾਲ ਦੇ ਨੁਮਾਇੰਦੇ ਵੀ ਇਸ ਮਿਲਣੀ ਵਿਚ ਸ਼ਾਮਿਲ ਨਹੀਂ ਹੋਏ ਸਨ। ਸ਼ਿਵ ਵਰਮਾ ਕਲਕੱਤੇ (ਹੁਣ ਕੋਲਕਾਤਾ) ਜਾ ਕੇ ਬੰਗਾਲੀ ਕ੍ਰਾਂਤੀਕਾਰੀਆਂ ਨਾਲ ਸੰਪਰਕ ਬਣਾਉਣ ਦਾ ਯਤਨ ਕਰ ਆਏ ਸਨ। ਉਸ ਸਮੇਂ ਬੰਗਾਲੀਆਂ ਨੇ ਸਹਿਯੋਗ ਦੇਣ ਲਈ ਸਖ਼ਤ ਸ਼ਰਤਾਂ ਰੱਖੀਆਂ ਸਨ। ਪਹਿਲੀ ਸ਼ਰਤ ਸੀ ਕਿ ਸਾਰੇ ਸੂਬਿਆਂ ਦਾ ਕ੍ਰਾਂਤੀਕਾਰੀ ਅੰਦੋਲਨ ਉਨ੍ਹਾਂ ਦੇ ਉਸ ਸਮੇਂ ਦੇ ਨੇਤਾ ਦੇ ਵਿਅਕਤੀਗਤ ਅਨੁਸ਼ਾਸਨ ਵਿਚ ਰਹੇਗਾ। ਦੂਜੀ ਸ਼ਰਤ ਸੀ ਕਿ ਫਿਲਹਾਲ ਸਾਥੀ ਭਰਤੀ ਕਰਨ, ਰੁਪਏ ਅਤੇ ਹਥਿਆਰ ਇਕੱਠੇ ਕਰਨ ਦਾ ਹੀ ਕੰਮ ਕੀਤਾ ਜਾਵੇਗਾ। ਕਿਸੇ ਇਹੋ ਜਿਹੇ ਕੰਮ ਨੂੰ ਹੱਥ ਨਹੀਂ ਪਾਇਆ ਜਾਵੇਗਾ ਜਿਸ ਨਾਲ ਸਰਕਾਰ ਚੌਕੰਨੀ ਹੋ ਜਾਵੇ।

ਨਵੀਂ ਬਣ ਰਹੀ ਜਥੇਬੰਦੀ ਦੇ ਕਰਤਿਆਂ-ਧਰਤਿਆਂ ਨੂੰ ਉਨ੍ਹਾਂ ਦੀ ਪਹਿਲੀ ਸ਼ਰਤ ਮਨਜ਼ੂਰ ਨਹੀਂ ਸੀ। ਇਹ ਠੀਕ ਹੈ ਕਿ ਪਹਿਲੇ ਕ੍ਰਾਂਤੀਕਾਰੀ ਦਲਾਂ ਵਿਚ 'ਦਾਦਾ' ਲੋਕਾਂ ਦਾ ਵਿਅਕਤੀਗਤ ਅਨੁਸ਼ਾਸਨ ਹੀ ਚਲਦਾ ਸੀ; ਪੰਜਾਬ ਵਿਚ ਜੈ ਚੰਦਰ ਜੀ ਅਤੇ ਸੰਯੁਕਤ ਪ੍ਰਾਂਤ ਵਿਚ ਜੇ.ਐਸ. ਸਾਨਿਆਲ ਦੀ ਨਿੱਜੀ ਧੱਕੜ ਚੌਧਰ ਉਸੇ 'ਦਾਦਡਮ' ਦੀ ਪਰੰਪਰਾ ਦਾ ਹੀ ਨਤੀਜਾ ਸੀ, ਪਰ ਅਸੀਂ ਇਸ ਤੋਂ ਅੱਕ ਚੁੱਕੇ ਸਾਂ। ਸਾਡੇ ਅੰਦਰ ਲੋਕਤੰਤਰ ਦੀ ਭਾਵਨਾ ਜਾਗ ਚੁੱਕੀ ਸੀ। ਅਸੀਂ ਸੂਬਿਆਂ ਦੇ ਦਲਾਂ ਦਾ ਕੇਂਦਰੀਕਰਨ ਤਾਂ ਚਾਹੁੰਦੇ ਸੀ, ਪਰ ਵਿਅਕਤੀਗਤ ਤਾਨਾਸ਼ਾਹੀ ਦੇ ਅਧੀਨ ਨਹੀਂ। ਇਸ ਦੇ ਨਾਲ ਹੀ ਸ਼ਿਵ ਵਰਮਾ ਨੇ ਇਹ ਮਹਿਸੂਸ ਕੀਤਾ ਕਿ ਉਹ ਜ਼ਿਆਦਾ ਸਮਰੱਥ ਵੀ ਨਹੀਂ ਸਨ ਕਿਉਂਕਿ ਉਨ੍ਹਾਂ ਨੂੰ ਤਾਂ ਸ਼ਿਵ ਨੂੰ ਠਹਿਰਾਉਣ ਲਈ ਰਾਤ ਨੂੰ ਗੁਪਤ ਟਿਕਾਣਾ ਪ੍ਰਾਪਤ ਕਰਨਾ ਵੀ ਔਖਾ ਹੁੰਦਾ ਸੀ।



ਚੰਦਰ ਸ਼ੇਖਰ ਆਜ਼ਾਦ



ਯਸ਼ਪਾਲ

ਸ਼ਿਵ ਵਰਮਾ ਦੀ ਸਲਾਹ ਦੇ ਆਧਾਰ 'ਤੇ ਬੰਗਾਲ ਦੇ ਸਹਿਯੋਗ ਦੀ ਆਸ ਛੱਡ ਦਿੱਤੀ ਗਈ। ਸਭ ਤੋਂ ਪਹਿਲਾਂ ਦਿੱਲੀ ਵਿਚ ਹਥਿਆਰਬੰਦ ਕ੍ਰਾਂਤੀ ਵਾਸਤੇ ਯਤਨ ਕਰਨ ਲਈ ਸਾਰੇ ਸੂਬਿਆਂ ਦਾ ਸਾਂਝਾ ਆਧਾਰ ਤਿਆਰ ਕੀਤਾ ਗਿਆ। ਹੁਣ ਤੱਕ ਅਲੱਗ-ਅਲੱਗ ਸੂਬਿਆਂ ਦੇ ਕ੍ਰਾਂਤੀਕਾਰੀ ਦਲਾਂ ਦੇ ਆਪੋ-ਆਪਣੇ ਨਾਂ ਸਨ। ਦਿੱਲੀ ਵਿਚਲੀ ਮਿਲਣੀ ਵਿਚ ਭਗਤ ਸਿੰਘ ਅਤੇ ਸੁਖਦੇਵ ਨੇ ਸਾਰੇ ਸੂਬਿਆਂ ਤੋਂ ਨੁਮਾਇੰਦੇ ਲੈ ਕੇ ਕੇਂਦਰੀ ਜਥੇਬੰਦੀ ਬਣਾਉਣ ਅਤੇ ਉਸ ਦਾ ਨਾਂ 'ਹਿੰਦੋਸਤਾਨ ਸੋਸ਼ਲਿਸਟ ਰਿਪਬਲਿਕਨ ਆਰਮੀ' ਰੱਖਣ ਦਾ ਮਤਾ ਰੱਖਿਆ।

ਆਪਣੀ ਜਥੇਬੰਦੀ ਦੇ ਨਾਂ ਵਿਚ ਸੋਸ਼ਲਿਸਟ ਸ਼ਬਦ ਜੋੜਨ ਦਾ ਅਰਥ ਇਹ ਨਹੀਂ ਕਿ ਅਸੀਂ ਮਾਰਕਸਵਾਦ ਦੇ ਵਿਗਿਆਨਕ ਸਿਧਾਂਤ ਅਤੇ ਅੰਦੋਲਨ ਦਾ ਰੰਗ-ਢੰਗ ਚੰਗੀ ਤਰ੍ਹਾਂ ਸਮਝ ਲਿਆ ਸੀ, ਪਰ ਇਸ ਵਿਚ ਵੀ ਸ਼ੱਕ ਨਹੀਂ ਕਿ ਅਸੀਂ ਆਪਣੀ ਸਮਝ ਅਤੇ ਗਿਆਨ ਦੀ ਸੀਮਾ ਮੁਤਾਬਕ ਉਸ ਪਾਸੇ ਵੱਲ ਵਧ ਰਹੇ ਸਾਂ। ਮੁੱਖ ਗੱਲ ਇਹ ਸੀ ਕਿ ਅਸੀਂ ਸ਼ੋਸ਼ਣ ਦੇ ਸ਼੍ਰੇਣੀ ਆਧਾਰ ਨੂੰ ਸਮਝ ਚੁੱਕੇ ਸਾਂ। ਕਿਸਾਨਾਂ ਅਤੇ ਮਜ਼ਦੂਰਾਂ ਦਾ ਰਾਜ ਸਾਡਾ ਨਿਸ਼ਾਨਾ ਬਣ ਚੁੱਕਿਆ ਸੀ ਪਰ ਕਿਸਾਨ ਮਜ਼ਦੂਰ ਸ਼੍ਰੇਣੀ ਦੀ ਸ਼ਕਤੀ ਨੂੰ ਜਥੇਬੰਦ ਕਰਨਾ ਅਤੇ ਇਸ ਸ਼੍ਰੇਣੀ ਵਿਚ ਚੇਤਨਾ ਪੈਦਾ ਕਰਨ ਦੇ ਵਿਗਿਆਨਕ ਢੰਗ ਤੱਕ ਅਸੀਂ ਨਹੀਂ ਪਹੁੰਚ ਸਕੇ ਸੀ। ਅਸੀਂ ਮਾਰਕਸਵਾਦ ਦੇ ਇਸ ਸੱਚ ਨੂੰ ਨਹੀਂ ਸਮਝ ਪਾਏ ਕਿ ਜਨਤਾ ਦੀ ਲੜਾਈ ਖੁਦ ਜਨਤਾ ਤੋਂ ਬਿਨਾਂ ਕੋਈ ਦੂਜੀ ਸ਼ਕਤੀ ਜਾਂ ਮਹਾਂਪੁਰਸ਼ ਦੇ ਵੱਸ ਦੀ ਗੱਲ ਨਹੀਂ ਹੈ। ਇਹ ਕੰਮ ਲੋਕ ਆਪਣੀ ਜਥੇਬੰਦਕ ਸ਼ਕਤੀ ਨਾਲ ਹੀ ਕਰ ਸਕਦੇ ਹਨ।

ਇਹ ਵੀ ਨਹੀਂ ਕਿਹਾ ਜਾ ਸਕਦਾ ਕਿ ਸਾਰੇ ਸਾਥੀ ਹੀ ਮਾਰਕਸਵਾਦ ਵੱਲ ਝੁਕੇ ਹੋਏ ਸਨ। ਆਜ਼ਾਦ, ਰਾਜਗੁਰੂ ਆਦਿ ਪੁਰਾਣੇ ਢੰਗ ਦੀ ਸੁਸਤ ਪਾਰਟੀ ਦੀ ਕਾਇਰਤਾ ਦੇਖ ਕੇ ਹੀ ਖਿਝੇ ਹੋਏ ਸਨ। ਸ਼ੋਸ਼ਤ ਜਨਤਾ ਦੇ ਪ੍ਰਤੀ ਉਨ੍ਹਾਂ ਦੀ ਹਮਦਰਦੀ ਸਿਰਫ਼ ਭਾਵਨਾਤਮਕ ਹੀ ਸੀ। ਇਸ ਦ੍ਰਿਸ਼ਟੀ ਤੋਂ ਦਲ ਦੇ ਅੰਦਰ ਪੰਜਾਬ ਸਭ ਤੋਂ ਅੱਗੇ ਸੀ। ਇਸ ਦੇ ਦੋ ਕਾਰਨ ਸਨ। ਇਕ ਤਾਂ ਪੰਜਾਬੀ ਕਾਮਰੇਡਾਂ ਵੱਲੋਂ ਰੂਸ ਤੋਂ ਲਿਆਂਦਾ ਗਿਆ ਗੁਪਤ ਸਮਾਜਵਾਦੀ ਸਾਹਿਤ ਪੰਜਾਬ ਵਿਚ ਫੈਲ ਚੁੱਕਾ ਸੀ। ਕਿਰਤੀ ਕਿਸਾਨ ਪਾਰਟੀ ਦਾ ਵੀ ਕੁਝ ਅਸਰ ਸੀ ਤੇ ਲਾਲਾ ਲਾਜਪਤ ਰਾਏ ਦੇ ਦਵਾਰਕਾ ਦਾਸ ਪੁਸਤਕਘਰ ਵਿਚੋਂ ਵੀ ਸਮਾਜਵਾਦੀ ਸਾਹਿਤ ਮਿਲ ਜਾਂਦਾ ਸੀ।

ਜਥਬੰਦੀ ਦੇ ਨਾਂ ਨਾਲ 'ਸੋਸ਼ਲਿਸ਼ਟ' ਸ਼ਬਦ ਜੋੜੇ ਜਾਣ ਦਾ ਸੁਝਾਅ ਭਗਤ ਸਿੰਘ ਅਤੇ ਸੁਖਦੇਵ ਨੇ ਹੀ ਦਿੱਤਾ ਸੀ। ਸ਼ਿਵ ਵਰਮਾ ਅਤੇ ਵਿਜੇ ਕੁਮਾਰ ਸਿਨਹਾ ਦੀ ਸਹਿਮਤੀ ਵੀ ਨਾਲ ਹੀ ਸੀ। ਇਹ ਕਾਨਪੁਰ ਦੇ ਜਥੇਬੰਦ ਮਜ਼ਦੂਰ ਅੰਦੋਲਨ ਤੋਂ ਪ੍ਰਭਾਵਿਤ ਹੋ ਚੁੱਕੇ ਸਨ ਅਤੇ ਕਾਨਪੁਰ ਦੀ ਮਜ਼ਦੂਰ ਸਭਾ ਨਾਲ ਵੀ ਸੰਪਰਕ ਬਣਾ ਚੁੱਕੇ ਸਨ। ਕ੍ਰਾਂਤੀਕਾਰੀ ਅਤੇ ਅਤਿਵਾਦੀ ਵਿਚ ਬੁਨਿਆਦੀ ਤੌਰ 'ਤੇ ਫਰਕ ਹੈ। ਬ੍ਰਿਟਿਸ਼ ਸਰਕਾਰ ਜਾਣ-ਬੁੱਝ ਕੇ ਇਸ ਫਰਕ ਨੂੰ ਲੁਕੋਅ ਰਹੀ ਸੀ। ਕਾਂਗਰਸ ਵਾਲੇ ਸ਼ਾਇਦ ਇਸ ਫ਼ਰਕ ਨੂੰ ਸਮਝਦੇ ਹੀ ਨਹੀਂ ਸਨ।

ਦਿੱਲੀ ਵਿਚ ਫਿਰੋਜ਼ਸ਼ਾਹ ਕੋਟਲਾ ਦੇ ਖੰਡਰਾਂ ਵਿਚ ਕ੍ਰਾਂਤੀਕਾਰੀਆਂ ਦੀ ਸਭਾ ਵਿਚ ਕੁਝ ਖਾਸ ਫੈਸਲੇ ਹੋਏ ਸਨ। ਹਥਿਆਰਬੰਦ ਕ੍ਰਾਂਤੀ ਲਈ ਧਨ ਦੀ ਜ਼ਰੂਰਤ ਸੀ। ਚੰਦਾ ਇਕੱਠਾ ਕਰਨਾ ਮੁਸ਼ਕਿਲ ਸੀ। ਸਰਕਾਰੀ ਬੈਂਕਾਂ, ਖਜ਼ਾਨਿਆਂ ਤੇ ਡਾਕਖਾਨਿਆਂ ਵਿਚ ਡਕੈਤੀਆਂ ਮਾਰਨ ਦਾ ਫੈਸਲਾ ਕੀਤਾ ਗਿਆ, ਪਰ ਮਸਲਾ ਇਹ ਵੀ ਸੀ ਕਿ ਪਿੰਡਾਂ ਦੇ ਅਮੀਰ ਲੋਕਾਂ ਨੂੰ ਲੁੱਟਣ ਨਾਲ ਲੋਕਾਂ ਵਿਚ ਸਾਡੇ ਪ੍ਰਤੀ ਨਫ਼ਰਤ ਪੈਦਾ ਹੋ ਸਕਦੀ ਸੀ।

ਕ੍ਰਾਂਤੀਕਾਰੀਆਂ ਦੀ ਬਹੁਤ ਸਾਰੀ ਸ਼ਕਤੀ ਮੁਕੱਦਮਿਆਂ ਵਿਚ ਨਸ਼ਟ ਹੁੰਦੀ ਸੀ। ਦਿੱਲੀ ਵਿਚ ਇਹ ਫੈਸਲਾ ਕੀਤਾ ਗਿਆ ਕਿ ਸਿਰਫ ਉਹੀ ਮਾਮਲੇ ਹੱਥ ਵਿਚ ਲਏ ਜਾਣ ਜਿਨ੍ਹਾਂ ਦਾ ਜਨਤਕ ਰਾਜਨੀਤਕ ਮਹੱਤਵ ਹੋਵੇ; ਜਿਵੇਂ ਸਾਈਮਨ


(ਬਾਕੀ ਅਗਲੇ ਸਫੇ 'ਤੇ)

# ਸੁਖਦੇਵ ਦਾ ਮਹਾਤਮਾ ਗਾਂਧੀ ਦੇ ਨਾਂ ਖਤ

ਮਾਨਯੋਗ ਮਹਾਤਮਾ ਜੀ,

ਅੱਜਕੱਲ੍ਹ ਦੀਆਂ ਤਾਜ਼ੀਆਂ ਖਬਰਾਂ ਤੋਂ ਮਾਲੂਮ ਹੁੰਦਾ ਹੈ ਕਿ ਸੰਧੀ ਚਰਚਾ ਪਿੱਛੋਂ ਤੁਸੀਂ ਕ੍ਰਾਂਤੀਕਾਰੀਆਂ ਦੇ ਨਾਂ ਕਈ ਅਪੀਲਾਂ ਕੱਢੀਆਂ ਹਨ। ਅਪੀਲਾਂ ਵਿਚ ਤੁਸੀਂ ਉਨ੍ਹਾਂ ਨੂੰ ਘੱਟੋ-ਘੱਟ ਵਰਤਮਾਨ ਸਮੇਂ ਲਈ ਆਪਣਾ ਕ੍ਰਾਂਤੀਕਾਰੀ ਅੰਦੋਲਨ ਰੋਕ ਦੇਣ ਲਈ ਕਿਹਾ ਹੈ। ਅਸਲ ਗੱਲ ਇਹ ਹੈ ਕਿ ਕਿਸੇ ਅੰਦੋਲਨ ਨੂੰ ਰੋਕ ਦੇਣ ਦਾ ਕੰਮ ਕੋਈ ਆਦਰਸ਼ ਜਾਂ ਭਾਵਨਾ ਨਾਲ ਹੋਣ ਵਾਲੀ ਆਪਣੇ ਵੱਸ ਦੀ ਗੱਲ ਨਾਲ ਨਹੀਂ ਹੈ। ਸਮੇਂ ਸਮੇਂ ਤੇ ਲੋੜ ਮੁਤਾਬਕ ਅੰਦੋਲਨਾਂ ਦੇ ਨੇਤਾ ਆਪਣੀ ਯੁੱਧ ਨੀਤੀ ਤਬਦੀਲ ਕਰਦੇ ਹਨ।

ਸਾਡਾ ਅਨੁਮਾਨ ਹੈ ਕਿ ਸੰਧੀ ਦੀ ਗੱਲਬਾਤ ਸਮੇਂ ਆਪ ਇਕ ਪਲ ਵੀ ਇਹ ਗੱਲ ਨਹੀਂ ਭੁੱਲੇ ਹੋਵੋਗੇ ਕਿ ਇਹ ਸਮਝੌਤਾ ਕੋਈ ਸਮਝੌਤਾ ਨਹੀਂ ਹੋ ਸਕਦਾ। ਮੇਰਾ ਖਿਆਲ ਹੈ ਕਿ ਇਹ ਤਾਂ ਸਾਰੇ ਸਮਝਦਾਰ ਇਨਸਾਨ ਸਮਝਦੇ ਹੋਣਗੇ ਕਿ ਆਪ ਦੇ ਸੁਧਾਰਾਂ ਨੂੰ ਮੰਨ ਲੈਣ 'ਤੇ ਵੀ ਦੇਸ਼ ਨੂੰ ਉਸ ਦਾ ਅੰਤਮ ਫਲ ਪ੍ਰਾਪਤ ਨਹੀਂ ਹੋਵੇਗਾ। ਲਾਹੌਰ ਕਾਂਗਰਸ ਦੇ ਪ੍ਰਸਤਾਵ ਮੁਤਾਬਕ, ਕਾਂਗਰਸ ਆਜ਼ਾਦੀ ਦੀ ਜੰਗ ਤਦ ਤੱਕ ਚਲਾਉਣ ਲਈ ਦ੍ਰਿੜ੍ਹ ਹੈ ਜਦ ਤੱਕ ਮੁਕੰਮਲ ਆਜ਼ਾਦੀ ਹਾਸਲ ਨਾ ਹੋ ਜਾਵੇ। ਵਿਚ ਵਿਚਾਲੇ ਦੀਆਂ ਸੰਧੀਆਂ ਤੇ ਸਮਝੌਤੇ ਤਾਂ ਸਿਰਫ ਪਲ ਭਰ ਲਈ ਟਿਕਾਓ ਹੈ ਜਿਸ ਵਿਚ ਅਗਲੀ ਲੜਾਈ ਲਈ ਵੱਧ ਤੋਂ ਵੱਧ ਤਾਕਤ ਇਕੱਠੀ ਕਰਨ ਦਾ ਮੌਕਾ ਮਿਲਦਾ ਹੈ। ਸਿਰਫ ਇਸ ਸਿਧਾਂਤ 'ਤੇ ਹੀ ਕਿਸੇ ਕਿਸਮ ਦੀ ਸੰਧੀ ਜਾਂ ਸਮਝੌਤਾ ਕਰਨ ਦੀ ਸੋਚੀ ਜਾ ਸਕਦੀ ਹੈ। ਸਮਝੌਤੇ ਲਈ ਠੀਕ ਵਕਤ ਅਤੇ ਸ਼ਰਤਾਂ 'ਤੇ ਵਿਚਾਰ ਕਰਨ ਦਾ ਕੰਮ ਨੇਤਾਵਾਂ ਦਾ ਹੈ। ਲਾਹੌਰ ਦੇ ਮੁਕੰਮਲ ਆਜ਼ਾਦੀ ਵਾਲੇ ਮਤੇ ਦੇ ਹੁੰਦਿਆਂ ਹੋਇਆਂ ਵੀ ਭਾਵੇਂ ਤੁਸਾਂ ਆਪਣਾ ਅੰਦੋਲਨ ਰੋਕ ਲਿਆ ਹੈ, ਫਿਰ ਵੀ ਪ੍ਰਸਤਾਵ ਉਸੇ ਤਰ੍ਹਾਂ ਦਾ ਉਸੇ ਤਰ੍ਹਾਂ ਹੀ ਕਾਇਮ ਹੈ। ਹਿੰਦੋਸਤਾਨ ਸੋਸ਼ਲਿਸਟ ਰਿਪਬਲਿਕਨ ਆਰਮੀ ਦੇ ਕ੍ਰਾਂਤੀਕਾਰੀਆਂ ਦਾ ਮੰਤਵ ਇਸ ਦੇਸ਼ ਵਿਚ ਸਮਾਜਵਾਦੀ ਪਰਜਾਤੰਤਰ ਤਰੀਕੇ ਦੀ ਸਥਾਪਨਾ ਹੈ। ਇਸ ਮੰਤਵ ਵਿਚ ਸੋਧ ਕਰਨ ਦੀ ਕੋਈ ਗੁੰਜਾਇਸ਼ ਨਹੀਂ ਹੈ। ਉਹ ਤਾਂ ਆਪਣਾ ਸੰਗਰਾਮ ਤਦ ਤੱਕ ਪੂਰੀ ਤਰ੍ਹਾਂ ਜਾਰੀ ਰੱਖਣ ਲਈ ਮਜਬੂਰ ਹਨ ਜਦ ਤੱਕ ਕਿ ਇਹ ਮੰਤਵ ਹਾਸਲ ਨਹੀਂ ਹੋ ਜਾਂਦਾ ਤੇ ਇਸ ਆਦਰਸ਼ ਦੀ ਪੂਰੀ ਤਰ੍ਹਾਂ ਸਥਾਪਨਾ ਨਹੀਂ ਹੋ ਜਾਂਦੀ, ਪਰ ਸਮੇਂ ਦੀ ਤਬਦੀਲੀ ਦੇ ਨਾਲ-ਨਾਲ ਉਹ ਆਪਣੀ ਯੁੱਧ ਨੀਤੀ ਵੀ ਬਦਲਦੇ ਰਹਿਣਾ ਚਾਹੁੰਦੇ ਹਨ। ਕ੍ਰਾਂਤੀਕਾਰੀਆਂ ਦਾ ਯੁੱਧ ਵੱਖ-ਵੱਖ ਮੌਕਿਆਂ 'ਤੇ ਵੱਖਰਾ-ਵੱਖਰਾ ਰੂਪ ਧਾਰ ਲੈਂਦਾ ਹੈ। ਕਦੀ ਇਹ ਪ੍ਰਤੱਖ ਰੂਪ ਵਿਚ ਹੁੰਦਾ ਹੈ, ਕਦੀ ਜੀਵਨ ਤੇ ਮੌਤ ਦਾ ਭਿਆਨਕ ਸੰਗਰਾਮ ਬਣ ਜਾਂਦਾ ਹੈ। ਵਰਤਮਾਨ ਹਾਲਾਤ ਵਿਚ ਕ੍ਰਾਂਤੀਕਾਰੀਆਂ ਦੇ ਸਾਹਮਣੇ ਅੰਦੋਲਨ ਰੋਕ ਦੇਣ ਲਈ ਕੁਝ ਵਿਸ਼ੇਸ਼ ਕਾਰਨਾਂ ਦਾ ਹੋਣਾ ਜ਼ਰੂਰੀ ਹੈ, ਪਰ ਤੁਸੀਂ ਸਾਡੇ ਸਾਹਮਣੇ ਐਸਾ ਕੋਈ ਨਿਸ਼ਚਿਤ ਕਾਰਨ ਨਹੀਂ ਰੱਖਿਆ ਜਿਸ 'ਤੇ ਵਿਚਾਰ ਕਰ ਕੇ ਅਸੀਂ ਆਪਣਾ ਅੰਦੋਲਨ ਰੋਕ ਦੇਈਏ, ਸਿਰਫ ਭਾਵੁਕ ਅਪੀਲਾਂ ਕ੍ਰਾਂਤੀਕਾਰਆਂ ਦੇ ਸੰਗਰਾਮ 'ਤੇ ਕੋਈ ਪ੍ਰਭਾਵ ਨਹੀਂ ਪਾ ਸਕਦੀਆਂ।



ਮਹਾਤਮਾ ਗਾਂਧੀ



ਸੁਖਦੇਵ


ਸਮਝੌਤਾ ਕਰ ਕੇ ਤੁਸੀਂ ਆਪਣਾ ਅੰਦੋਲਨ ਰੋਕ ਲਿਆ ਹੈ ਜਿਸ ਦੇ ਸਿੱਟੇ ਵਜੋਂ ਤੁਹਾਡੇ ਅੰਦੋਲਨ ਦੇ ਸਾਰੇ ਬੰਦੀ ਛੁੱਟ ਗਏ ਹਨ, ਪਰ ਕ੍ਰਾਂਤੀਕਾਰੀ ਬੰਦੀਆਂ ਦੇ ਸਬੰਧ ਵਿਚ ਤੁਸੀਂ ਕੀ ਕਹਿਣਾ ਹੈ? 1915 ਦੇ ਗਦਰ ਪਾਰਟੀ ਦੇ ਬੰਦੀ ਅੱਜ ਵੀ ਜੇਲ੍ਹਾਂ ਵਿਚ ਪਏ ਸੜ ਰਹੇ ਹਨ, ਜਦ ਕਿ ਉਨ੍ਹਾਂ ਦੀ ਸਜ਼ਾਵਾਂ ਪੂਰੀਆਂ ਹੋ ਚੁੱਕੀਆਂ ਹਨ। ਮਾਰਸ਼ਲ ਲਾਅ ਦੇ ਸੈਂਕੜੇ ਬੰਦੀ ਅੱਜ ਜੀਂਦੇ ਹੋਏ ਵੀ ਕਬਰਾਂ ਵਿਚ ਦਫਨਾਏ ਹੋਏ ਹਨ। ਇਸੇ ਤਰ੍ਹਾਂ ਬੱਬਰ ਅਕਾਲੀ ਲਹਿਰ ਦੇ ਦਰਜਨਾਂ ਬੰਦੀ ਜੇਲ੍ਹ ਦੀਆਂ ਸਖ਼ਤੀਆਂ ਝੱਲ ਰਹੇ ਹਨ। ਅੱਧੀ ਦਰਜਨ ਤੋਂ ਵੱਧ ਸਾਜ਼ਿਸ਼ ਕੇਸ ਲਾਹੌਰ, ਦਿੱਲੀ, ਚਿਟਾਗਾਂਗ, ਬੰਬਈ, ਕਲਕੱਤੇ ਆਦਿ ਥਾਵਾਂ 'ਤੇ ਚੱਲ ਰਹੇ ਹਨ। ਅਨੇਕਾਂ ਕ੍ਰਾਂਤੀਕਾਰੀ ਮਫਰੂਰ ਹਨ ਜਿਨ੍ਹਾਂ ਵਿਚ ਬਹੁਤ ਸਾਰੀਆਂ ਔਰਤਾਂ ਵੀ ਹਨ। ਅੱਧੀ ਦਰਜਨ ਤੋਂ ਵੱਧ ਬੰਦੀ ਮੌਤ ਦੀ ਸਜ਼ਾ ਦਾ ਇੰਤਜ਼ਾਰ ਕਰ ਰਹੇ ਹਨ। ਇਸ ਸਭ ਦੇ ਬਾਰੇ ਆਪ ਨੇ ਕੀ ਕਹਿਣਾ ਹੈ? ਲਾਹੌਰ ਸਾਜ਼ਿਸ਼ ਕੇਸ ਦੇ ਤਿੰਨ ਬੰਦੀ ਜਿਨ੍ਹਾਂ ਨੂੰ ਫਾਂਸੀ ਦੀ ਸਜ਼ਾ ਮਿਲੀ ਹੈ ਅਤੇ ਇਨ੍ਹਾਂ ਨੂੰ ਸਬੱਬ ਨਾਲ ਦੇਸ਼ ਵਿਚ ਬਹੁਤ ਮਾਣ ਪ੍ਰਾਪਤ ਹੋ ਗਿਆ ਹੈ, ਕ੍ਰਾਂਤੀਕਾਰੀ ਦਲ ਦੇ ਸਭ ਕੁਝ ਨਹੀਂ ਹਨ। ਦਲ ਦੇ ਸਾਹਮਣੇ ਕੇਵਲ ਉਨ੍ਹਾਂ ਦੀ ਹੀ ਕਿਸਮਤ ਦਾ ਸਵਾਲ ਨਹੀਂ ਹੈ। ਅਸਲ ਵਿਚ ਉਨ੍ਹਾਂ ਦੀ ਸਜ਼ਾ ਵਿਚ ਤਬਦੀਲੀ ਨਾਲ ਦੇਸ਼ ਦਾ ਇੰਨਾ ਕੁਝ ਨਹੀਂ ਸੌਰਨਾ, ਜਿੰਨਾ ਉਨ੍ਹਾਂ ਨੂੰ ਫਾਂਸੀ 'ਤੇ ਚੜ੍ਹਾ ਦੇਣ ਨਾਲ ਹੋਵੇਗਾ।

ਇਨ੍ਹਾਂ ਸਭ ਗੱਲਾਂ ਦੇ ਹੁੰਦੇ ਹੋਏ ਵੀ ਆਪ ਸਾਨੂੰ ਅੰਦੋਲਨ ਰੋਕ ਦੇਣ ਦੀਆਂ ਅਪੀਲਾਂ ਕਰ ਰਹੇ ਹੋ। ਅਸੀਂ ਆਪਣਾ ਕ੍ਰਾਂਤੀਕਾਰੀ ਅੰਦੋਲਨ ਕਿਉਂ ਰੋਕ ਲਈਏ, ਇਸ ਦਾ ਆਪ ਨੇ ਕੋਈ

(ਬਾਕੀ ਅਗਲੇ ਸਫੇ 'ਤੇ)

## ਰਾਜਗੁਰੂ ਦਾ ਦਿਲ!

ਸਾਂਡਰਸ ਦਾ ਕਤਲ ਕਰ ਕੇ ਆਏ ਤਾਂ ਰਾਜਗੁਰੂ ਦੀ ਅਜੀਬ ਹਾਲਤ ਸੀ। ਜਦ ਅਸੀਂ ਸਭ ਬੜੀ ਪ੍ਰਸੰਸਾ ਨਾਲ ਉਨ੍ਹਾਂ ਵੱਲ ਦੇਖ ਰਹੇ ਸਾਂ ਅਤੇ ਉਨ੍ਹਾਂ ਦੇ ਸਾਹਸ ਤੇ ਨਿਸ਼ਾਨੇ ਦੀ ਤਾਰੀਫ ਕਰ ਰਹੇ ਸਾਂ, ਉਸ ਸਮੇਂ ਆਪ ਬਹੁਤ ਦੁਖੀ ਸਨ। ਵਿਜੇ ਕੁਮਾਰ ਸਿਨਹਾ ਅਤੇ ਮੈਂ ਉਨ੍ਹਾਂ ਨਾਲ ਇਕੋ ਮਕਾਨ ਵਿਚ ਸਾਂ। ਜਦੋਂ ਮੈਂ ਪੁੱਛਿਆ, "ਭਾਈ, ਤੁਹਾਨੂੰ ਤਾਂ ਆਪਣੀ ਸਫਲਤਾ 'ਤੇ ਖੁਸ਼ ਹੋਣਾ ਚਾਹੀਦਾ ਹੈ, ਤੁਸੀਂ ਐਨੇ ਉਦਾਸ ਕਿਉਂ ਹੋ? ਮੈਂ ਤੁਹਾਡੀ ਥਾਂ ਹੁੰਦਾ ਤਾਂ ਮੇਰਾ ਮਨ ਆਸਮਾਨ 'ਤੇ ਹੁੰਦਾ। ਹਵਾ ਨਾਲ ਗੱਲਾਂ ਕਰਦਾ। ਤੁਸੀਂ ਇੰਨੇ ਉਦਾਸ ਕਿਉਂ ਹੋ?" ਆਪ ਨੇ ਬੜਾ ਡੂੰਘਾ ਸਾਹ ਭਰ ਕੇ ਕਿਹਾ, "ਭਾਈ, ਬੜਾ ਸੁੰਦਰ ਨੌਜਵਾਨ ਸੀ। ਉਸ (ਸਾਂਡਰਸ) ਦੇ ਘਰਦਿਆਂ ਨੂੰ ਕਿਵੇਂ ਲੱਗ ਰਿਹਾ ਹੋਵੇਗਾ?"



***-ਭਗਵਾਨ ਦਾਸ ਮਾਹੌਰ***
***(ਐਚ.ਐਸ.ਆਰ.ਏ. ਦਾ ਅਹਿਮ ਮੈਂਬਰ ਜੋ ਨਿਸ਼ਾਨੇ ਲਈ ਬੜਾ ਮਸ਼ਹੂਰ ਸੀ)***

# ਭਾਰਤ ਦੇ ਗਵਾਂਢੀ ਦੇਸ਼ਾਂ ਨਾਲ ਸਬੰਧਾਂ 'ਚ ਕਸ਼ੀਦਗੀ

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

***ਪਾਕਿਸਤਾਨ ਦੀ ਹਕੂਮਤ ਦੀ ਇਹ ਲੋੜ ਹੋ ਸਕਦੀ ਹੈ ਕਿ ਉਹ ਆਪਣੇ ਲੋਕਾਂ ਨੂੰ ਭਾਰਤ ਵਿਰੁਧ ਵਰਤਣ ਲਈ ਕਿਸੇ ਵੀ ਹੱਦ ਤੱਕ ਚਲੀ ਜਾਵੇ, ਲੋੜ ਜਾਪੇ ਤਾਂ ਸਿੱਧੀ ਜੰਗ ਦੀ ਬਦਤਮੀਜ਼ੀ ਤੱਕ ਵੀ ਪਹੁੰਚ ਜਾਵੇ, ਪਰ ਭਾਰਤ ਵਿਚ ਨਾ ਕਿਸੇ ਧਿਰ ਦੀ ਇਹੋ ਜਿਹੀ ਲੋੜ ਹੈ ਤੇ ਨਾ ਭਾਰਤ ਦੀ ਇਹ ਰਾਜਨੀਤੀ ਹੈ। ਕਿਉਂਕਿ ਭਾਰਤ ਦੀ ਇਹ ਲੋੜ ਵੀ ਨਹੀਂ ਤੇ ਨੀਤੀ ਵੀ ਨਹੀਂ, ਇਸ ਲਈ ਆਪਣੇ ਚੁਫੇਰੇ ਦੇ ਹਾਲਾਤ ਤੇ ਆਪਣੀ ਅਮਨ ਵਿਚੋਂ ਵਿਕਾਸ ਦੀ ਲੀਹ ਉਤੇ ਚੱਲਣ ਦੀ ਨੀਤੀ ਉਤੇ ਚੱਲਦੇ ਹੋਏ ਇਸ ਨੂੰ ਚੌਕਸੀ ਪੱਖੋਂ ਕੋਈ ਢਿੱਲ ਨਹੀਂ ਦੇਣੀ ਚਾਹੀਦੀ, ਪਰ ਕਿਸੇ ਵੀ ਹਾਲਤ ਵਿਚ ਉਕਸਾਹਟ ਤੋਂ ਬਚਣਾ ਚਾਹੀਦਾ ਹੈ।***

ਭਾਰਤ ਦਾ ਬੱਚਾ-ਬੱਚਾ ਇਸ ਵਕਤ ਗੁੱਸੇ ਵਿਚ ਹੈ ਤੇ ਪਾਕਿਸਤਾਨ ਦੇ ਖਿਲਾਫ ਉਬਲ ਰਿਹਾ ਹੈ। ਯਾਸੀਨ ਮਲਿਕ ਵਰਗੇ ਜਿਹੜੇ ਕੁਝ ਲੋਕ ਭਾਰਤ ਦੀ ਮਿੱਟੀ ਵਿਚ ਜੰਮ ਕੇ ਵੀ ਆਪਣੇ ਦੇਸ਼ ਨਾਲ ਧਰੋਹ ਕਰ ਕੇ ਪਾਕਿਸਤਾਨ ਦੇ ਬਗਲ-ਬੱਚੇ ਬਣੇ ਹੋਏ ਹਨ, ਉਨ੍ਹਾਂ ਚੰਦ ਕੁ ਲੋਕਾਂ ਨੂੰ ਇਸ ਵਿਚੋਂ ਮਨਫੀ ਕੀਤਾ ਜਾ ਸਕਦਾ ਹੈ। ਭਾਰਤੀ ਪਾਰਲੀਮੈਂਟ ਨੇ ਸਰਬਸੰਮਤੀ ਨਾਲ ਮਤਾ ਪਾਸ ਕਰ ਕੇ ਪਾਕਿਸਤਾਨ ਖਿਲਾਫ ਇੱਕ ਸੁਰ ਕੱਢੀ ਹੈ, ਜਿਸ ਦੇ ਖਾਸ ਅਰਥ ਹਨ। ਇਹ ਸਥਿਤੀ ਇਸ ਲਈ ਪੈਦਾ ਹੋਈ ਕਿ ਇਸ ਤੋਂ ਇੱਕ ਦਿਨ ਪਹਿਲਾਂ ਪਾਕਿਸਤਾਨ ਦੀ ਕੌਮੀ ਅਸੈਂਬਲੀ ਨੇ ਭਾਰਤ ਵਿਚ ਅਫਜ਼ਲ ਗੁਰੂ ਨੂੰ ਫਾਂਸੀ ਲਾਏ ਜਾਣ ਤੇ ਕਸ਼ਮੀਰ ਦੇ ਹਾਲਾਤ ਬਾਰੇ ਪੁੱਠੇ-ਸਿੱਧੇ ਲਫਜ਼ਾਂ ਵਾਲਾ ਮਤਾ ਪਾਸ ਕਰ ਕੇ ਇੱਕ ਤਰ੍ਹਾਂ ਭਾਰਤ ਦੀ ਖੁਦ-ਮੁਖਤਿਆਰੀ ਵਿਚ ਦਖਲ ਦੇਣ ਦਾ ਕੋਝਾ ਯਤਨ ਕੀਤਾ ਸੀ। ਉਸ ਤੋਂ ਇੱਕ ਦਿਨ ਹੋਰ ਪਹਿਲਾਂ ਕਸ਼ਮੀਰ ਘਾਟੀ ਦੀ ਇੱਕ ਕ੍ਰਿਕਟ ਗਰਾਊਂਡ ਵਿਚ ਕ੍ਰਿਕਟ ਖਿਡਾਰੀਆਂ ਦੇ ਭੇਸ ਵਿਚ ਆਏ ਦਹਿਸ਼ਤਗਰਦਾਂ ਨੇ ਪੰਜ ਸੀ ਆਰ ਪੀ ਜਵਾਨ ਮਾਰ ਦਿੱਤੇ ਸਨ ਤੇ ਜਦੋਂ ਉਹ ਦੋਵੇਂ ਆਪ ਮਾਰੇ ਗਏ ਤਾਂ ਉਨ੍ਹਾਂ ਦੇ ਬੈਗਾਂ ਵਿਚਲੇ ਸਾਮਾਨ ਤੋਂ ਉਨ੍ਹਾਂ ਦੇ ਪਾਕਿਸਤਾਨੀ ਹੋਣ ਦਾ ਪਤਾ ਲੱਗਾ ਸੀ। ਦਹਿਸ਼ਤਗਰਦੀ ਦਾ ਏਦਾਂ ਦਾ ਹੱਲਾ ਕਸ਼ਮੀਰ ਘਾਟੀ ਵਿਚ ਕੋਈ ਤਿੰਨ ਸਾਲ ਬਾਅਦ ਹੋਇਆ ਸੀ ਤੇ ਜਦੋਂ ਭਾਰਤ ਦੇ ਲੋਕ ਇਸ ਤੋਂ ਗੁੱਸੇ ਵਿਚ ਸਨ, ਐਨ ਉਦੋਂ ਪਾਕਿਸਤਾਨ ਦੀ ਕੌਮੀ ਅਸੈਂਬਲੀ ਵਿਚ ਮਤਾ ਪਾਸ ਕਰ ਕੇ ਭਾਰਤ ਨੂੰ ਚਿੜਾਉਣ ਦਾ ਅਗਲਾ ਘਟੀਆਪਣ ਕੀਤਾ ਗਿਆ ਸੀ।

ਆਖਰ ਇਹ ਕਿਉਂ ਹੋਇਆ? ਭਾਰਤ ਨੇ ਤਾਂ ਇਹੋ ਜਿਹੀ ਕੋਈ ਚਿੜਾਉਣ ਵਾਲੀ ਗੱਲ ਕੀਤੀ ਨਹੀਂ ਸੀ, ਸਗੋਂ ਉਲਟਾ ਭਾਰਤ ਨੇ ਆਪਣੇ ਕਈ ਲੋਕਾਂ ਦੀ ਨਾਰਾਜ਼ਗੀ ਦੇ ਬਾਵਜੂਦ ਅਜੇ ਪਿਛਲੇ ਸਨਿਚਰਵਾਰ ਅਜਮੇਰ ਸ਼ਰੀਫ ਵੱਲ ਜ਼ਿਆਰਤ ਕਰਨ ਜਾ ਰਹੇ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਨੂੰ ਜੈਪੁਰ ਵਿਚ ਲੋੜਾ ਵੇਲਾ ਛਕਾਉਣ ਨੂੰ ਆਪਣਾ ਵਿਦੇਸ਼ ਮੰਤਰੀ ਉਚੇਚਾ ਦਿੱਲੀ ਤੋਂ ਭੇਜਿਆ ਸੀ। ਇਹ ਵੀ ਇੱਕਤਰਫਾ ਸੁਹਿਰਦਤਾ ਸੀ। ਪਾਕਿਸਤਾਨ ਦਾ ਪ੍ਰਧਾਨ ਮੰਤਰੀ ਤਾਂ ਪਹਿਲਾਂ ਹੀ ਕਹਿ ਚੁੱਕਾ ਸੀ ਕਿ ਨਾ ਮੈਂ ਦਿੱਲੀ ਜਾਣਾ ਹੈ ਤੇ ਨਾ ਭਾਰਤ ਦੇ ਪ੍ਰਧਾਨ ਮੰਤਰੀ ਨੂੰ ਮਿਲਣਾ ਹੈ, ਭਾਰਤ ਵੱਲੋਂ ਫਿਰ ਵੀ ਡਿਪਲੋਮੈਟਕ ਲੋਕ-ਲਾਜ ਦਾ ਖਿਆਲ ਰੱਖਿਆ ਗਿਆ। ਪਾਕਿਸਤਾਨ ਜਾ ਕੇ ਉਸ ਆਗੂ ਨੂੰ ਇਹ ਗੱਲ ਯਾਦ ਹੀ ਨਾ ਰਹੀ ਤੇ ਇਸ ਦੀ ਥਾਂ ਇਹ ਸੋਚ ਭਾਰੂ ਹੋ ਗਈ ਕਿ ਜੇ ਆਪਣੇ ਲੋਕਾਂ ਦੀਆਂ ਵੋਟਾਂ ਲੈਣੀਆਂ ਹਨ ਤਾਂ ਭਾਰਤ ਦੇ ਵਿਰੁਧ ਕੋਈ ਨਾ ਕੋਈ ਉਕਸਾਊ ਗੱਲ ਕਰ ਦਿੱਤੀ ਜਾਵੇ, ਵੱਧ ਮਿਲ ਸਕਦੀਆਂ ਹਨ। ਜਿਸ ਦਿਨ ਕੌਮੀ ਅਸੈਂਬਲੀ ਦਾ ਆਖਰੀ ਦਿਨ ਸੀ, ਉਸ ਦਾ ਭੋਗ ਪੈਣ ਤੋਂ ਪਹਿਲਾਂ ਭਾਰਤ ਵਿਰੁਧ ਮਤਾ ਪਾਸ ਕਰਵਾ ਕੇ ਉਸ ਨੇ ਪਾਕਿਸਤਾਨ ਦੇ ਲੋਕਾਂ ਨੂੰ ਭਾਰਤ ਵਿਰੁਧ ਉਕਸਾਉਣ ਦਾ ਉਹ ਕੰਮ ਕੀਤਾ, ਜਿਹੜਾ ਕਈ ਵਾਰੀ ਜ਼ੁਲਫਕਾਰ ਅਲੀ ਭੁੱਟੋ ਨੇ ਕੀਤਾ ਤੇ ਕਈ ਵਾਰੀ ਉਸ ਦੀ ਧੀ ਬੇਨਜ਼ੀਰ ਭੁੱਟੋ ਕਰ ਚੁੱਕੀ ਸੀ, ਪਰ ਕਿਸੇ ਨੂੰ ਵੀ ਰਾਸ ਨਹੀਂ ਸੀ ਆਇਆ। ਥੋੜ੍ਹ-ਚਿਰੇ ਲਾਭ ਦੇ ਚੱਕਰ ਵਿਚ ਦੋਵੇਂ ਹੀ ਕੱਟੜਪੰਥੀਆਂ ਨੂੰ ਭੜਕਾ ਕੇ ਆਪਣੀਆਂ ਜਾਨਾਂ ਗੰਵਾ ਬੈਠੇ ਸਨ। ਹੁਣ ਇਹੋ ਖੇਡ ਜੇ ਪ੍ਰਧਾਨ ਮੰਤਰੀ ਰਾਜਾ ਪਰਵੇਜ਼ ਅਸ਼ਰਫ ਨੂੰ ਅੱਗੇ ਲਾ ਕੇ ਜ਼ੁਲਫਕਾਰ ਅਲੀ ਭੁੱਟੋ ਦਾ ਜਵਾਈ ਅਤੇ ਬੇਨਜ਼ੀਰ ਬੀਬੀ ਦਾ ਪਤੀ ਆਸਿਫ ਅਲੀ ਜ਼ਰਦਾਰੀ ਖੇਡ ਰਿਹਾ ਹੈ ਤਾਂ ਕੰਡੇ ਬੀਜ ਕੇ ਉਹ ਵੀ ਆਪਣੇ ਲਈ ਖਤਰੇ ਖੜੇ ਕਰੇਗਾ।

ਜਿੱਥੋਂ ਤੱਕ ਭਾਰਤ ਦਾ ਸਵਾਲ ਹੈ, ਉਸ ਲਈ ਇਸ ਵੇਲੇ ਖਤਰਾ ਸਿਰਫ ਪਾਕਿਸਤਾਨ ਵੱਲੋਂ ਨਹੀਂ, ਗਵਾਂਢ ਦਾ ਲਗਭਗ ਹਰ ਦੇਸ਼ ਇਸ ਵਕਤ ਭਾਰਤ ਨਾਲ ਸਬੰਧਾਂ ਦੇ ਮਾਮਲੇ ਵਿਚ ਕੁੜੱਤਣ ਦਾ ਸ਼ਿਕਾਰ ਹੈ। ਇਸ ਤਰ੍ਹਾਂ ਪਿਛਲੇ ਕਾਫੀ ਚਿਰ ਤੋਂ ਨਹੀਂ ਸੀ ਹੋਇਆ ਕਿ ਇੱਕੋ ਵਕਤ ਏਨੇ ਪਾਸੇ ਹਾਲਾਤ ਵਿਚ ਕੁੜੱਤਣ ਮਹਿਸੂਸ ਕੀਤੀ ਗਈ ਹੋਵੇ ਤੇ ਇਸੇ ਲਈ ਇਸ ਦੌਰ ਨੂੰ ਕਿਸੇ ਸੰਸਾਰ ਪੱਧਰ ਦੀ ਸਾਜ਼ਿਸ਼ ਦੇ ਪ੍ਰਸੰਗ ਵਿਚ ਰੱਖ ਕੇ ਠਰ੍ਹੰਮੇ ਨਾਲ ਚੱਲਣ ਦੀ ਲੋੜ ਹੈ।

ਸਾਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਹਾਲੇ ਕੁਝ ਦਿਨ ਪਹਿਲਾਂ ਸਾਡੇ ਰਾਸ਼ਟਰਪਤੀ ਪ੍ਰਣਬ ਮੁਖਰਜੀ ਨੇ ਬੰਗਲਾ ਦੇਸ਼ ਦਾ ਦੌਰਾ ਕੀਤਾ ਹੈ। ਬੰਗਲਾ ਦੇਸ਼ ਪਹਿਲਾਂ ਪਾਕਿਸਤਾਨ ਦਾ ਹਿੱਸਾ ਹੁੰਦਾ ਸੀ, ਜਿਸ ਨੂੰ ਪੂਰਬੀ ਪਾਕਿਸਤਾਨ ਕਿਹਾ ਜਾਂਦਾ ਸੀ। ਪਾਕਿਸਤਾਨ ਦੇ ਹਾਕਮਾਂ ਨੇ ਹਾਲਾਤ ਇਹੋ ਜਿਹੇ ਬਣਾ ਦਿੱਤੇ ਕਿ ਪੂਰਬੀ ਪਾਕਿਸਤਾਨ ਦੇ ਲੋਕਾਂ ਨੇ ਵੱਖਰਾ ਦੇਸ਼, ਬੰਗਲਾ ਭਾਸ਼ਾ ਬੋਲਦੇ ਲੋਕਾਂ ਦਾ ਦੇਸ਼, ਬਣਾਉਣ ਦਾ ਸੰਘਰਸ਼ ਛੋਹ ਲਿਆ। ਇਸ ਵਿਚ ਲੱਖਾਂ ਲੋਕ ਪਾਕਿਸਤਾਨੀ ਫੌਜ ਦੇ ਨਾਲ ਉਸ ਦੀਆਂ ਹਮਾਇਤੀ ਕੱਟੜਪੰਥੀ ਇਸਲਾਮੀ ਧਿਰਾਂ ਦੇ ਜ਼ੁਲਮ ਦੇ ਸ਼ਿਕਾਰ ਬਣੇ। ਬੰਗਲਾ ਦੇਸ਼ ਬਣਦੇ ਸਾਰ ਇਹ ਸਾਰੇ ਪਾਕਿਸਤਾਨ-ਪੱਖੀ ਜਨੂੰਨੀ ਦੌੜ ਜਾਂ ਲੁਕ ਗਏ ਸਨ। ਪਿਛਲੇ ਦਿਨੀਂ ਉਨ੍ਹਾਂ ਵਿਚੋਂ ਕੁਝ ਕਾਬੂ ਆ ਗਏ ਤੇ ਉਨ੍ਹਾਂ ਨੂੰ ਟ੍ਰਿਬਿਊਨਲ ਨੇ ਮੌਤ ਤੱਕ ਦੀਆਂ ਸਜ਼ਾਵਾਂ ਦੇ ਦਿੱਤੀਆਂ। ਬੰਗਲਾ ਦੇਸ਼ ਦੀ ਵਿਰੋਧੀ ਧਿਰ ਦੇ ਇੱਕ ਵੱਡੇ ਹਿੱਸੇ ਨੇ ਉਨ੍ਹਾਂ ਦੇ ਪੱਖ ਵਿਚ ਲੋਕਾਂ ਨੂੰ ਉਕਸਾਇਆ ਤੇ ਉਥੇ ਸਰਕਾਰ ਵਿਰੁਧ ਮੁਜ਼ਾਹਰਿਆਂ ਵਿਚ ਫੌਜ ਨਾਲ ਝੜਪਾਂ ਵਿਚ ਕਈ ਦਰਜਨਾਂ ਮੌਤਾਂ ਹੋਣ ਦੀ ਨੌਬਤ ਆ ਗਈ। ਇਨ੍ਹਾਂ ਦਿਨਾਂ ਵਿਚ ਭਾਰਤ ਦੇ ਰਾਸ਼ਟਰਪਤੀ ਦਾ ਜਿਹੜਾ ਦੌਰਾ ਰੱਖਿਆ ਹੋਇਆ ਸੀ, ਉਹ ਵਿਸ਼ੇਸ਼ ਹਾਲਾਤ ਕਾਰਨ ਅੱਗੇ ਪਾ ਦੇਣਾ ਬਣਦਾ ਸੀ, ਪਰ ਰਾਸ਼ਟਰਪਤੀ ਖੁਦ ਬੰਗਲਾ ਦੇਸ਼ ਵਿਚ ਆਪਣੇ ਸਹੁਰੇ ਘਰ ਜਾਣ ਨੂੰ ਕਾਹਲੇ ਸਨ ਜਾਂ ਭਾਰਤ ਸਰਕਾਰ ਨੇ ਅਕਲ ਨਹੀਂ ਕੀਤੀ, ਉਹ ਦੌਰਾ ਰੱਦ ਨਹੀਂ ਕੀਤਾ ਗਿਆ। ਇਸ ਦਾ ਨੁਕਸਾਨ ਹੋਇਆ। ਉਥੋਂ ਦੀ ਵਿਰੋਧੀ ਧਿਰ ਦੀ ਆਗੂ ਨੇ ਸਾਡੇ ਰਾਸ਼ਟਰਪਤੀ ਨੂੰ ਮਿਲਣ ਤੋਂ ਇਨਕਾਰ ਕਰ ਦਿੱਤਾ ਤੇ ਅੱਜ ਬੰਗਲਾ ਦੇਸ਼ ਵਿਚ ਭਾਰਤ-ਵਿਰੋਧ ਦੀ ਇੱਕ ਬਾਕਾਇਦਾ ਮੁਹਿੰਮ ਚਲਾਈ ਜਾ ਰਹੀ ਹੈ, ਜਿਸ ਨਾਲ ਭਾਰਤ ਨੂੰ ਆਪਣੇ ਇੱਕ ਮਿੱਤਰ ਦੇਸ਼ ਦੀ ਮਿੱਤਰਤਾ ਹੋਰ ਨਿਭਣ ਦੀ ਝਾਕ ਘਟਦੀ ਜਾ ਰਹੀ ਹੈ।

ਦੂਸਰਾ ਗਵਾਂਢੀ ਦੇਸ਼ ਸ੍ਰੀਲੰਕਾ ਹੈ, ਜਿੱਥੇ ਕਿਸੇ ਸਮੇਂ ਤਾਮਿਲ ਵਸੋਂ ਵਾਲੇ ਲੋਕਾਂ ਨੇ ਆਪਣੇ ਇੱਕ ਸੂਬੇ ਵਾਸਤੇ ਕੁਝ ਖਾਸ ਹੱਕਾਂ ਦੀ ਮੰਗ ਦਾ ਮੋਰਚਾ ਲਾਇਆ ਤਾਂ ਉਹ ਵੱਖਰੇ ਦੇਸ਼ ਦੀ ਮੰਗ ਤੱਕ ਚਲਾ ਗਿਆ। ਸਮਾਂ ਪਾ ਕੇ ਇੱਕ ਵਾਰ ਉਥੋਂ ਦੀ ਹਕੂਮਤ ਨੇ ਭਾਰਤ ਸਰਕਾਰ ਨਾਲ ਗੱਲ ਕਰ ਕੇ ਉਥੇ ਭਾਰਤੀ ਫੌਜ ਨੂੰ ਸ਼ਾਂਤੀ ਸੈਨਾ ਵਜੋਂ ਭੇਜਣ ਦੀ ਮੰਗ ਰੱਖ ਦਿੱਤੀ ਤੇ ਭਾਰਤ ਸਰਕਾਰ ਇਸ ਵਿਚੋਂ ਭੱਲ ਖੱਟ ਸਕਣ ਗਈ ਕਸੂਤੀ ਫਸ ਗਈ ਸੀ। ਫੌਜ ਤਾਂ ਮੁੜ ਆਈ, ਪਰ ਜਿਹੜੀ ਕੁੜੱਤਣ ਇਸ ਨਾਲ ਇੱਕ ਪਾਸੇ ਸਰਕਾਰ ਦੀ ਮਦਦ ਕਰਨ ਕਰ ਕੇ ਤਾਮਿਲਾਂ ਦੇ ਮਨ ਵਿਚ ਅਤੇ ਦੂਸਰੇ ਪਾਸੇ ਤਾਮਿਲਾਂ ਵੱਲ ਨਰਮੀ ਰੱਖਣ ਦੇ ਦੋਸ਼ ਲੱਗਣ ਕਰ ਕੇ ਉਥੋਂ ਦੇ ਸਿਨਹਾਲੀ ਬਹੁ-ਗਿਣਤੀ ਵਾਲੇ ਹਾਕਮਾਂ ਦੇ ਮਨ ਵਿਚ ਭਰ ਗਈ, ਉਹ ਫਿਰ ਕਦੇ ਗਈ ਨਹੀਂ। ਰਾਜੀਵ ਗਾਂਧੀ ਦਾ ਕਤਲ ਵੀ ਇਸੇ ਕੁੜੱਤਣ ਦਾ ਨਤੀਜਾ ਕਿਹਾ ਜਾਂਦਾ ਸੀ। ਹੁਣ ਨਵੀਂ ਕੁੜੱਤਣ ਉਭਰ ਪਈ ਹੈ। ਲਿੱਟੇ ਨਾਂ ਦੀ ਜਿਹੜੀ ਜਥੇਬੰਦੀ ਉਦੋਂ ਤਾਮਿਲ ਸੰਘਰਸ਼ ਦੀ ਅਗਵਾਨੂੰ ਹੁੰਦੀ ਸੀ, ਪਿੱਛੇ ਜਿਹੇ ਉਸ ਬਾਰੇ ਇੱਕ ਡਾਕੂਮੈਂਟਰੀ ਰਿਲੀਜ਼ ਹੋਈ ਤਾਂ ਉਸ ਵਿਚ ਲਿੱਟੇ ਦੇ ਮਾਰੇ ਜਾ ਚੁੱਕੇ ਮੁਖੀ ਪ੍ਰਭਾਕਰਨ ਦੇ ਪੁੱਤਰ ਨੂੰ ਸ੍ਰੀਲੰਕਾ ਦੇ ਫੌਜੀਆਂ ਵੱਲੋਂ ਮਾਰਿਆ ਜਾਂਦਾ ਵਿਖਾਇਆ ਗਿਆ। ਇਸ ਕਾਰਨ ਤਾਮਿਲ ਲੋਕ ਏਧਰ ਉਬਲ ਰਹੇ ਹਨ ਤੇ ਸ੍ਰੀਲੰਕਾ ਦੀ ਸਰਕਾਰ ਵੀ ਦੂਜੇ ਪਾਸੇ 30 ਸਾਲ ਪੁਰਾਣੀ ਕੌੜ ਨੂੰ ਫਿਰ ਚੁੱਕਣ ਦੀ ਆਹਰ 'ਚ ਲੱਗ ਜਾਣ ਕਰ ਕੇ ਭਾਰਤ ਦੇ ਸਬੰਧ ਸ੍ਰੀਲੰਕਾ ਨਾਲ ਸੁਖਾਵੇਂ ਨਹੀਂ ਨਜ਼ਰ ਆ ਰਹੇ।

ਤੀਸਰਾ ਗਵਾਂਢੀ ਚੀਨ ਹੈ, ਜਿਸ ਦੇ ਨਵੇਂ ਮੁਖੀ ਨੇ ਅਹੁਦਾ ਸੰਭਾਲਦੇ ਸਾਰ ਭਾਵੇਂ ਭਾਰਤ ਦੇ ਪ੍ਰਧਾਨ ਮੰਤਰੀ ਨੂੰ ਫੋਨ ਘੁਮਾ ਕੇ ਆਪਣੀ ਸੁਹਿਰਦਤਾ ਜ਼ਾਹਰ ਕਰ ਦਿੱਤੀ ਹੈ, ਪਰ ਚੀਨ ਦੀ ਨੀਤੀ ਭਾਰਤ ਨੂੰ ਘੇਰਾ ਪਾਉਣ ਦੀ ਸਾਫ ਹੀ ਦਿਖਾਈ ਦੇ ਰਹੀ ਹੈ। ਪਹਿਲਾਂ ਉਸ ਨੇ ਪਾਕਿਸਤਾਨ ਦੇ ਨਾਜਾਇਜ਼ ਕਬਜ਼ੇ ਵਾਲੇ ਕਸ਼ਮੀਰ ਘਾਟੀ ਦੇ ਇਲਾਕੇ ਵਿਚ ਜਾ ਕੇ ਕੁਝ ਪ੍ਰਾਜੈਕਟ ਸ਼ੁਰੂ ਕਰਨ ਲਈ ਆਪਣੀਆਂ ਫੌਜੀ ਟੁਕੜੀਆਂ ਭੇਜੀਆਂ ਸਨ। ਫਿਰ ਪਾਕਿਸਤਾਨ ਦੇ ਸਿੰਧ ਖੇਤਰ ਵਿਚ ਖੋਖਰਾਪਾਰ ਰੇਲਵੇ ਸਟੇਸ਼ਨ ਨੂੰ ਮਾਡਰਨਾਈਜ਼ ਕਰਨ ਦੇ ਨਾਂ ਉਤੇ ਉਸ ਦੇ ਇੰਜੀਨੀਅਰ ਉਥੇ ਪਹੁੰਚ ਗਏ। ਜਿਵੇਂ ਸਾਡੇ ਅਟਾਰੀ ਦੇ ਬਾਅਦ ਪਾਕਿਸਤਾਨ ਦਾ ਵਾਹਗਾ ਰੇਲਵੇ ਸਟੇਸ਼ਨ ਦੋਵਾਂ ਦੀ ਹੱਦ ਤੋਂ ਸਿਰਫ ਪੰਜ ਸੌ ਗਜ਼ ਦੂਰ ਬਣਿਆ ਹੈ, ਉਵੇਂ ਹੀ ਸਾਡੇ ਰਾਜਸਥਾਨ ਦੇ ਮੂੰਨਾਬਾਓ ਤੋਂ ਪਾਕਿਸਤਾਨ ਵਾਲੇ ਪਾਸੇ ਸਰਹੱਦ ਟੱਪਣ ਦੇ ਸਿਰਫ ਪੰਜ ਸੌ ਗਜ਼ ਦੇ ਅੰਦਰ ਖੋਖਰਾਪਾਰ ਰੇਲਵੇ ਸਟੇਸ਼ਨ ਹੈ। ਪਾਕਿਸਤਾਨ ਦਾ ਦਾਅਵਾ ਹੈ ਕਿ ਉਹ ਇੱਕ ਐਟਮੀ ਤਾਕਤ ਹੈ, ਉਹ ਮਿਜ਼ਾਈਲਾਂ ਬਣਾਉਣ ਦੇ ਦਾਅਵੇ ਵੀ ਕਰਦਾ ਹੈ, ਪਰ ਆਪਣਾ ਇੱਕ ਰੇਲਵੇ ਸਟੇਸ਼ਨ ਆਧੁਨਿਕ ਬਣਾਉਣ ਲਈ ਉਹ ਚੀਨ ਦੀ ਫੌਜੀ ਯੂਨਿਟ ਸੱਦਦਾ ਹੈ ਤਾਂ ਇਹ ਗੱਲ ਸ਼ੱਕ ਪੈਦਾ ਕਰਨ ਵਾਲੀ ਹੈ। ਸਾਫ ਹੈ ਕਿ ਇਸ ਤਰੀਕੇ ਨਾਲ ਚੀਨ ਪਾਕਿਸਤਾਨ ਦੀ ਸਰਕਾਰ ਦੀ ਸਹਿਮਤੀ ਪ੍ਰਾਪਤ ਕਰ ਕੇ ਰਾਜਸਥਾਨ ਵਿਚ ਸਾਡੇ ਮੋਢਿਆਂ ਕੋਲ ਆ ਬੈਠਾ ਹੈ। ਅਗਲੀ ਗੱਲ ਇਹ ਕਿ ਪਾਕਿਸਤਾਨ ਨੇ ਆਪਣੀ ਗਵਾਦਰ ਬੰਦਰਗਾਹ ਵੀ ਚੀਨ ਨੂੰ ਸੌਂਪ ਦਿੱਤੀ ਹੈ। ਇਹ ਫੈਸਲਾ ਹੇਠਲੇ ਪੱਧਰ ਉਤੇ ਨਾ ਹੋ ਕੇ ਪਾਕਿਸਤਾਨ ਦੀ ਕੇਂਦਰੀ ਸਰਕਾਰ ਦੇ ਪੱਧਰ ਉਤੇ ਹੋਇਆ ਹੈ ਤੇ ਜਿਹੜੀ ਬੰਦਰਗਾਹ ਚੀਨ ਨੂੰ ਸੌਂਪੀ ਗਈ ਹੈ, ਉਸ ਨਾਲ ਚੀਨ ਸਾਡੇ ਗੁਜਰਾਤ ਦੇ ਸਿਰਹਾਣੇ ਜਾ ਬੈਠਾ ਤੇ ਮੁੰਬਈ ਦੇ ਨੇੜੇ ਵੀ। ਇਸ ਤੋਂ ਇਹ ਵੀ ਜ਼ਾਹਰ ਹੁੰਦਾ ਹੈ ਕਿ ਜਿਵੇਂ ਪਿਛਲੇਰੇ ਸਾਲ ਓਸਾਮਾ ਬਿਨ ਲਾਦੇਨ ਦੇ ਮਰਨ ਮਗਰੋਂ ਅਮਰੀਕਾ ਨਾਲ ਸਬੰਧਾਂ ਦੇ ਖਿਚਾਅ ਮੌਕੇ ਚੀਨ ਦੀ ਪਾਕਿਸਤਾਨ ਨਾਲ ਖਾਸ ਨੇੜਤਾ ਬਣੀ ਸੀ, ਉਹ ਭਾਰਤ ਦੇ ਸਾਂਝੇ ਵਿਰੋਧ ਲਈ ਵੀ ਵਰਤੀ ਜਾ ਸਕਦੀ ਹੈ।

ਚੌਥੇ ਪਾਸੇ ਸਮੁੰਦਰ ਵਿਚ ਇੱਕ ਛੋਟਾ ਜਿਹਾ ਦੇਸ਼ ਮਾਲਦੀਵ ਹੈ। ਉਥੇ ਸਰਕਾਰ ਲਈ ਟਕਰਾਅ ਚੱਲਦਾ ਪਿਆ ਹੈ। ਪਹਿਲਾਂ ਇੱਕ ਸਰਕਾਰ ਪਲਟ ਕੇ ਦੂਸਰਾ ਆਗੂ ਆਇਆ ਤੇ ਉਸ ਨੇ ਫੌਜ ਤੇ ਨਿਆਂ ਪਾਲਿਕਾ ਨਾਲ ਵੀ ਆਢਾ ਲਾ ਲਿਆ। ਫਿਰ ਉਸ ਦਾ ਤਖਤਾ ਪਲਟ ਦਿੱਤਾ ਗਿਆ। ਇਸ ਦੇ ਬਾਅਦ ਉਸ ਨੂੰ ਗ੍ਰਿਫਤਾਰੀ ਦਾ ਡਰ ਸਤਾਉਣ ਲੱਗਾ ਤਾਂ ਉਹ ਇੱਕ ਦਿਨ ਪੁਲਿਸ ਨੂੰ ਝਕਾਨੀ ਦੇ ਕੇ ਭਾਰਤ ਦੇ ਦੂਤਘਰ ਵਿਚ ਆਣ ਵੜਿਆ। ਨਵੇਂ ਹਾਕਮਾਂ ਨੂੰ ਇਹ ਵਹਿਮ ਪੈ ਗਿਆ ਕਿ ਇਹ ਸਾਰਾ ਕੁਝ ਭਾਰਤ ਨੇ ਕਰਵਾਇਆ ਹੈ, ਪਰ ਭਾਰਤ ਨੇ ਗੱਲਬਾਤ ਨਾਲ ਏਦਾਂ ਦਾ ਰਾਹ ਕੱਢਿਆ ਕਿ ਗੱਦੀਓਂ ਲਾਹਿਆ ਰਾਸ਼ਟਰਪਤੀ ਆਪਣੇ ਆਪ ਬਾਹਰ ਚਲਾ ਜਾਵੇ। ਜਦੋਂ ਬਾਰਾਂ ਦਿਨ ਪਿੱਛੋਂ ਉਹ ਬਾਹਰ ਨੂੰ ਗਿਆ, ਦੋ ਦਿਨ ਬਾਅਦ ਫੜ ਕੇ ਜੇਲ੍ਹ ਵਿਚ ਸੁੱਟ ਦਿੱਤਾ ਗਿਆ। ਹੁਣ ਉਥੋਂ ਦੀ ਹਾਕਮ ਧਿਰ ਭਾਰਤ ਨਾਲ ਨਾਰਾਜ਼ ਹੈ ਕਿ ਉਸ ਨੇ ਸਾਬਕਾ ਰਾਸ਼ਟਰਪਤੀ ਨੂੰ ਆਪਣੇ ਦੂਤਘਰ ਵਿਚ ਪਨਾਹ ਕਿਉਂ ਦਿੱਤੀ ਸੀ ਤੇ ਵਿਰੋਧੀ ਧਿਰ ਇਸ ਲਈ ਨਾਰਾਜ਼ ਹੈ ਕਿ ਉਸ ਨੇ ਲੋੜ ਪਈ ਤੋਂ ਸਾਡੀ ਬਾਂਹ ਨਹੀਂ ਫੜੀ। ਸਮੁੰਦਰ ਵਿਚ ਇੱਕ ਗਵਾਂਢੀ ਸ੍ਰੀਲੰਕਾ ਦੇ ਨਾਲ ਇਸ ਦੂਸਰੇ ਗਵਾਂਢੀ ਨਾਲ ਵੀ ਸਬੰਧਾਂ ਵਿਚ ਕੁੜੱਤਣ ਭਾਰਤ ਲਈ ਮੌਜੂਦਾ ਹਾਲਾਤ ਵਿਚ ਚੰਗੀ ਨਹੀਂ ਸਾਬਤ ਹੋਣੀ।

ਇਹੋ ਜਿਹੇ ਹਾਲਾਤ ਵਿਚ ਭਾਰਤ ਦੀ ਸਿਰਫ ਇੱਕ ਗੱਲ ਵਿਚ ਮਜ਼ਬੂਤੀ ਝਲਕਦੀ ਹੈ ਤੇ ਉਹ ਇਸ ਦੇ ਲੋਕਾਂ ਦੀ ਏਕਤਾ ਦੀ ਰਵਾਇਤ ਹੈ। ਮਹਾਂਭਾਰਤ ਦੇ ਦਿਨ ਤੋਂ ਸਾਡੀ ਇਹ ਰਵਾਇਤ ਰਹੀ ਹੈ ਕਿ ਆਪੋ ਵਿਚ ਲੜਨ ਲਈ ਤਾਂ ਇੱਕ ਪਾਸੇ ਸੌ ਕੌਰਵ ਤੇ ਦੂਸਰੇ ਪਾਸੇ ਪੰਜ ਪਾਂਡਵ ਹੋ ਸਕਦੇ ਹਨ, ਪਰ ਜੇ ਦੇਸ਼ ਉਤੇ ਕੋਈ ਵਿਦੇਸ਼ੀ ਤਾਕਤ ਹਮਲਾ ਕਰਨ ਦੀ ਕੋਸ਼ਿਸ਼ ਕਰੇ, ਉਹ ਸੌ ਕੌਰਵ ਤੇ ਪੰਜ ਪਾਂਡਵ ਨਾ ਹੋ ਕੇ ਇਕੱਠੇ ਇੱਕ ਸੌ ਪੰਜ ਬਣ ਜਾਇਆ ਕਰਦੇ ਹਨ। ਉਹ ਰਵਾਇਤ ਸਾਡੀ ਅੱਜ ਵੀ ਮਜ਼ਬੂਤੀ ਦੀ ਪ੍ਰਤੀਕ ਹੈ। ਪਾਕਿਸਤਾਨ ਦੀ ਹਕੂਮਤ ਦੀ ਇਹ ਲੋੜ ਹੋ ਸਕਦੀ ਹੈ ਕਿ ਉਹ ਆਪਣੇ ਲੋਕਾਂ ਨੂੰ ਭਾਰਤ ਵਿਰੁਧ ਵਰਤਣ ਲਈ ਕਿਸੇ ਵੀ ਹੱਦ ਤੱਕ ਚਲੀ ਜਾਵੇ, ਲੋੜ ਜਾਪੇ ਤਾਂ ਸਿੱਧੀ ਜੰਗ ਦੀ ਬਦਤਮੀਜ਼ੀ ਤੱਕ ਵੀ ਪਹੁੰਚ ਜਾਵੇ, ਪਰ ਭਾਰਤ ਵਿਚ ਨਾ ਕਿਸੇ ਧਿਰ ਦੀ ਇਹੋ ਜਿਹੀ ਲੋੜ ਹੈ ਤੇ ਨਾ ਭਾਰਤ ਦੀ ਇਹ ਰਾਜਨੀਤੀ ਹੈ। ਕਿਉਂਕਿ ਭਾਰਤ ਦੀ ਇਹ ਲੋੜ ਵੀ ਨਹੀਂ ਤੇ ਨੀਤੀ ਵੀ ਨਹੀਂ, ਇਸ ਲਈ ਆਪਣੇ ਚੁਫੇਰੇ ਦੇ ਹਾਲਾਤ ਤੇ ਆਪਣੀ ਅਮਨ ਵਿਚੋਂ ਵਿਕਾਸ ਦੀ ਲੀਹ ਉਤੇ ਚੱਲਣ ਦੀ ਨੀਤੀ ਉਤੇ ਚੱਲਦੇ ਹੋਏ ਇਸ ਨੂੰ ਚੌਕਸੀ ਪੱਖੋਂ ਕੋਈ ਢਿੱਲ ਨਹੀਂ ਦੇਣੀ ਚਾਹੀਦੀ, ਪਰ ਕਿਸੇ ਵੀ ਹਾਲਤ ਵਿਚ ਉਕਸਾਹਟ ਤੋਂ ਬਚਣਾ ਚਾਹੀਦਾ ਹੈ। ਪਾਰਲੀਮੈਂਟ ਵਿਚ ਇੱਕ ਸੁਰ ਵਿਚ ਮਤਾ ਪਾਸ ਕਰ ਕੇ ਮਹਾਂਭਾਰਤ ਦੇ ਵਕਤ ਵਾਂਗ 'ਇੱਕ ਸੌ ਅਤੇ ਪੰਜ ਨਹੀਂ, ਇੱਕ ਸੌ ਪੰਜ' ਦਾ ਸੰਦੇਸ਼ ਦੇ ਦੇਣਾ ਕਾਫੀ ਹੈ, ਇਸ ਤੋਂ ਅੱਗੇ ਵਧ ਕੇ ਬਿਆਨਬਾਜ਼ੀ ਦੀ ਜੰਗ ਵਿਚ ਪਾਕਿਸਤਾਨ ਨਾਲ ਉਲਝਣਾ ਇਸ ਲਈ ਕਿਸੇ ਤਰ੍ਹਾਂ ਵੀ ਬੇਲੋੜਾ ਹੋਵੇਗਾ। ਇਸ ਤੋਂ ਬਚਿਆ ਜਾਣਾ ਚਾਹੀਦਾ ਹੈ। ਸੋਚਣ ਦੀ ਗੱਲ ਇਹ ਹੈ ਕਿ ਜੇ ਗਵਾਂਢ ਕੁਪੱਤਾ ਹੋਵੇ ਤਾਂ ਉਸ ਵਰਗੇ ਕੁਪੱਤੇ ਹੋ ਜਾਣਾ ਵੀ ਬਾਹਲੀ ਸਮਝਦਾਰੀ ਨਹੀਂ ਗਿਣੀ ਜਾਂਦੀ।

# ਸੁਖਦੇਵ ਦਾ ਮਹਾਤਮਾ ਗਾਂਧੀ ਦੇ ਨਾਂ ਖਤ

*(ਸਫਾ 20 ਦੀ ਬਾਕੀ)*

ਠੀਕ ਕਾਰਨ ਨਹੀਂ ਦੱਸਿਆ। ਇਸ ਤਰ੍ਹਾਂ ਦੀਆਂ ਹਾਲਤਾਂ ਵਿਚ ਆਪ ਦੀਆਂ ਇਨ੍ਹਾਂ ਅਪੀਲਾਂ ਦਾ ਅਰਥ ਤਾਂ ਬਸ ਇਹੀ ਹੈ ਕਿ ਤੁਸੀਂ ਕ੍ਰਾਂਤਕਾਰੀ ਅੰਦੋਲਨ ਨੂੰ ਕੁਚਲਣ ਵਿਚ ਨੌਕਰਸ਼ਾਹੀ ਦਾ ਸਾਥ ਦੇ ਰਹੇ ਹੋ। ਇਨ੍ਹਾਂ ਅਪੀਲਾਂ ਰਾਹੀਂ ਤੁਸੀਂ ਖੁਦ ਕ੍ਰਾਂਤੀਕਾਰੀ ਦਲ ਵਿਚ ਫੁੱਟ ਅਤੇ ਵਿਸ਼ਵਾਸਘਾਤ ਦੀ ਸਿੱਖਿਆ ਦੇ ਰਹੇ ਹੋ। ਅਗਰ ਇਹ ਗੱਲ ਨਾ ਹੁੰਦੀ ਤਾਂ ਆਪ ਲਈ ਵਧੀਆ ਢੰਗ ਇਹ ਸੀ ਕਿ ਤੁਸੀਂ ਕੁਝ ਪ੍ਰਮੁੱਖ ਕ੍ਰਾਂਤੀਕਾਰੀਆਂ ਨਾਲ ਮਿਲ ਕੇ ਇਸ ਵਿਸ਼ੇ 'ਤੇ ਗੱਲਬਾਤ ਕਰ ਲੈਂਦੇ। ਆਪ ਨੂੰ ਉਨ੍ਹਾਂ ਨੂੰ ਅੰਦੋਲਨ ਰੋਕ ਦੇਣ ਦੀ ਸਲਾਹ ਤੋਂ ਪਹਿਲਾਂ ਉਸ ਦੇ ਕਾਰਨ ਦਲੀਲ ਰਾਹੀਂ ਸਮਝਾਣੇ ਚਾਹੀਦੇ ਸਨ। ਮੇਰਾ ਖਿਆਲ ਹੈ ਕਿ ਆਮ ਲੋਕਾਂ ਵਾਂਗ ਆਪ ਦੀ ਤਾਂ ਇਹ ਧਾਰਨਾ ਨਹੀਂ ਹੋਵੇਗੀ ਕਿ ਕ੍ਰਾਂਤੀਕਾਰੀ ਬੇਦਲੀਲ ਹੁੰਦੇ ਹਨ ਅਤੇ ਉਨ੍ਹਾਂ ਨੂੰ ਕੇਵਲ ਮਾਰਨ ਦੇ ਕੰਮਾਂ ਵਿਚ ਸੁਆਦ ਆਉਂਦਾ ਹੈ। ਅਸੀਂ ਤੁਹਾਨੂੰ ਦੱਸ ਦੇਣਾ ਚਾਹੁੰਦੇ ਹਾਂ ਕਿ ਅਸਲੀਅਤ ਵਿਚ ਗੱਲ ਇਸ ਦੇ ਬਿਲਕੁਲ ਉਲਟ ਹੈ। ਉਹ ਹਰ ਕਦਮ ਉਤੇ ਅੱਗੇ ਵਧਣ ਤੋਂ ਪਹਿਲਾਂ ਉਹਦੀਆਂ ਚਾਰੇ ਪਾਸੇ ਦੀਆਂ ਹਾਲਤਾਂ 'ਤੇ ਵਿਚਾਰ ਕਰ ਲੈਂਦੇ ਹਨ। ਉਨ੍ਹਾਂ ਨੂੰ ਆਪਣੀ ਜ਼ਿੰਮੇਵਾਰੀ ਦਾ ਅਹਿਸਾਸ ਹਰ ਵਕਤ ਰਹਿੰਦਾ ਹੈ। ਉਹ ਆਪਣੇ ਕ੍ਰਾਂਤੀਕਾਰੀ ਵਿਧਾਨ ਵਿਚ ਰਚਨਾਤਮਕ ਅੰਗ ਦੀ ਜ਼ਰੂਰਤ ਨੂੰ ਮੁੱਖ ਥਾਂ ਦਿੰਦੇ ਹਨ। ਹੁਣ ਦੀਆਂ ਹਾਲਤਾਂ ਵਿਚ ਭਾਵੇਂ ਉਨ੍ਹਾਂ ਨੂੰ ਕੇਵਲ ਢਾਹੂ ਹਿੱਸੇ ਵੱਲ ਹੀ ਧਿਆਨ ਦੇਣਾ ਪਿਆ ਹੈ।

ਸਰਕਾਰ ਕ੍ਰਾਂਤੀਕਾਰੀਆਂ ਲਈ ਪੈਦਾ ਹੋਈ ਸਰਬ ਸਾਂਝੀ ਹਮਦਰਦੀ ਤੇ ਮਦਦ ਦੀ ਭਾਵਨਾ ਨੂੰ ਨਸ਼ਟ ਕਰ ਕੇ, ਕਿਸੇ ਵੀ ਤਰ੍ਹਾਂ ਉਨ੍ਹਾਂ ਨੂੰ ਕੁਚਲ ਦੇਣਾ ਚਾਹੁੰਦੀ ਹੈ। ਇਕੱਲੇ ਤਾਂ ਉਹ ਬਹੁਤ ਆਸਾਨੀ ਨਾਲ ਮਸਲੇ ਜਾ ਸਕਦੇ ਹਨ। ਸੋ ਇਹੋ ਜਿਹੀਆਂ ਹਾਲਤਾਂ ਵਿਚ ਕਿਸੇ ਕਿਸਮ ਦੀਆਂ ਭਾਵੁਕ ਅਪੀਲਾਂ ਕਰ ਕੇ ਉਨ੍ਹਾਂ ਵਿਚ ਫੁਟ ਤੇ ਵਿਸ਼ਵਾਸਘਾਤ ਪੈਦਾ ਕਰਨਾ ਵੱਡੀ ਗਲਤੀ ਤੇ ਕ੍ਰਾਂਤੀ ਵਿਰੋਧੀ ਕੰਮ ਹੋਵੇਗਾ। ਇਸ ਨਾਲ ਸਰਕਾਰ ਨੂੰ ਉਨ੍ਹਾਂ ਨੂੰ ਕੁਚਲਣ ਵਿਚ ਸਾਫ਼ ਤੌਰ 'ਤੇ ਸਹਾਇਤਾ ਮਿਲਦੀ ਹੈ।

ਇਸ ਲਈ ਆਪ ਨੂੰ ਸਾਡੀ ਪ੍ਰਾਰਥਨਾ ਹੈ ਕਿ ਜਾਂ ਤਾਂ ਆਪ ਕੁਝ ਕ੍ਰਾਂਤੀਕਾਰੀਆਂ ਜੋ ਜੇਲ੍ਹਾਂ ਵਿਚ ਬੰਦ ਹਨ, ਨਾਲ ਇਸ ਵਿਸ਼ੇ 'ਤੇ ਗੱਲਬਾਤ ਕਰ ਕੇ ਕੁਝ ਨਿਰਣਾ ਕਰ ਲਓ, ਨਹੀਂ ਤਾਂ ਇਹ ਅਪੀਲਾਂ ਬੰਦ ਕਰ ਦਿਓ। ਮਿਹਰਬਾਨੀ ਕਰ ਕੇ ਇਨ੍ਹਾਂ ਦੋ ਰਾਹਾਂ ਵਿਚੋਂ ਕਿਸੇ ਇਕ ਨੂੰ ਅਪਣਾਉਣਾ ਤੇ ਉਹ ਵੀ ਪੂਰੇ ਦਿਲ ਨਾਲ। ਅਗਰ ਤੁਸੀਂ ਉਨ੍ਹਾਂ ਦੀ ਮਦਦ ਨਹੀਂ ਕਰ ਸਕਦੇ ਤਾਂ ਮਿਹਰਬਾਨੀ ਕਰ ਕੇ ਉਨ੍ਹਾਂ 'ਤੇ ਰਹਿਮ ਕਰੋ ਤੇ ਉਨ੍ਹਾਂ ਨੂੰ ਇਕੱਲੇ ਛੱਡ ਦਿਓ। ਉਹ ਆਪਣੀ ਰੱਖਿਆ ਆਪ ਕਰ ਲੈਣਗੇ। ਉਹ ਬਹੁਤ ਚੰਗੀ ਤਰ੍ਹਾਂ ਜਾਣਦੇ ਹਨ ਕਿ ਆਉਣ ਵਾਲੇ ਰਾਜਨੀਤਕ ਯੁੱਧ ਵਿਚ ਉਨ੍ਹਾਂ ਦੀ ਅਗਵਾਈ ਨਿਸ਼ਚਿਤ ਹੈ। ਜਨਤਾ ਉਨ੍ਹਾਂ ਵੱਲ ਬਰਾਬਰ ਵਧੀ ਆ ਰਹੀ ਹੈ। ਉਹ ਦਿਨ ਦੂਰ ਨਹੀਂ ਹੈ ਜਦ ਉਨ੍ਹਾਂ ਦੀ ਅਗਵਾਈ ਵਿਚ ਅਤੇ ਉਨ੍ਹਾਂ ਦੇ ਝੰਡੇ ਥੱਲੇ ਜਨਤਾ ਆਪਣੇ ਸਮਾਜਵਾਦੀ ਪਰਜਾਤੰਤਰ ਦੇ ਮਹਾਨ ਨਿਸ਼ਾਨੇ ਵੱਲ ਵਧਦੀ ਵਿਖਾਈ ਦੇਵੇਗੀ।

ਅਤੇ ਜੇ ਸੱਚਮੁੱਚ ਤੁਸੀਂ ਉਨ੍ਹਾਂ ਦੀ ਮੱਦਦ ਕਰਨੀ ਚਾਹੁੰਦੇ ਹੋ ਤਾਂ ਉਨ੍ਹਾਂ ਨੂੰ ਸਮਝਾਣ ਲਈ ਉਨ੍ਹਾਂ ਨਾਲ ਗੱਲਬਾਤ ਕਰੋ ਅਤੇ ਸਾਰੇ ਹਾਲਾਤ 'ਤੇ ਖੋਲ੍ਹ ਕੇ ਵਿਚਾਰ ਕਰੋ।

ਉਮੀਦ ਹੈ ਆਪ ਉਪਰਲੀ ਪ੍ਰਾਰਥਨਾ 'ਤੇ ਵਿਚਾਰ ਕਰੋਗੇ ਅਤੇ ਆਪਣੀ ਰਾਏ ਜਨਤਾ ਦੇ ਸਾਹਮਣੇ ਰੱਖੋਗੇ।

***ਆਪ ਦਾ***
***ਅਨੇਕਾਂ ਵਿਚੋਂ ਇਕ।***

# *ਹਿੰਦੋਸਤਾਨ ਸੋਸ਼ਲਿਸਟ ਰਿਪਬਲਿਕਨ ਆਰਮੀ*

*(ਸਫਾ 20 ਦੀ ਬਾਕੀ)*

ਕਮਿਸ਼ਨ ਦਾ ਮਾਮਲਾ। ਇਹ ਵੀ ਫੈਸਲਾ ਕੀਤਾ ਗਿਆ ਕਿ ਭਵਿੱਖ ਵਿਚ ਸਾਡੀਆਂ ਸਰਗਰਮੀਆਂ ਕਿਸੇ ਵਿਅਕਤੀਗਤ ਅਗਵਾਈ ਵਿਚ ਨਹੀਂ ਚੱਲਣਗੀਆਂ। ਕੋਈ ਵੀ ਕੰਮ ਸੱਤ ਆਦਮੀਆਂ ਦੀ ਕੇਂਦਰੀ ਕਮੇਟੀ ਵਿਚ ਵਿਚਾਰ ਕੇ ਹੀ ਕੀਤਾ ਜਾਵੇਗਾ।

ਇਸ ਮਿਲਣੀ ਵਿਚ ਵਿਜੇ ਕੁਮਾਰ ਸਿਨਹਾ ਅਤੇ ਭਗਤ ਸਿੰਘ ਉਤੇ ਅੰਤਰ-ਰਾਜੀ ਸੰਪਰਕ ਬਣਾਉਣ ਦੀ ਜ਼ਿੰਮੇਵਾਰੀ ਲਗਾਈ ਗਈ। ਸੁਖਦੇਵ ਨੂੰ ਪੰਜਾਬ, ਸ਼ਿਵ ਵਰਮਾ ਨੂੰ ਸੰਯੁਕਤ ਪ੍ਰਾਂਤ, ਕੁੰਦਨ ਲਾਲ ਨੂੰ ਰਾਜਪੂਤਾਨਾ, ਫਣੀਂਦਰ ਨਾਥ ਘੋਸ਼ ਨੂੰ ਬਿਹਾਰ ਦੇ ਨੁਮਾਇੰਦੇ ਮੰਨਿਆ ਗਿਆ। ਹਥਿਆਰਾਂ ਅਤੇ ਪੈਸੇ ਦੀ ਘਾਟ ਕਾਰਨ ਇਹ ਫੈਸਲਾ ਕੀਤਾ ਗਿਆ ਕਿ ਇਹ ਕੇਂਦਰੀ ਕਮੇਟੀ ਦੇ ਹੱਥ ਵਿਚ ਹੀ ਰਹਿਣਗੇ। ਹਥਿਆਰ ਘੱਟ ਹੋਣ ਕਾਰਨ ਫੈਸਲਾ ਇਹ ਸੀ ਕਿ ਜਿਸ ਸੂਬੇ ਵਿਚ ਲੋੜ ਹੋਵੇ, ਹਥਿਆਰ ਭੇਜੇ ਜਾਣ ਅਤੇ ਫਿਰ ਵਾਪਸ ਕੇਂਦਰੀ ਕਮੇਟੀ ਨੂੰ ਦੇ ਦਿੱਤੇ ਜਾਣ।

ਪੁਰਾਣੇ ਦਲ ਵਿਚੋਂ ਚੰਦਰ ਸ਼ੇਖਰ ਆਜ਼ਾਦ ਹੀ ਅਜਿਹਾ ਵਿਅਕਤੀ ਸੀ ਜਿਹੜਾ ਸੀਨੀਅਰ ਹੋਣ ਦਾ ਦੰਭ ਛੱਡ ਕੇ ਨਵੇਂ ਲੋਕਾਂ ਨਾਲ ਨਵੇਂ ਢੰਗ ਨਾਲ ਕੰਮ ਕਰਨ ਲਈ ਤਿਆਰ ਸੀ। ਆਜ਼ਾਦ ਤੋਂ ਬਿਨਾਂ ਉਦੋਂ ਕਿਸੇ ਨੂੰ ਹਥਿਆਰ ਠੀਕ ਤਰ੍ਹਾਂ ਵਰਤਣੇ ਵੀ ਨਹੀਂ ਆਉਂਦੇ ਸਨ। ਇਸ ਲਈ ਹਿੰਦੋਸਤਾਨ ਸੋਸ਼ਲਿਸਟ ਰਿਪਬਲਿਕਨ ਆਰਮੀ ਦਾ ਹਥਿਆਰਬੰਦ ਕੰਮਾਂ ਦਾ ਕਮਾਂਡਰ-ਇਨ-ਚੀਫ ਉਸ ਨੂੰ ਹੀ ਬਣਾਇਆ ਗਿਆ।

# ਸਿੱਖ ਧਰਮ ਚਿੰਤਨ ਅਤੇ ਇਸਤਰੀ ਸ਼ਕਤੀ



ਡਾ. ਗੁਰਨਾਮ ਕੌਰ, ਕੈਨੇਡਾ

ਪਿਛਲੇ ਐਤਵਾਰ, ਦਸ ਮਾਰਚ ਨੂੰ ਬਰੈਂਪਟਨ ਸਿਟੀ ਲਾਇਬਰੇਰੀ ਵਿਚ ਤਰਕਸ਼ੀਲ ਸੁਸਾਇਟੀ ਵੱਲੋਂ 'ਅੰਤਰਰਾਸ਼ਟਰੀ ਇਸਤਰੀ ਦਿਵਸ' ਦੇ ਸਬੰਧ ਵਿਚ ਇੱਕ ਸਮਾਗਮ ਕੀਤਾ ਗਿਆ। ਇਸ ਸਮਾਗਮ ਦਾ ਮੁੱਖ ਮੁੱਦਾ ਦਿੱਲੀ ਬਲਾਤਕਾਰ ਦੀ ਘਟਨਾ ਅਤੇ ਸ਼ਰੁਤੀ ਅਗਵਾਕਾਂਡ ਤੋਂ ਬਾਅਦ ਪੰਜਾਬ ਵਿਚ ਜੋ ਕੁੱਝ ਹਰ ਰੋਜ਼ ਔਰਤਾਂ ਨਾਲ ਵਾਪਰ ਰਿਹਾ ਹੈ ਅਤੇ ਅਖ਼ਬਾਰਾਂ ਦੀਆਂ ਸੁਰਖੀਆਂ ਬਣ ਰਿਹਾ ਹੈ, ਹੋਣਾ ਚਾਹੀਦਾ ਸੀ। ਖ਼ੈਰ! ਸਮਾਗਮ ਵਿਚ ਭਾਸ਼ਣ ਵੀ ਕੀਤੇ ਗਏ ਅਤੇ ਕਵਿਤਾਵਾਂ ਵੀ ਪੜ੍ਹੀਆਂ ਗਈਆਂ ਪਰ ਅਜਿਹੀਆਂ ਘਟਨਾਵਾਂ ਨੂੰ ਠੱਲ੍ਹ ਪਾਉਣ ਲਈ ਸਾਂਝੇ ਤੌਰ 'ਤੇ ਕੀ ਕੀਤਾ ਜਾ ਸਕਦਾ ਹੈ? ਇਸ ਵਿਸ਼ੇ 'ਤੇ ਕੋਈ ਸਾਰਥਕ ਪ੍ਰੋਗਰਾਮ ਨਹੀਂ ਉਲੀਕਿਆ ਗਿਆ, ਜੋ ਕਿ ਅਜੋਕੇ ਸਮੇਂ ਦੀ ਅਹਿਮ ਲੋੜ ਹੈ।

ਇਸ ਸਮਾਗਮ ਵਿਚ ਬੋਲਣ ਵਾਲੀਆਂ ਬਹੁਤੀਆਂ ਬੀਬੀਆਂ ਦਾ ਮੁੱਖ ਵਿਸ਼ਾ ਇਹੀ ਸੀ ਕਿ ਉਨ੍ਹਾਂ ਨੇ ਇੱਕ ਨਿਕੰਮੇ, ਪਿਅਕੜ ਅਤੇ ਜ਼ਾਲਮ ਪਤੀ ਤੋਂ ਛੁਟਕਾਰਾ ਪਾ ਲਿਆ ਹੈ ਅਤੇ ਉਹ ਹੁਣ ਆਜ਼ਾਦ ਹਨ। ਅੰਤਰਰਾਸ਼ਟਰੀ ਮਹਿਲਾ ਦਿਵਸ ਲੰਘ ਚੁੱਕਿਆ ਹੈ ਪਰ ਮੇਰੇ ਇਸ ਲੇਖ ਲਿਖਣ ਦਾ ਕਾਰਨ ਦੋ ਗੱਲਾਂ ਹਨ: ਪਹਿਲੀ, ਇੱਕ ਬੀਬੀ ਨੇ ਸਟੇਜ ਤੋਂ ਕਿਹਾ ਕਿ (ਗੁਰੂ) ਨਾਨਕ ਅਤੇ (ਮਹਾਤਮਾ) ਬੁੱਧ ਨੇ ਰੱਬ ਨੂੰ ਲੱਭਣ ਲਈ ਘਰ-ਪਰਿਵਾਰ ਤਿਆਗ ਦਿੱਤਾ। ਦੂਸਰੀ, ਗੁਰੂ ਨਾਨਕ ਦੀ ਇੱਕੋ ਪੰਕਤੀ 'ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ' ਨੂੰ ਲੈ ਕੇ ਹੀ ਰੌਲਾ ਪਾਈ ਜਾਂਦੇ ਹਾਂ ਕਿ ਸਿੱਖ ਧਰਮ ਵਿਚ ਇਸਤਰੀ ਦੇ ਹੱਕ ਵਿਚ ਆਵਾਜ਼ ਉਠਾਈ ਗਈ ਹੈ ਜਾਂ ਉਸ ਨੂੰ ਬਰਾਬਰ ਦਾ ਹੱਕ ਦਿੱਤਾ ਗਿਆ ਹੈ। ਇਨ੍ਹਾਂ ਦੋ ਸਵਾਲਾਂ ਦਾ ਉਤਰ ਲੱਭਣਾ ਹੀ ਇਸ ਲੇਖ ਦਾ ਮੁੱਖ ਮੰਤਵ ਹੈ।

ਕਈ ਵਾਰ ਸਿਰਫ ਆਪਣੀ ਮਸ਼ਹੂਰੀ ਵਾਸਤੇ, ਆਪਣੇ ਆਪ ਨੂੰ ਬਹੁਤ ਅਗਾਂਹਵਧੂ ਦਿਖਾਉਣ ਲਈ ਜਾਂ ਮਹਿਜ ਮਨ ਪ੍ਰਚਾਵੇ ਲਈ ਹੀ ਧਰਮ ਪ੍ਰਤੀ ਜਾਂ ਧਾਰਮਿਕ ਹਸਤੀ ਪ੍ਰਤੀ ਅਜਿਹੀ ਟਿਪਣੀ ਕਰ ਦਿੱਤੀ ਜਾਂਦੀ ਹੈ। ਉਸ ਨੂੰ ਜਾਪਦਾ ਹੋਵੇਗਾ ਕਿ ਮਹਾਤਮਾ ਬੁੱਧ ਅਤੇ ਗੁਰੂ ਨਾਨਕ ਨੂੰ ਪਰਿਵਾਰਕ ਜੀਵਨ ਤੋਂ ਭਗੌੜੇ ਦੱਸ ਕੇ ਉਹ ਇਸਤਰੀ ਲਈ ਕੋਈ ਕਲਿਆਣਕਾਰੀ ਏਜੰਡਾ ਪੇਸ਼ ਕਰ ਰਹੀ ਹੈ ਜਾਂ ਇਸਤਰੀ ਦੀ ਲੜਾਈ ਵਿਚ ਕੋਈ ਵੱਡਾ ਯੋਗਦਾਨ ਪਾ ਰਹੀ ਹੈ। ਪਹਿਲੀ ਗੱਲ ਮਹਾਤਮਾ ਬੁੱਧ ਦੀ ਹੀ ਲੈ ਲਈਏ। ਉਸ ਬੀਬੀ ਨੂੰ ਗੱਲ ਕਹਿਣ ਤੋਂ ਪਹਿਲਾਂ ਘੱਟੋ-ਘੱਟ ਇੰਨਾ ਕੁ ਜ਼ਰੂਰ ਪਤਾ ਹੋਣਾ ਚਾਹੀਦਾ ਸੀ ਕਿ ਮਹਾਤਮਾ ਬੁੱਧ ਆਪ ਅਤੇ ਉਨ੍ਹਾਂ ਦਾ ਚਲਾਇਆ ਹੋਇਆ ਧਰਮ ਕਿਸੇ ਰੱਬੀ ਹੋਂਦ ਵਿਚ ਵਿਸ਼ਵਾਸ ਨਹੀਂ ਕਰਦਾ। ਇਹੀ ਨਹੀਂ ਕਿ ਮਹਾਤਮਾ ਬੁੱਧ ਰੱਬ ਵਿਚ ਵਿਸ਼ਵਾਸ ਨਹੀਂ ਸੀ ਕਰਦੇ ਸਗੋਂ ਗੌਤਮ ਬੁੱਧ ਜਿਨ੍ਹਾਂ ਦਾ ਮੁਢਲਾ ਨਾਮ ਸਿਧਾਰਥ ਗੌਤਮ ਸੀ, ਨੇ ਜਦੋਂ ਘਰ ਦਾ ਤਿਆਗ ਕੀਤਾ ਉਦੋਂ ਵੀ ਰੱਬ ਦੀ ਭਾਲ ਵਿਚ ਘਰ ਨਹੀਂ ਛੱਡਿਆ। ਬੁੱਧ ਧਰਮ ਅਨੁਸਾਰ ਸਿਧਾਰਥ ਨੂੰ ਰਾਜ-ਘਰਾਣੇ ਵਿਚੋਂ ਹੋਣ ਕਰਕੇ ਦੁਨੀਆਂ ਦੇ ਦੁੱਖਾਂ-ਦਰਦਾਂ ਤੋਂ ਦੂਰ ਰੱਖ ਕੇ ਹੀ ਪਾਲਿਆ ਗਿਆ ਸੀ। ਪਰ ਇੱਕ ਦਿਨ ਜਦੋਂ ਬਾਹਰਲੀ ਦੁਨੀਆਂ ਨਾਲ ਵਾਹ ਪੈਂਦਿਆਂ ਵੱਖ ਵੱਖ ਮਨੁੱਖਾਂ ਨੂੰ ਉਨ੍ਹਾਂ ਨੇ ਬੁੱਢਾਪੇ, ਦੁੱਖ ਅਤੇ ਮੌਤ ਦੇ ਦਰਦ ਵਿਚੋਂ ਗੁਜ਼ਰਦੇ ਦੇਖਿਆ ਤਾਂ ਉਨ੍ਹਾਂ ਦਾ ਮਨ ਬਹੁਤ ਦੁਖੀ ਤੇ ਉਦਾਸ ਹੋ ਗਿਆ ਅਤੇ ਮਨੁੱਖ ਲਈ ਇਨ੍ਹਾਂ ਦੁੱਖਾਂ ਤੋਂ ਛੁਟਕਾਰੇ ਦਾ ਰਸਤਾ ਲੱਭਣ ਲਈ 29 ਸਾਲ ਦੀ ਉਮਰ ਵਿਚ ਉਹ ਰਾਜ-ਭਾਗ ਦਾ ਤਿਆਗ ਕਰਕੇ ਗਿਆਨ ਦੀ ਭਾਲ ਵਿਚ ਤੁਰ ਪਏ। ਪੈਂਤੀ ਸਾਲ ਦੀ ਉਮਰ ਵਿਚ ਉਨ੍ਹਾਂ ਨੂੰ ਬੋਧ ਗਇਆ ਵਿਖੇ ਪਿੱਪਲ ਦੇ ਦਰੱਖ਼ਤ ਹੇਠ ਕਰੜੀ ਤਪੱਸਿਆ ਤੋਂ ਬਾਅਦ ਜੋ ਪ੍ਰਾਪਤ ਹੋਇਆ ਉਸ ਨੂੰ 'ਗਿਆਨ' ਕਿਹਾ ਗਿਆ, ਰੱਬ ਨਹੀਂ ਅਤੇ 'ਬੁੱਧ' ਦਾ ਅਰਥ ਹੀ 'ਗਿਆਨਵਾਨ' ਹੋਣਾ ਹੈ। ਇਸ ਉਪਰੰਤ ਉਨ੍ਹਾਂ ਨੇ ਸੰਸਾਰ ਨੂੰ ਨਵੇਂ ਧਰਮ ਦੇ ਰੂਪ ਵਿਚ ਜੋ 'ਮੱਧ ਮਾਰਗ' ਦਿੱਤਾ ਉਸ ਵਿਚ ਕਿਸੇ ਰੱਬ ਨੂੰ ਧਿਆਉਣ ਜਾਂ ਪੂਜਣ ਦੀ ਕੋਈ ਗੱਲ ਨਹੀਂ ਕੀਤੀ ਗਈ ਬਲਕਿ ਇਹ ਦੱਸਿਆ ਗਿਆ ਹੈ ਕਿ ਇਸ 'ਅਸ਼ਟਾਂਗ ਮਾਰਗ' 'ਤੇ ਚੱਲ ਕੇ ਮਨੁੱਖ ਦੁੱਖਾਂ ਤੋਂ ਛੁਟਕਾਰਾ ਕਿਵੇਂ ਪਾ ਸਕਦਾ ਹੈ?

ਇਸ ਲਈ ਸਟੇਜ ਤੋਂ ਇਹ ਕਹਿਣਾ ਕਿ ਮਹਾਤਮਾ ਬੁੱਧ ਨੇ ਰੱਬ ਨੂੰ ਪਾਉਣ ਲਈ ਘਰ ਤਿਆਗਿਆ, ਟਰਪਲ ਮਾਰਨਾ ਹੈ। ਧਰਮ ਨੂੰ ਮੰਨਣਾ ਜਾਂ ਨਾ ਮੰਨਣਾ ਕਿਸੇ ਦਾ ਵੀ ਨਿਜੀ ਮਾਮਲਾ ਹੈ, ਇਸ 'ਤੇ ਕਿਸੇ ਨੂੰ ਕੀ ਇਤਰਾਜ਼ ਹੋ ਸਕਦਾ ਹੈ? ਪਰ ਬਿਨਾ ਜਾਣਕਾਰੀ ਤੋਂ ਕਿਸੇ ਵੀ ਧਰਮ ਜਾਂ ਧਾਰਮਿਕ ਹਸਤੀ ਬਾਰੇ ਬੋਲਣਾ ਇੱਕ ਚੇਤੰਨ ਇਨਸਾਨ ਨੂੰ ਸ਼ੋਭਾ ਨਹੀਂ ਦਿੰਦਾ।

ਗੁਰੂ ਨਾਨਕ ਸਾਹਿਬ 'ਰੱਬ' ਦੀ ਭਾਲ ਵਿਚ ਘਰੋਂ ਨਹੀਂ ਗਏ ਅਤੇ ਨਾ ਹੀ ਉਨ੍ਹਾਂ ਕਦੀ ਗ੍ਰਹਿਸਥ ਦਾ ਤਿਆਗ ਕੀਤਾ। ਗੁਰੂ ਨਾਨਕ ਸਾਹਿਬ ਨੂੰ ਰੱਬ ਦੇ ਦਰ ਤੋਂ ਪਰਮ-ਸਤਿ ਦੇ ਗਿਆਨ ਦੀ ਪ੍ਰਾਪਤੀ 'ਵੇਈਂ ਨਦੀ ਪ੍ਰਵੇਸ਼' ਤੋਂ ਮੰਨੀ ਜਾਂਦੀ ਹੈ। ਇਹ ਘਟਨਾ ਉਦੋਂ ਵਾਪਰੀ ਜਦੋਂ ਗੁਰੂ ਨਾਨਕ ਸਾਹਿਬ ਆਪਣੇ ਪਰਿਵਾਰ ਸਮੇਤ ਆਪਣੀ ਵੱਡੀ ਭੈਣ ਬੀਬੀ ਨਾਨਕੀ ਅਤੇ ਉਨ੍ਹਾਂ ਦੇ ਪਤੀ ਭਾਈ ਜੈ ਰਾਮ ਜੀ ਦੇ ਜ਼ੋਰ ਪਾਉਣ 'ਤੇ ਉਨ੍ਹਾਂ ਕੋਲ ਸੁਲਤਾਨਪੁਰ ਲੋਧੀ ਰਹਿ ਕੇ ਨਵਾਬ ਦੌਲਤ ਖਾਨ ਦੇ ਮੋਦੀਖਾਨੇ ਵਿਚ ਨੌਕਰੀ ਕਰ ਰਹੇ ਸਨ। ਗੁਰੂ ਨਾਨਕ ਜੰਗਲ ਵਿਚ ਵੱਸ ਰਹੇ ਜਾਂ ਜੰਗਲ ਵਿਚ ਜਾ ਕੇ ਲੱਭੇ ਜਾ ਸਕਣ ਵਾਲੇ ਕਿਸੇ 'ਰੱਬ' ਦੀ ਗੱਲ ਨਹੀਂ ਕਰ ਰਹੇ। ਉਨ੍ਹਾਂ ਅਨੁਸਾਰ ਤਾਂ ਹਰ ਜੀਵ, ਹਰ ਮਾਨਵ ਹੀ ਰੱਬੀ ਜੋਤਿ ਨਾਲ ਰੌਸ਼ਨ ਹੈ (ਜਿਹੜੇ ਨਹੀਂ ਮੰਨਦੇ ਉਨ੍ਹਾਂ ਅੰਦਰ ਵੀ ਉਹੀ ਜੋਤਿ ਵੱਸ ਰਹੀ ਹੈ) ਅਤੇ ਮਨੁੱਖ ਨੇ ਇਸ ਰੱਬੀ ਜੋਤਿ ਨੂੰ ਆਪਣੇ ਅੰਦਰੋਂ ਹੀ ਜਗਾਉਣਾ ਹੈ। ਇਸ ਨੂੰ ਲੱਭਣ ਲਈ ਕਿਧਰੇ ਬਾਹਰ ਜਾਣ ਜਾਂ ਘਰ-ਬਾਰ ਤਿਆਗਣ ਦੀ ਜ਼ਰੂਰਤ ਨਹੀਂ ਹੈ।

ਗੁਰੂ ਨਾਨਕ ਸਾਹਿਬ ਨੇ ਆਪਣੀ ਬਾਣੀ ਵਿਚ ਬਹੁਤ ਥਾਂਵਾਂ 'ਤੇ ਇਸ ਤੱਥ ਨੂੰ ਦ੍ਰਿੜ ਕਰਾਇਆ ਹੈ ਕਿ ਪਰਮਾਤਮ-ਸੁਰਤਿ ਨਾਲ ਇੱਕ-ਸੁਰ ਹੋਣ ਲਈ ਜਾਂ ਪਰਮਾਤਮਾ ਨਾਲ ਮਿਲਾਪ ਹਾਸਲ ਕਰਨ ਲਈ ਘਰ-ਬਾਰ ਤਿਆਗ ਕੇ ਗੋਦੜੀ ਪਹਿਨ ਲੈਣ, ਹੱਥ ਵਿਚ ਡੰਡਾ ਫੜਨ, ਸਰੀਰ 'ਤੇ ਸੁਆਹ ਮਲਣ ਜਾਂ ਕੰਨ ਪੜਵਾ ਕੇ ਮੁੰਦਰਾਂ ਪਾ ਲੈਣ ਦੀ ਲੋੜ ਨਹੀਂ ਹੈ ਕਿਉਂਕਿ ਇਹ ਸਭ ਬਾਹਰੀ ਭੇਖ ਪਰਮਾਤਮਾ ਨਾਲ ਮਿਲਾਪ ਦਾ ਸਾਧਨ ਨਹੀਂ ਹਨ। ਘਰੋਂ ਬਾਹਰ ਮੜ੍ਹੀਆਂ-ਮਸਾਣਾਂ ਵਿਚ ਨਿਵਾਸ ਕਰਨ, ਸਮਾਧੀਆਂ ਲਾਇਆਂ ਵੀ ਇਹ ਮੇਲ ਹਾਸਲ ਨਹੀਂ ਹੁੰਦਾ। ਦੇਸ-ਪ੍ਰਦੇਸ ਘੁੰਮਣ ਅਤੇ ਤੀਰਥਾਂ 'ਤੇ ਇਸ਼ਨਾਨ ਕਰਨ ਨਾਲ ਵੀ ਪ੍ਰਭੂ ਨਾਲ ਮੇਲ ਨਹੀਂ ਹੁੰਦਾ। ਇਹ ਮੇਲ ਤਾਂ ਇਸ ਮਾਇਆ-ਮੋਹ ਦੀ ਕਾਲਖ ਵਿਚ ਰਹਿੰਦਿਆਂ ਹੋਇਆਂ ਵੀ ਨਿਰਲੇਪ ਰਹਿਣ ਨਾਲ, ਗੁਰੂ ਦੀ ਸਿੱਖਿਆ ਰਾਹੀਂ ਆਪਣੇ ਮਨ ਨੂੰ ਵਿਕਾਰਾਂ ਵੱਲੋਂ ਮੋੜ ਕੇ ਅਡੋਲ ਅਵਸਥਾ ਵਿਚ ਰੱਖ ਕੇ, ਆਪਣੇ ਅੰਦਰੋਂ ਹੀ ਪਰਮਾਤਮਾ ਨੂੰ ਲੱਭ ਕੇ ਹੋ ਸਕਦਾ ਹੈ,

ਜੋਗੁ ਨ ਖਿੰਥਾ ਜੋਗੁ ਨ ਡੰਡੈ
ਜੋਗੁ ਨ ਭਸਮ ਚੜਾਈਐ॥
ਜੋਗੁ ਨ ਮੁੰਦੀ ਮੂੰਡਿ ਮੁਡਾਇਐ
ਜੋਗੁ ਨ ਸਿੰਙੀ ਵਾਈਐ॥
ਅੰਜਨ ਮਾਹਿ ਨਿਰੰਜਨਿ ਰਹੀਐ
ਜੋਗ ਜੁਗਤਿ ਇਵ ਪਾਈਐ॥ (ਪੰਨਾ 730)

ਗੁਰੂ ਨਾਨਕ ਸਾਹਿਬ ਨੇ ਧਰਮ ਦਾ ਜੋ ਨਾਮ ਮਾਰਗ ਸੰਸਾਰ ਸਾਹਮਣੇ ਰੱਖਿਆ ਉਹ ਕਿਰਤ ਕਰਨ, ਵੰਡ ਛਕਣ ਅਤੇ ਪਰਮਾਤਮਾ ਦਾ ਨਾਮ ਜਪਣ ਦਾ ਮਾਰਗ ਹੈ। ਇਸ ਵਿਚ ਕਿਸੇ ਕਿਸਮ ਦੇ ਕਰਮ-ਕਾਂਡ ਅਤੇ ਪਖੰਡ ਨੂੰ ਥਾਂ ਪ੍ਰਾਪਤ ਨਹੀਂ ਹੈ। ਇਹ ਮਾਰਗ ਸਤਿ, ਸੰਤੋਖ, ਦਇਆ, ਨਿਆਉਂ, ਮਨੁੱਖੀ ਬਰਾਬਰੀ ਅਤੇ ਪ੍ਰੇਮ ਦਾ ਮਾਰਗ ਹੈ। ਗੁਰੂ ਨਾਨਕ ਸਾਹਿਬ ਨੇ ਆਪਣੇ ਇਸ ਅਧਿਆਤਮਕ ਅਨੁਭਵ ਨੂੰ ਸੰਸਾਰ ਨਾਲ ਸਾਂਝਾ ਕਰਨ ਲਈ ਚਾਰ ਦਿਸ਼ਾਵਾਂ ਵਿਚ ਚਾਰ ਯਾਤਰਾਵਾਂ ਕੀਤੀਆਂ ਜਿਨ੍ਹਾਂ ਨੂੰ ਉਦਾਸੀਆਂ ਕਿਹਾ ਜਾਂਦਾ ਹੈ। ਸ਼ਾਇਦ ਉਸ ਬੀਬੀ ਨੇ ਇਸ ਸੰਸਾਰ ਭ੍ਰਮਣ ਨੂੰ ਹੀ ਗੁਰੂ ਨਾਨਕ ਸਾਹਿਬ ਵੱਲੋਂ ਘਰ ਦਾ ਤਿਆਗਣਾ ਸਮਝ ਲਿਆ ਹੈ ਪਰ ਇਹ ਘਰ ਦਾ ਤਿਆਗ ਨਹੀਂ ਸੀ। ਪਹਿਲੀ ਗੱਲ ਤਾਂ ਇਹ ਕਿ ਗੁਰੂ ਨਾਨਕ ਸਾਹਿਬ ਇਕਾਂਤਵਾਸ ਨਹੀਂ ਹੋਏ। ਆਪਣੀਆਂ ਉਦਾਸੀਆਂ ਦੌਰਾਨ ਉਹ ਆਮ ਲੋਕਾਂ ਨੂੰ ਵੀ ਮਿਲੇ ਅਤੇ ਧਾਰਮਿਕ ਨੁਮਾਇੰਦਿਆਂ-ਜੋਗੀਆਂ, ਪੰਡਤਾਂ, ਮੁੱਲਾਂ ਆਦਿ ਨਾਲ ਵਿਚਾਰ-ਗੋਸ਼ਟੀਆਂ ਵੀ ਕੀਤੀਆਂ। ਦੂਸਰੀ ਗੱਲ ਉਹ ਸਮੇਂ ਸਮੇਂ ਆਪਣੇ ਪਰਿਵਾਰ ਨੂੰ ਮਿਲਦੇ ਰਹੇ। ਇਨ੍ਹਾਂ ਉਦਾਸੀਆਂ ਦੌਰਾਨ ਮਰਦਾਨਾ ਉਨ੍ਹਾਂ ਦਾ ਪੱਕਾ ਸਾਥੀ ਸੀ। ਮਰਦਾਨਾ ਰਬਾਬ ਵਜਾਉਂਦਾ ਅਤੇ ਗੁਰੂ ਸਾਹਿਬ ਬਾਣੀ ਦਾ ਕੀਰਤਨ ਕਰਦੇ। ਗੁਰੂ ਨਾਨਕ ਨੇ ਭਾਈ ਲਾਲੋਆਂ ਨਾਲ ਦੋਸਤੀ ਪਾਈ, ਕਿਰਤ ਕਰਨ ਵਾਲਿਆਂ ਨਾਲ ਸਾਂਝ ਪਾਈ, ਮਲਿਕ ਭਾਗੋਆਂ ਜਾਂ ਅਮੀਰਾਂ ਨਾਲ ਨਹੀਂ। ਸਿੱਧਾਂ ਨਾਲ ਵਾਰਤਾਲਾਪ ਸਮੇਂ ਜਦੋਂ ਸਿੱਧ ਪੁੱਛਦੇ ਹਨ ਕਿ ਤੁਸੀਂ ਉਦਾਸੀ ਭੇਖ ਕਿਉਂ ਧਾਰਨ ਕੀਤਾ ਹੈ ਕਿਉਂਕਿ ਤੁਹਾਡੇ ਮੁਤਾਬਿਕ ਘਰ-ਬਾਰ ਤਿਆਗਣ ਨਾਲ ਜੋਗ-ਜੁਗਤਿ ਪ੍ਰਾਪਤ ਨਹੀਂ ਹੋ ਸਕਦੀ,

ਕਿਸੁ ਕਾਰਣਿ ਗ੍ਰਿਹੁ ਤਜਿਓ ਉਦਾਸੀ॥
ਕਿਸੁ ਕਾਰਣਿ ਇਹੁ ਭੇਖੁ ਨਿਵਾਸੀ॥
ਕਿਸੁ ਵਖਰ ਕੇ ਤੁਮ ਵਣਜਾਰੇ॥
ਕਿਉ ਕਰਿ ਸਾਥੁ ਲੰਘਾਵਹੁ ਪਾਰੇ॥17॥
(ਪੰਨਾ 939)

ਇਸ ਦਾ ਉਤਰ ਗੁਰੂ ਨਾਨਕ ਦਿੰਦੇ ਹਨ ਕਿ ਅਸੀਂ ਗੁਰਮੁਖਾਂ ਨੂੰ ਲੱਭਣ ਵਾਸਤੇ ਉਦਾਸੀ ਬਣੇ ਸੀ, ਗੁਰਮੁਖਾਂ ਦੇ ਦਰਸ਼ਨ ਕਰਨ ਲਈ ਉਦਾਸੀ ਭੇਖ ਧਾਰਨ ਕੀਤਾ ਸੀ। ਅਸੀਂ ਸੱਚੇ ਪ੍ਰਭੂ ਦੇ ਨਾਮ ਸੌਦੇ ਦੇ ਵਪਾਰੀ ਹਾਂ। ਗੁਰੂ ਨਾਨਕ ਸਾਹਿਬ ਅਨੁਸਾਰ ਜਿਹੜਾ ਮਨੁੱਖ ਗੁਰੂ ਦੇ ਦੱਸੇ ਰਾਹ 'ਤੇ ਤੁਰਦਾ ਹੈ ਉਹ ਸੰਸਾਰ-ਰੂਪੀ ਭਵ-ਸਾਗਰ ਤੋਂ ਪਾਰ ਲੰਘ ਜਾਂਦਾ ਹੈ (ਗੁਰਬਾਣੀ ਅਨੁਸਾਰ ਬਾਣੀ ਅਰਥਾਤ ਸ਼ਬਦ ਗੁਰੂ ਹੈ),

ਗੁਰਮੁਖਿ ਖੋਜਤ ਭਏ ਉਦਾਸੀ॥
ਦਰਸਨ ਕੈ ਤਾਈ ਭੇਖ ਨਿਵਾਸੀ॥
ਸਾਚ ਵਖਰ ਕੇ ਹਮ ਵਣਜਾਰੇ॥
ਨਾਨਕ ਗੁਰਮੁਖਿ ਉਤਰਸਿ ਪਾਰੇ॥18॥
(ਪੰਨਾ 939)

ਭਾਈ ਗੁਰਦਾਸ ਨੇ ਉਦਾਸੀਆਂ ਦਾ ਜ਼ਿਕਰ ਕਰਦਿਆਂ ਦੱਸਿਆ ਹੈ ਕਿ ਗੁਰੂ ਨਾਨਕ ਨੇ ਪਹਿਲਾਂ ਅਕਾਲ ਪੁਰਖ ਦੀ ਬਖ਼ਸ਼ਿਸ਼ ਪ੍ਰਾਪਤ ਕੀਤੀ ਅਤੇ ਫਿਰ ਸਖਤ ਘਾਲਣਾ ਘਾਲੀ। ਜਦੋਂ ਬਾਬੇ ਨੂੰ ਆਪਣੇ ਧਿਆਨ ਦੇ ਪਲਾਂ ਵਿਚ ਅਨੁਭਵ ਹੋਇਆ ਕਿ ਸੰਸਾਰ ਦੁੱਖਾਂ ਵਿਚ ਹਾਲ-ਪਾਹਰਿਆ ਪਾ ਰਿਹਾ ਹੈ ਤਾਂ ਬਾਬੇ ਨੇ ਉਦਾਸੀ ਦਾ ਭੇਖ ਧਾਰਨ ਕੀਤਾ ਅਤੇ ਸੰਸਰ ਦਾ ਸੁਧਾਰ ਕਰਨ ਲਈ ਘਰੋਂ ਚੱਲ ਪਏ,

ਪਹਿਲਾ ਬਾਬੇ ਪਾਯਾ ਬਖਸੁ ਦਰਿ
ਪਿਛੋਦੇ ਫਿਰਿ ਘਾਲਿ ਕਮਾਈ।
—
ਬਾਬੇ ਭੇਖ ਬਣਾਇਆ
ਉਦਾਸੀ ਕੀ ਰੀਤਿ ਚਲਾਈ।
ਚੜ੍ਹਿਆ ਸੋਧਣਿ ਧਰਤਿ ਲੁਕਾਈ॥24॥

ਇਹੀ ਨਹੀਂ ਭਾਈ ਗੁਰਦਾਸ ਨੇ ਇਹ ਵੀ ਦੱਸਿਆ ਹੈ ਕਿ ਸੰਸਾਰ ਦੇ ਵੱਖ ਵੱਖ ਹਿੱਸਿਆ ਵਿਚ ਯਾਤਰਾ ਕਰਨ ਤੋਂ ਬਾਅਦ ਬਾਬੇ ਨਾਨਕ ਨੇ ਉਦਾਸੀ ਭੇਖ ਉਤਾਰ ਦਿੱਤਾ ਅਤੇ ਸੰਸਾਰੀ ਬਸਤਰ ਪਹਿਨ ਕੇ ਕਰਤਾਰਪੁਰ ਵਿਚ ਬੈਠ ਕੇ ਨਾਮ-ਬਾਣੀ ਦਾ ਪ੍ਰਵਾਹ ਚਲਾਇਆ। ਕਰਤਾਰਪੁਰ ਆਪਣੀ ਉਮਰ ਦੇ ਆਖਰੀ ਸਮੇਂ ਗੁਰੂ ਨਾਨਕ ਸਾਹਿਬ ਨੇ ਆਪ ਖੇਤੀ ਕੀਤੀ, ਲੋਕਾਂ ਨੂੰ ਕਿਰਤ ਕਰਨ, ਵੰਡ ਛਕਣ ਅਤੇ ਨਾਮ ਜਪਣ ਦਾ ਵੱਲ ਅਮਲੀ ਰੂਪ ਵਿਚ ਸਿਖਾਇਆ। ਗੁਰੂ ਸਾਹਿਬ ਨੇ ਮਨੁੱਖ ਦੇ ਜੋਤਿ-ਸਰੂਪ ਹੋਣ ਦਾ ਸਿਧਾਂਤ ਦਿੱਤਾ ਕਿ ਜਗਦੀਸ਼-ਅੰਸ਼ ਹੋਣ ਕਰਕੇ ਸਾਰੇ ਮਨੁੱਖ ਬਰਾਬਰ ਹਨ। ਕੋਈ ਮਨੁੱਖ ਦੇਸ਼, ਕੌਮ, ਨਸਲ, ਜਾਤਿ ਧਰਮ, ਇਸਤਰੀ ਜਾਂ ਪੁਰਸ਼ ਹੋਣ ਦੇ ਨਾਤੇ ਛੋਟਾ ਜਾਂ ਵੱਡਾ, ਉਚਾ ਜਾਂ ਨੀਵਾਂ ਨਹੀਂ ਹੈ। ਸਾਰੇ ਮਨੁੱਖ ਬਰਾਬਰ ਹਨ, ਇਸਤਰੀ ਅਤੇ ਪੁਰਸ਼ ਸਭ ਵਿਚ ਉਸ ਇੱਕ ਦੀ ਜੋਤਿ ਵਿਆਪਕ ਹੈ,

ਆਪੇ ਪੁਰਖੁ ਆਪੇ ਹੀ ਨਾਰੀ॥
ਆਪੇ ਪਾਸਾ ਆਪੇ ਸਾਰੀ॥
ਆਪੇ ਪਿੜ ਬਾਧੀ ਜਗੁ ਖੇਲੈ
ਆਪੇ ਕੀਮਤਿ ਪਾਈ ਹੇ॥ (ਪੰਨਾ 1020)

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਅਨੁਸਾਰ ਪੁਰਸ਼ ਤਾਂ ਇੱਕ ਉਹ ਅਕਾਲ ਪੁਰਖ ਹੈ ਬਾਕੀ ਸਭ ਜੀਵ ਇਸਤਰੀਆਂ ਹਨ। ਬਾਣੀ ਦੇ ਪ੍ਰਕਾਸ਼ਨ ਲਈ ਗੁਰੂ ਨਾਨਕ ਸਾਹਿਬ ਨੇ ਆਮ ਜ਼ਿੰਦਗੀ ਵਿਚੋਂ, ਗ੍ਰਹਿਸਥ ਜੀਵਨ ਵਿਚੋਂ ਬਿੰਬਾਂ ਅਤੇ ਪ੍ਰਤੀਕਾਂ ਦੀ ਵਰਤੋਂ ਕੀਤੀ ਹੈ। ਰੱਬੀ ਪ੍ਰੇਮ ਨੂੰ ਪ੍ਰਗਟ ਕਰਨ ਲਈ ਜੀਵ ਲਈ ਚਿੰਨ੍ਹ ਇਸਤਰੀ ਦਾ ਵਰਤਿਆ ਹੈ। ਇਸਤਰੀ ਰੂਪ ਵਿਚ ਇਸ ਸੰਸਾਰ ਵਿਚ ਆਗਲੇ ਜਹਾਨ ਨੂੰ, ਪਰਮਾਤਮਾ ਨਾਲ ਮਿਲਾਪ ਨੂੰ ਪੇਕਾ ਘਰ, ਸਹੁਰਾ ਘਰ, ਪ੍ਰੀਤਮ, ਵਿਆਹ, ਸਖ਼ੀ ਆਦਿ ਦੀਆਂ ਉਦਾਹਰਣਾਂ, ਪ੍ਰਤੀਕਾਂ, ਬਿੰਬਾਂ ਰਾਹੀਂ ਸਮਝਾਇਆ ਹੈ। ਇਸਤਰੀ ਨੂੰ ਗੁਰੂ ਨਾਨਕ ਸਾਹਿਬ ਨੇ ਨਾ ਸਿਰਫ ਬਰਾਬਰ ਦਾ ਹੀ ਦਰਜਾ ਦਿੱਤਾ ਬਲਕਿ ਉਸ ਨੂੰ ਸਮਾਜ ਦਾ ਇੰਨਾ ਮਹੱਤਵਪੂਰਨ ਹਿੱਸਾ ਮੰਨਿਆ ਹੈ ਕਿ ਉਸ ਤੋਂ ਬਿਨਾ ਸਮਾਜ ਦੀ ਹੋਂਦ ਸੰਭਵ ਨਹੀਂ ਹੈ। ਇਸਤਰੀ ਉਹ ਸਾਂਚਾ ਹੈ ਜਿਸ ਰਾਹੀਂ ਸਮਾਜ ਘੜਿਆ ਜਾਂਦਾ ਹੈ। ਇਸਤਰੀ ਤੋਂ ਜਨਮ ਲਈਦਾ ਹੈ ਅਤੇ ਇਸਤਰੀ ਦੇ ਅੰਦਰ ਪ੍ਰਾਣੀ ਦਾ ਸਰੀਰ ਘੜਿਆ ਜਾਂਦਾ ਹੈ। ਇਸਤਰੀ ਰਾਹੀਂ ਕੁੜਮਾਈ ਅਤੇ ਵਿਆਹ ਹੁੰਦਾ ਹੈ ਅਤੇ ਸੰਸਾਰ ਨਾਲ ਸਬੰਧ ਬਣਦਾ ਹੈ। ਸੰਸਾਰ ਦੀ ਉਤਪਤੀ ਦਾ ਰਸਤਾ ਵੀ ਇਸਤਰੀ ਤੋਂ ਚਲਦਾ ਹੈ। ਇੱਕ ਇਸਤਰੀ ਦੇ ਮਰ ਜਾਣ 'ਤੇ ਪੁਰਸ਼ ਹੋਰ ਇਸਤਰੀ ਦੀ ਭਾਲ ਕਰਦਾ ਹੈ ਅਤੇ ਇਸਤਰੀ ਰਾਹੀਂ ਹੋਰਨਾਂ ਨਾਲ ਰਿਸ਼ਤੇਦਾਰੀ ਪੈਂਦੀ ਹੈ। ਜਿਸ ਇਸਤਰੀ ਜਾਤੀ ਤੋਂ ਰਾਜੇ ਵੀ ਜਨਮ ਲੈਂਦੇ ਹਨ (ਜਿਨ੍ਹਾਂ ਦਾ ਸਮਾਜਕ ਦਰਜਾ ਸਭ ਤੋਂ ਉਤੇ ਮੰਨਿਆ ਜਾਂਦਾ ਹੈ) ਉਸ ਇਸਤਰੀ ਨੂੰ ਮੰਦਾ ਕਿਉਂ ਕਹਿਣਾ ਹੈ? ਇਸਤਰੀ ਤੋਂ ਹੀ ਇਸਤਰੀ ਪੈਦਾ ਹੁੰਦੀ ਹੈ। ਇੱਕ ਅਕਾਲ ਪੁਰਖ ਹੀ ਹੈ ਜੋ ਇਸਤਰੀ ਰਾਹੀਂ ਪੈਦਾ ਨਹੀਂ ਹੁੰਦਾ, ਬਾਕੀ ਕੋਈ ਮਨੁੱਖ ਇਸਤਰੀ ਤੋਂ ਬਿਨਾ ਨਹੀਂ ਪੈਦਾ ਹੋ ਸਕਦਾ। ਗੁਰੂ ਨਾਨਕ ਨੇ ਇਸਤਰੀ ਨੂੰ ਬਰਾਬਰ ਦਾ ਦਰਜਾ ਅੱਜ ਤੋਂ ਪੰਜ ਸਦੀਆਂ ਪਹਿਲਾਂ ਦਿੱਤਾ।

ਇਸਤਰੀ ਨੂੰ ਉਸ ਦਾ ਬਣਦਾ ਹੱਕ ਦੇਣ ਲਈ, ਬਰਾਬਰ ਦਾ ਇਨਸਾਨ ਹੋਣ ਦਾ ਦਰਜਾ ਦੇਣ ਲਈ ਉਸ ਉਤੇ ਸੂਤਕ, ਸਤੀ, ਪਰਦਾ ਆਦਿ ਦੇ ਸਮਾਜ ਵੱਲੋਂ ਪਾਏ ਬੰਧਨਾਂ ਨੂੰ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਨਾ ਸਿਰਫ ਨਕਾਰਿਆ ਗਿਆ ਹੈ ਬਲਕਿ ਅਮਲੀ ਰੂਪ ਵਿਚ ਇਸਤਰੀ ਨੂੰ ਇਨ੍ਹਾਂ ਸਭ ਤੋਂ ਆਜ਼ਾਦ ਕੀਤਾ ਗਿਆ ਹੈ। ਸਿੱਖ ਇਸਤਰੀ ਨੂੰ ਸੇਵਾ ਕਰਨ, ਅੰਮ੍ਰਿਤ ਛਕਣ, ਨਾਮ ਸਿਮਰਨ ਦਾ ਬਰਾਬਰ ਦਾ ਅਧਿਆਤਮਕ ਹੱਕ ਦਿੱਤਾ ਗਿਆ ਹੈ। ਗੁਰੂ ਅਮਰਦਾਸ ਨੇ ਆਪਣੀ ਬਾਣੀ ਵਿਚ ਸਪੱਸ਼ਟ ਕੀਤਾ ਕਿ ਸਤੀਆਂ ਉਹ ਨਹੀਂ ਆਖੀਆਂ ਜਾਂਦੀਆਂ ਜਿਹੜੀਆਂ ਪਤੀ ਨਾਲ ਮੜ੍ਹੀ 'ਤੇ ਸੜ ਕੇ ਮਰ ਜਾਂਦੀਆਂ ਹਨ। ਅਸਲੀ ਸਤੀਆਂ ਉਹ ਹੁੰਦੀਆਂ ਹਨ ਜਿਨ੍ਹਾਂ ਨੂੰ ਆਪਣੇ ਪਤੀ ਨਾਲ ਸੱਚਾ ਪਿਆਰ ਹੁੰਦਾ ਹੈ। ਗੁਰੂ ਅਮਰਦਾਸ ਨੇ ਸਤੀ ਦੀ ਰਸਮ ਨੂੰ ਰੋਕਣ ਲਈ ਅਮਲੀ ਕਦਮ ਚੁੱਕੇ। ਉਨ੍ਹਾਂ ਨੇ ਗੁਰੂ ਦਰਬਾਰ ਵਿਚ ਪਰਦਾ ਕਰਕੇ ਆਉਣ ਦੀ ਸਖਤ ਮਨਾਹੀ ਕੀਤੀ। ਭਗਤ ਕਬੀਰ ਨੇ ਇਸਤਰੀ ਦੇ ਪਰਦਾ ਕਰਨ ਦੀ ਮੁਖ਼ਾਲਫ਼ਤ ਕਰਦਿਆਂ ਆਪਣੀ ਨੂੰਹ ਨੂੰ ਸਪੱਸ਼ਟ ਕੀਤਾ ਕਿ ਘੁੰਡ ਪਰਦਾ ਕਰਨ ਨਾਲ ਕੀ ਹੋਵੇਗਾ? ਵੱਧ ਤੋਂ ਵੱਧ ਇਹੀ ਹੈ ਕਿ ਚਾਰ ਦਿਨ ਲੋਕ ਤੇਰੀ ਸਿਫ਼ਤ ਕਰਨਗੇ ਕਿ ਵਹੁਟੀ ਭਲੇ ਘਰ ਦੀ ਆਈ ਹੈ ਪਰ ਇਸ ਵਿਚੋਂ ਤੂੰ ਪ੍ਰਾਪਤ ਕੀ ਕਰੇਂਗੀ। ਅਸਲੀ ਜੀਵਨ ਤਾਂ ਇਹ ਹੈ ਕਿ ਪਰਮਾਤਮਾ ਦੇ ਗੁਣ ਗਾਉਂਦਿਆ ਖੁਸ਼ੀ ਨਾਲ ਨੱਚਦੀ-ਕੁੱਦਦੀ ਬਤੀਤ ਕਰੇਂ।

ਅੱਜ ਇਸਤਰੀ ਦੀ ਆਜ਼ਾਦੀ ਦੇ ਨਾਂ 'ਤੇ ਕੀ ਕੁੱਝ ਨਹੀਂ ਹੋ ਰਿਹਾ? ਉਸ ਨੂੰ ਇੱਕ ਵਸਤੂ ਦੀ ਤਰ੍ਹਾਂ ਵਰਤਿਆ ਜਾ ਰਿਹਾ ਹੈ। ਜਿੰਨੀ ਹਿੰਸਾ ਔਰਤ ਦੇ ਖਿਲਾਫ ਅੱਜ ਹੋ ਰਹੀ ਹੈ, ਉਹ ਸ਼ਾਇਦ ਪਹਿਲਾਂ ਕਦੀ ਵੀ ਨਹੀਂ ਹੋਈ ਭਾਵੇਂ ਇਸਤਰੀ ਅੱਜ ਹਰ ਖੇਤਰ ਵਿਚ ਪੁਰਸ਼ ਦੇ ਬਰਾਬਰ ਖੜ੍ਹ ਸਕਣ ਦੇ ਯੋਗ ਹੋ ਗਈ ਹੈ। ਲੋੜ ਹੈ ਇਸਤਰੀ ਪ੍ਰਤੀ ਸਮਾਜ ਦਾ ਨਜ਼ਰੀਆ ਬਦਲਣ ਦੀ ਅਤੇ ਉਸ ਦੇ ਖਿਲਾਫ ਹੋ ਰਹੀ ਹਿੰਸਾ ਨੂੰ ਠੱਲ੍ਹ ਪਾਉਣ ਦੀ। ਇਸ ਨਜ਼ਰੀਏ ਨੂੰ ਬਦਲਣ ਦਾ ਸਿਧਾਂਤ ਗੁਰੂ ਨਾਨਕ ਸਾਹਿਬ ਨੇ ਦਿੱਤਾ। ਆਪਣੇ ਆਪ ਨੂੰ ਗੁਰੂ ਦੇ ਸਿੱਖ ਕਹਾਉਣ ਵਾਲੇ ਪੰਜਾਬ ਅਤੇ ਪੰਜਾਬ ਤੋਂ ਬਾਹਰ ਬੈਠੇ ਭਾਈਚਾਰੇ ਵਿਚ ਇਸਤਰੀ ਦੇ ਖਿਲਾਫ ਹੋ ਰਹੀ ਹਿੰਸਾ ਪ੍ਰਤੀ ਕੀ ਕਰ ਰਹੇ ਹਨ?

## ਮਹਾ ਅਗਨਿ ਤੇ ਤੁਧੁ ਹਾਥ ਦੇ ਰਾਖੇ...

### ਗੁਰਬਾਣੀ ਗਿਆਨ

ਸੂਹੀ ਮਹਲਾ ੫
ਮਹਾ ਅਗਨਿ ਤੇ ਤੁਧੁ ਹਾਥ ਦੇ ਰਾਖੇ
ਪਏ ਤੇਰੀ ਸਰਣਾਈ॥
ਤੇਰਾ ਮਾਣੁ ਤਾਣੁ ਰਿਦ ਅੰਤਰਿ
ਹੋਰ ਦੂਜੀ ਆਸ ਚੁਕਾਈ॥੧॥
ਮੇਰੇ ਰਾਮ ਰਾਇ
ਤੁਧੁ ਚਿਤਿ ਆਇਐ ਉਬਰੇ॥
ਤੇਰੀ ਟੇਕ ਭਰਵਾਸਾ ਤੁਮਰਾ
ਜਪਿ ਨਾਮੁ ਤੁਮਾਰਾ ਉਧਰੇ॥੧॥ਰਹਾਉ॥
ਅੰਧ ਕੂਪ ਤੇ ਕਾਢਿ ਲੀਏ ਤੁਮ
ਆਪਿ ਭਏ ਕਿਰਪਾਲਾ॥
ਸਾਰਿ ਸਮਾਲਿ ਸਰਬ ਸੁਖ ਦੀਏ
ਆਪਿ ਕਰੇ ਪ੍ਰਤਿਪਾਲਾ॥੨॥
ਆਪਣੀ ਨਦਰਿ ਕਰੇ ਪਰਮੇਸਰੁ
ਬੰਧਨ ਕਾਟਿ ਛਡਾਏ॥
ਆਪਣੀ ਭਗਤਿ ਪ੍ਰਭਿ ਆਪਿ ਕਰਾਈ
ਆਪੇ ਸੇਵਾ ਲਾਏ॥੩॥
ਭਰਮੁ ਗਇਆ ਭੈ ਮੋਹ ਬਿਨਾਸੇ
ਮਿਟਿਆ ਸਗਲ ਵਿਸੂਰਾ॥
ਨਾਨਕ ਦਇਆ ਕਰੀ ਸੁਖਦਾਤੈ
ਭੇਟਿਆ ਸਤਿਗੁਰੁ ਪੂਰਾ॥੪॥

ਗੁਰੂ ਅਰਜਨ ਦੇਵ ਜੀ ਪ੍ਰਭੂ ਦੇ ਗੁਣਾਂ ਦਾ ਵਰਣਨ ਕਰਦੇ ਹਨ-ਹੇ ਮੇਰੇ ਪ੍ਰਭ ਜੀਉ! ਜੋ ਵੀ ਜੀਵ ਤੇਰੀ ਸ਼ਰਨ ਵਿਚ ਆ ਗਿਆ, ਤੂੰ ਉਨ੍ਹਾਂ ਨੂੰ ਵਿਕਾਰਾਂ ਦੀ ਅੱਗ ਵਿਚ ਸੜਨ ਤੋਂ ਆਪਣਾ ਹੱਥ ਦੇ ਕੇ ਬਚਾ ਲਿਆ; ਕਿਉਂਕਿ ਉਨ੍ਹਾਂ ਜੀਵਾਂ ਨੇ ਕਿਸੇ ਹੋਰ ਦੀ ਆਸ ਛੱਡ ਕੇ ਆਪਣੇ ਹਿਰਦੇ ਵਿਚ ਤੇਰੇ ਹੀ ਮਾਣ ਅਤੇ ਤਾਣ ਨੂੰ ਵਸਾ ਕੇ ਤੈਨੂੰ ਆਪਾ ਸਮਰਪਿਤ ਕਰ ਦਿੱਤਾ।

ਮੇਰੇ ਰਾਮ ਰਾਇ
ਤੁਧੁ ਚਿਤਿ ਆਇਐ ਉਬਰੇ॥
ਤੇਰੀ ਟੇਕ ਭਰਵਾਸਾ ਤੁਮਰਾ
ਜਪਿ ਨਾਮੁ ਤੁਮਾਰਾ ਉਧਰੇ॥੧॥ਰਹਾਉ॥

ਹੇ ਮੇਰੇ ਪ੍ਰਭੂ ਪਾਤਸ਼ਾਹ ਜੀਉ! ਜਿਨ੍ਹਾਂ ਜੀਵਾਂ ਦੇ ਅੰਦਰ ਤੂੰ ਆਪ ਆ ਵਸਦਾ ਹੈਂ; ਉਹ ਉਬਰੇ, ਭਾਵ ਸੰਸਾਰ ਸਮੁੰਦਰ ਵਿਚ ਡੁੱਬਣ ਤੋਂ ਬਚ ਗਏ; ਕਿਉਂਕਿ ਉਨ੍ਹਾਂ ਤੈਨੂੰ ਹੀ ਆਪਣਾ ਆਸਰਾ ਅਤੇ ਸਹਾਰਾ ਬਣਾ ਲਿਆ ਤੇ ਨਾਮ ਸਿਮਰਨ ਕਰ ਕੇ ਵਿਕਾਰਾਂ ਤੋਂ ਮੁਕਤੀ ਪਾ ਲਈ।

ਅੰਧ ਕੂਪ ਤੇ ਕਾਢਿ ਲੀਏ ਤੁਮ
ਆਪਿ ਭਏ ਕਿਰਪਾਲਾ॥
ਸਾਰਿ ਸਮਾਲਿ ਸਰਬ ਸੁਖ ਦੀਏ
ਆਪਿ ਕਰੇ ਪ੍ਰਤਿਪਾਲਾ॥੨॥

ਗੁਰਦੇਵ ਪਿਤਾ ਜੀ ਪ੍ਰਭੂ ਦੀ ਸਿਫ਼ਤ ਸਾਲਾਹ ਕਰਦੇ ਆਖਦੇ ਹਨ-ਹੇ ਮੇਰੇ ਪਰਮ ਪਿਤਾ ਜੀਓ! ਜਿਨ੍ਹਾਂ ਜੀਵਾਂ ਉਤੇ ਤੇਰੀ ਕਿਰਪਾ ਹੋ ਗਈ, ਤੂੰ ਆਪ ਮਿਹਰਬਾਨ ਹੋ ਗਿਆ, ਉਨ੍ਹਾਂ ਨੂੰ ਤੂੰ ਆਪ ਹੀ ਮੋਹ ਮਾਇਆ ਦੇ ਅੰਧ ਕੂਪ, ਭਾਵ ਹਨੇਰੇ ਖੂਹ ਵਿਚੋਂ ਹੱਥ ਦੇ ਕੇ ਬਾਹਰ ਕੱਢ ਲਿਆ। ਹੇ ਪ੍ਰਭੂ ਜੀਉ! ਤੂੰ ਆਪ ਹੀ ਉਨ੍ਹਾਂ ਦੀ ਸਾਰ ਵੀ ਲੈਂਦਾ ਹੈਂ ਤੇ ਸੰਭਾਲ ਵੀ ਆਪ ਹੀ ਕਰਦਾ ਹੈਂ ਅਤੇ ਉਨ੍ਹਾਂ ਦੀ ਪ੍ਰਤਿਪਾਲਣਾ ਕਰ ਕੇ ਆਪ ਹੀ ਉਨ੍ਹਾਂ ਨੂੰ ਸਾਰੇ ਸੁੱਖ ਵੀ ਦਿੰਦਾ ਹੈਂ।

ਆਪਣੀ ਨਦਰਿ ਕਰੇ ਪਰਮੇਸਰੁ
ਬੰਧਨ ਕਾਟਿ ਛਡਾਏ॥
ਆਪਣੀ ਭਗਤਿ ਪ੍ਰਭਿ ਆਪਿ ਕਰਾਈ
ਆਪੇ ਸੇਵਾ ਲਾਏ॥੩॥

ਹੇ ਭਾਈ! ਜਿਨ੍ਹਾਂ ਵਡਭਾਗੇ ਜੀਵਾਂ ਉਤੇ ਉਹ ਪਰਮੇਸ਼ਰ ਆਪਣੀ ਮਿਹਰ ਦੀ ਨਿਗ੍ਹਾ ਕਰ ਦਿੰਦਾ ਹੈ, ਉਨ੍ਹਾਂ ਜੀਵਾਂ ਦੇ ਮੋਹ ਮਾਇਆ ਦੇ ਸਾਰੇ ਬੰਧਨ ਕੱਟ ਕੇ ਉਨ੍ਹਾਂ ਨੂੰ ਸੰਸਾਰਕ ਵਿਕਾਰਾਂ ਤੋਂ ਛੁਡਾ ਲੈਂਦਾ ਹੈ ਅਤੇ ਉਨ੍ਹਾਂ ਨੂੰ ਆਪਣੀ ਸੇਵਾ ਅਤੇ ਭਗਤੀ ਵਿਚ ਲਾ ਕੇ ਸਦਾ ਲਈ ਆਪਣੇ ਨਾਲ ਜੋੜ ਲੈਂਦਾ ਹੈ। ਹੇ ਭਾਈ! ਮਿਹਰਬਾਨ ਪ੍ਰਭੂ ਨੇ ਆਪਣੀ ਕਿਰਪਾ ਅਤੇ ਮਿਹਰ ਦੀ ਨਜ਼ਰ ਕਰ ਕੇ ਜੀਵਾਂ ਨੂੰ ਨਾਮ ਸਿਮਰਨ ਦੀ ਦਾਤ ਦੇ ਕੇ ਆਪਣੀ ਭਗਤੀ ਆਪ ਹੀ ਕਰਾ ਲਈ।

ਭਰਮੁ ਗਇਆ ਭੈ ਮੋਹ ਬਿਨਾਸੇ
ਮਿਟਿਆ ਸਗਲ ਵਿਸੂਰਾ॥
ਨਾਨਕ ਦਇਆ ਕਰੀ ਸੁਖਦਾਤੈ
ਭੇਟਿਆ ਸਤਿਗੁਰੁ ਪੂਰਾ॥੪॥

ਗੁਰਦੇਵ ਜੀ ਬਖ਼ਸ਼ਿਸ਼ ਕਰਦੇ ਹਨ-ਹੇ ਭਾਈ! ਸੁੱਖਾਂ ਦੇ ਉਸ ਸਾਗਰ ਦਾਤੇ ਪ੍ਰਭੂ ਨੇ ਜਿਨ੍ਹਾਂ ਜੀਵਾਂ ਉਤੇ ਆਪਣੀ ਦਇਆ ਕਰ ਦਿੱਤੀ, ਉਨ੍ਹਾਂ ਜੀਵਾਂ ਨੂੰ ਭੇਟਿਆ, ਭਾਵ ਪੂਰੇ ਸਤਿਗੁਰੂ ਦਾ ਮਿਲਾਪ ਹੋ ਗਿਆ ਅਤੇ ਗੁਰੂ ਦੇ ਮਿਲਾਪ ਸਦਕਾ ਉਨ੍ਹਾਂ ਦੇ ਅੰਦਰੋਂ ਭਰਮੁ ਗਇਆ, ਭਾਵ ਸਾਰੀ ਭਟਕਣਾ ਹੀ ਮੁੱਕ ਗਈ ਅਤੇ ਇਸ ਜਗਤ ਦਾ ਮੋਹ ਅਤੇ ਹੋਰ ਸਾਰੇ ਡਰ ਭੈਅ ਵੀ ਦੂਰ ਹੋ ਗਏ ਅਤੇ ਸਤਿਗੁਰੂ ਦੀ ਮਿਹਰ ਸਦਕਾ ਵਿਸੂਰਾ, ਭਾਵ ਸਾਰਾ ਝੋਰਾ ਅਤੇ ਚਿੰਤਾ ਵੀ ਮੁੱਕ ਗਏ।

ਆਉ, ਗੁਰੂ ਪਿਆਰਿਓ! ਸ਼ਬਦ ਗੁਰੂ ਦੀ ਵਿਚਾਰ ਨਾਲ ਜੁੜੀਏ ਜੀ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*
*ਫੋਨ: 916-687-3536*

ਨਿੱਕ ਸੁੱਕ



**ਗੁਲਜ਼ਾਰ ਸਿੰਘ ਸੰਧੂ**
Sandhugulzar@yahoo.com

# ਥੋੜ੍ਹੀ ਆਪ ਬੀਤੀ ਥੋੜ੍ਹੀ ਜਗ ਬੀਤੀ

30 ਮਾਰਚ ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਮਾਹਿਲਪੁਰ ਵਿਚ ਇਸ ਦੇ ਪੁਰਾਣੇ ਵਿਦਿਆਰਥੀਆਂ ਦਾ ਇੱਕਠ ਹੋ ਰਿਹਾ ਹੈ। ਮੈਨੂੰ ਵੀ ਸੱਦਾ ਮਿਲਿਆ ਹੈ। ਮੈਂ ਸਠ ਸਾਲ ਪਹਿਲਾਂ 1953 ਵਿਚ ਇਥੋਂ ਬੀ ਏ ਪਾਸ ਕੀਤੀ ਸੀ। ਸਾਡੀ ਕਨਵੋਕੇਸ਼ਨ ਸਮੇਂ ਪੰਜਾਬ ਦੇ ਵਿਕਾਸ ਮੰਤਰੀ ਪ੍ਰਤਾਪ ਸਿੰਘ ਕੈਰੋਂ ਮੁਖ ਮਹਿਮਾਨ ਸਨ। ਉਸ ਦੇ ਸ਼ਕਤੀਸ਼ਾਲੀ ਨੇਤਾ ਹੋਣ ਬਾਰੇ ਦੱਸਣ ਦੀ ਲੋੜ ਨਹੀਂ। ਇਲਾਕੇ ਦੇ ਲੋਕਾਂ ਨੇ ਉਸ ਵੇਲੇ ਦੇ ਪ੍ਰਿੰਸੀਪਲ ਹਰਭਜਨ ਸਿੰਘ ਰਾਹੀਂ ਸ. ਕੈਰੋਂ ਨੂੰ ਦੋ ਗੱਲਾਂ ਦੀ ਮੰਗ ਪਾਈ ਸੀ। ਮਾਹਿਲਪੁਰ ਨੂੰ ਬਹਿਰਾਮ ਤੇ ਫਗਵਾੜਾ ਰਾਹੀਂ ਜੀ ਟੀ ਰੋਡ ਨਾਲ ਜੋੜਨ ਵਾਲੀ ਕੱਚੀ ਸੜਕ ਨੂੰ ਪੱਕੀ ਕਰਵਾਉਣ ਅਤੇ ਸ਼ਹੀਦ ਭਗਤ ਸਿੰਘ ਨਗਰ ਉਰਫ ਨਵਾਂ ਸ਼ਹਿਰ ਨੂੰ ਸੈਲਾ ਖੁਰਦ ਰਾਹੀਂ ਹੁਸ਼ਿਆਰਪੁਰ ਨਾਲ ਜੋੜਨ ਲਈ ਨਵੀਂ ਰੇਲਵੇ ਲਾਈਨ ਵਿਛਾਉਣ ਦੀ। ਸ. ਕੈਰੋਂ ਨੇ ਰੇਲਵੇ ਲਾਈਨ ਦਾ ਕੰਮ ਕੇਂਦਰ ਸਰਕਾਰ ਰਾਹੀਂ ਨੇਪਰੇ ਚਾੜ੍ਹਨ ਦਾ ਵਿਸ਼ਵਾਸ ਦਿਵਾ ਕੇ ਮਾਹਿਲਪੁਰ-ਬਹਿਰਾਮ ਦੇ ਕੱਚੇ ਮਾਰਗ ਨੂੰ ਪੱਕਿਆਂ ਕਰਨ ਲਈ ਇਲਾਕੇ ਦੇ ਲੋਕਾਂ ਤੋਂ ਸਹਿਯੋਗ ਮੰਗਿਆ ਸੀ ਕਿ ਮਿੱਟੀ ਲੋਕ ਪੁਆ ਦੇਣ ਤੇ ਉਸ ਉਤੇ ਬਜਰੀ ਤੇ ਲੁੱਕ ਦੀ ਸੇਵਾ ਰਾਜ ਸਰਕਾਰ ਤੋਂ ਕਰਵਾ ਦੇਣਗੇ। ਉਨ੍ਹਾਂ ਆਪਣੇ ਅੰਦਾਜ਼ ਵਿਚ ਇਹ ਵੀ ਕਿਹਾ ਕਿ ਉਹ ਜੱਟਾਂ ਦੇ ਗੱਡਿਆਂ ਨੂੰ ਲਾਲਿਆਂ ਦੀਆਂ ਕਾਰਾਂ ਦੇ ਬਰਾਬਰ ਭਜਦਾ ਵੇਖਣ ਦੇ ਇੰਨੇ ਚਾਹਵਾਨ ਹਨ ਕਿ ਜੇ ਕਿਸੇ ਹੋਰ ਸੜਕ ਉਤੇ ਵੀ ਮਿੱਟੀ ਪੈਂਦੀ ਹੈ ਤਾਂ 'ਲੁਕ ਪਰਤਾਪ ਸਿੰਘ ਪੁਆਵੇਗਾ।'

ਮੈਨੂੰ ਆਪਣਾ ਪਿੰਡ ਸੂਨੀ ਅਤੇ ਮਾਹਿਲਪੁਰ ਵਾਲਾ ਕਾਲਜ ਛੱਡਿਆਂ ਸੱਠ ਸਾਲ ਹੋ ਗਏ ਹਨ। ਮਾਹਿਲਪੁਰ ਤੋਂ ਬਹਿਰਾਮ ਮਾਰਗ ਉਤੇ ਲੁੱਕ ਫਿਰਨ ਵਾਲੀ ਗੱਲ ਤਾਂ ਹੋ ਚੁੱਕੀ ਹੈ ਪਰ ਰੇਲਵੇ ਲਾਈਨ ਹਾਲੀ ਵੀ ਨਹੀਂ ਬਣੀ। ਮੈਂ ਚਾਹਾਂਗਾ ਕਿ




ਮੇਰੇ ਕਾਲਜ ਦੇ ਪੁਰਾਣੇ ਵਿਦਿਆਰਥੀ ਵਰਤਮਾਨ ਪ੍ਰਿੰਸੀਪਲ ਸੁਰਜੀਤ ਸਿੰਘ ਰੰਧਾਵਾ ਰਾਹੀਂ ਅੱਜ ਦੇ ਰੇਲ ਮੰਤਰੀ ਪਵਨ ਕੁਮਾਰ ਬਾਂਸਲ ਤੋਂ ਇਲਾਕੇ ਦੀ ਇਹ ਮੰਗ ਵੀ ਮੰਨਵਾਉਣ ਦਾ ਯਤਨ ਕਰਨ। ਮੈਂ ਤਾਂ ਉਨ੍ਹਾਂ ਦੇ ਨਾਲ ਹੈ ਹੀ ਹਾਂ।

ਇੱਕ ਗੱਲ ਹੋਰ। ਇਸ ਮਹੀਨੇ ਮੈਂ ਆਪਣੀ ਉਮਰ ਦੇ ਅਸੀਵਿਆਂ ਵਿਚ ਪ੍ਰਵੇਸ਼ ਕਰ ਜਾਣਾ ਹੈ। ਮੇਰੇ ਵਿਆਹ ਦੀ ਵਰ੍ਹੇਗੰਢ ਵੀ ਇਸੇ ਹੀ ਮਹੀਨੇ ਪੈਂਦੀ ਹੈ। ਉਮਰ ਵਾਲੀ ਗੱਲ ਨੂੰ ਵਿਆਹ ਨਾਲ ਜੋੜ ਕੇ ਇਸ ਲਈ ਕਰ ਰਿਹਾ ਹਾਂ ਕਿ 47 ਸਾਲ ਪਹਿਲਾਂ ਨੁਸ਼ਹਿਰਾਂ ਪਨੂੰਆਂ ਪਹੁੰਚਣ ਵਾਲੇ ਮੇਰੇ ਬਰਾਤੀਆਂ ਵਿਚੋਂ ਮਾਤਾ-ਪਿਤਾ, ਮਾਮੇ ਮਾਸੀਆਂ ਤੇ ਦੂਜੇ ਬਜ਼ੁਰਗਾਂ ਤੋਂ ਬਿਨਾ ਕਵੀ ਮੋਹਨ ਸਿੰਘ, ਪੱਤਰਕਾਰ ਸਾਧੂ ਸਿੰਘ ਹਮਦਰਦ ਤੇ ਸ਼ਾਦੀ ਸਿੰਘ, ਸਾਹਿਤਕਾਰ ਤੇ ਚਿੰਤਕ ਸੰਤ ਸਿੰਘ ਸੇਖੋਂ, ਪ੍ਰੋ. ਦੀਵਾਨ ਸਿੰਘ, ਕਹਾਣੀਕਾਰ ਕੁਲਵੰਤ ਸਿੰਘ ਵਿਰਕ, ਗਾਇਕ ਹਰਭਜਨ ਸਿੰਘ ਰਤਨ, ਬਲਵੰਤ ਗਾਰਗੀ ਦਾ ਚੇਲਾ ਕ੍ਰਿਸ਼ਨਜੀਤ ਤੇ ਕਵੀ ਜਨ ਸ਼ਿਵ ਬਟਾਲਵੀ, ਐਸ ਐਸ ਮੀਸ਼ਾ ਤੇ ਅਜਾਇਬ ਕਮਲ ਤੁਰ ਗਏ ਹਨ ਅਤੇ ਰਵਿੰਦਰ ਰਵੀ, ਮੋਹਨ ਕਾਹਲੋਂ, ਗੁਰੂਮੇਲ ਸਿੱਧੂ ਤੇ ਮੇਰਾ ਮਿਤਰ ਐਮ ਆਰ ਰਾਜਾਗੋਪਾਲਨ ਕ੍ਰਮਵਾਰ ਕੈਨੇਡਾ, ਕਲਕੱਤਾ, ਅਮਰੀਕਾ ਤੇ ਮਦੁਰਾਏ ਜਾ ਵੱਸੇ ਹਨ। ਜੰਜ ਦੇ ਢੁਕਾਅ ਸਮੇਂ ਆਪਣਾ ਕੋਟ ਮੈਨੂੰ ਪੁਆਉਣ ਵਾਲਾ ਦੇਸ ਰਾਜ ਗੋਇਲ ਵੀ ਪਿਛਲੇ ਮਹੀਨੇ ਚੱਲ ਵੱਸਿਆ ਹੈ। ਹਾਲਤ ਆਪਣੀ ਵੀ ਪੌਣ ਦੇ ਬੁਲ੍ਹੇ ਨਾਲ ਝੜਨ ਵਾਲੇ ਪੱਕੇ ਫਲ ਵਾਲੀ ਹੋ ਚੁੱਕੀ ਹੈ। ਤੁਰ ਗਿਆਂ ਤੇ ਆਪਣੇ ਵਰਗਿਆਂ ਦੀਆਂ ਗੱਲਾਂ ਹੋਰ ਵੀ ਹਨ ਪਰ ਕਾਲਮ ਦੀ ਲਪੇਟ 'ਚ ਲਿਆਉਣੀਆਂ ਮੁਸ਼ਕਲ ਹਨ। ਮੈਂ ਮਾਹਿਲਪੁਰੀਆਂ ਦਾ ਧੰਨਵਾਦੀ ਹਾਂ ਕਿ ਉਹ ਮੈਨੂੰ ਆਪਣੇ ਵਰਗੇ ਕੁੱਝ ਸਾਥੀਆਂ ਨਾਲ ਮਿਲਣ ਦਾ ਮੌਕਾ ਦੇ ਰਹੇ ਹਨ।

### *ਕਰਮਯੋਗੀ ਗੰਧਰਵ ਸੈਨ ਕੋਛੜ*

'ਅਨੁਭਵ ਤੇ ਅਧਿਐਨ' ਨਾਂ ਦੀ ਰਚਨਾ ਰਾਹੀਂ ਦੇਸ਼ ਭਗਤ ਯਾਦਗਾਰ ਹਾਲ ਦੇ ਸਾਬਕਾ ਜਨਰਲ ਸਕੱਤਰ ਕਾਮਰੇਡ ਗੰਧਰਵ ਸੈਨ ਨੇ ਆਪਣੀਆਂ ਯਾਦਾਂ ਰਾਹੀਂ ਆਪਣੇ ਜੀਵਨ ਦੇ ਮੰਤਵ ਤੇ ਪਹੁੰਚ ਨੂੰ ਸਪਸ਼ਟ ਕੀਤਾ ਹੈ। ਜਾਤ-ਪਾਤ ਤੇ ਸਮਾਜ ਦੀਆਂ ਗੁੰਝਲਾਂ ਨੂੰ ਕਸਬਾ ਨੂਰ ਮਹਿਲ ਦੇ ਵਸਨੀਕਾਂ ਦੀ ਰਹਿਣੀ-ਸਹਿਣੀ ਤੇ ਖੱਬੇਪੱਖੀ ਜਥੇਬੰਦੀਆਂ ਵਿਚ ਸਮੇਂ ਸਮੇਂ ਆਏ ਬਦਲਾਓ ਦਾ ਨਿਤਾਰਾ ਕਰਕੇ 95 ਸਾਲਾ ਕਾਮਰੇਡ ਨੇ ਕਿਰਤ, ਲੋਕਾਈ ਤੇ 'ਆਮ ਵਰਕਰ' ਦੇ ਫਰਜ਼ਾਂ ਤੇ ਜ਼ਿੰਮੇਵਾਰੀਆਂ ਨੂੰ ਇੱਕ ਸਹਿਜ ਚਿੰਤਕ ਦੀ ਦ੍ਰਿਸ਼ਟੀ ਨਾਲ ਵੇਖਿਆ ਤੇ ਪਹਿਚਾਣਿਆਂ ਹੈ। ਖਾਸ ਕਰਕੇ ਭਾਰਤ ਵਿਚ ਇਨਕਲਾਬ ਦੀ ਪ੍ਰਾਪਤੀ ਲਈ ਯੋਜਨਾਬੱਧ ਸਿਧਾਂਤਕ ਤੇ ਵਿਹਾਰਕ ਢਾਂਚੇ ਦੀ ਅਣਹੋਂਦ ਨੂੰ। ਇਨ੍ਹਾਂ ਤਰੁਟੀਆਂ ਨੂੰ ਦੂਰ ਕਰਕੇ ਇੱਕ ਲੁੱਟ-ਖਸੁੱਟ ਰਹਿਤ ਸਮਾਜ ਦੀ ਸਿਰਜਣਾ ਦੀ ਤਾਂਘ ਉਸ ਦੇ ਮਨ ਵਿਚੋਂ ਹਾਲੀ ਵੀ ਗਈ ਨਹੀਂ। ਪਿਛਲੇ ਦਿਨੀਂ ਚੰਡੀਗੜ੍ਹ ਵਿਚ ਹੋਈ ਇੱਕ ਮਿਲਣੀ ਦੇ ਆਧਾਰ 'ਤੇ ਮੈਂ ਕਹਿ ਸਕਦਾ ਹਾਂ ਕਿ ਉਸ ਦਾ ਉਤਸ਼ਾਹ ਹਾਲੀ ਵੀ ਕਾਇਮ ਹੈ ਤੇ ਇਸ ਨੂੰ ਬਣਾਈ ਰੱਖਣ ਵਿਚ ਉਨ੍ਹਾਂ ਦੀ ਧੀ ਸੁਰਿੰਦਰ ਕੋਛੜ ਦਾ ਵੱਡਾ ਹੱਥ ਹੈ ਜਿਹੜੀ ਛੇ ਦਹਾਕਿਆਂ ਤੋਂ ਕਾਮਰੇਡ ਦੇ ਦੁਖ-ਸੁਖ ਵਿਚ ਉਹਦੇ ਨਾਲ ਖੜ੍ਹੀ ਰਹੀ ਹੈ। ਪੁਸਤਕ ਨੂੰ ਪੜ੍ਹਨਾ ਭਾਰਤ ਵਿਚ ਪਾਰਟੀ ਦੇ ਇਤਿਹਾਸ ਵਿਚੋਂ ਲੰਘਣਾ ਹੈ।

**ਅੰਤਿਕਾ:** (ਮੀਰ ਤਕੀ ਮੀਰ)
ਅਹਿਦ-ਏ-ਜਵਾਨੀ ਰੋ ਰੋ ਕਾਟਾ
ਪੀਰੀ ਮੇਂ ਲੀ ਆਂਖੇਂ ਮੂੰਦ।
ਯਾਨਿ ਰਾਤ ਬਹੁਤ ਥੇ ਜਾਗੇ
ਸੁਬਹ ਹੂਈ ਆਰਾਮ ਕੀਆ।

ਪੁਸਤਕ ਰੀਵੀਊ

# ਸੋਹਣਾ ਫੁੱਲ ਗੁਲਾਬ ਦਾ ਤੋੜਿਆ ਈ

'ਨੈਣ-ਨਕਸ਼' ਰਾਹੀਂ ਐਸ. ਅਸ਼ੋਕ ਭੌਰਾ ਨੇ ਅਜੋਕੇ ਦੌਰ ਦੇ ਬੁਲੰਦ ਵਾਰਤਕ ਲੇਖਕਾਂ ਦੇ ਵਿਰਲੇ ਜਿਹੇ ਇਕੱਠ ਵਿਚ ਆਪਣਾ ਝੰਡਾ ਲਿਆ ਗੱਡਿਆ ਹੈ। ਮੈਂ ਇਹ ਨਹੀਂ ਕਹਿੰਦਾ ਕਿ ਉਹਦਾ ਝੰਡਾ ਦੂਜੇ ਲੇਖਕਾਂ ਤੋਂ ਉਚਾ, ਬਰਾਬਰ ਜਾਂ ਜ਼ਰਾ ਕੁ ਨੀਵਾਂ ਹੈ, ਮੇਰਾ ਜ਼ੋਰ ਤਾਂ ਇਸ ਗੱਲ 'ਤੇ ਹੈ ਕਿ ਇਹ ਝੰਡਾ ਨਿਰੋਲ ਉਹਦਾ 'ਆਪਣਾ' ਹੈ। ਉਹਦੇ ਨਿੱਜ ਵਰਗਾ। ਵੱਖਰੀ ਨੁਹਾਰ ਤੇ ਵਿਲੱਖਣ ਦਿੱਖ ਵਾਲਾ।



**ਵਰਿਆਮ ਸਿੰਘ ਸੰਧੂ**
**ਫੋਨ: 1-416-918-5212**

ਵਿਸ਼ੇਸ਼ 'ਭੌਰਵੀ' ਰੰਗ ਵਿਚ ਰੰਗਿਆ ਹੋਇਆ। ਨਿਆਰੇ ਤੇ ਨਿਰਾਲੇ ਜਲੌ ਵਿਚ ਲਿਸ਼ਕਦਾ ਤੇ ਲਹਿਰਦਾ। ਰਤਾ ਕੁ ਧਿਆਨ ਨਾਲ ਵੇਖਣ ਵਾਲਾ ਛੇਤੀ ਹੀ ਇਹਦੀ ਮਿਕਨਾਤੀਸੀ ਕਸ਼ਿਸ਼ ਵਿਚ ਗੜੁੱਚ ਹੋ ਕੇ, ਇਹਦੇ ਰੰਗਾਂ ਵਿਚ ਘੁਲ਼ ਕੇ ਇਹਦੇ ਨਾਲ ਨਾਲ ਝੂਲਣ ਤੇ ਝੂਮਣ ਲੱਗਦਾ ਹੈ। ਤੇ ਝੰਡੇ ਐਵੇਂ ਕਿਵੇਂ ਨਹੀਂ ਝੁੱਲਦੇ। ਇਨ੍ਹਾਂ ਲਈ ਮੰਚ ਤਿਆਰ ਕਰਨ ਲਈ ਲੋੜੀਂਦਾ ਸਮਾਨ ਲੱਭਣ ਤੇ ਖੋਜਣ ਵਾਸਤੇ, ਇਨ੍ਹਾਂ ਦਾ ਡਿਜ਼ਾਈਨ ਤਿਆਰ ਕਰਨ ਅਤੇ ਇਨ੍ਹਾਂ ਵਿਚ ਸੰਵੇਦਨਾ ਦਾ ਗੂੜ੍ਹਾ ਰੰਗ ਭਰਨ ਲਈ ਕਰੜੀ ਘਾਲਣਾ ਘਾਲਣੀ ਪੈਂਦੀ ਹੈ। ਉਮਰਾਂ ਲੱਗਦੀਆਂ ਨੇ। ਇਹ ਕਿਤਾਬ ਵੀ ਉਹਦੀ ਉਮਰ ਭਰ ਦੀ ਕਮਾਈ ਹੈ। ਇਸ ਖੱਟੀ-ਕਮਾਈ ਨਾਲ ਉਹਨੇ ਜਿਸਮਾਨੀ ਉਮਰ ਭੋਗ ਲੈਣ ਤੋਂ ਬਾਅਦ ਵੀ ਜਿਊਂਦੇ ਰਹਿਣ ਦਾ ਜੁਗਾੜ ਕਰ ਲਿਆ ਹੈ।

ਇਸ ਪੁਸਤਕ ਦੀ ਸਹਿਜ ਪੜ੍ਹਤ ਹੀ ਅਹਿਸਾਸ ਕਰਾ ਦਿੰਦੀ ਹੈ ਕਿ ਲੇਖਕ ਕੋਲ ਜ਼ਿੰਦਗੀ ਦਾ ਵਸੀਹ ਤਜਰਬਾ ਤੇ ਅਨੁਭਵੀ-ਮੁਸ਼ਾਹਦਾ ਹੈ; ਰਿਸ਼ਤਿਆਂ ਤੇ ਮਸਲਿਆਂ ਨੂੰ ਬਰੀਕੀ ਤੇ ਡੂੰਘਾਈ ਨਾਲ ਸਮਝਣ ਵਾਲਾ ਅਤੇ ਦਿੱਖ ਦੀ ਪੱਧਰ 'ਤੇ ਸਿੱਧੇ-ਸਪਾਟ ਪਰ ਤੱਤ ਦੀ ਸ਼ਕਲ ਵਿਚ ਅਤਿ ਦੇ ਗੁੰਝਲਦਾਰ ਵਰਤਾਰਿਆਂ ਦੀ ਕੱਪੜ-ਛਾਣ ਕਰਨ ਵਾਲਾ ਦਾਰਸ਼ਨਿਕ ਨਜ਼ਰੀਆ ਹੈ। ਉਸ ਕੋਲ ਲੋਕਾਈ ਨਾਲ ਰਲ ਕੇ ਉਹਦੇ ਦੁਖ-ਸੁਖ ਵਿਚ ਰੋਣ-ਹੱਸਣ ਵਾਲਾ ਸੰਵੇਦਨਸ਼ੀਲ ਹਿਰਦਾ ਹੈ। ਸਭ ਤੋਂ ਵਧ ਕੇ ਉਸ ਕੋਲ ਆਪਣੀ ਗੱਲ ਨੂੰ ਭਰੋਸੇ ਨਾਲ ਕਹਿਣ, ਆਪਣੀ ਬਿਬੇਕ-ਬੁੱਧ ਵਿਚੋਂ ਕਸ਼ੀਦ ਕੀਤੇ ਸੱਚ ਨੂੰ ਸਮਝਾਉਣ ਤੇ ਉਹਦੇ ਲੜ ਲਾਉਣ ਦਾ ਲਾਸਾਨੀ ਹੁਨਰ ਹੈ। ਉਹ ਆਪ ਹੀ ਇਕ ਥਾਂ ਲਿਖਦਾ ਹੈ, 'ਜਿਹਨੂੰ ਗੱਲ ਕਰਨ ਤੇ ਗੱਲ ਸਮਝਾਉਣ ਦੀ ਕਲਾ ਆ ਜਾਵੇ, ਸ਼ਾਇਦ ਉਸ ਤੋਂ ਵੱਡਾ ਕਲਾਕਾਰ ਨਾ ਹੋਵੇ।' ਜਿਹੜਾ ਭੌਰਾ ਖ਼ੁਦ ਇਸ ਹਕੀਕਤ ਨੂੰ ਜਾਣਦਾ ਹੈ ਭਲਾ ਉਹ ਆਪ ਕਿਉਂ ਨਾ ਇਸ ਹੁਨਰ 'ਤੇ ਖ਼ਰਾ ਉਤਰਨ ਦਾ ਚਾਰਾ ਕਰੂ। ਹੁਨਰਮੰਦੀ ਬਿਨਾਂ ਸਾਰਾ ਮਸੌਦਾ ਤੇ ਦਰਸ਼ਨ ਸ਼ਬਦਾਂ ਦੇ ਬੇਤਰਤੀਬੇ, ਬੇਢਬੇ ਤੇ ਬੇਥਵੇ ਜੰਗਲ ਤੋਂ ਵੱਧ ਕੁਝ ਨਹੀਂ ਹੁੰਦਾ। ਭੌਰਾ ਇਹ ਕਮਾਲ ਤਾਂ ਹੀ ਕਰ ਸਕਿਆ ਹੈ ਕਿਉਂਕਿ ਉਹਦੀ ਲਿਖਤ ਰਗਾਂ ਵਿਚ ਵਹਿੰਦੇ ਸੁਸਤ-ਚਾਲੇ ਤੁਰ ਰਹੇ ਲਹੂ ਨਾਲ ਨਹੀਂ ਸਗੋਂ ਅੱਖਾਂ 'ਚੋਂ ਟਪਕਣ ਵਾਲੇ ਅਤੇ ਦਰਿਆ ਬਣ ਕੇ ਵਹਿਣ ਲਈ ਉਬਲ-ਉਛਲ ਰਹੇ ਲਹੂ ਨਾਲ ਲਿਖੀ ਗਈ ਹੈ।

ਉਹਦੇ ਰਚਨਾ-ਸੰਸਾਰ ਵਿਚ ਪੇਸ਼ ਵਿਸ਼ਿਆਂ ਦੀ ਵਿਵਿਧਤਾ ਤੇ ਵੰਨਗੀ ਤੋਂ ਸਹਿਜੇ ਹੀ ਅਨੁਮਾਨ ਲਾਇਆ ਜਾ ਸਕਦਾ ਹੈ ਕਿ 'ਭੌਰਾ' ਕਿਸੇ ਇੱਕੋ ਫੁੱਲ ਤੇ ਮੰਡਰਾਉਣ ਵਾਲਾ ਇਕ-ਰਸਾ ਤੇ ਇਕ-ਮੁਖਾ ਆਸ਼ਕ-ਲੇਖਕ ਨਹੀਂ। ਪੂਰੀ ਸਾਹਿਤਕ-ਸਮਾਜਕ ਜ਼ਿੰਮੇਵਾਰੀ ਤੇ ਵਫ਼ਾਦਾਰੀ ਨਾਲ ਜੱਗ-ਜਹਾਨ ਦੇ 'ਫੁੱਲ ਫੁੱਲ 'ਤੇ ਭੌਰਿਆਂ ਵਾਂਗ ਫਿਰ ਕੇ' ਉਨ੍ਹਾਂ ਦੀ ਵਾਸ ਸੁੰਘਣਾ-ਸੁੰਘਾਉਣਾ ਉਹਦਾ 'ਦਸਤੂਰ' ਹੈ। ਉਹ ਵਾਹ ਲੱਗਦੀ ਬਲਦੀ ਧਰਤੀ ਦੇ ਹਰੇਕ ਤਪਦੇ ਕਣ ਨੂੰ ਆਪਣੇ ਹੰਝੂਆਂ ਦੀ ਵਾਛੜ ਨਾਲ ਠਾਰਨ ਦੇ ਯਤਨ ਵਿਚ ਹੈ। ਉਹਦਾ ਦਿਲ ਵੰਨ-ਸਵੰਨੇ ਲੋਕਾਂ, ਧਿਰਾਂ, ਰਿਸ਼ਤਿਆਂ ਤੇ ਜੀਵਾਂ ਨਾਲ ਮਿਲ ਕੇ ਧੜਕਦਾ ਹੈ। ਉਹਦੇ ਸ਼ਬਦਾਂ ਵਿਚ ਹਰੇਕ ਜਣੇ ਦੀ ਪੀੜ ਨਾਲ ਇਕਸੁਰ ਹੋ ਕੇ ਹੂੰਗਣ ਦੀ ਤੜਪ ਵਿਲਕਦੀ ਹੈ। ਸਗਲੀ ਧਰਤ ਉਹਦੀ ਆਪਣੀ ਹੈ ਤੇ ਧਰਤੀ ਦੇ ਧੀਆਂ-ਪੁੱਤਾਂ ਦੀਆਂ ਬਿਪਤਾਵਾਂ ਤੇ ਵਿਲਕਣੀਆਂ ਵੀ ਉਹਦੀਆਂ ਆਪਣੀਆਂ ਹਨ। ਜਦੋਂ ਉਹ ਆਖਦਾ ਹੈ, "ਤੀਰਥੋ ਨੂੰ ਤੁਸੀਂ ਵੀ ਜਾਣਦੇ ਹੋ ਪਰ ਮੈਂ ਉਹਨੂੰ ਥੋੜ੍ਹਾ ਨੇੜੇ ਤੋਂ ਜਾਣਦਾ ਹਾਂ। ਤੁਸੀਂ ਸ਼ਾਇਦ ਉਹਨੂੰ ਦੇਖਿਆ ਨਹੀਂ ਹੋਵੇਗਾ ਪਰ ਮੈਂ ਉਹਦੇ ਬੜੀ ਵਾਰ ਦਰਸ਼ਨ ਕੀਤੇ ਹਨ।" ਤਾਂ ਉਹ ਲੇਖਕ ਦੀ ਵੱਖਰੀ, ਵੱਡੀ ਤੇ ਉਚੀ ਹਸਤੀ ਬਾਰੇ ਆਪਣਾ ਮਤ ਪ੍ਰਗਟਾ ਰਿਹਾ ਹੈ। ਲੇਖਕ ਆਮ ਲੋਕਾਂ ਵਰਗਾ ਹੋ ਕੇ ਵੀ ਉਨ੍ਹਾਂ ਤੋਂ ਵੱਖਰਾ ਤੇ ਉਚਾ ਹੈ ਕਿਉਂਕਿ ਉਸ ਕੋਲ 'ਕੋਠੇ ਚੜ੍ਹ ਕੇ ਘਰ ਘਰ ਬਲਦੀ ਅੱਗ' ਵੇਖ ਸਕਣ ਵਾਲੀ ਨਜ਼ਰ ਹੈ ਅਤੇ ਉਹਨੂੰ ਕਿਸੇ ਇਕ 'ਤੀਰਥੋ' ਜਾਂ ਕਿਸੇ ਇੱਕ 'ਤੀਰਥ' ਦੇ ਦੁੱਖ ਨੂੰ ਹਜ਼ਾਰ-ਹਾਅ 'ਤੀਰਥੋਆਂ' ਜਾਂ 'ਤੀਰਥਾਂ' ਦਾ ਵਿਆਪਕ ਦੁੱਖ-ਦਰਦ ਬਣਾ ਕੇ ਉਹਦੇ ਕਲਾਤਮਕ 'ਦਰਸ਼ਨ' ਕਰਵਾ ਸਕਣ ਦਾ ਹੁਨਰ ਆਉਂਦਾ ਹੈ। ਲੇਖਕ ਸਾਡੇ ਅੰਗ-ਸੰਗ ਵਿਚਰਦੇ, ਉਤੋਂ-ਉਤੋਂ ਜਾਣੇ-ਪਛਾਣੇ ਪਰ ਧੁਰ ਅੰਦਰਲੀਆਂ ਡੂੰਘਾਣਾਂ ਤੋਂ ਅਣਪਛਾਤੇ ਪਾਤਰਾਂ ਨੂੰ ਡੂੰਘੇ ਮਾਨਵੀ ਦਰਦ ਵਿਚ ਭਿੱਜ ਕੇ ਇਸ ਅੰਦਾਜ਼, ਜੁਗਤ ਤੇ ਸਿਆਣਪ ਨਾਲ ਸਿਰਜਦਾ ਹੈ ਕਿ ਪਾਠਕ ਦਾ ਆਪਾ ਗੂੜ੍ਹੇ ਮਜੀਠੀ ਰੰਗਾਂ ਵਿਚ ਰੌਸ਼ਨ ਹੋ ਉਠਦਾ ਹੈ।

ਭੌਰਾ ਬਹੁ-ਬਿਧਿ ਪ੍ਰਤਿਭਾ ਦਾ ਮਾਲਕ ਹੈ। ਉਹ ਸਮਾਜ-ਵਿਗਿਆਨੀ, ਮਨੋਵਿਗਿਆਨੀ, ਦਾਰਸ਼ਨਿਕ, ਨੀਤੀ-ਵੇਤਾ, ਖੋਜੀ, ਸਾਹਿਤਕਾਰ, ਇਤਿਹਾਸਕਾਰ, ਸੰਗੀਤਕਾਰ ਤੇ ਹੋਰ ਵੀ ਕਿੰਨਾ ਕੁਝ ਹੈ। ਤੁਸੀਂ ਉਹਦੀ ਇਸ ਬਹੁਰੰਗੀ ਪ੍ਰਤਿਭਾ ਦੇ 'ਦਰਸ਼ਨ' ਉਹਦੀ ਵਾਰਤਕ ਵਿਚੋਂ ਸਹਿਜੇ ਹੀ ਕਰ ਸਕਦੇ ਹੋ। ਉਹ ਬੰਦਿਆਂ ਵਿਚ ਲੁਕੇ ਸੱਪਾਂ, ਕੁੱਤਿਆਂ, ਬਾਂਦਰਾਂ, ਬਘਿਆੜਾਂ ਨੂੰ ਚੰਗੀ ਤਰ੍ਹਾਂ ਪਛਾਣਦਾ ਹੈ। ਉਹ ਬੰਦੇ ਦੇ 'ਪਸ਼ੂਪਣ' ਨੂੰ ਜਾਨਵਰਾਂ ਵਿਚ ਲੁਕੀ 'ਮਾਨਵਤਾ' ਦੇ ਰੂਬਰੂ ਖੜਾ ਕਰਕੇ ਬੰਦੇ ਨੂੰ ਛਿੱਥਾ ਤੇ ਸ਼ਰਮਿੰਦਾ ਕਰ ਦਿੰਦਾ ਹੈ। ਉਹ ਜਦੋਂ ਕਿਸੇ ਮਸਲੇ ਬਾਰੇ ਗੱਲ ਕਰਦਾ ਹੈ ਤਾਂ ਵਰਮੇਂ ਵਾਂਗ ਡੂੰਘਾ ਛੇਕ ਕਰਕੇ ਉਹਦੀਆਂ ਧੁਰ ਡੂੰਘਾਣਾਂ ਤੱਕ ਜਾ ਅੱਪੜਦਾ ਹੈ। ਨਮੂਨੇ ਵਜੋਂ 'ਚਲੋ ਇੱਲਾਂ ਤਾਂ ਗਈਆਂ' ਵਾਲਾ ਲੇਖ ਪੜ੍ਹ ਲਓ। ਇੱਲਾਂ ਬਾਰੇ ਗੱਲ ਕਰਦਾ ਉਹ ਦਿਨੋ-ਦਿਨ ਪ੍ਰਦੂਸ਼ਤ ਹੋ ਰਹੇ ਵਾਤਾਵਰਣ ਨਾਲ ਜੁੜੀਆਂ ਅਨੇਕਾਂ ਨਵੀਆਂ ਅੰਤਰ-ਦ੍ਰਿਸ਼ਟੀਆਂ ਨਾਲ ਸੰਵਾਦ ਰਚਾਉਣ ਲੱਗਦਾ ਹੈ। 'ਹੀਰ-ਰਾਂਝੇ' ਦੀ ਕਹਾਣੀ ਦਾ ਕੱਚ-ਸੱਚ ਲੱਭਣ ਲਈ ਉਹ ਕਹਾਣੀ ਤੋਂ ਪਿਆਜ਼ ਦੇ ਛਿਲਕਿਆਂ ਵਾਂਗ ਹੇਠਲੀ ਤੋਂ ਧੁਰ ਹੇਠਲੀ ਪਰਤ ਤਕ ਏਨੇ ਸਹਿਜ ਨਾਲ ਪਹੁੰਚ ਜਾਂਦਾ ਹੈ ਕਿ ਪਾਠਕ ਉਹਦੀ ਖੋਜੀ ਬਿਰਤੀ ਦੀ ਦਾਦ ਦਿੱਤੇ ਬਗ਼ੈਰ ਰਹਿ ਨਹੀਂ ਸਕਦਾ। ਲਿਖਣ ਲੱਗੇ ਤਾਂ ਬੰਦੇ ਤਾਂ ਕੀ ਉਹ ਮੱਖੀਆਂ ਦੀ ਜਾਤ-ਔਕਾਤ ਬਾਰੇ ਵੀ ਅਲੋਕਾਰੀ ਗੱਲਾਂ ਕਰ ਸਕਦਾ ਹੈ।

'ਅਲੋਕਾਰ' ਸ਼ਬਦ ਤੋਂ ਖ਼ਿਆਲ ਆਇਆ; ਉਹਦੇ ਰਚਨਾ-ਜਗਤ ਵਿਚ ਪੇਸ਼ ਘਟਨਾਵਾਂ ਵੀ ਬਹੁਤੀ ਵਾਰ ਅਲੋਕਾਰ ਤੇ ਅਜਨਬੀ ਹੁੰਦੀਆਂ ਹਨ। ਘਟਨਾਵਾਂ ਦੀ ਅਜਿਹੀ ਜੁੜਤ ਗਹਿਰੀ ਉਤਸੁਕਤਾ ਦਾ ਕਾਰਨ ਬਣਦੀ ਹੈ। ਪਾਠਕ ਸਾਹ ਰੋਕ ਕੇ ਘਟਨਾਵਾਂ ਦੇ ਨਾਲ ਦੌੜਦਾ ਹੈ। ਨਾਟਕੀ ਸਥਿਤੀਆਂ ਤੇ ਮੋੜਾਂ ਨਾਲ ਭਰਪੂਰ ਇਹ ਘਟਨਾਵਾਂ ਕਈ ਵਾਰ ਅਖ਼ੀਰ 'ਤੇ ਪਹੁੰਚ ਕੇ ਪਾਠਕ ਦੀ ਸੋਚ ਨੂੰ ਅਜਿਹਾ ਧੋਬੀ-ਪਟਕਾ ਮਾਰਦੀਆਂ ਹਨ ਕਿ ਉਹ ਚਕਾ-ਚੌਂਧ ਕਰਦੇ ਇੰਕਸ਼ਾਫ਼ ਦੇ ਰੂਬਰੂ ਖਲੋਤਾ ਮਹਿਸੂਸ ਕਰਦਾ ਹੈ। ਕਿੰਨੀਆਂ ਹੀ ਰਚਨਾਵਾਂ ਵਿਚ ਵਿਰੋਧੀ ਘਟਨਾਵਾਂ ਦੇ ਟਕਰਾ 'ਚੋਂ ਪੈਦਾ ਹੋਈ ਲਿਸ਼ਕ ਅਜਿਹੀ ਅਜਨਬੀ ਅਸਲੀਅਤ ਦੇ ਦੀਦਾਰ ਕਰਵਾਉਂਦੀ ਹੈ। ਘਟਨਾਵਾਂ ਦਾ ਇਹ ਉਲਟ-ਫੇਰ ਕਦੀ ਤਾਂ ਪਾਠਕ ਨੂੰ ਹਸਾਉਣ ਲੱਗਦਾ ਹੈ ਤੇ ਕਦੀ ਹਉਕਾ ਭਰਨ ਲਈ ਮਜਬੂਰ ਕਰ ਦਿੰਦਾ ਹੈ। ਹੱਸਦੇ ਦੰਦਾਂ ਤੇ ਸਿੰਮਦੀਆਂ ਅੱਖਾਂ ਦੀ ਹਕੀਕਤ ਨਾਲੋ ਨਾਲ ਤੁਰਦੀ ਹੈ। ਹਾਸਾ ਤੇ ਰੋਣਾ, ਜੀਵਨ ਤੇ ਮੌਤ ਉਹਦੀਆਂ ਲਿਖਤਾਂ ਵਿਚ ਸਕੇ ਭੈਣ-ਭਰਾਵਾਂ ਵਾਂਗ ਕਰਿੰਘੜੀ ਪਾ ਕੇ ਚੱਲਦੇ ਹਨ। ਲੋਹੜੇ ਦੀ ਉਤਸੁਕਤਾ ਨਾਲ ਓਤ-ਪੋਤ ਭੌਰੇ ਦਾ ਰਚਨਾ-ਪ੍ਰਬੰਧ ਕੇਵਲ ਜਾਸੂਸੀ ਅੰਦਾਜ਼ ਵਿਚ ਘਟਨਾ ਦਾ ਰਹੱਸ ਉਦਘਾਟਤ ਨਹੀਂ ਕਰਦਾ ਸਗੋਂ ਜੀਵਨ ਦੇ ਰਹੱਸ ਦੇ ਅਨੇਕ ਭੇਤ ਖੋਲ੍ਹ ਧਰਦਾ ਹੈ। ਘਟਨਾਵਾਂ ਦੀ ਅਲੋਕਾਰਤਾ ਪਿੱਛੇ ਇੱਕ ਸਬੱਬ ਸ਼ਾਇਦ ਇਹ ਵੀ ਹੈ ਕਿ ਭੌਰੇ ਦੀਆਂ ਲਿਖਤਾਂ ਵਿਚ ਬਹੁਤੀ ਵਾਰ 'ਹੋਣੀ' ਜਾਂ 'ਕਿਸਮਤ' ਵੀ ਆਪਣਾ ਵਿਸ਼ੇਸ਼ ਰੋਲ ਅਦਾ ਕਰਦੀ ਨਜ਼ਰ ਆਉਂਦੀ ਹੈ। ਇਹ 'ਹੋਣੀ' ਵੀ 'ਹਕੀਕਤ' ਦੀ ਭੈਣ ਹੈ। ਅਸੀਂ 'ਹੋਣੀ' ਦੀ ਹਕੀਕਤ ਨੂੰ 'ਹਊ-ਪਰੇ' ਕਹਿ ਕੇ ਟਾਲ ਨਹੀਂ ਸਕਦੇ। ਇਹ ਜਿਨ੍ਹਾਂ ਨਾਲ ਬੀਤਦੀ ਹੈ, ਉਹੋ ਹੀ ਇਹਦੀ ਸਾਰ ਜਾਣਦੇ ਨੇ।




ਭੌਰਾ ਬੜਾ ਸੁਚੇਤ ਹੋ ਕੇ ਆਪਣੇ ਰਚਨਾ-ਪ੍ਰਬੰਧ ਦੀ ਉਸਾਰੀ ਕਰਦਾ ਹੈ। 'ਨਜ਼ਮ ਤੋਂ ਪਹਿਲਾਂ ਸ਼ਿਅਰ ਅਰਜ਼ ਹੈ', ਕਹਿਣ ਵਾਲੇ ਸ਼ਾਇਰਾਂ ਵਾਂਗ ਉਹ ਸਭ ਤੋਂ ਪਹਿਲਾਂ ਇਕ ਪੈਰੇ ਵਿਚ ਸਿਆਣੇ ਦਾਰਸ਼ਨਿਕ ਵਾਂਗ ਪ੍ਰਵਚਨੀ ਵਾਕ ਉਚਾਰਦਾ ਹੈ। ਲਿਖਤ ਦੀ ਉਪਰਲੀ ਸਤਹ 'ਤੇ ਦੇਸੀ ਘਿਓ ਦੇ ਤਿਰਵਰੇ ਵਾਂਗ ਤਰ ਰਹੇ ਭਾਰੇ-ਗੌਰੇ ਇਨ੍ਹਾਂ ਪ੍ਰਵਚਨੀ ਵਾਕਾਂ ਦਾ ਆਪਸੀ ਸਬੰਧ ਜੋੜਨ ਲਈ ਸਾਧਾਰਨ ਪਾਠਕ ਨੂੰ ਭਾਵੇਂ ਆਪਣੀ ਬੁੱਧੀ ਉਤੇ ਉਚੇਚਾ ਜ਼ੋਰ ਵੀ ਦੇਣਾ ਪੈਂਦਾ ਹੋਵੇ ਤਦ ਵੀ ਉਹਦੀ ਸਾਧਾਰਨ ਬੁੱਧ ਨੂੰ ਵੀ ਕੱਲ੍ਹੇ ਕੱਲ੍ਹੇ ਪਏ ਇਨ੍ਹਾਂ ਵਾਕਾਂ ਦੇ ਹੁਸਨ ਦੀ ਲਿਸ਼ਕ ਵਿਚੋਂ ਵਾਰਿਸਸ਼ਾਹੀ ਸਿਆਣਪ ਝਲਕਾਰੇ ਮਾਰਦੀ ਦਿਸ ਪੈਂਦੀ ਹੈ। ਇਨ੍ਹਾਂ ਵਾਕਾਂ ਦੇ ਸਮੁੱਚ ਵਿਚ ਰਚਨਾ ਵਿਚ ਆਖੀ ਜਾਣ ਵਾਲੀ ਅਗਲੀ ਗੱਲ ਦੀ ਗਿਰੀ ਪਈ ਹੁੰਦੀ ਹੈ। 'ਕੁੱਜੇ ਵਿਚ ਸਮੁੰਦਰ' ਪਾਉਣ ਵਾਲੀ ਉਕਤੀ ਸ਼ਾਇਦ ਕਿਸੇ ਅਜਿਹੀਆਂ ਲਿਖਤਾਂ ਦਾ ਮੁਹਾਂਦਰਾ ਵੇਖ ਕੇ ਹੀ ਉਚਾਰੀ ਗਈ ਹੋਵੇਗੀ। ਪਹਾੜੀ ਉਚਾਣ ਵਾਲੇ ਪ੍ਰਵਚਨ ਦੀ ਸਿਖ਼ਰ ਤੋਂ ਬਾਅਦ ਅਸਲੀ ਬਿਰਤਾਂਤ ਸ਼ੂਕਦੇ ਦਰਿਆ ਵਾਂਗ ਵਗਣਾ ਸ਼ੁਰੂ ਹੋ ਜਾਂਦਾ ਹੈ। ਇਸ ਬਿਰਤਾਂਤ ਵਿਚ ਜੀਵਨੀ, ਸਵੈਜੀਵਨੀ, ਰੇਖ਼ਾ-ਚਿਤਰ, ਸਫ਼ਰਨਾਮੇ, ਨਿਬੰਧ, ਗਲਪ, ਕਵਿਤਾ ਤੇ ਨਾਟਕ ਦੀਆਂ ਵਿਧਾਵਾਂ ਘੁਲ-ਮਿਲ ਜਾਂਦੀਆਂ ਹਨ। ਵਿਭਿੰਨ ਕਲਾ-ਜੁਗਤਾਂ ਦਾ ਸੁੰਦਰ ਕਲਾਤਮਕ ਸੰਜੋਗ ਲਿਖਤ ਨੂੰ ਯਾਦਗ਼ਾਰੀ ਮਹੱਤਵ ਪ੍ਰਦਾਨ ਕਰ ਦਿੰਦਾ ਹੈ। ਬਿਰਤਾਂਤ ਦੀ ਗਤੀ ਤੇਜ਼ ਰੱਖਣ ਲਈ ਉਹ ਵਿਚ ਵਿਚ ਕਥਾ-ਟੋਟਕਿਆਂ, ਨਾਟਕੀ ਵਾਰਤਾਲਾਪਾਂ, ਲੋਕ-ਸਿਆਣਪਾਂ, ਮੁਹਾਵਰਿਆਂ, ਢੁਕਵੇਂ ਸ਼ਿਅਰਾਂ, ਵਿਅੰਗਾਤਮਕ ਟੇਢ ਮਾਰਦੇ ਰੂਪਕੀ ਵਾਕਾਂ ਦੀਆਂ 'ਠੋਕਰਾਂ' ਲਾਈ ਜਾਂਦਾ ਹੈ। ਵਿਸ਼ਿਆਂ ਦਾ ਕਲਾਵਾ ਏਨਾ ਮੋਕਲਾ ਹੈ ਕਿ ਇਸ ਵਿਚ ਰਾਸ਼ਟਰੀ ਤੇ ਅੰਤਰਰਾਸ਼ਟਰੀ ਸਿਆਸਤ ਤੋਂ ਲੈ ਕੇ ਪੈਸਾ ਪ੍ਰਧਾਨ ਕੀਮਤਾਂ ਵਾਲੇ ਸਮਾਜ ਵਿਚ 'ਬੰਦੇ ਦੀ ਥਾਂ ਪੈਸੇ ਦਾ ਪੁੱਤ' ਬਣ ਗਏ ਅਤੇ ਮਨੁੱਖੀ ਗੌਰਵ ਤੋਂ ਵਿਰਵੇ ਹੁੰਦੇ ਜਾ ਰਹੇ ਇਨਸਾਨਾਂ, ਰਿਸ਼ਤਿਆਂ ਵਿਚ ਮੱਚੀ ਗੰਧਲ-ਚੌਦੇਂ, ਔਰਤਾਂ ਨਾਲ ਹੁੰਦੇ ਜਬਰ ਤੇ ਧੱਕੇ, ਦਲ਼ੇ-ਮਲ਼ੇ ਲੋਕਾਂ ਦੀ ਮੂਕ ਪੀੜਾ, ਵਾਤਾਵਰਣ ਵਿਚ ਫ਼ੈਲ ਰਹੇ ਮਾਰੂ ਪ੍ਰਦੂਸ਼ਣ ਤੱਕ ਅਨੇਕਾਂ ਬਹੁ-ਰੰਗੇ ਤੇ ਬਹੁ-ਵੰਨੇ ਵਿਸ਼ੇ ਸਮਾ ਗਏ ਹਨ। ਵੱਡੀ ਗੱਲ ਤਾਂ ਇਹ ਹੈ ਕਿ ਭੌਰਾ ਪੰਜਾਬੀ ਸਾਹਿਤ ਦੀ ਮਾਣਯੋਗ ਪਰੰਪਰਾ ਦਾ ਅਨੁਯਾਈ ਬਣ ਕੇ

*(ਬਾਕੀ ਸਫਾ 25 'ਤੇ)*

# ਆਫੀਆ ਸਦੀਕੀ ਦਾ ਜਹਾਦ

## ਕਿਸ਼ਤ ਨੌਵੀਂ




*1972 ਵਿਚ ਪਾਕਿਸਤਾਨ 'ਚ ਜਨਮੀ ਆਫੀਆ ਸਦੀਕੀ ਦੀ ਕਹਾਣੀ ਰੌਂਗਟੇ ਖੜ੍ਹੇ ਕਰਨ ਵਾਲੀ ਹੈ। ਉਹ ਅਮਰੀਕਾ ਵਿਚ ਪੜ੍ਹੀ; ਪਹਿਲਾਂ ਡਾਕਟਰ ਤੇ ਫਿਰ ਜਹਾਦੀ ਬਣੀ। ਇਹ ਅਸਲ ਵਿਚ ਉਸ ਪੀੜ੍ਹੀ ਦੀ ਹੋਣੀ ਦਾ ਬਿਆਨ ਹੈ ਜੋ ਜਹਾਦ ਦੇ ਨਾਂ ਹੇਠ ਰੜੇ ਮੈਦਾਨ ਵਿਚ ਕੁੱਦ ਪਏ।*

### ਤੁਸੀਂ ਪੜ੍ਹ ਚੁਕੇ ਹੋ...

***ਪਾਕਿਸਤਾਨ 'ਚ ਆਫੀਆ ਦੀ ਮਾਂ ਇਸਮਤ ਜਹਾਨ, ਮਜ਼ਹਬੀ ਤਾਲੀਮ ਦੇ ਖੇਤਰ ਦੀ ਉਘੀ ਸ਼ਖਸੀਅਤ ਸੀ ਤੇ ਇਸ ਮਜ਼ਹਬੀ ਤਾਲੀਮ ਦਾ ਆਫੀਆ ਉਤੇ ਬਹੁਤ ਗੂੜ੍ਹਾ ਰੰਗ ਚੜ੍ਹਿਆ। ਆਲੇ-ਦੁਆਲੇ ਦੇ ਮਾਹੌਲ ਨੇ ਵੀ ਅਸਰ ਪਾਇਆ। ਆਫੀਆ ਦੇ ਪਰਿਵਾਰ ਦਾ 'ਜਹਾਦੀ' ਜਨਰਲ ਜ਼ਿਆ-ਉਲ-ਹੱਕ ਅਤੇ ਹੋਰ ਕਹਿੰਦੇ-ਕਹਾਉਂਦੇ ਪਰਿਵਾਰਾਂ ਨਾਲ ਰਾਬਤਾ ਸੀ। ਫਿਰ ਉਹ ਪੜ੍ਹਾਈ ਲਈ ਆਪਣੇ ਭਰਾ ਮੁਹੰਮਦ ਅਲੀ ਕੋਲ ਅਮਰੀਕਾ ਪੁੱਜ ਗਈ। ਅਲੀ ਕੋਲ ਆਉਂਦੇ ਉਸ ਦੇ ਦੋਸਤਾਂ ਨਾਲ ਉਹ ਅਕਸਰ ਇਸਲਾਮ ਬਾਰੇ ਬਹਿਸਾਂ ਕਰਦੀ। ਉਸ ਦੀ ਹਰ ਗੱਲ ਮਜ਼ਹਬ ਦੇ ਪ੍ਰਸੰਗ ਵਿਚ ਹੁੰਦੀ। ਇਸਲਾਮ ਉਸ ਨੂੰ ਦੁਨੀਆਂ ਦਾ ਨਿਆਰਾ ਅਤੇ ਬਿਹਤਰ ਮਜ਼ਹਬ ਜਾਪਦਾ। ਇਸੇ ਜੋਸ਼ ਵਿਚ ਉਹ ਦੂਜੇ ਮਜ਼ਹਬਾਂ ਦੀ ਕਦਰ ਕਰਨਾ ਵੀ ਭੁੱਲ ਜਾਂਦੀ। ਉਸ ਦੀ ਲੋਚਾ ਸੰਸਾਰ ਉਤੇ ਇਸਲਾਮ ਦਾ ਬੋਲਬਾਲਾ ਸੀ। ਉਹ ਬੋਸਟਨ ਦੀ ਪ੍ਰਸਿੱਧ ਸੰਸਥਾ ਮੈਸਾਚੂਸੈਟਸ ਇੰਸਟੀਚਿਊਟ ਆਫ ਟੈਕਨਾਲੋਜੀ ਵਿਚ ਦਾਖਲ ਹੋਈ ਤਾਂ ਆਪਣੀ ਲਿਆਕਤ ਕਰ ਕੇ ਛੇਤੀ ਹੀ ਮਕਬੂਲ ਹੋ ਗਈ। ਉਥੇ ਉਸ ਦਾ ਸੰਪਰਕ ਮੁਸਲਿਮ ਸਟੂਡੈਂਟਸ ਐਸੋਸੀਏਸ਼ਨ ਨਾਲ ਹੋਇਆ ਤੇ ਫਿਰ ਜਹਾਦੀਆਂ ਨਾਲ। ਜਹਾਦੀਆਂ ਦਾ ਮੁੱਖ ਨਾਅਰਾ ਵੱਧ ਤੋਂ ਵੱਧ ਕਾਫਰ ਮਾਰਨ ਦਾ ਸੀ। 1993 ਦੀਆਂ ਛੁੱਟੀਆਂ ਵਿਚ ਆਫੀਆ ਪਾਕਿਸਤਾਨ ਗਈ ਅਤੇ ਤਕਰੀਰਾਂ ਕੀਤੀਆਂ। ਸੁਣਨ ਵਾਲੇ ਅਸ਼-ਅਸ਼ ਕਰ ਉਠੇ। ਵਾਪਸੀ ਵੇਲੇ ਉਹ ਬੇਹਦ ਉਤਸ਼ਾਹ ਨਾਲ ਭਰੀ ਪਈ ਸੀ। ਉਹ ਜਹਾਦ ਨਾਲ ਹੋਰ ਡੂੰਘਾ ਜੁੜ ਗਈ। ਘਰਵਾਲਿਆਂ ਦੇ ਜ਼ੋਰ ਪਾਉਣ 'ਤੇ ਉਸ ਦਾ ਨਿਕਾਹ ਫੋਨ ਉਤੇ ਹੀ ਅਹਿਮਦ ਮੁਹੰਮਦ ਖਾਨ ਨਾਲ ਪੜ੍ਹਿਆ ਗਿਆ। ਉਹ ਵੀ ਉਸ ਕੋਲ ਅਮਰੀਕਾ ਪੁੱਜ ਗਿਆ। ਫਿਰ 9/11 ਵਾਲਾ ਭਾਣਾ ਵਰਤ ਗਿਆ।...ਹੁਣ ਅੱਗੇ ਪੜ੍ਹੋ....***

ਅੱਜ ਦੇ ਵਾਕਿਆਤ ਨੇ ਆਫੀਆ ਨੂੰ ਇੰਨਾ ਡਰਾ ਦਿੱਤਾ ਕਿ ਉਹ ਚੀਕਾਂ ਮਾਰਦੀ ਰੋਣ ਕੁਰਲਾਉਣ ਲੱਗੀ। ਅਮਜਦ ਉਸ ਦੀ ਹਾਲਤ ਵੇਖ ਕੇ ਕੰਮ 'ਤੇ ਨਾ ਗਿਆ। ਆਫੀਆ ਲਗਾਤਾਰ ਦੋਸਤਾਂ ਮਿੱਤਰਾਂ ਨੂੰ ਫੋਨ ਕਰ ਰਹੀ ਸੀ ਤੇ ਨਵੇਂ ਉਪਜ ਰਹੇ ਹਾਲਾਤ ਬਾਰੇ ਜਾਣਕਾਰੀ ਲੈ ਰਹੀ ਸੀ, ਪਰ ਉਸ ਦਾ ਡਰ ਉਵੇਂ ਹੀ ਕਾਇਮ ਸੀ। ਦੁਪਹਿਰ ਢਲਣ ਤੋਂ ਪਹਿਲਾਂ ਹੀ ਖ਼ਬਰਾਂ ਆਉਣ ਲੱਗ ਪਈਆਂ ਕਿ ਅੱਧਿਓਂ ਵੱਧ ਅਤਿਵਾਦੀ ਜਿਨ੍ਹਾਂ ਨੇ ਅੱਜ (9/11) ਦੇ ਕਰੂਰ ਕਾਰਨਾਮੇ ਕੀਤੇ ਹਨ, ਦੀ ਪਛਾਣ



**ਹਰਮਹਿੰਦਰ ਚਹਿਲ**
**ਫੋਨ: 703-362-3239**
e-mail: chahals57@yahoo.com

ਹੋ ਚੁੱਕੀ ਹੈ। ਪਛਾਣੇ ਜਾਣ ਵਾਲਿਆਂ ਵਿਚ ਸਭ ਤੋਂ ਪਹਿਲਾ ਮੁਹੰਮਦ ਅਤਾ ਸੀ ਜੋ ਬੋਸਟਨ ਦਾ ਰਹਿਣ ਵਾਲਾ ਸੀ। ਪੁਲਿਸ ਨੇ ਛਾਪੇ ਤੇਜ਼ ਕਰ ਦਿੱਤੇ। ਜਿਸ ਦਾ ਵੀ ਪਤਾ ਲੱਗਦਾ ਕਿ ਇਸ ਨਾਲ ਕਿਸੇ ਅਤਿਵਾਦੀ ਦੀ ਜਾਣ-ਪਛਾਣ ਰਹੀ ਹੈ, ਉਸੇ ਨੂੰ ਗ੍ਰਿਫਤਾਰ ਕਰ ਲਿਆ ਜਾਂਦਾ। ਇੱਥੋਂ ਤੱਕ ਕਿ ਜਿਨ੍ਹਾਂ ਹੋਟਲਾਂ ਵਿਚ ਉਹ ਰਾਤਾਂ ਰੁਕੇ ਸਨ, ਉਨ੍ਹਾਂ ਸਭ ਨੂੰ ਛਾਣ-ਬੀਣ ਲਈ ਬੰਦ ਕਰ ਦਿੱਤਾ ਗਿਆ ਤੇ ਮੁਲਜ਼ਮਾਂ ਨੂੰ ਫੜ ਲਿਆ ਗਿਆ। ਇਹ ਸਭ ਸੁਣ ਕੇ ਆਫੀਆ ਉਚੀ ਉਚੀ ਰੋਂਦੀ ਹੋਈ ਬੋਲਣ ਲੱਗੀ, "ਅਮਜਦ ਜਿੰਨੀ ਛੇਤੀ ਹੋ ਸਕੇ ਆਪਾਂ ਨੂੰ ਪਾਕਿਸਤਾਨ ਚਲੇ ਜਾਣਾ ਚਾਹੀਦਾ ਐ। ਇੱਥੇ ਆਪਣੀ ਜਾਨ ਨੂੰ ਖਤਰਾ ਐ।"

"ਖਤਰੇ ਵਾਲੀ ਇਸ ਵਿਚ ਕੀ ਗੱਲ ਐ। ਆਪਣੇ ਵਾਂਗੂੰ ਇੱਥੇ ਹੋਰ ਵੀ ਬੜੇ ਮੁਸਲਮਾਨ ਰਹਿੰਦੇ ਨੇ। ਉਹ ਕਿਤੇ ਸਾਰੇ ਈ ਅਤਿਵਾਦੀ ਹੋ ਗਏ। ਜਿਨ੍ਹਾਂ ਨੇ ਇਹ ਅਣਮਨੁੱਖੀ ਕਾਰਾ ਕੀਤਾ ਐ, ਖਤਰਾ ਉਨ੍ਹਾਂ ਨੂੰ ਜਾਂ ਉਨ੍ਹਾਂ ਦੇ ਹਮਦਰਦਾਂ ਨੂੰ ਐ। ਤੂੰ ਐਵੇਂ ਨਾ ਘਬਰਾ।"

"ਤੂੰ ਮੇਰੀ ਗੱਲ ਸਮਝਣ ਦੀ ਕੋਸ਼ਿਸ਼ ਕਰ, ਪਿੱਛੋਂ ਪਛਤਾਉਂਦਾ ਫਿਰੇਂਗਾ। ਅਜੇ ਵੀ ਮੌਕਾ ਐ ਕਿ ਇੱਥੋਂ ਛੇਤੀ ਚਲੇ ਚੱਲੀਏ।"

"ਪਰ ਆਪਾਂ ਕਿਉਂ ਭੱਜ ਚੱਲੀਏ? ਆਪਾਂ ਕਿਹੜਾ ਕੋਈ ਗਲਤ ਕੰਮ ਕੀਤਾ ਐ?"

"ਮੈਨੂੰ ਪਤਾ ਲੱਗਾ ਐ ਕਿ ਅਮਰੀਕਨ, ਮੁਸਲਮਾਨਾਂ ਦੇ ਬੱਚਿਆਂ ਨੂੰ ਕਿੱਡਨੈਪ ਕਰਨਗੇ।"

"ਤੈਨੂੰ ਇਹ ਗੱਲ ਕਿਸ ਨੇ ਕਹੀ ਐ?"

"ਬੱਸ ਕਿਸੇ ਪਾਸਿਉਂ ਪਤਾ ਲੱਗਿਆ ਐ। ਤਾਂ ਹੀ ਕਹਿ ਰਹੀ ਆਂ ਕਿ ਮੁਸੀਬਤ ਆਉਣ ਤੋਂ ਪਹਿਲਾਂ ਨਿਕਲ ਚੱਲੀਏ।"

"ਆਫੀਆ ਮੈਨੂੰ ਸਮਝ ਨ੍ਹੀਂ ਆ ਰਹੀ ਕਿ ਤੂੰ ਇੰਨੀ ਘਬਰਾ ਕਿਉਂ ਰਹੀ ਐਂ। ਇਸ ਤਰ੍ਹਾਂ ਆਪਾਂ ਬੰਨ੍ਹਿਆਂ-ਬੰਨ੍ਹਾਇਆ ਘਰ ਅਤੇ ਪੜ੍ਹਾਈ ਵਗੈਰਾ ਵਿਚਾਲੇ ਛੱਡ ਕੇ ਕਿਵੇਂ ਜਾ ਸਕਦੇ ਆਂ?"

"ਇਸ ਦਾ ਮਤਲਬ ਤੂੰ ਮੇਰੀ ਗੱਲ ਨ੍ਹੀਂ ਮੰਨਣੀ?" ਆਫੀਆ ਗੁੱਸੇ 'ਚ ਕੰਬਣ ਲੱਗੀ।

"ਤੂੰ ਮੈਨੂੰ ਆਪਣੀ ਗੱਲ ਕਿਸੇ ਢੰਗ ਤਰੀਕੇ ਨਾਲ ਸਮਝਾ। ਤੂੰ ਤਾਂ ਬਿਨਾਂ ਸਿਰ ਪੈਰ ਦੀਆਂ ਗੱਲਾਂ ਮਾਰੀ ਜਾ ਰਹੀ ਐਂ।"

"ਚੰਗਾ ਕਰ ਆਪਣੀ ਮਰਜ਼ੀ। ਜਦੋਂ ਭੁਗਤੇਂਗਾ ਤਾਂ ਆਪੇ ਪਤਾ ਲੱਗਜੂਗਾ।" ਆਫੀਆ ਪੈਰ ਪਟਕਦੀ ਪੌੜੀਆਂ ਚੜ੍ਹ ਗਈ। ਉਪਰੋਂ ਜਾ ਕੇ ਉਸ ਨੇ ਸੁਹੇਲ, ਸੁਲੇਮਾਨ, ਮਾਰਲਿਨ ਅਤੇ ਕਈ ਹੋਰਾਂ ਨੂੰ ਫੋਨ ਕੀਤੇ, ਪਰ ਕਿਸੇ ਦਾ ਵੀ ਫੋਨ ਨਾ ਮਿਲਿਆ। ਸਭ ਦੇ ਫੋਨ ਬੰਦ ਆ ਰਹੇ ਸਨ। ਆਫੀਆ ਦਾ ਦਿਲ ਜ਼ੋਰ-ਜ਼ੋਰ ਦੀ ਧੜਕਣ ਲੱਗਿਆ। ਫਿਰ ਉਸ ਨੇ ਕਿਸੇ ਅਜਿਹੀ ਸਹੇਲੀ ਨੂੰ ਫੋਨ ਕੀਤਾ ਜਿਸ ਦਾ ਜਹਾਦ ਨਾਲ ਕੋਈ ਵਾਸਤਾ ਨਹੀਂ ਸੀ, ਪਰ ਉਂਜ ਉਹ ਇਸ ਤਰ੍ਹਾਂ ਦੀਆਂ ਗੱਲਾਂ ਬਾਰੇ ਕਾਫੀ ਜਾਣਕਾਰੀ ਰੱਖਦੀ ਸੀ। ਉਹ ਸਾਊਦੀ ਅਰਬ ਦੀ ਰਹਿਣ ਵਾਲੀ ਸੀ।

"ਆਫੀਆ ਤੂੰ ਇੰਨੀ ਅਪਸੈਟ ਕਿਉਂ ਹੋ ਰਹੀ ਐਂ। ਫਿਰ ਕੀ ਹੋ ਗਿਆ ਜੇ ਆਪਾਂ ਮੁਸਲਮਾਨ ਆਂ ਤਾਂ, ਪਰ ਆਪਾਂ ਸਭ ਦੇ ਨਾਲ ਈ ਆਂ।" ਉਸ ਨੇ ਆਫੀਆ ਨੂੰ ਧਰਵਾਸ ਦਿੱਤਾ।

"ਤੂੰ ਮੇਰੀ ਅਸਲੀ ਗੱਲ ਨ੍ਹੀਂ ਸਮਝ ਰਹੀ। ਜੇ ਨੁਕਸਾਨ ਕਰਾ ਕੇ ਇੱਥੋਂ ਨਿਕਲੇ ਤਾਂ ਫਿਰ ਕੀ ਫਾਇਦਾ ਹੋਇਆ।"

ਉਸ ਦੀ ਗੱਲ ਸੁਣ ਕੇ ਸਹੇਲੀ ਸੋਚੀਂ ਪੈ ਗਈ। ਉਸ ਨੂੰ ਲੱਗਿਆ ਕਿ ਆਫੀਆ ਹੱਦੋਂ ਵੱਧ ਡਰੀ ਹੋਈ ਹੈ। ਉਹ ਕੁਝ ਸੋਚਦਿਆਂ ਬੋਲੀ, "ਆਫੀਆ, ਤੂੰ ਇਹੀ ਚਾਹੁੰਨੀ ਐਂ ਨਾ ਕਿ ਇੱਥੋਂ ਜਲਦੀ ਚਲੀ ਜਾਵੇਂ?"

"ਹਾਂ, ਬਿਲਕੁਲ।"

"ਪਰ ਇਹ ਵੀ ਨ੍ਹੀਂ ਹੋ ਸਕਦਾ; ਕਿਉਂਕਿ ਅਜੇ ਤਾਂ ਅਮਰੀਕਾ ਦਾ ਸਾਰਾ ਏਅਰਸਪੇਸ ਬੰਦ ਪਿਆ ਐ। ਨਾ ਕੋਈ ਫਲਾਈਟ ਅੰਦਰ ਆ ਰਹੀ ਐ, ਨਾ ਈ ਕੋਈ ਬਾਹਰ ਜਾ ਰਹੀ ਐ।"

"ਪਰ ਮੈਨੂੰ ਪਤਾ ਲੱਗਿਆ ਐ ਕਿ ਕੋਈ ਖਾਸ ਫਲਾਈਟ ਜਾ ਰਹੀ ਐ।"

"ਆਫੀਆ ਉਹ ਫਲਾਈਟ ਤਾਂ ਬਹੁਤ ਗੁਪਤ ਤੌਰ 'ਤੇ ਇੱਥੋਂ ਜਾ ਰਹੀ ਐ। ਕਾਗਜ਼ਾਂ 'ਚ ਉਸ ਦਾ ਤਾਂ ਕਿਧਰੇ ਜ਼ਿਕਰ ਨ੍ਹੀਂ ਐ। ਤੈਨੂੰ ਪਤਾ ਨ੍ਹੀਂ ਉਸ ਬਾਰੇ ਕਿਵੇਂ ਪਤਾ ਲੱਗ ਗਿਆ ਵਰਨਾ...।"

"ਤੂੰ ਕਿਸੇ ਤਰ੍ਹਾਂ ਕੋਸ਼ਿਸ਼ ਕਰ ਕੇ ਮੈਨੂੰ ਉਸ ਫਲਾਈਟ 'ਤੇ ਸੀਟ ਨ੍ਹੀਂ ਦੁਆ ਸਕਦੀ?" ਸਹੇਲੀ ਦੀ ਗੱਲ ਵਿਚੋਂ ਟੋਕਦੀ ਆਫੀਆ ਬੋਲੀ।

"ਨ੍ਹੀਂ ਇਹ ਮੁਮਕਿਨ ਨ੍ਹੀਂ ਐ। ਉਸ ਫਲਾਈਟ 'ਤੇ ਸਿਰਫ ਸਾਊਦੀ ਅਰਬ ਦੇ ਉਹੀ ਬਾਸ਼ਿੰਦੇ ਜਾ ਰਹੇ ਨੇ ਜਿਨ੍ਹਾਂ ਦੇ ਸਾਊਦੀ ਅਰਬ ਦੀ ਅੰਬੈਸੀ ਨਾਲ ਗੂੜ੍ਹੇ ਸਬੰਧ ਨੇ। ਸਾਊਦੀ ਅੰਬੈਸਡਰ ਨ੍ਹੀਂ ਚਾਹੁੰਦਾ ਕਿ ਕੱਲ੍ਹ ਨੂੰ ਉਸ ਦਾ ਕੋਈ ਬਾਸ਼ਿੰਦਾ ਇਸ ਪਲਾਟ ਵਿਚ ਫਸ ਜਾਵੇ। ਤੈਨੂੰ ਪਤਾ ਈ ਐ ਕਿ ਹਾਈਜੈਕਰਾਂ 'ਚ ਅੱਧਿਓਂ ਵੱਧ ਤਾਂ ਸਾਊਦੀ ਅਰਬ ਦੇ ਨੇ। ਉਸ ਫਲਾਈਟ ਬਾਰੇ ਤਾਂ ਤੂੰ ਭੁੱਲ ਈ ਜਾਹ।"

ਆਫੀਆ ਦੀ ਆਖਰੀ ਉਮੀਦ ਵੀ ਮੁੱਕ ਗਈ। ਇਸ ਪਿੱਛੋਂ ਉਸ ਨੇ ਅਮਜਦ ਨਾਲ ਕੋਈ ਬਹਿਸ ਨਾ ਕੀਤੀ। ਉਦਾਸ ਬੈਠੀ ਉਹ ਟੀ.ਵੀ. ਉਤੇ ਚੱਲ ਰਹੀਆਂ ਖ਼ਬਰਾਂ ਵੇਖਦੀ ਰਹੀ। ਹਰ ਪੰਦਰਾਂ-ਵੀਹ ਮਿੰਟ ਪਿੱਛੋਂ ਕਿਸੇ ਨਾ ਕਿਸੇ ਦੇ ਫੜੇ ਜਾਣ ਦੀ ਖ਼ਬਰ ਆ ਰਹੀ ਸੀ। ਉਸ ਦੀ ਸਹੇਲੀ ਮਾਰਲਿਨ ਦੇ ਘਰਵਾਲਾ ਅਨਵਰ ਅਲ ਮੀਰਾਬੀ ਵੀ ਗ੍ਰਿਫਤਾਰ ਕਰ ਲਿਆ ਗਿਆ। ਉਸ ਦੀ ਗ੍ਰਿਫਤਾਰੀ ਦੀ ਖ਼ਬਰ ਸੁਣਦਿਆਂ ਹੀ ਉਹ ਕੰਬਣ ਲੱਗੀ ਕਿਉਂਕਿ ਉਸ ਨੂੰ ਯਾਦ ਸੀ ਕਿ ਦੋ ਹਫਤੇ ਪਹਿਲਾਂ ਹੀ ਉਹ ਵਾਪਸ ਹਿਊਸਟਨ ਜਾਣ ਲੱਗੇ ਉਸ ਦੇ ਘਰੇ ਆਏ ਸਨ। ਅਮਜਦ, ਆਫੀਆ ਦੇ ਅੰਦਰ ਚੱਲ ਰਹੀਆਂ ਗੱਲਾਂ ਤੋਂ ਅਣਭਿੱਜ ਸਿਰਫ ਇਹੀ ਸਮਝਦਾ ਹੋਇਆ ਕਿ ਇਹ ਵਿਚਾਰੀ ਕੁਝ ਜ਼ਿਆਦਾ ਹੀ ਡਰ ਗਈ ਹੈ, ਉਸ ਨੂੰ ਸ਼ਾਂਤ ਕਰਨ ਦੀ ਕੋਸ਼ਿਸ਼ ਕਰ ਰਿਹਾ ਸੀ। ਆਫੀਆ ਅਮਜਦ ਨਾਲ ਕੋਈ ਗੱਲ ਨਹੀਂ ਕਰ ਰਹੀ ਸੀ। ਉਂਜ ਉਹ ਆਪਣੇ ਤੌਰ 'ਤੇ ਵਾਪਸ ਜਾਣ ਦੀ ਕੋਸ਼ਿਸ਼ ਕਰ ਰਹੀ ਸੀ। ਫਿਰ ਇਹ ਉਸ ਦੀਆਂ ਕੋਸ਼ਿਸ਼ਾਂ ਦਾ ਨਤੀਜਾ ਹੀ ਸੀ ਕਿ 17 ਸਤੰਬਰ ਨੂੰ ਜਿਸ ਦਿਨ ਅਮਰੀਕਨ ਏਅਰਸਪੇਸ ਪਹਿਲੀ ਵਾਰ ਖੁੱਲ੍ਹਿਆ ਤਾਂ ਆਫੀਆ ਆਪਣੇ ਦੋਹਾਂ ਬੱਚਿਆਂ ਸਮੇਤ ਪਾਕਿਸਤਾਨ ਜਾਣ ਵਾਲੀ ਫਲਾਈਟ ਵਿਚ ਬੈਠੀ ਹੋਈ ਸੀ। ਉਸ ਨੂੰ ਬੜਾ ਅਫਸੋਸ ਸੀ ਕਿ ਅਮਜਦ ਉਸ ਦੇ ਨਾਲ ਜਾਣਾ ਨਹੀਂ ਮੰਨਿਆ ਸੀ। ਨਾਲ ਹੀ ਉਸ ਦਾ ਦਿਲ ਵੀ ਤੇਜ਼ੀ ਨਾਲ ਧੜਕ ਰਿਹਾ ਸੀ ਪਰ ਜਦੋਂ ਜਹਾਜ਼ ਉਡ ਪਿਆ ਤਾਂ ਉਸ ਦਾ ਸਾਰਾ ਡਰ ਜਾਂਦਾ ਰਿਹਾ ਤੇ ਉਸ ਦਾ ਮਨ ਹੋਰ ਪਾਸੇ ਚਲਾ ਗਿਆ। ਉਸ ਦੀ ਸੋਚ ਮੁਤਾਬਕ ਆਖਰੀ ਲੜਾਈ ਸ਼ੁਰੂ ਹੋ ਚੁੱਕੀ ਸੀ। ਜਹਾਦੀਆਂ ਮੁਤਾਬਕ ਇਹ ਉਹ ਲੜਾਈ ਸੀ ਜਿਸ ਵਿਚ ਸਭ ਕਾਫਰ ਖਤਮ ਹੋ ਜਾਣਗੇ ਤੇ ਪਿੱਛੇ ਸਿਰਫ ਇਸਲਾਮ ਦਾ ਝੰਡਾ ਸਾਰੀ ਦੁਨੀਆਂ 'ਤੇ ਝੂਲੇਗਾ। ਉਸ ਨੂੰ ਸਾਰੇ ਰਸਤੇ ਇਸੇ ਖੁਸ਼ੀ 'ਚ ਪਲ ਭਰ ਵੀ ਨੀਂਦ ਨਾ ਆਈ। ਉਹ ਸੋਚ ਰਹੀ ਸੀ ਕਿ ਇਸਲਾਮੀ ਮੁਲਕਾਂ 'ਚ ਖਾਸ ਕਰ ਕੇ ਪਾਕਿਸਤਾਨ ਵਿਚ ਤਾਂ ਇਸ ਵੇਲੇ ਜਹਾਦ ਵੱਡੇ ਪੱਧਰ 'ਤੇ ਲੜਿਆ ਜਾ ਰਿਹਾ ਹੋਵੇਗਾ। ਲੋਕ ਸਭ ਕੁਝ ਭੁੱਲ ਕੇ ਜਹਾਦ 'ਚ ਸ਼ਾਮਲ ਹੋ ਚੁੱਕੇ ਹੋਣਗੇ ਪਰ ਜਦੋਂ ਉਹ ਕਰਾਚੀ ਏਅਰਪੋਰਟ 'ਤੇ ਉਤਰੀ ਤਾਂ ਉਹ ਬੜੀ ਹੈਰਾਨ ਹੋਈ। ਉਥੇ ਤਾਂ ਲੋਕ ਆਪੋ-ਆਪਣੇ ਕੰਮਾਂ ਕਾਰਾਂ 'ਚ ਰੁੱਝੇ ਹੋਏ ਸਨ। ਲੱਗਦਾ ਸੀ ਕਿ ਕਿਸੇ ਨੂੰ ਪ੍ਰਵਾਹ ਹੀ ਨਹੀਂ ਸੀ ਕਿ ਅਮਰੀਕਾ ਵਿਚ ਕੀ ਹੋਇਆ ਹੈ। ਉਸ ਦਾ ਦਿਲ ਟੁੱਟ ਗਿਆ। ਉਸ ਨੂੰ ਅਮਜਦ ਦੇ ਘਰਵਾਲੇ ਏਅਰਪੋਰਟ 'ਤੇ ਲੈਣ ਆਏ ਸਨ। ਘਰ ਜਾਂਦੀ ਉਹ ਹੋਰ ਵੀ ਹੈਰਾਨ ਹੋਈ ਜਦੋਂ ਘਰਵਾਲਿਆਂ ਨੇ ਟਵਿਨ ਟਾਵਰ ਢਹਿਣ ਵਾਲੀ ਗੱਲ ਇੱਕ-ਅੱਧ ਵਾਰ ਹੀ ਛੇੜੀ ਤੇ ਫਿਰ ਹੋਰ ਗੱਲਾਂ ਕਰਨ ਲੱਗੇ।





***7 ਅਕਤੂਬਰ 2001 ਨੂੰ ਅਫਗਾਨਿਸਤਾਨ ਉਤੇ ਅਮਰੀਕੀ ਹੱਲੇ ਤੋਂ ਦੂਜੇ ਦਿਨ ਦੀਆਂ ਅਖਬਾਰਾਂ ਦੇ ਮੁੱਖ ਸਫੇ***

ਅਮਜਦ ਦੇ ਘਰਵਾਲੇ ਉਸ ਦੇ ਆਉਣ 'ਤੇ ਜ਼ਿਆਦਾ ਖੁਸ਼ ਵੀ ਨਹੀਂ ਸਨ। ਅਮਜਦ ਨੇ ਉਨ੍ਹਾਂ ਨੂੰ ਫੋਨ 'ਤੇ ਦੱਸ ਦਿੱਤਾ ਸੀ ਕਿ ਕਿਵੇਂ ਆਫੀਆ ਉਸ ਦੀ ਗੱਲ ਨਾ ਮੰਨਦੀ ਹੋਈ ਸਿਰਫ ਹਾਲਾਤ ਤੋਂ ਡਰਦੀ ਅਮਰੀਕਾ ਛੱਡ ਗਈ ਹੈ। ਇਸ ਤੋਂ ਪਹਿਲਾਂ ਘਰਵਾਲੇ ਕਾਫੀ ਦੇਰ ਦੇ ਕਹਿੰਦੇ ਆ ਰਹੇ ਸਨ ਕਿ ਅਮਜਦ ਅਤੇ ਆਫੀਆ ਇੱਕ ਵਾਰ ਆ ਕੇ ਮਿਲ ਜਾਣ ਅਤੇ ਬੱਚਿਆਂ ਨੂੰ ਮਿਲਾ ਲਿਜਾਣ; ਪਰ ਉਨ੍ਹਾਂ ਕਦੇ ਪਰਿਵਾਰ ਵਾਲਿਆਂ ਦੀ ਗੱਲ ਨਹੀਂ ਸੁਣੀ ਸੀ, ਪਰ ਅੱਜ ਆਫੀਆ ਇੱਕ ਦਮ ਹੀ ਆ ਪਹੁੰਚੀ। ਫਿਰ ਵੀ ਉਹ ਖੁਸ਼ ਸਨ ਕਿ ਚਲੋ ਇਸੇ ਬਹਾਨੇ ਉਹ ਆਪਣੇ ਪੋਤਰੇ-ਪੋਤਰੀ ਨਾਲ ਕੁਝ ਦਿਨ ਬਿਤਾ ਸਕਣਗੇ।

ਖਾਨ ਪਰਿਵਾਰ ਦੀਨੀ, ਅਕੀਦੇ ਮੰਨਣ ਵਾਲਾ, ਸ਼ਾਂਤ ਅਤੇ ਬਾਵੱਕਾਰ ਪਰਿਵਾਰ ਸੀ। ਉਨ੍ਹਾਂ ਮਿਹਨਤ ਕਰ ਕੇ ਇਹ ਮੁਕਾਮ ਹਾਸਲ ਕੀਤਾ ਸੀ ਕਿ ਉਨ੍ਹਾਂ ਦੇ ਬੱਚੇ ਵਿਦੇਸ਼ਾਂ 'ਚ ਪੜ੍ਹਦੇ ਸਨ ਅਤੇ ਚੰਗੇ ਅਹੁਦਿਆਂ 'ਤੇ ਸਨ। ਅਮਜਦ ਦਾ ਪਿਉ ਆਗਾ ਨਈਮ ਖਾਂ ਇਸ ਵੇਲੇ ਰਿਟਾਇਰਡ ਜ਼ਿੰਦਗੀ ਬਿਤਾ ਰਿਹਾ ਸੀ। ਉਸ ਦੀ ਪਤਨੀ ਜ਼ਾਹਿਰਾ ਖਾਂ ਦੀ ਘਰ 'ਚ ਚੰਗੀ ਚਲਦੀ ਸੀ। ਸਾਰਾ ਪਰਿਵਾਰ ਸਾਂਝੇ ਪਰਿਵਾਰ ਦੇ ਤੌਰ 'ਤੇ ਰਹਿੰਦਾ ਸੀ। ਨਈਮ ਖਾਂ ਭਾਵੇਂ ਸਿਆਸਤਦਾਨ ਨਹੀਂ ਸੀ, ਪਰ ਉਸ ਦੀ ਸੂਝ-ਬੂਝ ਡੂੰਘੀ ਸੀ। ਘਰ 'ਚ ਅਮਰੀਕਾ ਅੰਦਰ ਅਤਿਵਾਦੀਆਂ ਵਲੋਂ ਕੀਤੇ ਗਏ ਹਮਲਿਆਂ ਦੀ ਚਰਚਾ ਹੋਈ ਸੀ ਪਰ ਇਕ ਹੱਦ ਤੱਕ ਹੀ। ਪਰਿਵਾਰ ਨੇ ਕੱਟੜਵਾਦੀਆਂ ਦੇ ਇਸ ਕਦਮ ਨੂੰ ਨਿੰਦਿਆ ਸੀ ਕਿ ਨਿਰਦੋਸ਼ਾਂ ਨੂੰ ਮਾਰਨ ਨਾਲ ਕੀ ਹਾਸਲ ਹੋਵੇਗਾ, ਪਰ ਜਦੋਂ ਆਫੀਆ ਘਰੇ ਪਹੁੰਚੀ ਤਾਂ ਉਸ ਨੇ 9/11 ਦੀ ਘਟਨਾ ਨੂੰ ਬਹੁਤ ਅਚੰਭੇ ਨਾਲ ਬਿਆਨ ਕਰਨਾ ਸ਼ੁਰੂ ਕਰ ਦਿੱਤਾ। ਉਹ ਇਸ ਨੂੰ ਭੰਡ ਨਹੀਂ ਰਹੀ ਸੀ ਸਗੋਂ ਉਹ ਇਹ ਕਾਰਾ ਕਰਨ ਵਾਲਿਆਂ ਦੇ ਹੱਕ 'ਚ ਬੋਲ ਰਹੀ ਸੀ। ਉਹ ਲਗਾਤਾਰ ਇਸੇ ਘਟਨਾ ਬਾਰੇ ਗੱਲਾਂ ਕਰ ਰਹੀ ਸੀ। ਪਰਿਵਾਰ ਵਾਲਿਆਂ ਨੂੰ ਉਸ ਦਾ ਇਸ ਤਰ੍ਹਾਂ ਉਤਸ਼ਾਹਤ ਹੋਣਾ ਚੰਗਾ ਨਾ ਲੱਗਿਆ। ਫਿਰ ਜ਼ਾਹਿਰਾ ਖਾਂ ਨੇ ਸਾਰਿਆਂ ਨੂੰ ਸਮਝਾਇਆ ਕਿ ਇਹ ਸ਼ਾਇਦ ਉਸ ਘਟਨਾ ਕਰ ਕੇ ਸਦਮੇ 'ਚ ਹੈ, ਇਸੇ ਲਈ ਇਸ ਤਰ੍ਹਾਂ ਗੱਲਾਂ ਕਰ ਰਹੀ ਹੈ। ਜਦੋਂ ਉਹ ਬੋਲਣ ਤੋਂ ਨਾ ਹੀ ਹਟੀ ਤਾਂ ਨਈਮ ਖਾਂ ਥੋੜ੍ਹਾ ਤਾਅ ਖਾ ਕੇ ਬੋਲਿਆ, "ਆਫੀਆ ਬੇਟੀ ਤੈਨੂੰ ਪਤਾ ਐ ਕਿ ਹੁਣ ਕੀ ਹੋਵੇਗਾ?"

"ਹੋਣਾ ਕੀ ਐ। ਜਿਸ ਦਿਨ ਦਾ ਚਿਰਾਂ ਤੋਂ ਇੰਤਜ਼ਾਰ ਸੀ, ਉਹ ਆ ਚੁੱਕਾ ਐ। ਇਨ੍ਹਾਂ ਕਾਫਰਾਂ ਦਾ ਸਫਾਇਆ ਹੋ ਜਾਵੇਗਾ ਤੇ ਅੱਲਾ ਦੇ ਬੰਦਿਆਂ ਦੀ ਜਿੱਤ ਹੋਵੇਗੀ।"

"ਨ੍ਹੀਂ ਅਜਿਹਾ ਕੁਛ ਨ੍ਹੀਂ ਹੋਣਾ। ਜੋ ਕੁਛ ਹੋਵੇਗਾ, ਉਹ ਮੈਨੂੰ ਦਿਸ ਰਿਹਾ ਐ।"

"ਉਹ ਕੀ?" ਆਫੀਆ ਨੇ ਮੱਥੇ ਤਿਊੜੀ ਪਾਈ।

"ਹੁਣ ਅਮਰੀਕਾ, ਅਫਗਾਨਿਸਤਾਨ 'ਤੇ ਚੜ੍ਹਾਈ ਕਰੇਗਾ; ਕਿਉਂਕਿ 9/11 ਦਾ ਇਹ ਕਾਰਾ ਕਰਵਾਉਣ ਵਾਲਾ ਉਥੇ ਪਨਾਹ ਲਈ ਬੈਠਾ ਐ। ਉਥੇ ਅਮਰੀਕਾ ਇਕੱਲਾ ਨ੍ਹੀਂ ਹੋਵੇਗਾ। ਸਾਰੀ ਦੁਨੀਆਂ ਉਸ ਦੇ ਨਾਲ ਹੋਵੇਗੀ। ਖਾਸ ਕਰ ਕੇ ਪਾਕਿਸਤਾਨ ਨੇ ਤਾਂ ਐਲਾਨ ਵੀ ਕਰ ਦਿੱਤਾ ਐ ਕਿ ਉਹ ਅਮਰੀਕਾ ਦਾ ਸਾਥ ਦੇਵੇਗਾ।"

"ਇਹੀ ਤਾਂ ਅਸੀਂ ਚਾਹੁੰਨੇ ਆਂ। ਇਸ ਤਰ੍ਹਾਂ ਇਹ ਆਖਰੀ ਲੜਾਈ ਹੋ ਨਿੱਬੜੇਗੀ। ਇਹੀ ਅੱਲਾ ਦੀ ਮਰਜ਼ੀ ਐ।"

"ਤੁਸੀਂ ਕਦੇ ਇਹ ਵੀ ਸੋਚਿਆ ਐ ਕਿ ਇਸ ਲੜਾਈ ਵਿਚ ਘਾਣ ਕਿਸ ਦਾ ਹੋਵੇਗਾ?"

"ਕਿਸ ਦਾ?"

"ਅਫਗਾਨਿਸਤਾਨ ਦੀ ਗਰੀਬ ਜਨਤਾ ਦਾ,



***ਅਫਗਾਨ ਤਾਲਿਬਾਨ ਆਗੂ ਮੁੱਲਾ ਉਮਰ ਜਿਸ ਨੇ 9/11 ਹਮਲਿਆਂ ਤੋਂ ਬਾਅਦ ਉਸਾਮਾ ਬਿਨ-ਲਾਦਿਨ ਨੂੰ ਪਨਾਹ ਦਿੱਤੀ।***

ਜਿਹੜੀ ਪਿਛਲੇ ਤੀਹ ਸਾਲਾਂ ਤੋਂ ਲੜਾਈ 'ਚ ਘੁਣ ਵਾਂਗ ਪਿਸ ਰਹੀ ਐ। ਵੱਡੇ ਆਪਣੀਆਂ ਖੇਡਾਂ ਖੇਡ ਰਹੇ ਨੇ ਪਰ ਗਰੀਬਾਂ ਨੂੰ ਕੌਣ ਪੁੱਛਦਾ ਐ।"

"ਜਹਾਦ ਵਿਚ ਕੁਰਬਾਨੀ ਤਾਂ ਦੇਣੀ ਈ ਪੈਂਦੀ ਐ।"

ਆਫੀਆ ਜਦੋਂ ਨਈਮ ਖਾਂ ਦੀਆਂ ਗੱਲਾਂ ਦਾ ਜੁਆਬ ਦੇਣ ਤੋਂ ਨਾ ਹਟੀ ਤਾਂ ਜ਼ਾਹਿਰਾ ਖਾਂ ਨੇ ਖਾਵੰਦ ਨੂੰ ਚੁੱਪ ਰਹਿਣ ਦਾ ਇਸ਼ਾਰਾ ਕੀਤਾ। ਕੁਝ ਦੇਰ ਲਈ ਉਹ ਚੁੱਪ ਵੀ ਹੋ ਗਿਆ, ਪਰ ਜਦੋਂ ਆਫੀਆ ਫਿਰ ਵੀ ਆਪਣੀਆਂ ਹੀ ਮਾਰੀ ਗਈ ਤਾਂ ਉਹ ਦੁਬਾਰਾ ਬੋਲਿਆ, "ਆਫੀਆ ਬੇਟੀ, ਮੈਨੂੰ ਇਹ ਦੱਸ ਕਿ ਤੁਸੀਂ ਇਸ ਵੇਲੇ ਆਪਣੇ ਆਪ ਨੂੰ ਅਮਰੀਕਾ ਨਾਲੋਂ ਇੱਥੇ ਕਿਵੇਂ ਸੁਰੱਖਿਅਤ ਸਮਝਦੇ ਓਂ? ਅਮਰੀਕਾ ਤੁਹਾਡਾ ਮੁਲਕ ਐ। ਤੁਹਾਡਾ ਸਭ ਕੁਝ ਉਥੇ ਐ। ਨਾਲੇ ਇੱਥੇ ਤਾਂ ਆਪਣੇ ਗੁਆਂਢ ਹੁਣ ਲੜਾਈ ਚੱਲ ਪੈਣੀ ਐਂ।"

"ਤੁਸੀਂ ਇਸ ਗੱਲ ਨੂੰ ਛੱਡੋ। ਛੇਤੀ ਦੇਣੇ ਅਮਜਦ ਨੂੰ ਸੁਨੇਹਾ ਭੇਜੋ ਕਿ ਉਹ ਜਿੰਨੀ ਜਲਦੀ ਹੋ ਸਕੇ, ਇੱਥੇ ਆ ਜਾਵੇ। ਉਥੇ ਉਸ ਦੀ ਜ਼ਿੰਦਗੀ ਨੂੰ ਖਤਰਾ ਐ।"

"ਕਿਸ ਤੋਂ ਖਤਰਾ ਐ ਉਸ ਦੀ ਜ਼ਿੰਦਗੀ ਨੂੰ?"

"ਅਮਰੀਕਨ ਸਰਕਾਰ ਤੋਂ।"

"ਉਥੇ ਤਾਂ ਲੱਖਾਂ ਮੁਸਲਮਾਨ ਰਹਿ ਰਹੇ ਨੇ। ਕੀ ਉਹ ਸਾਰੇ ਇਸ 9/11 ਦੇ ਕਾਰੇ ਲਈ ਜ਼ਿੰਮੇਵਾਰ ਨੇ? ਨ੍ਹੀਂ ਉਹ ਤਾਂ ਆਮ ਸ਼ਹਿਰੀ ਨੇ। ਨਾਲੇ ਮੈਂ ਦੱਸ ਦਿਆਂ ਕਿ ਇਨ੍ਹਾਂ ਅਤਿਵਾਦੀਆਂ ਦਾ ਕੋਈ ਮਜ਼ਹਬ ਨ੍ਹੀਂ ਹੁੰਦਾ।"

"ਤੁਸੀਂ ਕਿਸੇ ਨੂੰ ਅਤਿਵਾਦੀ ਨ੍ਹੀਂ ਕਹਿ ਸਕਦੇ।" ਆਫੀਆ ਭੜਕ ਉਠੀ। ਸਾਰੇ ਹੈਰਾਨ ਰਹਿ ਗਏ। ਆਖਰ ਸਾਰਿਆਂ ਨੇ ਨਤੀਜਾ ਕੱਢਿਆ ਕਿ ਇਸ ਵੇਲੇ ਸ਼ਾਇਦ ਸਦਮੇ ਕਾਰਨ ਇਸ ਦੀ

ਦਿਮਾਗੀ ਹਾਲਤ ਸਹੀ ਨਹੀਂ ਹੈ। ਇਸ ਕਰ ਕੇ ਇਸ ਨੂੰ ਆਰਾਮ ਕਰਨ ਦਿੱਤਾ ਜਾਵੇ।

ਉਧਰ ਅਮਰੀਕਾ ਨੇ ਅਫਗਾਨਿਸਤਾਨ ਦੇ ਇੱਕ ਅੱਖ ਵਾਲੇ ਤਾਲਿਬਾਨ ਲੀਡਰ ਮੁੱਲਾ ਉਮਰ ਨੂੰ ਵਾਰਨਿੰਗ ਦੇ ਦਿੱਤੀ ਕਿ ਉਹ ਕੋਈ ਇੱਕ ਰਸਤਾ ਚੁਣ ਲਵੇ। ਜਾਂ ਤਾਂ ਉਹ ਉਸਾਮਾ ਬਿਨ-ਲਾਦਿਨ ਨੂੰ ਅਮਰੀਕਾ ਦੇ ਹਵਾਲੇ ਕਰ ਦੇਵੇ, ਤੇ ਜਾਂ ਫਿਰ ਅਮਰੀਕੀ ਹਮਲੇ ਲਈ ਤਿਆਰ ਰਹੇ। ਮੁੱਲਾ ਉਮਰ ਨੇ ਕਿਸੇ ਦੀ ਕੋਈ ਗੱਲ ਨਾ ਮੰਨੀ। ਲੜਾਈ ਸ਼ੁਰੂ ਹੋਣ ਦੇ ਖਦਸ਼ੇ ਵਧ ਗਏ। ਆਖਰ 7 ਅਕਤੂਬਰ 2001 ਨੂੰ ਅਮਰੀਕਾ ਨੇ ਪਹਿਲਾ ਬੰਬ ਅਫਗਾਨਿਸਤਾਨ ਉਪਰ ਸੁੱਟਦਿਆਂ ਲੜਾਈ ਦਾ ਬਿਗਲ ਵਜਾ ਦਿੱਤਾ। ਇਸ ਵਿਚਕਾਰ ਆਫੀਆ ਬੜੀ ਉਤਸ਼ਾਹਤ ਸੀ। ਕਦੇ ਉਹ ਕਿਸੇ ਕਮਰੇ 'ਚ ਜਾਂਦੀ ਸੀ ਤੇ ਕਦੇ ਕਿਸੇ ਵਿਚ। ਕਦੇ ਉਹ ਕੁਝ ਬੋਲਦੀ ਸੀ ਤੇ ਕਦੇ ਕੁਝ। ਘਰਵਾਲੇ ਉਸ ਦੀਆਂ ਹਰਕਤਾਂ ਤੋਂ ਬੜੇ ਅਵਾਜਾਰ ਹੋ ਗਏ ਸਨ। ਦੁਪਹਿਰ ਵੇਲੇ ਸਾਰੇ ਖਾਣੇ ਦੀ ਮੇਜ਼ 'ਤੇ ਬੈਠੇ ਤਾਂ ਅਮਜਦ ਦੇ ਵੱਡੇ ਭਰਾ ਨੇ ਗੱਲ ਛੇੜੀ, "ਆਫੀਆ, ਅਜਿਹੀ ਕਿਹੜੀ ਗੱਲ ਐ ਜੋ ਤੂੰ ਇਉਂ ਅਪਸੈਟ ਐਂ। ਨਾਲੇ ਕਿਹੜੀ ਗੱਲ ਕਰ ਕੇ ਤੈਨੂੰ ਖੜ੍ਹੇ ਪੈਰ ਅਮਰੀਕਾ ਛੱਡਣ ਦਾ ਫੁਰਨਾ ਫੁਰਿਆ?"

"ਕਿਉਂਕਿ ਉਥੇ ਦੇ ਅਮਰੀਕਨ ਲੋਕ, ਮੁਸਲਮਾਨਾਂ ਦੇ ਬੱਚੇ ਅਗਵਾ ਕਰਨ ਲੱਗ ਪਏ ਸਨ।"

"ਪਰ ਮੈਂ ਤਾਂ ਇਹ ਗੱਲ ਤੈਥੋਂ ਈ ਪਹਿਲੀ ਵਾਰ ਸੁਣ ਰਿਹਾ ਆਂ। ਮੇਰੇ ਹੋਰ ਵੀ ਕਈ ਦੋਸਤ ਉਥੇ ਨੇ, ਉਨ੍ਹਾਂ 'ਚੋਂ ਤਾਂ ਕਿਸੇ ਨੇ ਨ੍ਹੀਂ ਬੱਚੇ ਅਗਵਾ ਕਰਨ ਵਾਲੀ ਗੱਲ ਦੱਸੀ।"

"ਤਾਂ ਕੀ ਫਿਰ ਮੈਂ ਝੂਠ ਬੋਲਦੀ ਆਂ?" ਉਹ ਤਿੜਕੀ।

"ਪਰ ਆਫੀਆ ਤੇਰੇ ਆਪਣੇ ਭਰਾ ਅਤੇ ਭੈਣ ਦੇ ਬੱਚੇ ਵੀ ਤਾਂ ਉਥੇ ਈ ਨੇ। ਉਹ ਤਾਂ ਆਪਣੇ ਬੱਚਿਆਂ ਨੂੰ ਲੈ ਕੇ ਆਏ ਨਾ?"

"ਤੁਸੀਂ ਸਭ ਮੈਨੂੰ ਬੇਵਕੂਫ ਸਮਝਦੇ ਓਂ? ਤੁਹਾਡਾ ਮਤਲਬ ਇਸ ਸਭ ਲਈ ਮੈਂ ਈ ਜ਼ਿੰਮੇਵਾਰ ਆਂ?" ਇੰਨਾ ਕਹਿੰਦਿਆਂ ਉਹ ਉਠੀ ਤੇ ਉਚੀ-ਉਚੀ ਬੋਲਦੀ ਪੌੜੀਆਂ ਚੜ੍ਹ ਗਈ। ਘਰ ਵਾਲੇ ਉਸ ਦਾ ਇਹ ਵਿਹਾਰ ਦੇਖ ਕੇ ਹੈਰਾਨ ਰਹਿ ਗਏ। ਨਾਲ ਹੀ ਉਨ੍ਹਾਂ ਨੂੰ ਹੋਰ ਕਈ ਗੱਲਾਂ ਵੀ ਪ੍ਰੇਸ਼ਾਨ ਕਰ ਰਹੀਆਂ ਸਨ। ਵੱਡੀ ਗੱਲ ਸੀ ਕਿ ਆਫੀਆ ਘਰ ਅੰਦਰ ਵੀ ਸਿਰ ਤੋਂ ਪੈਰਾਂ ਤੱਕ ਬੁਰਕੇ 'ਚ ਲਿਪਟੀ ਹੋਈ ਸੀ। ਉਸ ਦੀਆਂ ਸਿਰਫ ਅੱਖਾਂ ਦਿਸਦੀਆਂ ਸਨ, ਜਦੋਂ ਕਿ ਖਾਨ ਪਰਿਵਾਰ 'ਚ ਬੁਰਕੇ ਨੂੰ ਬਹੁਤੀ ਅਹਿਮੀਅਤ ਨਹੀਂ ਦਿੱਤੀ ਜਾਂਦੀ ਸੀ। ਉਂਜ ਵੀ ਉਹ ਸੋਚਦੇ ਸਨ ਕਿ ਇੰਨੇ ਸਾਲ ਅਮਰੀਕਾ ਵਰਗੇ ਮਾਡਰਨ ਮੁਲਕ ਵਿਚ ਰਹਿ ਕੇ ਵੀ ਉਹ ਉਸੇ ਦਕੀਆਨੂਸੀ ਅੰਦਾਜ਼ 'ਚ ਜਿਉਂ ਰਹੀ ਹੈ। ਖੈਰ, ਜਦੋਂ ਉਹ ਬੁੜਬੜਾਉਂਦੀ ਪੌੜੀਆਂ ਚੜ੍ਹ ਗਈ ਤਾਂ ਉਸ ਦੀ ਸੱਸ ਉਸ ਦੇ ਮਗਰੇ ਗਈ। ਵਾਹਵਾ ਦੇਰ ਪਿੱਛੋਂ ਉਹ ਉਸ ਨੂੰ ਕਿਸੇ ਤਰ੍ਹਾਂ ਮਨਾ ਕੇ ਵਾਪਸ ਖਾਣੇ ਦੇ ਮੇਜ਼ 'ਤੇ ਲੈ ਆਈ। ਉਹ ਆ ਤਾਂ ਗਈ ਪਰ ਉਸ ਨੇ ਬੁਰਕਾ ਪਾਸੇ ਨਾ ਕੀਤਾ। ਇਸ 'ਤੇ ਜ਼ਾਹਿਰਾ ਖਾਂ ਬੋਲੀ, "ਆਫੀਆ ਬੇਟੀ, ਹੁਣ ਤੂੰ ਪਰਦਾ ਹਟਾ ਸਕਦੀ ਐਂ, ਇੱਥੇ ਸਭ ਘਰ ਦੇ ਈ ਨੇ।"

"ਇੱਥੇ ਬੈਠੇ ਸਭ ਲੋਕ ਸ਼ੈਤਾਨ ਨੇ। ਕਿਸੇ ਨੂੰ ਇਸਲਾਮ ਦੀ ਪ੍ਰਵਾਹ ਨ੍ਹੀਂ ਐ।" ਉਹ ਫਿਰ ਭਾਸ਼ਣ ਦੇਣ ਲੱਗ ਪਈ। ਉਹ ਅਮਜਦ ਦੇ ਘਰਵਾਲਿਆਂ ਦੀ ਬੇਇਜ਼ਤੀ ਕਰ ਰਹੀ ਸੀ ਕਿ ਉਹ ਲੋਕ ਮਜ਼ਹਬ ਬਾਰੇ ਕੁਝ ਨਹੀਂ ਜਾਣਦੇ। ਆਖਰ ਨਈਮ ਖਾਂ ਖਾਣੇ ਦੇ ਮੇਜ਼ ਤੋਂ ਉਠ ਗਿਆ। ਉਹ ਆਪਣੀ ਨੂੰਹ ਨਾਲ ਕੋਈ ਗੱਲ ਵੀ ਨਹੀਂ ਕਰ ਸਕਦਾ ਸੀ ਤੇ ਚੁੱਪ ਕਰ ਕੇ ਉਸ ਦੀਆਂ ਬੇਹੂਦਾ ਗੱਲਾਂ ਵੀ ਨਹੀਂ ਸੁਣ ਸਕਦਾ ਸੀ। ਉਹ ਉਠ ਕੇ ਬਾਹਰ ਚਲਾ ਗਿਆ। ਉਸੇ ਰਾਤ ਉਸ ਨੇ ਅਮਜਦ ਨੂੰ ਫੋਨ ਕਰ ਕੇ ਕਿਹਾ ਕਿ ਉਹ ਛੇਤੀ ਵਾਪਸ ਆ ਕੇ ਆਪਣੀ ਬੇਗਮ ਨੂੰ ਸੰਭਾਲੇ, ਕਿਉਂਕਿ ਉਸ ਨੇ ਸਾਰੇ ਪਰਿਵਾਰ ਦਾ ਜਿਉਣਾ ਔਖਾ ਕੀਤਾ ਪਿਆ ਹੈ। ਆਫੀਆ ਨੇ ਵੀ ਅਮਜਦ ਨੂੰ ਫੋਨ ਕਰ ਕੇ ਕਿਹਾ, "ਅਮਜਦ, ਹੁਣ ਤੂੰ ਆ ਕੇ ਫੈਸਲਾ ਕਰ ਲੈ ਕਿ ਤੂੰ ਸ਼ੈਤਾਨਾਂ ਨਾਲ ਰਹਿਣਾ ਐ ਜਾਂ ਫਿਰ ਮੇਰੇ ਨਾਲ?"

"ਆਫੀਆ, ਮੇਰੇ ਇਮਤਿਹਾਨ ਵਿਚ ਇਸ ਵੇਲੇ ਸਿਰਫ ਪੰਜ ਮਹੀਨੇ ਰਹਿੰਦੇ ਨੇ। ਜੇ ਮੈਂ ਹੁਣ ਆ ਜਾਂਦਾ ਹਾਂ ਤਾਂ ਹੁਣ ਤੱਕ ਦਾ ਕੀਤਾ ਕਰਾਇਆ ਸਾਰਾ ਖੂਹ ਵਿਚ ਪੈ ਜਾਵੇਗਾ। ਤੂੰ ਮੈਨੂੰ ਆਪਣੀ ਪੜ੍ਹਾਈ ਪੂਰੀ ਕਰ ਲੈਣ ਦੇ। ਉਦੋਂ ਤੱਕ ਤੂੰ ਕਿਵੇਂ ਨਾ ਕਿਵੇਂ ਅਡਜਸਟ ਕਰ।"

ਅਮਜਦ ਵਿਚਕਾਰ ਫਸ ਗਿਆ। ਉਸ ਦੇ ਘਰ ਦੇ ਉਸ ਨੂੰ ਆਉਣ ਨੂੰ ਕਹਿ ਰਹੇ ਸਨ। ਉਧਰ, ਆਫੀਆ ਵੀ ਦਿਨ ਰਾਤ ਉਸ ਨੂੰ ਆਉਣ ਲਈ ਫੋਨ 'ਤੇ ਫੋਨ ਕਰ ਰਹੀ ਸੀ। ਅੱਕ ਕੇ ਉਸ ਨੇ ਯੂਨੀਵਰਸਿਟੀ ਤੋਂ ਇਜਾਜ਼ਤ ਲਈ ਅਤੇ ਪਾਕਿਸਤਾਨ ਚੱਲ ਪਿਆ।

*(ਚਲਦਾ)*

---

# ਉਡ-ਉਡ ਜਾਣ ਨਿਸ਼ਾਨੀਆਂ...

ਮੂੰਹ ਆਈ ਬਾਤ



ਮੇਜਰ ਕੁਲਾਰ ਬੋਪਾਰਾਏਕਲਾਂ
ਫੋਨ:916-273-2856
www.boparaisudhar.com

"ਸਤਿ ਸ੍ਰੀ ਅਕਾਲ, ਤਾਇਆ ਜੀ", ਆਪਣੇ ਵੱਲ ਆ ਰਹੇ ਦਲੀਪ ਸਿੰਘ ਕੈਨੇਡੀਅਨ ਨੂੰ ਦੇਖਦੇ ਹੋਏ ਪਰੀਤੇ ਨੇ ਫਤਿਹ ਬੁਲਾਈ।

"ਕਿਵੇਂ ਆ ਜਵਾਨ ਪ੍ਰੀਤਮ ਸਿੰਘ!" ਦੂਜੇ ਪਾਸਿਓਂ ਤੁਰਿਆ ਆਉਂਦਾ ਕੈਪਟਨ ਜਗਤ ਸਿੰਘ ਬੋਲਿਆ।

"ਲੈ ਬਈ ਦੋ ਤਾਏ ਇਕੱਠੇ ਹੋ ਗਏ, ਹੁਣ ਕਰਵਾਉਣਗੇ ਬਹਿ ਜਾ-ਬਹਿ ਜਾ।" ਪਰੀਤਾ ਹੱਸਿਆ।

"ਪਰੀਤਿਆ ਦਾਦੇ ਵਾਲਾ ਘਰ ਢਾਹ ਦਿੱਤਾ, ਮੁਕਾ ਦਿੱਤੀ ਉਸ ਦੀ ਆਖਰੀ ਨਿਸ਼ਾਨੀ?" ਕੈਨੇਡੀਅਨ ਨੇ ਖੂੰਡੀ 'ਤੇ ਦੋਵੇਂ ਹੱਥ ਜੋੜ ਕੇ ਖੜ੍ਹਨ ਦਾ ਸਹਾਰਾ ਲੈਂਦਿਆਂ ਕਿਹਾ।

"ਤਾਇਆ ਜੀ ਕੀ ਦੱਸੀਏ, ਰਾਹ ਉਚੇ ਹੋਣ ਕਰ ਕੇ ਸਾਰਾ ਘਰ ਮੱਛੀ ਫਾਰਮ ਬਣ ਜਾਂਦਾ ਸੀ। ਮੀਂਹ ਜਲੰਧਰ ਹੁੰਦਾ ਸੀ, ਅਸੀਂ ਫੌਜੀਆਂ ਵਾਂਗ ਬੋਰੀਆਂ ਪਹਿਲਾਂ ਭਰਨ ਲੱਗ ਜਾਂਦੇ ਸੀ। ਹਾਰ ਕੇ ਅੱਕ ਚੱਬਣਾ ਪਿਆ।" ਪਰੀਤੇ ਨੇ ਪਾਣੀ ਦੀ ਭਰੀ ਬਾਲਟੀ ਘਾਣੀ ਵਿਚ ਡੋਲ੍ਹਦਿਆਂ ਕਿਹਾ।

"ਦਲੀਪ ਸਿਆਂ! ਦੇਖ ਲੈ ਸਮੇਂ ਦੇ ਮੰਗਲ ਨੇ, ਉਹ ਦਿਨ ਵੀ ਸਨ ਜਿਸ ਦਿਨ ਕਿਹਰ ਸਿਉਂ ਨੇ ਇੱਥੇ ਘਰ ਬਣਾਇਆ ਸੀ। ਲੋਕੀਂ ਖੜ੍ਹ-ਖੜ੍ਹ ਦੇਖਦੇ ਸਨ ਕਿ ਜੱਟ ਨੇ ਵੀਹ ਖਣ ਦੀ ਦਲਾਨ ਛੱਤੀ ਹੈ।" ਕੈਪਟਨ ਨੇ ਕੋਟ ਦਾ ਉਤਲਾ ਬਟਨ ਖੋਲ੍ਹਦਿਆਂ ਕਿਹਾ।

"ਪਰੀਤਿਆ ਜਿੱਥੇ ਤੂੰ ਖੜ੍ਹਾਂ, ਇਥੇ ਦਸ ਬੇਰੀਆਂ ਹੁੰਦੀਆਂ ਸਨ ਲਾਈਨ ਦੇ ਵਿਚ, ਔਹ ਸਾਹਮਣੇ ਤੂੜੀ ਵਾਲਾ ਕੋਠਾ ਹੁੰਦਾ ਸੀ। ਇਥੇ ਬਲਦ ਤੇ ਬੋਤਾ ਬੰਨ੍ਹਿਆ ਹੁੰਦਾ ਸੀ।" ਕੈਨੇਡੀਅਨ ਨੇ ਸਾਰੇ ਘਰ ਦੀ ਨਿਸ਼ਾਨਦੇਹੀ ਦੱਸੀ।

"ਜਦੋਂ ਭਾਰੇ ਮੀਂਹ ਆਏ ਤਾਂ ਸਭ ਕੁਝ ਢਹਿ ਗਿਆ। ਤੇਰਾ ਦਾਦਾ ਆਪਣੇ ਜਵਾਕ ਚੁੱਕ ਕੇ ਹਵੇਲੀ ਵਾਲਿਆਂ ਦੇ ਘਰ ਚਲਿਆ ਗਿਆ। ਪੰਜਾਂ ਦਿਨਾਂ ਬਾਅਦ ਰੱਬ ਨੇ ਮੀਂਹ ਥੰਮ੍ਹਿਆ। ਤੇਰੇ ਦਾਦੇ ਨੇ ਫਿਰ ਪ੍ਰਣ ਕੀਤਾ ਕਿ ਪਹਿਲਾਂ ਘਰ ਬਣਾਉਣਾ ਹੈ।" ਕੈਪਟਨ ਨੇ ਦੋਹਾਂ ਹੱਥਾਂ ਦੀਆਂ ਤਲੀਆਂ ਨਾਲ ਆਪਣੀ ਦਾੜ੍ਹੀ ਘੁੱਟਦਿਆਂ ਕਿਹਾ।

"ਲੈ ਤਾਇਆ ਜੀ ਚਾਹ ਪੀਓ", ਪਰੀਤੇ ਨੇ ਦੋਹਾਂ ਨੂੰ ਚਾਹ ਦੇ ਗਲਾਸ ਫੜਾਉਂਦਿਆਂ ਕਿਹਾ।

"ਸਭ ਤੋਂ ਪਹਿਲਾਂ ਤੇਰੇ ਦਾਦੇ ਨੇ ਆਪਣੇ ਹਾਣੀ ਸੱਦ ਕੇ ਬੇਰੀਆਂ ਪੁੱਟ ਕੇ ਚਾਰ-ਚਾਰ ਫੁੱਟ ਦੇ ਗੋਲੇ ਬਣਵਾਏ। ਉਨ੍ਹਾਂ ਨੂੰ ਸੁਕਾ ਕੇ ਬਾਲੇ ਬਣਵਾਏ, ਦੇਹਰਾਦੂਨ ਤੋਂ ਸ਼ਤੀਰੀਆਂ ਮੰਗਵਾਈਆਂ," ਕੈਨੇਡੀਅਨ ਅਜੇ ਬੋਲਦਾ ਹੀ ਸੀ ਕਿ ਪਰੀਤਾ ਅੱਗਿਓਂ ਬੋਲ ਪਿਆ, "ਤਾਇਆ ਜੀ! ਬਾਪੂ (ਦਾਦਾ) ਅਨਪੜ੍ਹ ਬੰਦਾ ਦੇਹਰਾਦੂਨ ਕਿਵੇਂ ਚਲਾ ਗਿਆ?"

"ਪਰੀਤਿਆ! ਆਪਣੇ ਲੰਬੜਦਾਰਾਂ ਦੇ ਮੁੰਡੇ ਦੇ ਉਥੇ ਟਰੱਕ ਚੱਲਦੇ ਸੀ। ਉਸ ਤੋਂ ਸ਼ਤੀਰੀਆਂ ਮੰਗਵਾਈਆਂ ਸਨ। ਨਾਲੇ, ਵਿਚ ਨਹੀਂ ਬੋਲੀਦਾ, ਗੱਲ ਦਾ ਸਵਾਦ ਖਰਾਬ ਹੋ ਜਾਂਦੈ।" ਕੈਨੇਡੀਅਨ ਨੇ ਖਾਲੀ ਗਲਾਸ ਪਰੀਤੇ ਦੀ ਤਲੀ 'ਤੇ ਰੱਖਦਿਆਂ ਕਿਹਾ।

"ਆਲੇ-ਦੁਆਲੇ ਡੇਢ ਇੱਟ ਦੀਆਂ ਕੰਧਾਂ ਉਸਾਰੀਆਂ, ਵਿਚਾਲੇ ਵੀਹ ਫੁੱਟ ਦਾ ਲੈਂਟਰ ਲਾ ਕੇ ਦਸ-ਦਸ ਖਣ ਦੇ ਦੋ ਪੱਖੇ ਛੱਤ ਦਿੱਤੇ। ਵੱਖੀਆਂ ਤੋਂ ਲੈਂਟਰ ਥੱਲੇ ਕੰਧਾਂ ਕੱਢ ਦਿੱਤੀਆਂ। ਜੱਸੋਵਾਲੀਏ ਜੀਵਾ ਸਿਉਂ ਨੇ ਕਿਹਾ ਸੀ, ਕਿਹਰ ਸਿਆਂ, ਲੈਂਟਰ ਉਤੋਂ ਦੀ ਭਲਾ ਰੇਲ ਗੱਡੀ ਲੰਘ ਜਾਵੇ, ਲੈਂਟਰ ਟੁੱਟਦਾ ਨਹੀਂ। ਇਹ ਲੈਂਟਰ ਵਾਲੀ ਦਲਾਨ ਤੇਰੇ ਦਾਦੇ ਨੇ ਸਾਰਿਆਂ ਤੋਂ ਪਹਿਲਾਂ ਛੱਤੀ ਸੀ, ਨਹੀਂ ਤਾਂ ਲੋਕ ਲਟੈਣਾਂ ਪਾਉਂਦੇ ਸੀ। ਇਕ-ਇਕ ਇੱਟ 'ਤੇ ਤੇਰੇ ਦਾਦੇ ਦਾ ਖੂਨ-ਪਸੀਨਾ ਲੱਗਿਆ ਸੀ। ਉਸ ਵੇਲੇ ਇਹ ਘਰ ਸਾਰਿਆਂ ਘਰਾਂ ਨਾਲੋਂ ਉਚਾ ਸੀ।" ਕੈਪਟਨ ਨੇ ਦੋਵੇਂ ਬਾਹਾਂ ਸਾਈਡਾਂ ਵੱਲ ਕਰਦਿਆਂ ਕਿਹਾ।

"ਤਾਇਆ ਜੀ! ਜਦੋਂ ਵੀਹ ਖਣ ਛੱਤੇ ਸੀ, ਪਿਛਲੇ ਦਸਾਂ ਖਣਾਂ ਦੇ ਦੋ ਕਮਰੇ ਬਣਾ ਲੈਂਦੇ, ਮੂਹਰੇ ਅੱਠ ਖਣ ਦਾ ਵਰਾਂਡਾ ਰੱਖ ਕੇ ਖੱਬੀ ਵੱਖੀ ਤੇ ਦੋ ਖਣ ਦੀ ਰਸੋਈ ਛੱਡ ਲੈਂਦੇ। ਆਹ ਐਨਾ ਵੱਡਾ ਕੋਠਾ ਛੱਤਣ ਦੀ ਕੀ ਲੋੜ ਪਈ ਸੀ?" ਪਰੀਤੇ ਨੂੰ ਦਾਦੇ ਦੀ ਵਿਉਂਤਬੰਦੀ 'ਤੇ ਗਿਲਾ ਸੀ।

"ਗੱਲ ਸੁਣ ਉਏ ਵੱਡਿਆ ਸਿਆਣਿਆ! ਆਹ ਜਿਹੜੇ ਨਿੱਕੇ-ਨਿੱਕੇ ਕਮਰੇ ਜਿਹੇ ਬਣਾ ਕੇ ਕੋਠੀ ਕਹਿੰਦੇ ਹੋ, ਇਹ ਨਿਰੀ ਲੜਾਈ ਦੀ ਜੜ੍ਹ ਹੈ। ਇਨ੍ਹਾਂ ਦਲਾਨਾਂ ਵਿਚ ਸਾਰਾ ਟੱਬਰ ਇਕੱਠਾ ਸੌਂਦਾ ਸੀ। ਧੀਆਂ, ਭੈਣਾਂ ਵੀ ਕੋਲ ਪਈਆਂ ਹੁੰਦੀਆਂ ਸੀ। ਦਾਦੀ ਰਾਜੇ-ਮਹਾਰਾਜੇ, ਪੀਰ-ਪੈਗੰਬਰਾਂ, ਗੁਰੂਆਂ ਰਿਸ਼ੀਆਂ, ਮੁਨੀਆਂ ਦੀਆਂ ਕਹਾਣੀਆਂ, ਸਾਖੀਆਂ ਸੁਣਾਉਂਦੀ ਸੀ। ਸਾਰੇ ਬੜੇ ਧਿਆਨ ਨਾਲ ਸੁਣਦੇ ਸੀ। ਰਾਤ ਨੂੰ ਹੀ ਸਵੇਰੇ ਵਾਲੇ ਕੰਮ ਦੀ ਵਿਉਂਤ ਬਣਾ ਲਈ ਜਾਂਦੀ ਸੀ। ਨਾ ਕਿਸੇ ਧੀ-ਭੈਣ ਦੀ ਰਾਖੀ ਕਰਨੀ ਪੈਂਦੀ ਸੀ। ਇਨ੍ਹਾਂ ਦਾ ਦਿਲ ਵੀ ਮਨੁੱਖਾਂ ਵਰਗਾ ਤਕੜਾ ਹੋ ਜਾਂਦਾ ਸੀ। ਲੋਕਾਂ ਕੋਲ ਪੈਸਾ ਘੱਟ ਸੀ, ਸੁੱਖ ਸਹੂਲਤਾਂ ਘੱਟ ਸਨ ਪਰ ਆਪਸੀ ਪਿਆਰ ਦਾ ਧਨ ਬਥੇਰਾ ਸੀ। ਸਾਰੀਆਂ ਜ਼ਰੂਰਤਾਂ ਖੇਤਾਂ ਤੇ ਘਰਾਂ ਵਿਚੋਂ ਪੂਰੀਆਂ ਹੋ ਜਾਂਦੀਆਂ ਸਨ। ਤੁਹਾਨੂੰ ਮੱਖਣੀ ਖਾਣ ਨੂੰ ਨਹੀਂ ਮਿਲਦੀ, ਅਸੀਂ ਮੱਖਣੀ ਤੋਂ ਗਰੀਸ ਦਾ ਕੰਮ ਲੈ ਲੈਂਦੇ ਸੀ। ਦਾਦੇ ਤੇਰੇ ਨੇ ਪੰਜ ਪੁੱਤ ਤੇ ਦੋ ਧੀਆਂ ਪਾਲੀਆਂ ਸਨ। ਹੁਣ ਤੁਹਾਡੇ ਚਾਰਾਂ ਕੋਲੋਂ ਆਪਣਾ ਪਿਓ ਨਹੀਂ ਪਾਲਿਆ (ਸਾਂਭਿਆ) ਜਾਂਦਾ।" ਕੈਨੇਡੀਅਨ ਦਲੀਪ ਸਿੰਘ ਪਰੀਤੇ ਵੱਲ ਸਿੱਧਾ ਹੋ ਲਿਆ ਸੀ।

"ਤਾਇਆ ਜੀ! ਆਏ ਗਏ ਦੀ ਬੈਠਕ ਕਿੱਥੇ ਹੁੰਦੀ ਸੀ?" ਪਰੀਤੇ ਨੇ ਅੱਜ ਦੇ ਗੈਸਟ ਰੂਮ ਬਾਰੇ ਪੁੱਛਦਿਆਂ ਸਵਾਲ ਕੀਤਾ।

"ਪਰੀਤਿਆ! ਕਲਯੁੱਗ ਵਿਚ ਲੋਕਾਂ ਨੂੰ ਪਰਦਿਆਂ ਦੀ ਲੋੜ ਪਈ; ਸਾਡੇ ਵੇਲੇ ਤਾਂ ਸਾਰਾ ਕੁਝ ਦਲਾਨਾਂ ਵਿਚ ਹੀ ਹੁੰਦਾ ਸੀ। ਸਿੱਧੇ ਲੋਕ ਤੇ ਸਿੱਧੀਆਂ ਗੱਲਾਂ ਹੁੰਦੀਆਂ ਸਨ। ਆਏ ਗਏ ਨਾਲ ਪੜਦੇ ਵਿਚ ਨਹੀਂ, ਖੁੱਲ੍ਹ ਕੇ ਗੱਲਾਂ ਕਰੀਦੀਆਂ ਸਨ।" ਕੈਨੇਡੀਅਨ ਨੇ ਆਪਣੀ ਬੱਗੀ ਦਾੜ੍ਹੀ 'ਤੇ ਹੱਥ ਫੇਰਦਿਆਂ ਕਿਹਾ।

"ਤਾਇਆ ਜੀ! ਬਾਹਰ ਵੀ ਕੋਠੀਆਂ ਹਨ ਕਿ ਦਲਾਨਾਂ ਛੱਤੀਆਂ ਹੋਈਆਂ ਹਨ।" ਪਰੀਤਾ ਸਿੱਧਾ ਬਿਨਾਂ ਵੀਜ਼ੇ ਤੋਂ ਕੈਨੇਡਾ-ਅਮਰੀਕਾ ਹੋ ਆਉਣ ਦੇ ਖਿਆਲ ਨਾਲ ਪੁੱਛ ਬੈਠਾ।

"ਪਰੀਤਿਆ ਉਥੇ ਦੀ ਸੁਣ ਲੈ ਗੱਲ। ਪਿਛਲੇ ਸਾਲ ਮੈਂ ਅਮਰੀਕਾ ਆਪਣੀ ਧੀ ਰਾਣੀ ਕੋਲ ਟਰੇਸੀ ਸ਼ਹਿਰ ਗਿਆ। ਉਨ੍ਹਾਂ ਨੇ ਲੈਣਾ ਸੀ ਘਰ। ਰਾਣੀ ਦੇ ਤਿੰਨ ਜਵਾਕ ਨੇ-ਦੋ ਕੁੜੀਆਂ ਤੇ ਇਕ ਮੁੰਡਾ। ਘਰ ਉਹ ਦੇਖਣ ਪੰਜ ਕਮਰਿਆਂ ਵਾਲਾ ਖੁੱਲ੍ਹਾ-ਡੁੱਲ੍ਹਾ। ਜਵਾਈ ਸਾਡਾ ਚਲਾਉਂਦੈ ਟਰੱਕ। ਰਾਣੀ ਇਕੱਲੇ ਜਵਾਕ ਸਾਂਭਦੀ ਹੈ; ਯਾਨਿ ਕੰਮ 'ਤੇ ਨਹੀਂ ਜਾਂਦੀ। ਮੈਂ ਕਿਹਾ-ਦੇਖ ਕੁੜੀਏ! ਘਰ ਤਿੰਨ ਕਮਰਿਆਂ ਦਾ ਬਥੇਰਾ ਹੈ। ਪਹਿਲਾਂ ਨਿਆਣੇ ਪਾਲ ਲਾ; ਤੂੰ ਵੀ ਕੰਮ 'ਤੇ ਲੱਗ ਜਾਈਂ; ਫਿਰ ਵੱਡੇ ਘਰ ਨੂੰ ਹੱਥ ਪਾ ਲਿਉ। ਰਾਣੀ ਕਹਿੰਦੀ-ਬਾਪੂ ਜੀ ਘਰ ਰੋਜ਼-ਰੋਜ਼ ਨਹੀਂ ਲੈ ਹੁੰਦੇ। ਇਕ ਵਾਰੀ ਹੀ ਵਧੀਆ ਘਰ ਖਰੀਦ ਲੈਣਾ ਹੈ। ਚੱਲੋ ਜੀ ਉਨ੍ਹਾਂ ਨੇ ਆਪਣੀ ਮਰਜ਼ੀ ਕਰਦਿਆਂ ਪੰਜ ਕਮਰਿਆਂ ਵਾਲਾ ਘਰ ਚਾਰ ਲੱਖ ਡਾਲਰ ਦਾ ਲੈ ਲਿਆ। ਪੰਜਾਹ ਹਜ਼ਾਰ ਡਾਲਰ ਪਹਿਲਾਂ ਦੇ ਦਿੱਤਾ ਤੇ ਸਾਢੇ ਤਿੰਨ ਲੱਖ ਡਾਲਰ ਦੀ ਕਿਸ਼ਤ ਬਣ ਗਈ। ਪ੍ਰਾਪਰਟੀ ਟੈਕਸ ਤੇ ਇੰਸ਼ੋਰੈਂਸ ਸਮੇਤ ਤਿੰਨ ਹਜ਼ਾਰ ਡਾਲਰ ਮਹੀਨੇ ਦੀ ਕਿਸ਼ਤ। ਘਰ ਦੀ ਚਾਬੀ ਚਾਵਾਂ ਨਾਲ ਫੜੀ। ਸੱਜਣ-ਮਿੱਤਰ ਸੱਦੇ। ਸਾਰੇ ਕਹਿਣ ਘਰ ਬਹੁਤ ਸੋਹਣਾ ਹੈ। ਮੈਂ ਅੰਦਰੋਂ ਕੰਬੀ ਜਾਵਾਂ ਕਿ ਜਵਾਈ ਵਿਚਾਰੇ ਦੀ ਇਕੱਲੀ ਕਮਾਈ ਹੈ। ਰੱਬ ਨਾ ਕਰੇ, ਜਵਾਈ ਨੂੰ ਮਹੀਨਾ ਦੋ ਮਹੀਨੇ ਕੰਮ ਨਾ ਮਿਲੇ; ਢਿੱਲਾ-ਮਿੱਠਾ ਹੋ ਜਾਵੇ ਤਾਂ ਘਰ ਦੀ ਕਿਸ਼ਤ ਤੇ ਖਰਚਾ ਕਿੱਥੋਂ ਆਵੇਗਾ? ਪਰੀਤਿਆ! ਜਿਹੜੇ ਕੋਲੇ ਡਾਲਰ ਸੀ, ਉਨ੍ਹਾਂ ਦਾ ਘਰ ਵਾਲਾ ਸਾਰਾ ਸਮਾਨ ਬਣਾ ਲਿਆ ਤੇ ਬਰਾਬਰ ਹੁੰਦਿਆਂ ਜਵਾਈ ਨੇ ਟਰੱਕ ਤੋਰ ਲਿਆ। ਛੇ ਮਹੀਨੇ ਤਾਂ ਕੰਮ ਚੱਲਦਾ ਗਿਆ। ਅੱਗੇ ਟੈਕਸ ਭਰਨ ਦਾ ਸਮਾਂ ਆ ਗਿਆ। ਉਧਰ ਜਵਾਈ ਦੇ ਟਰੱਕ ਦਾ ਇੰਜਣ ਫਰੀਜ਼ ਹੋ ਗਿਆ। ਘਰੇ ਕਾਟੋ-ਕਲੇਸ਼ ਹੋਣ ਲੱਗ ਗਿਆ। ਮੈਂ ਕੁੜੀ ਨੂੰ ਆਖਿਆ ਕਿ ਹੁਣ ਸੁਖਾਲੀ ਆਂ? ਚਾਦਰ ਦੇਖ ਕੇ ਪੈਰ ਪਸਾਰੀਦੇ ਨੇ। ਰਾਣੀ ਟੇਢੀ ਜਿਹੀ ਦੇਖੇ।

ਫਿਰ ਕਨੈਡਾ ਤੋਂ ਮੁੰਡੇ ਕੋਲੋਂ ਡਾਲਰ ਮੰਗਵਾਏ। ਪਿੰਡੋਂ ਇਨ੍ਹਾਂ ਨੇ ਭੇਜੇ। ਬੱਸ ਇਨ੍ਹਾਂ ਰੁਪਏ ਨਾਲ ਜਵਾਈ ਨੇ ਛੇ ਮਹੀਨੇ ਤਾਂ ਨੱਕ ਡੁੱਬਣ ਨਹੀਂ ਦਿੱਤਾ, ਅਖੀਰ ਭਾਈ ਘਰ ਬੈਂਕ ਨੂੰ ਚਲਿਆ ਗਿਆ। ਘਰ ਦਾ ਬਣਾਇਆ ਸਾਮਾਨ ਕਿਰਾਏ ਵਾਲੇ ਕਮਰਿਆਂ ਵਿਚ ਰੱਖ ਕੇ ਫਿਰ ਅਪਾਰਮੈਂਟ ਵਿਚ ਰਹਿਣ ਲੱਗ ਪਏ। ਪਰੀਤਿਆ ਮਕਾਨ ਲੈਂਟਰ ਦੀ ਮਜ਼ਬੂਤੀ 'ਤੇ ਨਹੀਂ, ਸਗੋਂ ਨੀਂਹਾਂ ਦੀ ਮਜ਼ਬੂਤੀ 'ਤੇ ਖੜ੍ਹਦੇ ਆ। ਮਕਾਨ ਢਹਿੰਦਾ ਜ਼ਰੂਰ ਬਨੇਰੇ ਤੋਂ ਐ।" ਦਲੀਪ ਸਿੰਘ ਕੈਨੇਡੀਅਨ ਨੇ ਵੱਡੇ ਘਰਾਂ ਦੀ ਕਹਾਣੀ ਸੁਣਾਉਂਦਿਆਂ ਕਿਹਾ।

"ਤਾਇਆ ਜੀ, ਅਖੀਰ ਵਾਲੀ ਕਹਾਵਤ ਦੀ ਸਮਝ ਨਹੀਂ ਆਈ, ਨੀਂਹਾਂ ਅਤੇ ਬੰਨੇਰੇ ਵਾਲੀ।" ਪਰੀਤੇ ਨੇ ਪੁੱਛਿਆ।

"ਪੁੱਤਰਾ! ਪਰਿਵਾਰ ਰੂਪੀ ਮਕਾਨ ਵੀ ਪਿਆਰ ਤੇ ਏਕਤਾ ਦੀਆਂ ਨੀਂਹਾਂ ਨਾਲ ਮਜ਼ਬੂਤ ਹੁੰਦਾ ਹੈ। ਜੇ ਇਨ੍ਹਾਂ ਵਿਚ ਏਕਤਾ ਤੇ ਪਿਆਰ ਮੁੱਕ ਗਿਆ ਤਾਂ ਘਰ ਬੰਨੇਰੇ ਤੋਂ ਢਹਿਣਾ ਸ਼ੁਰੂ ਹੋ ਜਾਂਦਾ ਹੈ। ਜੇ ਘਰ ਦਾ ਬੰਨੇਰਾ ਰੂਪੀ ਮੁਖੀਆ ਆਪਣੇ ਕਬੀਲਦਾਰੀ ਦੇ ਗਾਡੀਰਾਹ ਤੋਂ ਭਟਕ ਜਾਵੇ ਤਾਂ ਫਿਰ ਚਹੁੰ ਦਿਨਾਂ ਬਾਅਦ ਹੀ ਤਾਰਾ...ਰਾਰਾ...ਹੋ ਜਾਂਦੀ ਹੈ।" ਕੈਨੇਡੀਅਨ ਨੇ ਕਹਾਵਤ ਦਾ ਨਿਚੋੜ ਕੱਢਦਿਆਂ ਕਿਹਾ।

"ਪਰੀਤਿਆ! ਆਹ ਲੈਂਟਰ ਨਹੀਂ ਢਾਹੁਣਾ?" ਨਾਜ਼ਰ ਨੇ ਸਾਇਕਲ ਸਟੈਂਡ 'ਤੇ ਖੜ੍ਹਾ ਕਰਦਿਆਂ ਪੁੱਛਿਆ।

"ਦੇਖ ਚਾਚਾ, ਦਾਦੇ ਵਾਲਾ ਘਰ ਤਾਂ ਢਾਹ ਦਿੱਤਾ, ਪਰ ਆਹ ਵਿਚਕਾਰਲਾ ਲੈਂਟਰ ਦਾਦੇ ਦੀ ਨਿਸ਼ਾਨੀ ਰੱਖ ਲਿਆ। ਦੇਹਰਾਦੂਨ ਵਾਲੀਆਂ ਸ਼ਤੀਰੀਆਂ ਦੇ ਬਾਲੇ ਬਣਵਾ ਲਏ। ਇੱਟਾਂ ਵੀ ਦਾਦੇ ਵਾਲੀਆਂ ਹੀ ਹਨ। ਬੱਸ ਅਸੀਂ ਤਾਂ ਗਾਰਾ ਤੇ ਸੀਮੈਂਟ ਹੀ ਨਵਾਂ ਲਾਉਣਾ ਹੈ। ਤੂੰ ਸਮਝ ਦਲਾਨ ਦੀ ਕੋਠੀ ਬਣਾ ਦੇਣੀ ਹੈ।" ਪਰੀਤੇ ਨੇ ਪੁਰਾਣੇ ਅਤੇ ਨਵੇਂ ਘਰ ਦੀ ਵਿਉਂਤਬੰਦੀ ਦੱਸੀ।

"ਚਲੋ! ਫਿਰ ਵੀ ਠੀਕ ਹੈ ਦਾਦਾ ਜਿਉਂਦਾ ਰੱਖ ਲਿਆ। ਜੇ ਕੋਈ ਪੁੱਛਿਆ ਕਰੂ ਕਿ ਆਹ ਵਿਚਾਲੇ ਲੈਂਟਰ ਕਿਉਂ ਰੱਖਿਆ ਤਾਂ ਕਹਿ ਦਿਆਂ ਕਰੀਂ ਦਾਦਾ ਜੀ ਦੀ ਨਿਸ਼ਾਨੀ ਹੈ।" ਨਾਜ਼ਰ ਗੱਲ ਕਹਿ ਕੇ ਮੁੱਛਾਂ 'ਚ ਹੱਸ ਪਿਆ।

"ਚਾਚਾ ਮੈਨੂੰ ਪਤਾ ਕਿਥੋਂ ਬੋਲਦਾ ਏਂ ਤੂੰ!" ਪਰੀਤਾ ਖਿਝ ਗਿਆ।

"ਕੈਪਟਨ ਸਾਬ੍ਹ! ਤੁਹਾਨੂੰ ਵੀ ਤਾਂ ਕਹਿ-ਕਹਿ ਕੇ ਥੱਕ ਗਏ ਕਿ ਮਹਾਂਪੁਰਸ਼ਾਂ ਦਾ ਬਣਾਇਆ ਗੁਰੂ ਘਰ ਨਾ ਢਾਹੋ। ਇਸ ਦੀ ਮੁਰੰਮਤ ਕਰ ਲਵੋ, ਜੇ ਨਵਾਂ ਗੁਰਦੁਆਰਾ ਬਣਾਉਣਾ ਹੈ ਤਾਂ ਦੀਵਾਨ ਵਾਲੀ ਥਾਂ ਬਣਾ ਲਵੋ।" ਕਾਮਰੇਡ ਭਾਗ ਸਿੰਘ ਨੇ ਹੱਥਲਾ ਅਖ਼ਬਾਰ ਕੱਛ 'ਚ ਦਿੰਦਿਆਂ ਕਿਹਾ।

"ਨਾਜ਼ਰ ਸਿਆਂ! ਨਾ ਗੁਰੂ ਘਰ ਦੀਆਂ ਕਮੇਟੀਆਂ, ਨਾ ਪਿੰਡ ਦੀ ਪੰਚਾਇਤ, ਨਾ ਪੰਜਾਬ ਸਰਕਾਰ ਪੁਰਾਣੀਆਂ ਧਾਰਮਿਕ ਤੇ ਇਤਿਹਾਸਕ ਯਾਦਗਾਰਾਂ ਸੰਭਲਣਾ ਚਾਹੁੰਦੀਆਂ ਹਨ। ਅਸੀਂ ਨਵੀਂ ਪੀੜ੍ਹੀ ਨੂੰ ਕੀ ਵਿਖਾਵਾਂਗੇ? ਨਵੇਂ-ਨਵੇਂ ਮਾਅਲ, ਮੈਰਿਜ ਪੈਲੇਸ ਜਾਂ ਸਿਨੇਮੇ ਘਰ ਜਾਂ ਡਾਂਸ ਕਲੱਬ, ਬੀਅਰ ਬਾਰਾਂ! ਇਨ੍ਹਾਂ ਸਭਨਾਂ ਨਾਲ ਅੱਜ ਦੀ ਪੀੜ੍ਹੀ ਨਸ਼ਿਆਂ ਵੱਲ ਹੀ ਜਾ ਸਕਦੀ ਹੈ। ਕਮਾਈ ਵਾਲੇ ਪਾਸੇ ਨਹੀਂ। ਤੁਸੀਂ ਹੋਰ ਦੇਖੋ, ਆਪਾਂ ਕਰੋੜ ਤੋਂ ਉਪਰ ਰੁਪਏ ਦੀਵਾਨ ਹਾਲ 'ਤੇ ਖਰਚ ਦਿੱਤੇ। ਦੀਵਾਨ ਹਾਲ ਦੀ ਵਰਤੋਂ ਸਿਰਫ ਸਾਲ ਵਿਚ ਦੋ ਦਿਨ ਕਰਦੇ ਹਾਂ। ਜਿੰਨੀ ਕੁ ਸੰਗਤ ਜੁੜਦੀ ਐ, ਉਨੀ ਸੰਗਤ ਲਈ ਤਾਂ ਗੁਰਦੁਆਰਾ ਹੀ ਕਾਫੀ ਹੋ ਜਾਂਦਾ ਹੈ। ਦੀਵਾਨ ਹਾਲ ਵਾਲੀ ਰਕਮ ਦੇ ਵਿਆਜ ਨਾਲ ਅਸੀਂ ਗਰੀਬ ਬੱਚਿਆਂ ਦਾ ਭਵਿੱਖ ਬਣਾ ਸਕਦੇ ਸੀ।" ਮਾਸਟਰ ਨੇ ਵੀ ਹਾਜ਼ਰੀ ਲਵਾਉਂਦਿਆਂ ਗੱਲ ਟਿਕਾਣੇ ਲਾ ਦਿੱਤੀ।

"ਆਪਾਂ ਪਰੀਤੇ ਤੋਂ ਕੁਝ ਸਿੱਖੀਏ ਜਿਸ ਨੇ ਆਪਣੇ ਦਾਦੇ ਦੀ ਨਿਸ਼ਾਨੀ ਰੱਖ ਲਈ। ਇਹ ਆਪਣੇ ਪੋਤਿਆਂ ਨੂੰ ਦੱਸਿਆ ਕਰੇਗਾ ਕਿ ਆਹ ਲੈਂਟਰ ਮੇਰੇ ਦਾਦੇ ਨੇ ਲਾਇਆ ਸੀ। ਨਾਜ਼ਰ ਕੋਲੋਂ ਦੱਸਣ ਨੂੰ ਕੀ ਆ ਕਿ ਬਾਬਿਆਂ ਦੇ ਸਾਰੇ ਘਰ ਅਸੀਂ ਵੇਚ ਕੇ ਕੈਨੇਡਾ ਚਲੇ ਗਏ। ਥੋੜ੍ਹੇ ਚਿਰ ਨੂੰ ਜ਼ਮੀਨ ਵੀ ਵੇਚ ਜਾਣਗੇ ਜਾਂ ਕੋਈ ਧੱਕੇ ਨਾਲ ਦੱਬ ਲਊ। ਪਿੰਡ ਵੱਲੋਂ ਫੱਟੀ ਪੋਚੀ ਜਾਊ।" ਕਾਮਰੇਡ ਨੇ ਗੱਲ ਸਿਰੇ ਲਾਈ।

ਇੰਨੇ ਨੂੰ ਮਿਸਤਰੀ ਆ ਗਿਆ। ਨਾਲ ਹੀ ਖ਼ਬਰਾਂ ਦਾ ਬੁਲਿਟਨ ਖ਼ਤਮ ਹੋ ਗਿਆ। ਪਰੀਤਾ ਅੰਦਰ ਚਲਿਆ ਗਿਆ ਤੇ ਬਾਕੀ ਆਪੋ-ਆਪਣੇ ਰਾਹ ਪੈ ਗਏ।

---

# ਸੋਹਣਾ ਫੁੱਲ ਗੁਲਾਬ ਦਾ ਤੋੜਿਆ ਈ

*(ਸਫਾ 23 ਦੀ ਬਾਕੀ)*

'ਨੀਵਿਆਂ', ਨਿਮਾਣਿਆਂ', 'ਨਿਥਾਵਿਆਂ' ਦੀ ਧਿਰ ਬਣ ਕੇ ਉਨ੍ਹਾਂ ਦੇ ਮੋਢੇ ਨਾਲ ਮੋਢਾ ਜੋੜ ਕੇ ਖਲੋਂਦਾ ਹੈ। ਬਾਬੇ ਨਾਨਕ ਦਾ ਸੱਚਾ ਸਿੱਖ ਬਣ ਕੇ 'ਸੱਚ ਸੁਣਾਇਸੀ ਸੱਚ ਕੀ ਬੇਲਾ' ਦਾ ਅਨੁਸਰਣ ਕਰਦਾ ਹੋਇਆ ਐਨ ਮੌਕੇ ਮੁਤਾਬਕ ਸੱਚੀ ਗੱਲ ਕਹਿਣੋਂ ਨਾ ਡਰਦਾ ਹੈ ਨਾ ਉਕਦਾ। ਉਹ ਕਿਸੇ ਵਿਚਾਰਧਾਰਾ ਨਾਲ ਜੁੜੇ ਹੋਣ ਦਾ ਕੋਈ ਐਲਾਨ ਨਹੀਂ ਕਰਦਾ ਤੇ ਨਾ ਹੀ ਸਾਹਿਤਕਾਰ ਨੂੰ ਰਚਨਾ ਕਰਨ ਤੋਂ ਪਹਿਲਾਂ ਕਿਸੇ ਐਲਾਨ ਦੀ ਜ਼ਰੂਰਤ ਹੋਣੀ ਚਾਹੀਦੀ ਹੈ। ਉਹਦੀ ਰਚਨਾ ਵਿਚ ਪਿਆ ਸੂਖ਼ਮ ਤੇ ਸਾਹਿਤਕ ਸੁਨੇਹਾ ਹੀ ਉਹਦਾ ਵਿਚਾਰਧਾਰਕ ਐਲਾਨ ਹੁੰਦਾ ਹੈ। ਐਲਾਨ ਦੀ ਆਵਾਜ਼ ਜਿੰਨੀ ਮੱਧਮ ਤੇ ਲੁਪਤ ਹੋਵੇ ਓਨੀ ਵਧੇਰੇ ਕਾਟ ਕਰਦੀ ਹੈ। ਭੌਰੇ ਨੂੰ ਇਸ ਸੱਚਾਈ ਦੀ ਸਮਝ ਹੈ। ਉਹ ਕਿਸੇ 'ਵਾਦ' ਦੇ ਝਗੜੇ-ਝਮੇਲੇ ਵਿਚ ਨਹੀਂ ਪੈਂਦਾ ਸਗੋਂ ਪਾਠਕ ਦੇ ਮਨ-ਮਾਸਤਕ ਤੱਕ ਸਿੱਧਾ ਰਾਬਤਾ ਬਣਾ ਕੇ ਉਹਦੇ ਧੁਰ ਅਵਚੇਤਨ ਵਿਚ 'ਚੰਗਿਆਈ' ਦਾ ਕੋਈ ਬੀਜ ਅਛੋਪਲੇ ਜਿਹੇ ਸੁੱਟ ਜਾਂਦਾ ਹੈ। ਅਜਿਹੇ ਬੀਜ ਬੀਜਦਿਆਂ ਉਸ ਵੱਲੋਂ ਸਿਰਜਿਆ ਬਿਰਤਾਂਤ ਅੱਗੇ ਤੁਰਿਆ ਜਾਂਦਾ ਹੈ ਤੇ ਕੀਲੇ ਹੋਏ ਪਾਠਕ ਨੂੰ ਪਤਾ ਵੀ ਨਹੀਂ ਚੱਲਦਾ ਕਿ ਉਹ ਰਚਨਾ ਦੇ ਅਖ਼ੀਰ ਤੱਕ ਆਣ ਪੁੱਜਾ ਹੈ। ਅੰਤ 'ਤੇ ਮੁੰਦਾਵਣੀ ਵਾਂਗ ਭੌਰਾ ਕਿਸੇ ਲੋਕ-ਗੀਤ, ਨਵੇਂ-ਪੁਰਾਣੇ ਕਿਸੇ ਕਵੀ ਦੇ ਸ਼ਿਅਰ ਜਾਂ ਕਿਸੇ ਲੋਕ-ਤੱਥ ਨਾਲ ਗੱਲ ਨੂੰ ਅਜਿਹੀ ਕਲਾਤਮਕ ਗੋਲਾਈ ਦੇ ਦਿੰਦਾ ਹੈ ਕਿ ਪੇਸ਼ਕਾਰੀ ਦਾ ਇਹ ਅਸਲੋਂ ਨਿਵੇਕਲਾ ਅੰਦਾਜ਼ ਉਸ ਦੀ ਆਪਣੀ ਵਿਸ਼ੇਸ਼ ਪਛਾਣ ਹੋ ਨਿੱਬੜਦਾ ਹੈ। ਇਸੇ ਨੂੰ ਮੈਂ 'ਭੌਰਵੀ ਅੰਦਾਜ਼' ਆਖਦਾ ਹਾਂ।

ਚੰਗੀ ਰਚਨਾ ਚੰਗੇ ਫ਼ਿਕਰੇ ਦੀ ਕਰਾਮਾਤ ਹੁੰਦੀ ਹੈ। ਜੇ ਉਹ ਚੰਗੇ ਵਾਰਤਕਕਾਰ ਵਜੋਂ ਅੱਜ ਵੱਖਰਾ ਤੇ ਉਚਾ ਦਿਸਣ ਲੱਗਾ ਹੈ ਤਾਂ ਇਹ ਸਾਰੀ ਚੰਗਾ ਫ਼ਿਕਰਾ ਸਿਰਜ ਸਕਣ ਦੇ ਉਸ ਦੇ ਹੁਨਰ ਦੀ ਕਰਾਮਾਤ ਹੈ। ਵਾਰਿਸ ਦਾ ਹੀਰ ਦੇ ਅਮਰ ਕਿੱਸੇ ਬਾਰੇ ਕੀਤਾ ਕਥਨ 'ਫ਼ਿਕਰਾ ਜੋੜ ਕੇ ਖ਼ੂਬ ਦਰੁਸਤ ਕੀਤਾ, ਸੋਹਣਾ ਫੁੱਲ ਗੁਲਾਬ ਦਾ ਤੋੜਿਆ ਈ' ਭੌਰੇ ਦੀ ਪੁਸਤਕ 'ਨੈਣ-ਨਕਸ਼' ਬਾਰੇ ਵੀ ਬੜੀ ਖ਼ੁਸ਼ੀ ਨਾਲ ਵਰਤਿਆ ਜਾ ਸਕਦਾ ਹੈ। ਥਾਂ ਥਾਂ ਨਗੀਨੇ ਵਾਂਗ ਚਮਕਦੇ ਤੇ ਵਾਰਿਸਸ਼ਾਹੀ ਸਿਆਣਪਾਂ ਨਾਲ ਲਬਰੇਜ਼ ਫ਼ਿਕਰੇ ਉਹਦੀ ਰਚਨਾ ਵਿਚ ਪੂਰੇ ਜਲੌ ਵਿਚ ਲਟ ਲਟ ਬਲਦੇ ਨਜ਼ਰ ਆਉਂਦੇ ਹਨ।

ਵਿਸ਼ਿਆਂ ਦੀ ਵੰਨ-ਸਵੰਨਤਾ ਦੀ ਜੁੜਤ ਤੇ ਜੜਤ ਨਾਲ ਲਿਸ਼ਕਦੀ, ਨਜ਼ਰ ਤੇ ਨਜ਼ਰੀਏ ਦੀ ਤਾਜ਼ਗੀ ਨਾਲ ਭਰਪੂਰ ਅਤੇ 'ਫ਼ਿਕਰਾ ਜੋੜ ਕੇ ਖ਼ੂਬ ਦਰੁਸਤ' ਕਰਨ ਦੀ ਲਾਸਾਨੀ ਕਲਾ ਨਾਲ ਓਤ-ਪੋਤ ਅਜਿਹੀ ਵਾਰਤਕ ਪੁਸਤਕ ਲਿਖ ਕੇ ਅਸ਼ੋਕ ਭੌਰਾ ਨੇ ਵਾਰਤਕ ਲੇਖਣ ਦੇ ਸਮਕਾਲੀ ਇਤਿਹਾਸ ਵਿਚ ਸੱਚਮੁੱਚ 'ਗੁਲਾਬ ਦਾ ਸੋਹਣਾ ਫੁੱਲ ਤੋੜਨ' ਦਾ ਕਮਾਲ ਕਰ ਵਿਖਾਇਆ ਹੈ। ਇਸ ਦਾ ਪਾਠ ਮੇਰੇ ਲਈ ਹੀ ਨਹੀਂ ਹਰੇਕ ਪੰਜਾਬੀ ਪਾਠਕ ਲਈ ਖ਼ੁਸ਼ਗਵਾਰ ਅਨੁਭਵ ਹੋਵੇਗਾ।

ਭੌਰਾ ਇਕ ਥਾਂ ਲਿਖਦਾ ਹੈ, 'ਥੋੜੀਆਂ ਪ੍ਰਾਪਤੀਆਂ ਤੇ ਕਈ ਲੋਕ ਏਦਾਂ ਨਹੀਂ ਲੱਗਦੇ ਜਿਵੇਂ ਮੁਬਾਰਕਾਂ ਦੇਣ ਵੇਲੇ ਸਾਰੇ ਦੇ ਸਾਰੇ ਸਲ੍ਹਾਬੇ ਹੋਣ।'


ਮੈਂ ਸਲ੍ਹਾਬ ਕੇ ਨਹੀਂ ਸਗੋਂ ਖੜ-ਖੜ ਖੜਕਦੇ ਨੋਟ ਵਾਂਗ ਖੜਕ ਕੇ ਉਹਦੀ ਵਾਰਤਕ ਦੇ ਸਿਰ ਉਤੋਂ ਆਪਣੇ ਚਾਅ ਅਤੇ ਮੁਬਾਰਕ ਦਾ ਸਿਰਵਾਰਨਾ ਕਰਦਾ ਹਾਂ।

# ਮੋਗਾ ਘੋਲ: ਵਿਦਿਆਰਥੀ ਸੰਘਰਸ਼ ਦੇ ਸੁਰਖ ਸਫੇ

***ਪੰਜਾਬ ਦੇ ਸ਼ਾਨਾਂਮੱਤੇ ਇਤਿਹਾਸ ਵਿਚ 1972 ਵਾਲੇ ਮੋਗਾ ਘੋਲ ਦਾ ਬੜਾ ਮਹੱਤਵ ਰਿਹਾ ਹੈ। ਇਹ ਅਸਲ ਵਿਚ ਜੁਝਾਰੂਆਂ ਦੀ ਪੁਲਿਸ ਅਤੇ ਪ੍ਰਸ਼ਾਸਨ ਨਾਲ ਸਿੱਧੀ ਟੱਕਰ ਸੀ। ਇਸ ਘੋਲ ਦੀ ਸ਼ੁਰੂਆਤ ਭਾਵੇਂ ਸਿਨੇਮੇ ਦੀਆਂ ਟਿਕਟਾਂ ਤੋਂ ਹੋਈ ਸੀ, ਪਰ ਜਦੋਂ ਸਿਨੇਮੇ ਦੇ ਮਾਲਕਾਂ ਨੇ ਬੁਰਛਾਗਰਦੀ ਨਾਲ ਵਿਦਿਆਰਥੀਆਂ ਨੂੰ ਵੰਗਾਰਿਆ ਅਤੇ ਪੁਲਿਸ ਨੇ ਵੀ ਇਨ੍ਹਾਂ ਬੁਰਛਿਆਂ ਨੂੰ ਸ਼ਹਿ ਦਿੱਤੀ ਤਾਂ ਨਕਸਲੀ ਅੰਦੋਲਨ ਕਾਰਨ ਪਹਿਲਾਂ ਦੀ ਸਿਆਸੀ ਤੌਰ 'ਤੇ ਭਖੇ ਮਾਹੌਲ ਵਿਚ ਹੋਰ ਤਿੱਖਾਪਣ ਆ ਗਿਆ। ਫਿਰ ਜਦੋਂ ਇਸ ਘੋਲ ਦੀ ਅਗਵਾਈ ਪੰਜਾਬ ਸਟੂਡੈਂਟਸ ਯੂਨੀਅਨ ਦੀ ਕਮਾਨ ਹੇਠ ਆ ਗਈ ਤਾਂ ਘੋਲ ਦਾ ਰੰਗ ਹੀ ਬਦਲ ਗਿਆ। ਇਸ ਘੋਲ ਵਿਚ ਅਹਿਮ ਰੋਲ ਨਿਭਾਉਣ ਵਾਲੇ ਵਿਦਿਆਰਥੀ ਆਗੂ ਬਿੱਕਰ ਸਿੰਘ ਕੰਮੇਆਣਾ ਨੇ ਉਸ ਦੌਰ ਦੀ ਇਹ ਦਗਦੀ ਕਹਾਣੀ ਬਿਆਨ ਕੀਤੀ ਹੈ। ਇਸ ਦਾ ਦੂਜਾ ਤੇ ਆਖਰੀ ਭਾਗ ਹਾਜ਼ਰ ਹੈ। -ਸੰਪਾਦਕ***

*(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)*

ਮੇਰੀ ਏ.ਆਈ.ਐਸ.ਐਫ. ਨਾਲੋਂ ਵੱਖ ਹੋਣ ਦੀ ਵੀ ਆਪਣੀ ਕਹਾਣੀ ਹੈ। ਪਰਮਜੀਤ ਮੱਲਣ ਦੀ ਅਗਵਾਈ ਵਿਚ ਫ਼ਰੀਦਕੋਟ ਜ਼ਿਲ੍ਹੇ ਦੀਆਂ ਦੋ-ਤਿੰਨ ਸੰਸਥਾਵਾਂ ਦੇ ਆਗੂ ਬ੍ਰਜਿੰਦਰਾ ਕਾਲਜ ਫ਼ਰੀਦਕੋਟ ਆਏ ਅਤੇ ਵਿਦਿਆਰਥੀਆਂ ਨੂੰ ਸੰਘਰਸ਼ ਛੱਡ ਕੇ ਕਲਾਸਾਂ ਲਾਉਣ ਦੀ ਸਲਾਹ ਦੇਣ ਲੱਗੇ। ਉਨ੍ਹਾਂ ਦੀ ਸਲਾਹ ਅਜੇ ਉਨ੍ਹਾਂ ਦੇ ਬੁੱਲ੍ਹਾਂ 'ਤੇ ਆਈ ਹੀ ਸੀ ਕਿ ਵਿਦਿਆਰਥੀ ਉਨ੍ਹਾਂ ਉਤੇ ਬਾਜ਼ਾਂ ਵਾਂਗ ਝਪਟੇ; ਸਿੱਟੇ ਵਜੋਂ ਸ਼ਾਂਤੀ ਮਿਸ਼ਨ ਦੇ ਇਹ ਦੂਤ ਉਥੋਂ ਉਡਣੇ ਸਿੱਖ ਮਿਲਖਾ ਸਿੰਘ ਵਾਂਗ ਭੱਜੇ। ਮੈਂ ਵਿਦਿਆਰਥੀਆਂ ਨੂੰ ਇਕੱਠੇ ਕਰ ਕੇ ਸੰਘਰਸ਼ ਦੇ ਰਾਹ 'ਤੇ ਅੱਗੇ ਵਧਣ ਦਾ ਸੱਦਾ ਦਿੱਤਾ। ਇੱਕ ਦਿਨ ਜੁਗਿੰਦਰ ਭਲਾਈਆਣਾ ਪੀ.ਐਸ.ਯੂ. ਦੇ ਆਪਣੇ ਵਰਗੇ ਹੋਰ ਲੱਠਮਾਰਾਂ ਨੂੰ ਨਾਲ ਲੈ ਕੇ ਰੇਲ ਗੱਡੀ ਸਾੜਨ ਗਿਆ। ਪੁਲਿਸ ਪੈ ਗਈ ਤੇ ਉਹ ਸੰਘਣੀਆਂ, ਉਚੀਆਂ ਫਸਲਾਂ ਵਿਚ ਦੀ ਲੁਕ ਕੇ ਭੱਜ ਗਏ। ਇਸੇ ਤਰ੍ਹਾਂ ਇੱਕ ਦਿਨ ਬੱਸਾਂ ਫੂਕਣ ਦਾ ਪ੍ਰੋਗਰਾਮ ਬਣਿਆ। ਮੈਂ ਇਸ ਨਾਲ ਸਹਿਮਤ ਨਹੀਂ ਸਾਂ, ਪਰ ਉਨ੍ਹਾਂ ਨੂੰ ਸਮਝਾਉਣ ਦੇ ਇਰਾਦੇ ਨਾਲ, ਨਾਲ ਗਿਆ। ਚੰਦ ਬਾਜੇ ਪਿੰਡ ਕੋਲ ਨਾਕਾਬੰਦੀ ਕਰ ਕੇ ਇਸ ਅਮਲ ਨੂੰ ਅੰਜਾਮ ਦੇਣਾ ਸੀ। ਮੇਜਰ ਨਿਆਮੀ ਵਾਲਾ, ਕੁਲਵੰਤ ਜਲਾਲੇਆਣਾ, ਬਲਜੀਤ ਭਗਤਾ ਭਾਈ, ਜੁਗਿੰਦਰ ਭਲਾਈਆਣਾ, ਮੰਦਰ ਖੇਮੂਆਣਾ, ਸੁਖਦੇਵ, ਪ੍ਰੀਤ ਨੀਤਪੁਰ ਤੇ ਹੋਰ ਵੀ ਨਾਲ ਸ਼ਾਮਿਲ ਸਨ। ਉਦੋਂ ਹੀ ਪੁਲਿਸ ਦੀ ਟੁਕੜੀ ਆਣ ਧਮਕੀ। ਮੈਂ ਤੇ ਇੱਕ ਹੋਰ ਵਿਦਿਆਰਥੀ ਉਥੇ ਨੇੜੇ ਹੀ ਸਰਕੰਡੇ ਵਿਚ ਲੁਕ ਗਏ। ਕੁਝ ਲੁਹਾਮਾਂ ਤੇ ਕੱਬਰਵੱਛਾ ਪਿੰਡ ਵੱਲ ਭੱਜ ਗਏ। ਮੰਦਰ ਖੇਮੂਆਣਾ ਪੁਲ 'ਤੇ ਬੈਠਾ ਰਿਹਾ ਸੀ ਜਿਸ ਨੂੰ ਫੜ ਕੇ ਪੁਲਿਸ ਥਾਣੇ ਲੈ ਗਈ ਪਰ ਅਗਲੇ ਦਿਨ ਮਹਿੰਦਰ ਸਿੰਘ ਰੁਮਾਣਾ, ਜੋ ਫਰੀਦਕੋਟ ਦੇ ਨਾਮੀ ਵਕੀਲ ਹਨ, ਹੋਰ ਦੋਸਤਾਂ ਨਾਲ ਜਾ ਕੇ ਛੁਡਾ ਲਿਆਏ। ਬਾਅਦ ਵਿਚ ਸੁਖਦੇਵ ਤੇ ਪ੍ਰੀਤ ਨੀਤਪੁਰ ਵੀ ਪੁਲਿਸ ਨੇ ਕਾਬੂ ਕਰ ਲਏ ਜਿਨ੍ਹਾਂ ਨੂੰ ਵੀ ਕੁੱਝ ਦਿਨਾਂ ਬਾਅਦ ਛੁਡਾ ਲਿਆ ਗਿਆ।



**ਬਿੱਕਰ ਸਿੰਘ ਕੰਮੇਆਣਾ***
ਫੋਨ:805-727-0516

ਚੰਦ ਬਾਜੇ ਵਾਲੀ ਘਟਨਾ ਤੋਂ ਅਗਲੇ ਦਿਨ ਜਦੋਂ ਮੈਂ ਕਾਲਜ ਪਹੁੰਚਿਆ ਤਾਂ ਬਹੁਤ ਵੱਡੀ ਗਿਣਤੀ ਵਿਚ ਪੁਲਿਸ ਉਥੇ ਖੜ੍ਹੀ ਸੀ। ਐਸ.ਡੀ.ਐਮ. ਸੂਰਤਾ ਸਿੰਘ, ਡੀ.ਐਸ.ਪੀ. ਦੌਲਤ ਰਾਮ ਅਤੇ ਪ੍ਰਿੰਸੀਪਲ ਆਰ.ਜੀ. ਬਾਜਪਾਈ ਇੱਕ ਪਾਸੇ ਖੜ੍ਹੇ ਵਿਚਾਰਾਂ ਕਰ ਰਹੇ ਸਨ। ਹਥਿਆਰਬੰਦ ਪੁਲਿਸ ਤਿਆਰ-ਬਰ-ਤਿਆਰ ਹੁਕਮ ਦੀ ਉਡੀਕ ਕਰ ਰਹੀ ਸੀ। ਘੋੜਿਆਂ ਵਾਲੀ ਪੁਲਿਸ ਵਾਲੇ ਵੀ ਇਧਰ-ਉਧਰ ਦੁੜਕੀਆਂ ਲਾ ਰਹੇ ਸਨ। ਡਾਂਗਾਂ ਵਾਲੇ ਪੁਲਸੀਏ ਵੀ ਕਮਰ ਕੱਸੀ ਖੜ੍ਹੇ ਸਨ। ਗੁਰੂ ਨਾਨਕ ਪਾਰਕ ਦੀ ਸਟੇਜ 'ਤੇ 50 ਕੁ ਵਿਦਿਆਰਥੀ ਹੱਥਾਂ 'ਚ ਗੰਡਾਸੇ, ਡਾਂਗਾਂ, ਬਰਛੇ, ਕਾਪੇ, ਟਕੂਏ ਤੇ ਤਲਵਾਰਾਂ ਫੜੀ ਨਾਹਰੇ ਮਾਰ ਰਹੇ ਸਨ, "ਮੋਗਾ ਦੇ ਸ਼ਹੀਦ ਅਮਰ ਰਹਿਣਗੇ", "ਖੂਨ ਦਾ ਬਦਲਾ ਖੂਨ ਸੇ ਲੇਗੇਂ", "ਪੰਜਾਬ ਦੀ ਬੁੱਚੜ ਪੁਲਿਸ ਮੁਰਦਾਬਾਦ" ਆਦਿ। ਮੈਂ ਅਜੇ ਵਿਦਿਆਰਥੀਆਂ ਕੋਲ ਜਾਣ ਦੀ ਤਿਆਰੀ ਹੀ ਕਰਨ ਲੱਗਾ ਸਾਂ ਜਦੋਂ ਐਸ.ਡੀ.ਐਮ. ਨੇ ਵਿਦਿਆਰਥੀਆਂ ਉਪਰ ਪੁਲਿਸ ਕਾਰਵਾਈ ਦਾ ਹੁਕਮ ਦੇ ਦਿੱਤਾ ਜੋ ਵਾਰਨਿੰਗ ਦੇਣ ਤੋਂ ਬਾਅਦ ਵੀ ਡਟੇ ਹੋਏ ਸਨ। ਮੈਂ ਕਿਹਾ, "ਰੁਕੋ।" ਕਮਾਲ ਹੋ ਗਈ; ਸਾਰੀ ਦੀ ਸਾਰੀ ਪੁਲਿਸ ਥਾਂ ਪੁਰ ਥਾਂ ਰੁਕ ਗਈ ਅਤੇ ਐਸ.ਡੀ.ਐਮ., ਡੀ.ਐਸ.ਪੀ. ਅਤੇ ਪ੍ਰਿੰਸੀਪਲ ਬਾਜਪਾਈ ਮੇਰੇ ਕੋਲ ਆ ਕੇ ਕਹਿਣ ਲੱਗੇ ਕਿ ਵਿਦਿਆਰਥੀਆਂ ਨੂੰ ਕਹਿ ਕੇ ਡਾਂਗਾਂ ਬਰਛੇ ਆਦਿ ਸੁੱਟ ਕੇ, ਹੱਥ ਖੜ੍ਹੇ ਕਰ ਕੇ ਗ੍ਰਿਫਤਾਰੀ ਦੇਣ।

ਜਿੱਥੇ ਮੈਂ ਚਾਹੁੰਦਾ ਸੀ ਕਿ ਵਿਦਿਆਰਥੀਆਂ ਦਾ ਨੁਕਸਾਨ ਨਾ ਹੋਵੇ, ਉਥੇ ਮੈਂ ਉਨ੍ਹਾਂ ਦਾ ਸਵੈਮਾਨ ਤੇ ਹੌਸਲਾ ਵੀ ਬੁਲੰਦ ਰੱਖਣਾ ਚਾਹੁੰਦਾ ਸਾਂ। ਮੈਂ ਕਿਹਾ, "ਐਸ.ਡੀ.ਐਮ. ਸਾਹਿਬ, ਪੁਲਿਸ ਨੂੰ ਹੁਕਮ ਦੇਵੋ ਕਿ ਘੇਰਾ ਖਤਮ ਕਰਨ ਤੇ ਮੈਂ ਵਿਦਿਆਰਥੀਆਂ ਨੂੰ ਬਾਹਰ ਲੈ ਜਾਵਾਂਗਾ, ਪਰ ਇਹ ਯਕੀਨੀ ਬਣਾਇਆ ਜਾਵੇ ਕਿ ਕਿਸੇ ਨੂੰ ਗ੍ਰਿਫਤਾਰ ਨਹੀਂ ਕੀਤਾ ਜਾਵੇਗਾ।" ਅਖੀਰ ਮੇਰੀ ਗੱਲ ਮੰਨ ਲਈ ਗਈ ਤੇ ਪੁਲਿਸ ਕਾਲਜ ਵਿਚੋਂ ਬਾਹਰ ਚਲੀ ਗਈ ਤੇ ਵਿਦਿਆਰਥੀ ਆਪੋ-ਆਪਣੇ ਘਰਾਂ ਨੂੰ। ਉਸੇ ਹੀ ਦਿਨ ਕਾਲਜ ਦੇ ਆਗੂ ਦਸਤੇ ਦੀ ਮੀਟਿੰਗ ਕਰ ਕੇ ਫੈਸਲਾ ਕੀਤਾ ਗਿਆ ਕਿ ਹੁਣ ਜਿੰਨਾ ਚਿਰ ਸਿਰ ਤੋਂ ਪਾਣੀ ਨਾ ਲੰਘ ਜਾਵੇ, ਜਮਹੂਰੀ ਅਮਲ ਰਾਹੀਂ ਰੈਲੀਆਂ-ਮੁਜ਼ਾਹਰੇ ਹੀ ਕਰਨੇ ਹਨ।

ਇਸ ਫੈਸਲੇ 'ਤੇ ਅਮਲ ਦੀ ਕੜੀ ਵਜੋਂ ਅਗਲੇ ਹੀ ਦਿਨ ਗਿਆਨੀ ਜ਼ੈਲ ਸਿੰਘ ਦੀ ਅਰਥੀ ਫੂਕਣ ਲਈ ਮੁਜ਼ਾਹਰਾ ਰੱਖ ਲਿਆ। ਇਕੱਠ ਕਰਨ ਲਈ ਸੁਨੇਹੇ ਦੇਣ ਵਾਸਤੇ ਜ਼ਿੰਮੇਵਾਰੀਆਂ ਵੰਡ ਕੇ ਸ਼ਹਿਰ ਦੀਆਂ ਗਲੀਆਂ ਤੇ ਪਿੰਡਾਂ ਦੇ ਰਾਹ ਪੈ ਗਏ। ਦੂਜੇ ਦਿਨ ਸਵੇਰੇ ਇੱਕ-ਇੱਕ ਕਰ ਕੇ ਇਕੱਤਰ ਹੋਣੇ ਸ਼ੁਰੂ ਹੋਏ ਵਿਦਿਆਰਥੀ ਅਤੇ ਹੋਰ ਜੁਝਾਰੂ ਨੌਜੁਵਾਨ ਨੌਂ ਵਜੇ ਤੱਕ, ਵੱਡੀ ਗਿਣਤੀ ਵਿਚ ਬ੍ਰਜਿੰਦਰਾ ਕਾਲਜ ਦੇ ਬਾਹਰ ਇਕੱਤਰ ਹੋ ਗਏ। ਵਿੱਦਿਅਕ ਸੰਸਥਾਵਾਂ ਬੇਸ਼ੱਕ ਬੰਦ ਸਨ, ਫਿਰ ਵੀ ਫ਼ਰੀਦਕੋਟ ਦੀਆਂ ਹੋਰ ਸੰਸਥਾਵਾਂ ਦੇ ਵਿਦਿਆਰਥੀ ਵੀ ਵੱਡੀ ਗਿਣਤੀ ਵਿਚ ਮੁਜ਼ਾਹਰੇ ਵਿਚ ਸ਼ਾਮਿਲ ਹੋਣ ਲਈ ਆਏ। ਅਰਥੀ ਤਿਆਰ ਸੀ। ਰਿਕਸ਼ੇ ਅਤੇ ਸਪੀਕਰ ਦਾ ਪ੍ਰਬੰਧ ਕੀਤਾ ਗਿਆ। ਅਕਾਸ਼-ਗੁੰਜਾਊ ਨਾਹਰਿਆਂ ਨਾਲ ਇਕੱਠ ਬਜ਼ਾਰ ਨੂੰ ਚੱਲ ਪਿਆ। ਜੁਬਲੀ ਸਿਨੇਮੇ ਵਾਲੇ ਚੌਕ 'ਚ ਪੁਲਿਸ ਨੇ ਨਾਕਾਬੰਦੀ ਕੀਤੀ ਹੋਈ ਸੀ। ਜਲੂਸ ਨੂੰ ਵਾਪਿਸ ਮੁੜਨ ਲਈ ਕਿਹਾ ਗਿਆ ਪਰ ਅਸੀਂ ਨਾ ਰੁਕੇ। ਲਾਠੀਚਾਰਜ ਦਾ ਹੁਕਮ ਹੋ ਗਿਆ। ਨਿਹੱਥੇ ਵਿਦਿਆਰਥੀਆਂ ਅਤੇ ਹੋਰ ਜੁਝਾਰੂਆਂ ਉਤੇ ਅੰਨ੍ਹੇਵਾਹ ਡਾਂਗਾਂ ਵਾਹੀਆਂ ਗਈਆਂ। ਕਈਆਂ ਨੇ ਪੁਲਿਸ ਵਾਲਿਆਂ ਤੋਂ ਹੀ ਡਾਂਗਾਂ ਖੋਹ ਕੇ ਮੁਕਾਬਲਾ ਕਰਨ ਦੀ ਕੋਸ਼ਿਸ਼ ਕੀਤੀ। ਘੋੜਾ ਪੁਲਿਸ ਰਾਹੀਂ ਵੀ ਵਿਸ਼ੇਸ਼ ਡੰਡਿਆਂ ਨਾਲ ਜ਼ਬਰਦਸਤ ਹੱਲਾ ਬੋਲਿਆ ਗਿਆ। ਰਾਈਫਲਾਂ ਲਈ ਖੜ੍ਹੇ ਪੁਲਿਸ ਵਾਲਿਆਂ ਨੂੰ ਵੀ ਗੋਲੀ ਚਲਾਉਣ ਦੇ ਹੁਕਮ ਦੀ ਉਡੀਕ ਕਰਨ ਲਈ ਕਿਹਾ ਗਿਆ। ਇੱਕ ਵਾਰੀ ਤਾਂ ਮੈਦਾਨ ਇੰਨਾ ਭਖ ਗਿਆ ਕਿ ਲੱਗਣ ਲੱਗਾ ਕਿ ਗੋਲੀ ਚੱਲੀ ਕੇ ਚੱਲੀ, ਪਰ ਨਿਹੱਥਿਆਂ ਦਾ ਹਥਿਆਰਬੰਦਾਂ ਨਾਲ ਮੁਕਾਬਲਾ ਕਿੰਨਾ ਕੁ ਚਿਰ ਹੁੰਦਾ? ਅਖੀਰ ਉਥੇ ਮੈਂ ਹੀ ਇੱਕਲਾ ਖੜ੍ਹਾ ਰਿਹਾ ਤੇ ਬਾਕੀ ਪਿੱਛੇ ਹਟ ਗਏ ਜਾਂ ਖਿੰਡ-ਪੁੰਡ ਗਏ। ਮੇਰੇ ਵੱਲ ਰਾਈਫਲ ਤਾਣ ਕੇ ਗੋਲੀ ਮਾਰਨ ਦੀ ਧਮਕੀ ਵੀ ਦਿੱਤੀ ਗਈ, ਪਰ ਮੈਂ ਇਸ ਦੀ ਪਰਵਾਹ ਨਾ ਕਰਦਿਆਂ ਪੈਰ ਗੱਡ ਕੇ ਖੜ੍ਹਾ ਰਿਹਾ। ਮੈਨੂੰ ਗ੍ਰਿਫਤਾਰ ਕਰ ਕੇ ਕੋਤਵਾਲੀ ਲੈ ਗਏ। ਕੁੱਝ ਹੋਰ ਵਿਦਿਆਰਥੀ ਆਗੂ ਵੀ ਪਿੱਛਾ ਕਰ ਕੇ ਫੜ ਲਿਆਂਦੇ ਪਰ ਸ਼ਾਮ ਨੂੰ ਸਾਨੂੰ ਛੱਡ ਦਿੱਤਾ ਗਿਆ। ਉਸ ਦਿਨ ਡਾਂਗਾਂ ਮਾਰ-ਮਾਰ ਰਿਕਸ਼ਾ ਤੇ ਸਪੀਕਰ ਵੀ ਭੰਨ ਦਿੱਤੇ ਸਨ। ਮਗਰੋਂ ਵਿਦਿਆਰਥੀਆਂ ਨੇ ਪੈਸੇ ਇਕੱਠੇ ਕਰ ਕੇ ਉਨ੍ਹਾਂ ਦੇ ਮਾਲਕਾਂ ਨੂੰ ਨਵੇਂ ਲੈ ਦਿੱਤੇ।

ਅਰਥੀ ਫੂਕ ਮੁਜ਼ਾਹਰੇ ਵਾਲੀ ਘਟਨਾ ਤੋਂ ਬਾਅਦ ਅਗਲੇ ਦਿਨ ਹੀ ਪਤਾ ਲੱਗਾ ਕਿ ਮਾਸਟਰ ਮਦਨ ਪਾਲ ਭਗਤਾ ਭਾਈ ਦੀ ਅਗਵਾਈ ਵਿਚ ਕੁੱਝ ਟਰੱਕਾਂ 'ਤੇ ਫ਼ਰੀਦਕੋਟ ਮੁਜ਼ਾਹਰਾ ਕਰਨ ਲਈ ਪਿੰਡਾਂ ਦੇ ਨੌਜਵਾਨ, ਵਿਦਿਆਰਥੀ ਤੇ ਕਿਸਾਨ ਆ ਰਹੇ ਹਨ ਜਿਸ ਵਿਚ ਕੰਵਰ ਥਰਾਜ, ਮਾਸਟਰ ਰੂਪ ਸਿੰਘ ਥਰਾਜ ਤੇ ਮਾਸਟਰ ਬਹਾਦਰ ਸਿੰਘ ਥਰਾਜ ਆਦਿ ਵੀ ਆਗੂ ਦਸਤੇ ਵਿਚ ਸ਼ਾਮਿਲ ਹਨ। ਇਹ ਵੀ ਦੱਸਿਆ ਗਿਆ ਕਿ ਮਾਸਟਰ ਮਦਨ ਪਾਲ ਦਾ ਟੈਂਪੂ ਪੁਲਿਸ ਲੈ ਗਈ ਸੀ ਜਿਸ ਨਾਲ ਉਹ ਸਵੇਰੇ ਸਵਖਤੇ ਹੀ ਮੁਜ਼ਾਹਰੇ ਲਈ ਉਨ੍ਹਾਂ ਲੋਕਾਂ ਨੂੰ ਇਕੱਠੇ ਕਰ ਰਿਹਾ ਸੀ ਜੋ ਖੁਦ ਕਿਸੇ ਸਾਧਨ ਰਾਹੀਂ ਨਹੀਂ ਸੀ ਪਹੁੰਚ ਸਕਦੇ।...ਤੇ ਕਾਫਲੇ ਨੇ ਫਰੀਦਕੋਟ ਚਾਲੇ ਪਾਉਣ ਤੋਂ ਪਹਿਲਾਂ ਦਿਆਲਪੁਰੇ ਥਾਣੇ ਦਾ ਘਿਰਾਉ ਕਰ ਕੇ ਟੈਂਪੂ ਛੁਡਾ ਲਿਆ ਸੀ।

ਜਦੋਂ ਇਸ ਕਾਫਲੇ ਦਾ ਪਤਾ ਲੱਗਾ, ਉਦੋਂ ਅਸੀਂ ਰੈਲੀ ਲਈ ਬ੍ਰਜਿੰਦਰਾ ਕਾਲਜ ਵਿਚ ਇਕੱਠੇ ਹੋ ਰਹੇ ਸਾਂ ਤੇ ਉਥੋਂ ਹੀ ਸ਼ਹਿਰ ਤੋਂ ਬਾਹਰ ਉਨ੍ਹਾਂ ਨਾਲ ਰਲਣ ਲਈ ਚੱਲ ਪਏ। ਜਦੋਂ ਫ਼ਰੀਦਕੋਟ ਵਾਲੀਆਂ ਸਰਹਿੰਦ ਫੀਡਰ ਤੇ ਰਾਜਸਥਾਨ ਨਹਿਰਾਂ ਦੇ ਜੌੜੇ ਪੁਲਾਂ 'ਤੇ ਪਹੁੰਚੇ ਤਾਂ ਪੁਲਿਸ ਨੇ ਉਥੇ ਬਹੁਤ ਤਕੜੀ ਨਾਕਾਬੰਦੀ ਕੀਤੀ ਹੋਈ ਸੀ। ਸਾਡੇ ਪਹੁੰਚਦਿਆਂ ਤੱਕ ਪੁਲਾਂ ਦੇ ਦੂਜੇ ਪਾਸੇ ਕਾਫ਼ਲਾ ਵੀ ਆ ਗਿਆ। ਕਾਫ਼ਲਾ ਟਰੱਕਾਂ ਤੋਂ ਉਤਰ ਕੇ ਨਾਹਰੇ ਮਾਰਨ ਲੱਗ ਪਿਆ। ਸਾਨੂੰ ਫ਼ਰੀਦਕੋਟ ਵਾਲੇ ਪਾਸੇ ਪਿੱਛੇ ਮੁੜਨ ਲਈ ਮਜਬੂਰ ਕਰ ਦਿੱਤਾ ਤੇ ਕਾਫਲੇ ਵਾਲੇ ਜੁਝਾਰੂਆਂ 'ਤੇ ਪਹਿਲਾਂ ਦੱਬ ਕੇ ਅੱਥਰੂ ਗੈਸ ਦੇ ਗੋਲੇ ਛੱਡੇ ਗਏ ਤੇ ਬਾਅਦ ਵਿਚ ਲਾਠੀਚਾਰਜ ਸ਼ੁਰੂ ਕਰ ਦਿੱਤਾ। ਮੁਕਾਬਲੇ ਲਈ ਮੁਜ਼ਾਹਰਾਕਾਰੀ ਟਰੱਕਾਂ ਵਿਚ ਇੱਟਾਂ, ਪੱਥਰ ਤੇ ਡਾਂਗਾਂ ਲਿਆਏ ਸਨ ਪਰ ਰੌਲਾ ਪੈਣ 'ਤੇ ਟਰੱਕਾਂ ਵਾਲੇ ਆਪਣੇ ਟਰੱਕ ਭਜਾ ਕੇ ਲੈ ਗਏ। ਪੁਲਿਸ ਵਾਲੇ ਕੁੱਟਦੇ ਹੋਏ ਉਨ੍ਹਾਂ ਨੂੰ ਸੰਧਵਾ ਪਿੰਡ, ਜੋ ਉਥੋਂ ਲਗਭਗ ਪੰਜ ਕੁ ਕਿਲੋਮੀਟਰ ਸੀ, ਕੋਟਕਪੂਰੇ ਵਾਲੇ ਪਾਸੇ ਟਪਾ ਕੇ ਆਏ ਸਨ ਪਰ ਰਾਹ ਵਿਚ ਜਿੱਥੇ ਵੀ ਮੁਜ਼ਾਹਰਾਕਾਰੀਆਂ ਨੂੰ ਇੱਟਾਂ-ਪੱਥਰਾਂ ਦੇ ਢੇਰ ਮਿਲ ਜਾਂਦੇ, ਉਹ ਪੁਲਿਸ ਨੂੰ ਪਿੱਛੇ ਭੱਜਣ ਲਈ ਮਜਬੂਰ ਕਰ ਦਿੰਦੇ ਸਨ।

ਇਸੇ ਤਰ੍ਹਾਂ ਮੋਗਾ ਗੋਲੀ ਕਾਂਡ ਵਾਪਰਨ ਦੇ ਕੁਝ ਦਿਨ ਬਾਅਦ ਹੀ ਘੋਲੀਆਂ ਖੁਰਦ ਦੇ ਉਘੇ ਦੇਸ਼ ਭਗਤ ਬਾਬਾ ਬਚਨ ਸਿੰਘ ਘੋਲੀਆਂ ਦੀ ਭਤੀਜ ਨੂੰਹ ਤੇ ਕਿਸਾਨ ਆਗੂ ਪ੍ਰੀਤਮ ਸਿੰਘ ਨੰਬਰਦਾਰ ਦੀ ਪਤਨੀ ਅੰਗਰੇਜ਼ ਕੌਰ ਦੀ ਅਗਵਾਈ ਵਿਚ 30-35 ਔਰਤਾਂ ਨੇ ਮੋਗੇ ਜਾ ਕੇ ਮੁਜ਼ਾਹਰਾ ਕਰ ਕੇ ਦਫਾ 144 ਦੀਆਂ ਧੱਜੀਆਂ ਉਡਾਈਆਂ ਸਨ। ਇਨ੍ਹਾਂ ਵਿਚ ਹੋਰਨਾਂ ਤੋਂ ਇਲਾਵਾ ਮੁਖਤਿਆਰ ਕੌਰ, ਗੁਰਨਾਮ ਕੌਰ, ਗੁਰਦਿਆਲ ਕੌਰ, ਭਗਵਾਨ ਕੌਰ, ਜੰਗੀਰ ਕੌਰ ਤੇ ਪੰਜਾਬ ਕੌਰ ਮੁੱਖ ਸਨ। ਇਨ੍ਹਾਂ ਨੂੰ ਗੁਰਦਿਆਲ ਸਿੰਘ ਘੋੜੇਵਾਲਾ ਆਪਣੀ ਮਿੰਨੀ ਬੱਸ ਵਰਗੀ, ਸਵਾਰੀਆਂ ਢੋਣ ਵਾਲੀ ਗੱਡੀ 'ਤੇ ਲੈ ਕੇ ਗਿਆ ਸੀ। ਕਿਸਾਨ ਆਗੂ ਜਲੌਰ ਸਿੰਘ ਗਿੱਲ ਵੀ ਨਾਲ ਸੀ। ਇਨ੍ਹਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਅਤੇ ਮਗਰੋਂ ਛੱਡ ਦਿੱਤਾ ਗਿਆ ਸੀ।

ਉਸ ਸਮੇਂ ਫੈਸਲਾ ਕੀਤਾ ਗਿਆ ਕਿ ਮੁੱਖ ਮੰਤਰੀ ਗਿਆਨੀ ਜ਼ੈਲ ਸਿੰਘ ਜਦੋਂ ਵੀ ਕਿਸੇ ਪਿੰਡ ਜਾਂ ਸ਼ਹਿਰ ਆਵੇ, ਬੋਲਣ ਨਾ ਦਿੱਤਾ ਜਾਵੇ। ਜਗਰਾਵੀਂ ਵਿਰੋਧ ਕਰ ਕੇ ਗਿਆਨੀ ਜ਼ੈਲ ਸਿੰਘ ਨੂੰ ਪੰਡਾਲ 'ਚੋਂ ਵਾਪਿਸ ਜਾਣ ਲਈ ਮਜਬੂਰ ਕੀਤਾ ਗਿਆ। ਇਸੇ ਤਰ੍ਹਾਂ ਗਿਆਨੀ ਜ਼ੈਲ ਸਿੰਘ ਦਾ ਪ੍ਰੋਗਰਾਮ ਮੋਗੇ ਦਾ ਸੀ ਤਾਂ ਜੁਝਾਰੂਆਂ ਨੇ ਚੁੱਪ-ਚੁਪੀਤੇ ਹੀ ਵਿਦਿਆਰਥੀਆਂ ਤੇ ਨੌਜਵਾਨਾਂ ਨੂੰ ਉਥੇ ਭੇਜਿਆ ਤੇ ਆਪ ਵੀ ਕਿਸੇ ਤਰ੍ਹਾਂ ਪਹੁੰਚ ਗਏ। ਉਥੇ ਗਿਆਨੀ ਦੇ ਹੱਕ 'ਚ ਬੋਲਣ ਵਾਲੇ ਘੱਟ ਅਤੇ ਵਿਰੋਧੀ ਵੱਧ ਸਨ। ਗਿਆਨੀ ਬੋਲਣ ਲਈ ਉਠਿਆ ਤਾਂ ਸਟੇਜ ਤੋਂ ਨਾਅਰਾ ਲੱਗਿਆ, "ਗਿਆਨੀ ਜ਼ੈਲ ਸਿੰਘ", ਪੰਡਾਲ ਗੂੰਜਿਆ, "ਮੁਰਦਾਬਾਦ।" ਗਿਆਨੀ ਹੈਰਾਨ ਰਹਿ ਗਿਆ ਤੇ ਅਫਸਰਾਂ ਨਾਲ ਨਾਰਾਜ਼ ਹੁੰਦਾ ਚਲਾ ਗਿਆ। ਫ਼ਰੀਦਕੋਟ ਜੈਨ ਸਕੂਲ ਵਾਲੇ ਜਲਸੇ ਵਿਚ ਵੀ ਇਉਂ ਹੀ ਹੋਇਆ। ਮੈਨੂੰ ਪੰਡਾਲ ਵਿਚ ਵੜਨ ਨਹੀਂ ਸੀ ਦਿੱਤਾ ਗਿਆ ਪਰ ਪੀ.ਐਸ.ਯੂ. ਦੇ ਕੁੱਝ ਜੁਝਾਰੂ ਕਿਵੇਂ ਨਾ ਕਿਵੇਂ ਅੰਦਰ ਪਹੁੰਚ ਗਏ। ਕੁੱਝ ਹੀ ਸਾਥੀਆਂ ਨੇ ਅੱਡੋ-ਅੱਡੀ ਬੈਠ ਕੇ ਨਾਅਰਿਆਂ ਲਈ ਅਜਿਹਾ ਢੰਗ ਵਰਤਿਆ ਕਿ "ਮੁਰਦਾਬਾਦ" ਕਹਿਣ ਨਾਲ ਪੰਡਾਲ ਵਿਚ ਭਗਦੜ ਮੱਚ ਗਈ। ਗਿਆਨੀ ਬਿਨਾਂ ਬੋਲੇ ਉਥੋਂ ਵੀ ਬਰੰਗ ਗਿਆ ਸੀ।

ਮੋਗਾ ਘੋਲ ਦੌਰਾਨ ਇੱਕ ਹੋਰ ਅਹਿਮ ਘਟਨਾ ਵਾਪਰੀ। ਗੋਲੀ ਕਾਂਡ ਦਾ ਸਖ਼ਤ ਵਿਰੋਧ ਕਰ ਰਹੀ ਪੀ.ਐਸ.ਯੂ. ਨੇ ਸੱਦਾ ਦਿੱਤਾ ਕਿ ਦੁਸਹਿਰਾ ਨਹੀਂ ਮਨਾਇਆ ਜਾਵੇਗਾ। ਤਿਉਹਾਰ ਤਾਂ ਹੱਸਦਿਆਂ, ਖੇਡਦਿਆਂ, ਨੱਚਦਿਆਂ, ਟੱਪਦਿਆਂ, ਯਾਰਾਂ-ਬੇਲੀਆਂ, ਸਕੇ ਸਬੰਧੀਆਂ ਅਤੇ ਨੇੜਲਿਆਂ ਨਾਲ ਖੁਸ਼ੀਆਂ ਸਾਂਝੀਆਂ ਕਰਨ ਦਾ ਦਿਨ ਹੁੰਦਾ ਹੈ ਪਰ ਸੱਥਰਾਂ 'ਤੇ ਬੈਠੇ ਖੁਸ਼ੀਆਂ ਦੀਆਂ ਗੱਲਾਂ ਕਿਵੇਂ ਕਰ ਸਕਦੇ ਹਨ? ਫ਼ਰੀਦਕੋਟ ਸ਼ਹਿਰ ਅਤੇ ਇਲਾਕੇ ਦੇ ਲੋਕਾਂ ਨੇ ਦੁਸਹਿਰਾ ਨਾ ਮਨਾਉਣ ਦਾ ਫੈਸਲਾ ਕੀਤਾ। ਇੱਕ ਪਾਸੇ ਤਾਂ ਸਰਕਾਰ ਦਫਾ 144 ਲਾ ਕੇ ਕਹਿ ਰਹੀ ਸੀ ਕਿ ਚਾਰ ਤੋਂ ਵੱਧ ਬੰਦੇ ਇਕੱਠੇ ਨਾ ਹੋਣ, ਦੂਜੇ ਪਾਸੇ ਸਰਕਾਰ ਦਾ ਪੁਲਿਸ ਵਿਭਾਗ ਦੁਸਹਿਰੇ ਲਈ ਲੋਕਾਂ ਨੂੰ ਇਕੱਤਰ ਕਰਨ ਲਈ, ਪਿੰਡ-ਪਿੰਡ ਜੀਪਾਂ ਰਾਹੀਂ ਪ੍ਰਚਾਰ ਕਰ ਕੇ ਅੱਡੀ ਚੋਟੀ ਦਾ ਜ਼ੋਰ ਲਾ ਰਿਹਾ ਸੀ। ਅਸੀਂ ਵੀ ਜੀਪ ਰਾਹੀਂ ਪਿੰਡਾਂ 'ਚ ਜਾ ਕੇ ਲੋਕਾਂ ਨੂੰ ਸਰਕਾਰੀ ਦੁਸਹਿਰੇ 'ਚ ਨਾ ਪਹੁੰਚਣ ਲਈ ਸਮਝਾ ਰਹੇ ਸਾਂ। ਪੁਲਿਸ ਦੀਆਂ ਪੈੜਾਂ ਮਗਰ ਫਿਰਦਿਆਂ ਨੂੰ ਸਾਨੂੰ ਫੁਰਨਾ ਫੁਰਿਆ ਕਿ ਕਿਉਂ ਨਾ ਬਦੀ 'ਤੇ ਨੇਕੀ ਦੀ ਜਿੱਤ ਕੁੱਝ ਘੰਟੇ ਪਹਿਲਾਂ ਹੀ ਕਰ ਲਈ ਜਾਵੇ।

ਫੈਸਲਾ ਹੋਇਆ ਕਿ ਜੇ ਪੁਲਿਸ ਵਾਲੇ ਦੁਸਹਿਰਾ ਗਰਾਊਂਡ ਵਿਚ ਰਾਵਣ, ਕੁੰਭਕਰਨ ਤੇ ਮੇਘਨਾਥ ਦੇ ਬੁੱਤ ਖੜ੍ਹੇ ਕਰਨ ਤਾਂ ਗੁਰੀਲਾ-ਐਕਸ਼ਨ ਰਾਹੀਂ ਦੁਪਹਿਰੇ ਹੀ ਉਨ੍ਹਾਂ ਨੂੰ ਅੱਗ ਲਾ ਦਿੱਤੀ ਜਾਵੇ-ਜੇ ਭਲਾ ਬਾਂਸ ਹੀ ਨਾ ਹੋਵੇਗਾ ਤਾਂ ਬੰਸਰੀ ਕਿਵੇਂ ਵੱਜੇਗੀ? ਇੰਜ ਹੀ ਹੋਇਆ, ਵਾਪਸ ਫਰੀਦਕੋਟ ਆ ਕੇ ਅਸੀਂ ਧੱਕਾ ਬਸਤੀ ਵਾਲੇ ਪਾਸਿਓਂ ਜੋ ਉਸ ਸਮੇਂ ਉਜਾੜ ਥਾਂ ਹੁੰਦੀ ਸੀ, ਜੀਪ ਵਾਲੇ ਨੂੰ ਮੋੜ ਕੇ ਜੀਪ ਸਟਾਰਟ ਹੀ ਰੱਖਣ ਲਈ ਕਿਹਾ। ਅਸੀਂ ਨਹਿਰੂ ਸਟੇਡੀਅਮ (ਜਿਸ ਨੂੰ ਆਮ ਲੋਕ ਦੁਸਹਿਰਾ ਗਰਾਊਂਡ ਕਹਿੰਦੇ ਹਨ) ਦੇ ਪਿਛਲੇ ਪਾਸੇ ਦੀ ਚੜ੍ਹਾਈ ਚੜ੍ਹਦਿਆਂ, ਚੀਤੇ ਵਾਂਗ ਸ਼ਹਿ ਲਾਉਂਦਿਆਂ ਥੋੜ੍ਹੇ-ਥੋੜ੍ਹੇ ਸਿਰ ਉਪਰ ਚੁੱਕ ਕੇ ਵੇਖਿਆ ਤਾਂ ਸਿਰਫ ਬ੍ਰਜਿੰਦਰਾ ਕਾਲਜ ਵਾਲੇ ਪਾਸੇ ਹੀ ਪੁਲਿਸ ਦਾ ਪਹਿਰਾ ਸੀ। ਬਾਕੀ ਸਟੇਡੀਅਮ ਸੁੰਨਾ ਸੀ। ਇੱਕ ਜਣੇ ਨੂੰ ਗੁਪਤ ਰੂਪ ਵਿਚ ਪੁਲਿਸ ਬਾਰੇ ਸੂਹ ਲੈਣ ਲਈ ਭੇਜਿਆ ਜਿਸ ਨੇ ਆ ਕੇ ਦੱਸਿਆ ਕਿ 70-80 ਪੁਲਿਸ ਵਾਲੇ ਸਟੇਡੀਅਮ ਦੇ ਬਾਹਰ, ਗਰਾਊਂਡ ਵਿਚ ਦਰੱਖਤਾਂ ਥੱਲੇ ਲਿਟੇ ਪਏ ਹਨ। ਦੋ ਕੁ ਸੁੱਤਨੀਂਦੇ ਜਿਹੇ ਪਹਿਰਾ ਦਿੰਦੇ ਇਧਰ ਉਧਰ ਹਿੱਲ-ਜੁੱਲ ਰਹੇ ਹਨ। ਦੋ ਜੀਪਾਂ ਅਤੇ ਇੱਕ ਬੱਸ ਬਾਹਰ ਸੜਕ 'ਤੇ ਇੱਕ ਪਾਸੇ ਖੜ੍ਹੀਆਂ ਹਨ। ਉਸ ਨੇ ਹੋਰ ਦੱਸਿਆ ਕਿ ਉਨ੍ਹਾਂ ਵਿਚੋਂ ਇੱਕ ਮਨਚਲਾ ਜਿਹਾ ਸਿਪਾਹੀ ਕਹਿ ਰਿਹਾ ਸੀ, "ਯਾਰ ਆਪਾਂ ਨੂੰ ਇਥੇ ਐਵੇਂ ਹੀ ਭੁੱਖੇ ਮਾਰ ਰਹੇ ਆ, ਭਲਾ ਦੱਸੋ ਖਾਂ ਰਾਵਣ ਵਰਗਿਆਂ ਦੇ ਗਲਾਂ ਵਿਚ ਕਿਹੜਾ ਸੋਨੇ ਦੇ ਕੈਂਠੇ ਪਾਏ ਆ ਜਿਹੜਾ ਕੋਈ ਲਾਹ ਲਊ? ਹੈ ਤਾਂ ਝੁੱਗੇ 'ਚੋਂ ਬਾਂਸ ਦੇ ਪਿੰਜਰਾਂ ਤੇ ਦੋ-ਚਾਰ ਰੁਪਏ ਮੀਟਰ ਵਾਲਾ ਕਾਲਾ ਜਿਹਾ ਕੱਪੜਾ ਹੀ ਨਾ।"

ਬੁੱਤ ਅਜੇ ਖੜ੍ਹੇ ਨਹੀਂ ਕੀਤਾ ਸਨ ਕੀਤੇ ਗਏ। ਸਾਡੇ ਵਿਚੋਂ ਇੱਕ ਜਣੇ ਕੋਲ ਮਿੱਟੀ ਦੇ ਤੇਲ ਵਾਲੀ ਦਸ ਲਿਟਰ ਦੀ ਕੈਨੀ ਸੀ ਜੋ ਅਸੀਂ ਆਉਂਦੇ ਹੋਏ ਇੱਕ ਵਿਦਿਆਰਥੀ ਦੇ ਘਰੋਂ ਚੁੱਕ ਲਿਆਏ ਸਾਂ ਅਤੇ ਤਿੰਨ, ਚਾਰ ਜਣਿਆਂ ਕੋਲ ਮਾਚਿਸ ਦੀਆਂ ਨਵੀਆਂ-ਨਕੋਰ ਡੱਬੀਆਂ ਸਨ ਜੋ ਰਾਹ ਵਿਚੋਂ ਹੀ ਖਰੀਦੀਆਂ ਸਨ। ਅਸੀਂ ਇਸ਼ਾਰੇ ਰਲਾਏ ਅਤੇ ਦੂਜੇ ਪਲ ਹੀ ਰਾਵਣ, ਕੁੰਭਕਰਨ ਅਤੇ ਮੇਘਨਾਥ ਦੀਆਂ ਲੱਤਾਂ ਅਤੇ ਧੜਾਂ ਨੂੰ ਜਾ ਘੇਰਿਆ। ਤੇਲ ਵਾਲੇ ਨੇ ਦਬਾ-ਦਬ ਮਿੱਟੀ ਦਾ ਤੇਲ ਡੋਲ੍ਹਿਆ ਤੇ ਦੂਜਿਆਂ ਨੇ ਅੱਖ ਝਪਕਣ ਜਿੰਨੇ ਸਮੇਂ ਵਿਚ ਅੱਗ ਲਾ ਦਿੱਤੀ। ਦੇਖਦਿਆਂ ਦੇਖਦਿਆਂ ਅੱਗ ਦੇ ਭਾਂਬੜ ਉਠ ਖੜ੍ਹੇ, ਪਰ ਅਜੇ ਤੱਕ ਪਟਾਕੇ ਉਨ੍ਹਾਂ ਨਾਲ ਨਹੀਂ ਸਨ ਬੰਨ੍ਹੇ ਹੋਏ। ਪਹਿਰੇ ਵਾਲੇ ਲੱਗੇ ਵਿਸਲ 'ਤੇ ਵਿਸਲ ਮਾਰਨ, ਪਰ ਸੱਪ ਲੰਘੇ ਤੋਂ ਲਕੀਰ ਕੁੱਟਣ ਦਾ ਹੁਣ ਕੀ ਫਾਇਦਾ ਹੋਣਾ ਸੀ! ਜਦੋਂ ਤੱਕ ਪੁਲਿਸ ਉਥੇ ਪਹੁੰਚੀ, ਤਿੰਨੇ ਬੁੱਤ ਅੱਧਿਓਂ ਵੱਧ ਸੜ ਚੁੱਕੇ ਸਨ। ਨੇਕੀ ਨੇ ਬਦੀ ਨੂੰ ਦਿਨ ਛਿਪਣ ਤੋਂ ਪਹਿਲਾਂ ਹੀ ਸਿਖਰ ਦੁਪਹਿਰੇ ਜਿੱਤ ਲਿਆ ਸੀ। ਅਸੀਂ ਜੀਪ 'ਤੇ ਸਿੱਖਾਂ ਵਾਲੇ ਬੀੜ ਵੱਲ ਨਿਕਲ ਗਏ ਅਤੇ ਉਥੋਂ ਵਿੰਗੇ-ਟੇਢੇ ਰਾਹ ਰਾਹੀਂ ਆਪਣੇ ਟਿਕਾਣਿਆਂ 'ਤੇ ਪੁੱਜ ਗਏ। ਬਾਅਦ ਵਿਚ ਪਤਾ ਲੱਗਾ ਕਿ ਸਾਡੇ ਉਥੋਂ ਜਾਣ ਤੋਂ ਕੁੱਝ ਸਮਾਂ ਬਾਅਦ ਲੋਕ ਸੰਪਰਕ ਵਿਭਾਗ ਦੀ ਗੱਡੀ ਦਫਾ ਇੱਕ ਸੌ ਚੁਤਾਲੀ ਲੱਗਿਆ ਹੋਣ ਕਾਰਨ ਲੋਕਾਂ ਨੂੰ ਦੁਸਹਿਰਾ ਗਰਾਊਂਡ ਵੱਲ ਨਾ ਜਾਣ ਲਈ ਕਹਿ ਰਹੀ ਸੀ।

ਦੁਸਹਿਰੇ ਵਾਲੀ ਘਟਨਾ ਤੋਂ ਦੋ ਕੁ ਦਿਨ ਬਾਅਦ ਸੁਨੇਹਾ ਮਿਲਿਆ ਕਿ ਸ਼ਹੀਦਾਂ ਦੀ ਯਾਦ ਵਿਚ ਰੱਖੀ ਕਾਨਫਰੰਸ ਲਈ ਦਾਣਾ ਮੰਡੀ ਜੈਤੋ ਪਹੁੰਚੋ। ਉਥੇ ਪਹੁੰਚੇ ਤਾਂ ਚਾਰ-ਚੁਫੇਰੇ ਪੁਲਿਸ ਹੀ ਪੁਲਿਸ ਸੀ। ਲੱਗਦਾ ਸੀ ਜਿਵੇਂ ਸਾਨੂੰ ਹੀ ਉਡੀਕ ਰਹੇ ਹੋਣ। ਜੈਤੋ ਦੇ ਮੋਹਣ ਤੇ ਕੁਲਵੰਤ, ਸੇਵੇਵਾਲੇ ਦਾ ਮੇਘ ਰਾਜ, ਦੋ ਕਿਸਾਨ ਤੇਜਾ ਸਿੰਘ ਤੇ ਕਰਨੈਲ ਸਿੰਘ ਅਤੇ ਇਨ੍ਹਾਂ ਨਾਲ ਮੇਜਰ ਸਿੰਘ ਨਿਆਮੀ ਵਾਲਾ, ਕੁਲਵੰਤ ਸਿੰਘ ਜਲਾਲੇਆਣਾ, ਬਲਜੀਤ ਬਰਾੜ ਭਗਤਾ ਭਾਈ ਤੇ ਮੈਂ ਗ੍ਰਿਫਤਾਰ ਹੋਏ। ਸਾਨੂੰ ਜੈਤੋ ਕਿਲੇ ਵਿਚ ਕੋਤਵਾਲੀ ਹਵਾਲਾਤ ਵਿਚ ਬੰਦ ਕਰ ਦਿੱਤਾ। ਕਹਿਣ ਲੱਗੇ, "ਸਾਡੀ ਹਵਾਲਾਤ ਵਿਚ ਜੋ ਬੰਦ ਹੋ ਜਾਏ, ਉਹ ਬਹੁਤ ਵੱਡਾ ਲੀਡਰ ਬਣਦਾ ਹੈ। ਪੰਡਤ ਜਵਾਹਰ ਲਾਲ ਨਹਿਰੂ ਨੂੰ ਵੀ ਜੈਤੋ ਮੋਰਚੇ ਦੌਰਾਨ ਗ੍ਰਿਫਤਾਰ ਕਰ ਕੇ ਇਸੇ ਕੋਠੜੀ ਵਿਚ ਹੀ ਰਾਤ ਰੱਖਿਆ ਸੀ। ਉਹ ਤਾਂ ਦੇਸ਼ ਅਜ਼ਾਦ ਹੋਏ ਤੋਂ ਪ੍ਰਧਾਨ ਮੰਤਰੀ ਦੀ ਕੁਰਸੀ 'ਤੇ ਜਾ ਬੈਠੇ ਸਨ। ਹੁਣ ਤੁਸੀਂ ਵੀ ਕੁੱਝ ਬਣ ਕੇ ਵਿਖਾਉਗੇ ਜਾਂ ਸਾਡੇ ਕੰਬਲਾਂ 'ਚੋਂ ਚਿੱਟੀਆਂ ਕਾਲੀਆਂ ਜੂੰਆਂ ਹੀ ਲਿਜਾਉਗੇ।"

ਖੈਰ, ਐਫ.ਆਈ.ਆਰ. ਦਰਜ ਕਰ ਕੇ ਅਗਲੇ ਦਿਨ ਸਾਨੂੰ ਜੁਡੀਸ਼ਲ ਰਿਮਾਂਡ ਲੈ ਕੇ



*ਮੋਗਾ ਵਿਚ ਰੀਗਲ ਸਿਨੇਮਾ ਦੀ ਥਾਂ ਬਣੀ ਯਾਦਗਾਰ ਵਿਚ ਦਿਸ ਰਿਹਾ ਲਾਇਬਰੇਰੀ ਦਾ ਬੋਰਡ।*

## ਸੰਘਰਸ਼ ਦੀ ਦਾਸਤਾਨ

ਫਰੀਦਕੋਟ ਜੇਲ੍ਹ ਭੇਜ ਦਿੱਤਾ ਅਤੇ ਹਵਾਲਾਤੀ ਬੈਰਕ ਵਿਚ ਕੁੱਕੜਾਂ ਵਾਂਗ ਤਾੜ ਦਿੱਤਾ। ਇਸ ਹਵਾਲਾਤ ਦਾ ਬਾਰ ਦਿਨੇ ਤਾਂ ਖੁੱਲ੍ਹਾ ਰਹਿੰਦਾ ਸੀ ਪਰ ਦਿਨ ਛਿਪਣ ਤੋਂ ਪਹਿਲਾਂ ਹਾਜ਼ਰੀ ਲਾ ਕੇ, ਗਿਣ-ਗਿਣ ਕੇ ਅੰਦਰ ਤਾੜ ਕੇ ਜਿੰਦਾ ਲਾ ਦਿੰਦੇ ਸਨ। ਅੰਦਰ ਕਬਰਾਂ ਵਰਗੇ ਪੱਕੇ ਥੜ੍ਹੇ ਜਿਹੇ ਬਣੇ ਹੋਏ ਸਨ। ਜੇਲ੍ਹ ਦਾ ਵੀ ਆਪਣਾ ਹੀ ਸਭਿਆਚਾਰ ਹੈ। ਸਵੇਰੇ-ਸ਼ਾਮ ਹਾਥੀਆਂ ਦੇ ਕੰਨਾਂ ਜਿੱਡੀਆਂ ਤਿੰਨ-ਤਿੰਨ ਰੋਟੀਆਂ, ਸੁਸਰੀ ਖਾਧੀ ਮੂੰਗੀ ਜਾਂ ਮਸਰੀ ਦੀ ਪਾਣੀ-ਧਾਣੀ ਜਿਹੀ ਦਾਲ ਨਾਲ ਖਾਣ ਨੂੰ ਦਿੰਦੇ। ਦੁਪਹਿਰੇ ਥੋੜ੍ਹੇ ਜਿਹੇ ਭੁੱਜੇ ਛੋਲੇ, ਜਿਨ੍ਹਾਂ ਵਿਚ ਰੋੜ ਵੀ ਚੋਖੇ ਹੁੰਦੇ, ਚਾਹ ਤੋਂ ਪਹਿਲਾਂ ਵਰਤਾਉਂਦੇ। ਚਾਹ ਮਾਰੂ ਜਿਹੀ, ਦੁੱਧ ਦਾ ਵਿਚ ਨਾਂ ਹੀ ਹੁੰਦਾ ਸੀ। ਇਹ ਸਵੇਰੇ-ਸ਼ਾਮ ਹਵਾਲਾਤੀਆਂ ਅਤੇ ਕੈਦੀਆਂ ਨੂੰ ਥੋਕ 'ਚ ਵਰਤਾਈ ਜਾਂਦੀ। ਜੇ ਕਦੇ ਸਬਜ਼ੀ ਦੀ ਖਾਨਾ-ਪੂਰਤੀ ਲਈ ਕੋਈ ਸਾਗ, ਸਬਜ਼ੀ ਬਣਾ ਵੀ ਲੈਂਦੇ ਤਾਂ ਖਾਣ ਨੂੰ ਜੀਅ ਨਹੀਂ ਸੀ ਕਰਦਾ। ਇੰਜ ਲੱਗਦਾ ਜਿਵੇਂ ਕੁੱਤੇ ਨੇ ਘਾਹ ਖਾ ਕੇ ਗਲੱਛਿਆ ਹੋਵੇ ਪਰ ਬਾਹਰਲੇ ਪੰਜੇ ਵਾਲੇ ਜੋ ਜੇਲ੍ਹ ਦੀ ਜ਼ਮੀਨ 'ਤੇ ਕੰਮ ਕਰਨ ਲਈ ਲਿਜਾਏ ਜਾਂਦੇ ਸਨ, ਨੂੰ ਦੂਜਿਆਂ ਨਾਲੋਂ ਜ਼ਿਆਦਾ ਅਤੇ ਥੋੜ੍ਹਾ ਚੰਗਾ ਖਾਣਾ ਦਿੱਤਾ ਜਾਂਦਾ। ਮੇਰੇ ਘਰ ਦੇ ਭਾਵੇਂ ਇਸ ਗੱਲੋਂ ਨਾਰਾਜ਼ ਸਨ ਕਿ ਮੈਂ ਪੜ੍ਹਨ ਦੀ ਥਾਂ ਜੇਲ੍ਹਾਂ, ਥਾਣਿਆਂ ਦਾ ਰਾਹ ਫੜ ਲਿਆ ਹੈ, ਪਰ ਜਦੋਂ ਉਨ੍ਹਾਂ ਨੂੰ ਜੇਲ੍ਹ ਦੇ 'ਪੌਸ਼ਟਿਕ ਖਾਣੇ' ਦਾ ਪਤਾ ਲੱਗਾ, ਉਹ ਖੂਨ ਦੇ ਰਿਸ਼ਤੇ ਦੇ ਮੋਹ-ਪਾਸ਼ ਵਿਚ ਬੱਧੇ, ਸਵੇਰੇ ਤੇ ਸ਼ਾਮ ਖਾਣਾ ਫੜਾਉਣ ਲਈ ਕਿਸੇ ਨਾ ਕਿਸੇ ਨੂੰ ਭੇਜ ਦਿੰਦੇ। ਥੋੜ੍ਹੇ ਦਿਨਾਂ ਬਾਅਦ ਯਾਰ-ਦੋਸਤ ਵੀ ਵੱਡੀ ਪੱਧਰ 'ਤੇ ਮੁਲਾਕਾਤ ਲਈ ਆਉਣ ਲੱਗ ਪਏ ਜੋ ਫਲ ਅਤੇ ਖਾਣ-ਪੀਣ ਦੀਆਂ ਹੋਰ ਚੀਜ਼ਾਂ ਦੇ ਅੰਬਾਰ ਲਾ ਛੱਡਦੇ। ਕੱਪੜੇ ਧੋ ਕੇ ਪਿੰਡੋਂ ਆ ਜਾਂਦੇ। ਕਈ ਵਾਰ ਮੈਂ ਦੂਜਿਆਂ ਨਾਲ ਰਲ ਕੇ ਖੁਦ ਵੀ ਧੋ ਲੈਂਦਾ। ਘਰ ਦੇ ਦੇਸੀ ਘਿਉ ਵੀ ਦੇ ਗਏ ਸਨ। ਬਾਕੀਆਂ ਦੇ ਘਰ ਦੇ ਵੀ ਮੁਲਾਕਾਤ ਲਈ ਆਉਂਦੇ ਤੇ ਬਹੁਤ ਕੁੱਝ ਦੇ ਜਾਂਦੇ। ਸਾਡੇ ਵਿਚ ਭਰਾਵਾਂ ਵਰਗੀ ਸਾਂਝ ਪੈਦਾ ਹੋ ਗਈ ਸੀ। ਇੱਕ ਗੱਲ ਹੋਰ, ਜੇਲ੍ਹ ਵਿਚ ਨਕਦ ਪੈਸਿਆਂ ਦੀ ਥਾਂ ਕੋਲ ਰੱਖਣ ਨੂੰ ਕੂਪਨ ਦਿੰਦੇ ਸਨ ਜਿਸ ਨਾਲ ਜੇਲ੍ਹ ਕੰਟੀਨ ਵਿਚੋਂ ਕੁਝ ਖਰੀਦਿਆ ਜਾ ਸਕਦਾ ਸੀ। ਸਾਰਾ ਦਿਨ ਤਾਸ਼ ਜਾਂ ਬਾਰਾਂ ਟਹਿਣੀ ਖੇਡ ਕੇ ਜਾਂ ਗੱਲਾਂਬਾਤਾਂ ਰਾਹੀਂ ਤੇ ਜਾਂ ਫਿਰ ਸੇਮ ਮਾਰੀ ਜੇਲ੍ਹ ਦੀ ਕੱਲਰੀ ਗਰਾਊਂਡ ਵਿਚ ਟਹਿਲ ਕੇ ਬਤਾਉਂਦੇ।

ਅਸੀਂ ਵੀਹ ਕੁ ਦਿਨ ਜੇਲ੍ਹ ਦੀ ਹਵਾ ਖਾਣ ਬਾਅਦ ਬਾਹਰ ਆ ਗਏ। ਪੰਜਾਬ ਸਰਕਾਰ ਨੇ ਸਕੂਲ, ਕਾਲਜ ਖੋਲ੍ਹ ਦਿੱਤੇ ਅਤੇ ਸੰਗੀਨ ਜੁਰਮ ਵਾਲਿਆਂ ਨੂੰ ਛੱਡ ਕੇ ਬਾਕੀ ਸਾਰੇ ਵਿਦਿਆਰਥੀ ਅਤੇ ਮੋਗਾ ਘੋਲ ਨਾਲ ਸਬੰਧਤ ਫੜੇ ਹੋਰ ਜੁਝਾਰੂਆਂ ਨੂੰ ਰਿਹਾ ਕਰਨ ਦਾ ਹੁਕਮ ਦੇ ਦਿੱਤਾ। ਸਾਡੀ ਰਿਹਾਈ ਸਮੇਂ ਸਾਡੇ ਘਰ ਦੇ, ਰਿਸ਼ਤੇਦਾਰ ਅਤੇ ਵਿਦਿਆਰਥੀ ਕਾਫੀ ਗਿਣਤੀ ਵਿਚ ਜੇਲ੍ਹ ਦੇ ਬਾਹਰ ਸਾਡੇ ਸਵਾਗਤ ਲਈ ਆਏ ਹੋਏ ਸਨ। ਜੇਲ੍ਹ ਦੇ ਬਾਹਰ ਵਿਦਿਆਰਥੀ ਨਾਹਰੇ ਲਾ ਰਹੇ ਸਨ। ਪੁਲਿਸ ਵੀ ਭਾਰੀ ਗਿਣਤੀ ਵਿਚ ਖੜ੍ਹੀ ਸੀ। ਅਸੀਂ ਸਭ ਨੂੰ ਮਿਲ-ਮਿਲਾ ਕੇ ਤੇ ਦੂਜੇ ਦਿਨ ਕਾਲਜ ਵਿਚ ਮਿਲਣ ਦਾ ਵਾਅਦਾ ਕਰ ਕੇ ਆਪੋ-ਆਪਣੇ ਘਰਾਂ ਨੂੰ ਚਲੇ ਗਏ।

ਅਗਲੇ ਦਿਨ ਬ੍ਰਜਿੰਦਰਾ ਕਾਲਜ ਪਹੁੰਚਿਆ ਤਾਂ ਕੀ ਵੇਖਦਾ ਹਾਂ ਕਿ ਪੁਲਿਸ ਟਿੱਡੀ-ਦਲ ਵਾਂਗ ਇਧਰ-ਉਧਰ ਘੁੰਮ ਰਹੀ ਹੈ। ਮੈਂ ਕਾਲਜ ਦੇ ਬਾਹਰ ਗੇਟ ਕੋਲ ਖੜ੍ਹ ਗਿਆ ਤੇ ਵੇਖਦਿਆਂ ਹੀ ਵੇਖਦਿਆਂ ਕਾਫੀ ਗਿਣਤੀ ਵਿਚ ਵਿਦਿਆਰਥੀ ਝੁਰਮਟ ਦੇ ਰੂਪ ਵਿਚ ਮੇਰੇ ਆਸ-ਪਾਸ ਹਾਲ ਚਾਲ ਪੁੱਛਣ ਲਈ ਆ ਖੜ੍ਹੇ। ਮੇਜਰ, ਕੁਲਵੰਤ, ਬਲਜੀਤ ਤੇ ਹੋਰ ਜਝਾਰੂ ਵੀ ਆ ਪਹੁੰਚੇ। ਰੈਲੀ ਵਾਲਾ ਮਾਹੌਲ ਬਣ ਗਿਆ। ਮੈਂ ਵਿਦਿਆਰਥੀਆਂ ਨੂੰ ਸੰਬੋਧਨ ਕਰਨ ਲਈ ਛਾਲ ਮਾਰ ਕੇ ਸਟੇਡੀਅਮ ਦੀ ਕੰਧ 'ਤੇ ਚੜ੍ਹ ਗਿਆ। ਅਜੇ ਕਾਲਜ ਵੱਲ ਮੂੰਹ ਕਰ ਕੇ ਬੋਲਣ ਹੀ ਲੱਗਿਆ ਸਾਂ ਕਿ ਐਸ.ਡੀ.ਐਮ. ਸੂਰਤਾ ਸਿੰਘ ਗਰੇਵਾਲ ਆ ਕੇ ਕਹਿਣ ਲੱਗੇ ਕਿ ਦਫਾ ਇੱਕ ਸੌ ਚੁਤਾਲੀ ਕਾਰਨ ਇਕੱਠ ਨਹੀਂ ਹੋ ਸਕਦਾ। ਬਹਿਸ ਸ਼ੁਰੂ ਹੋ ਗਈ। ਅਖੀਰ ਫੈਸਲਾ ਹੋਇਆ ਕਿ ਇਹ ਰੈਲੀ ਅਸੀਂ ਕਾਲਜ ਦੇ ਅੰਦਰ ਜਾ ਕੇ ਕਰ ਲਈਏ। ਮੈਂ ਵਿਦਿਆਰਥੀਆਂ ਨੂੰ ਅੰਦਰ ਜਾਣ ਨੂੰ ਕਹਿ ਕੇ ਆਪ ਉਥੇ ਖੜ੍ਹਾ ਰਿਹਾ। ਜਦੋਂ ਲਗਭਗ ਸਾਰੇ ਵਿਦਿਆਰਥੀ ਅੰਦਰ ਚਲੇ ਗਏ ਤਾਂ ਛੇ, ਸੱਤ ਸਿਪਾਹੀਆਂ ਨੇ ਮੈਨੂੰ ਬਾਹਾਂ ਤੋਂ ਫੜ ਲਿਆ ਅਤੇ ਇੱਕ ਡਾਂਗ ਮਾਰਨ ਲੱਗਾ, ਪਰ ਜਦੋਂ ਮੈਂ ਧੌਣ ਭੁਆ ਕੇ ਵੇਖਿਆ ਤਾਂ ਉਸ ਦੀ ਡਾਂਗ ਉਤਾਂਹ ਦੀ ਉਤਾਂਹ ਹੀ ਰਹਿ ਗਈ ਤੇ ਕਹਿਣ ਲੱਗਾ, "ਬਾਈ ਹੁਕਮ ਦੇ ਬੱਧੇ ਆਂ।" ਇੰਨੇ ਨੂੰ ਪੁਲਿਸ ਦੀ, ਫੌਜੀਆਂ ਦੀ ਗੱਡੀ ਵਰਗੀ ਗੱਡੀ ਸਾਡੇ ਕੋਲ ਬੈਕ ਆ ਲੱਗੀ। ਇਹ ਠੀਕ ਉਹ ਥਾਂ ਸੀ ਜਿੱਥੇ ਇੱਕ ਪਾਸੇ ਬ੍ਰਜਿੰਦਰਾ ਕਾਲਜ ਦਾ ਕੈਂਪਸ ਹੈ ਤੇ ਨਾਲ ਹੀ ਬਲਵੀਰ ਹਾਈ ਸਕੂਲ ਦੀ ਨੁੱਕਰ ਲੱਗਦੀ ਹੈ ਅਤੇ ਸੜਕ ਦੇ ਦੂਜੇ ਪਾਸੇ ਬੀ.ਐਡ. ਕਾਲਜ ਦੀ ਨੁੱਕਰ ਹੈ। ਇਹ ਤ੍ਰਿਵੇਣੀ ਜੰਕਸ਼ਨ ਉਸ ਦਿਨ ਬਹੁਤ ਕੰਮ ਆਇਆ। ਉਸ ਗੱਡੀ ਦਾ ਡਰਾਇਵਰ ਉਤਰ ਕੇ ਐਸ.ਡੀ.ਐਮ. ਅਤੇ ਡੀ.ਐਸ.ਪੀ. ਦੌਲਤ ਰਾਮ ਨਾਲ ਕੋਈ ਗੱਲ ਕਰਨ ਚਲਿਆ ਗਿਆ। ਕਾਫੀ ਗਿਣਤੀ ਵਿਚ ਸਿਪਾਹੀਆਂ ਨੇ ਮੈਨੂੰ ਧੂਹ ਕੇ ਗੱਡੀ ਵਿਚ ਚੜ੍ਹਾ ਲਿਆ।

ਵਿਦਿਆਰਥੀਆਂ ਦੇ ਗੁੱਸੇ ਦੀ ਕੋਈ ਹੱਦ ਨਾ ਰਹੀ, ਕਚੀਚੀਆਂ ਵੱਟਦੇ ਉਹ ਪੁਲਿਸ ਉਪਰ ਟੁੱਟ ਪਏ। ਬ੍ਰਜਿੰਦਰਾ ਕਾਲਜ ਦਾ ਤਾਂ ਲਗਭਗ ਸਾਰਾ ਹੀ ਕੈਂਪਸ, ਨਾਲੀਆਂ ਪੁੱਟੀਆਂ ਹੋਣ ਕਾਰਨ ਇੱਟਾਂ-ਵੱਟਿਆਂ ਨਾਲ ਭਰਿਆ ਪਿਆ ਸੀ, ਪਰ ਬਲਵੀਰ ਹਾਈ ਸਕੂਲ ਤੇ ਬੀ.ਐਡ. ਕਾਲਜ ਦੀਆਂ ਨੁੱਕਰਾਂ ਵੀ ਡਲੇ-ਪੱਥਰਾਂ ਨਾਲ ਮਾਲੋ-ਮਾਲ ਸਨ। ਚਾਰੇ ਪਾਸੇ ਤੋਂ ਇੱਟਾਂ, ਪੱਥਰਾਂ ਦਾ ਪੁਲਿਸ ਉਪਰ ਮੀਂਹ ਵਰ੍ਹਨ ਲੱਗ ਪਿਆ। ਇੰਜ ਲੱਗਦਾ ਸੀ ਜਿਵੇਂ ਵੱਡੀ ਪੱਧਰ 'ਤੇ ਆਏ ਹੋਏ ਭੁਚਾਲ ਦੇ ਝਟਕਿਆਂ ਨਾਲ ਇਮਾਰਤਾਂ ਦਾ ਮਲਬਾ ਦੂਰ-ਦੂਰ ਡਿੱਗਦਾ ਹੋਵੇ ਜਾਂ ਯੁੱਧ ਸਮੇਂ ਕਿਸੇ ਹਵਾਈ ਜਹਾਜ਼ ਰਾਹੀਂ ਸੁੱਟੇ ਗਏ ਬੰਬ ਨੇ ਕਿਸੇ ਇਮਾਰਤ ਦੇ ਚੀਥੜੇ ਹਵਾ 'ਚ ਉਡਾ ਕੇ ਖਿਲਾਰ ਦਿੱਤੇ ਹੋਣ। ਬੀ.ਐਡ. ਕਾਲਜ ਦੇ ਜੁਝਾਰੂ ਵਿਦਿਆਰਥੀ ਕਿਉਂਕਿ ਪੁਲਿਸ ਦੀ ਉਪਰੋਕਤ ਗੱਡੀ ਦੇ ਉਸ ਪਾਸੇ ਸਨ ਜਿਸ ਪਾਸੇ ਡਰਾਈਵਰ ਦੀ ਤਾਕੀ ਹੁੰਦੀ ਹੈ, ਸੋ ਉਨ੍ਹਾਂ ਨੇ ਡਰਾਈਵਰ ਨੂੰ ਗੱਡੀ ਦੇ ਨੇੜੇ ਨਾ ਢੁੱਕਣ ਦਿੱਤਾ। ਦੂਜੇ ਪਾਸੇ ਬ੍ਰਜਿੰਦਰਾ ਕਾਲਜ ਅਤੇ ਬਲਵੀਰ ਹਾਈ ਸਕੂਲ ਦੇ ਸੰਗਰਾਮੀ ਵਿਦਿਆਰਥੀ ਤੂਫਾਨ ਦੀ ਰਫ਼ਤਾਰ ਨਾਲ ਕਾਰਵਾਈ ਕਰ ਰਹੇ ਸਨ। ਮੈਨੂੰ ਗੱਡੀ ਵਿਚ ਫੜੀ ਖੜ੍ਹੇ ਸਿਪਾਹੀਆਂ 'ਚੋਂ ਬਹੁਤੇ ਸਹਿਮ ਕੇ, ਗੱਡੀ ਦੀਆਂ ਨੁੱਕਰਾਂ ਨਾਲ ਕੁੰਗੜ ਕੇ ਖੜ੍ਹ ਗਏ। ਬਾਕੀਆਂ ਤੋਂ ਆਪਣੇ ਆਪ ਨੂੰ ਛੁਡਾ ਕੇ ਮੈਂ ਗੱਡੀ 'ਚੋਂ ਛਾਲ ਮਾਰ ਗਿਆ ਤੇ ਫੁਰਤੀ ਨਾਲ ਕਾਲਜ ਦੀ ਕੰਧ ਟੱਪ ਕੇ ਸਾਥੀਆਂ ਨਾਲ ਜਾ ਰਲਿਆ ਅਤੇ ਜੋਸ਼ ਨਾਲ ਭਰੀ ਉਚੀ ਆਵਾਜ਼ 'ਚ ਕਿਹਾ, "ਜੁਝਾਰੂ ਸਾਥੀਓ, ਅੱਜ ਮੌਕਾ ਹੈ ਪੁਲਿਸ ਵਾਲਿਆਂ ਨਾਲ ਅਗਲਾ-ਪਿਛਲਾ ਹਿਸਾਬ ਬਰਾਬਰ ਕਰਨ ਦਾ...ਆਪਣੇ ਉਪਰਲੇ ਅਫਸਰਾਂ ਦੇ ਇਸ਼ਾਰੇ 'ਤੇ ਇਨ੍ਹਾਂ ਨੇ ਆਪਾਂ ਨੂੰ ਦੋ ਵਾਰ ਪਸ਼ੂਆਂ ਵਾਂਗ ਕੁੱਟਿਆ ਹੈ। ਹੁਣ ਇਸ ਤਰ੍ਹਾਂ ਜਵਾਬ ਦੇਵੋ ਕਿ ਇਤਿਹਾਸ ਲਿਖਿਆ ਜਾਵੇ...।"

ਮੁਕਾਬਲਾ ਗਹਿਗੱਚ ਸੀ। ਇੱਕ ਤਾਂ ਸਾਰਾ ਪੰਜਾਬ ਲੰਮੇ ਸਮੇਂ ਤੋਂ ਬਾਅਦ ਅਜੇ ਮਸਾਂ ਹੀ ਸ਼ਾਂਤ ਹੋਇਆ ਸੀ ਅਤੇ ਦੂਜਾ, ਇਕ ਹੋਰ ਮੋਗਾ ਬਣਾਉਣ ਲਈ ਸ਼ਾਇਦ ਪੰਜਾਬ ਸਰਕਾਰ ਵੱਲੋਂ ਕਿਸੇ ਹੋਰ ਸਬੰਧਤ ਅਧਿਕਾਰੀ ਨੂੰ ਗੋਲੀ ਦਾ ਹੁਕਮ ਦੇਣ ਦੀ ਆਗਿਆ ਨਾ ਦਿੱਤੀ ਗਈ ਹੋਵੇ; ਨਹੀਂ ਤਾਂ ਇੰਜ ਲੱਗਦਾ ਸੀ ਕਿ ਗੋਲੀ ਹੁਣੇ ਚੱਲੀ ਕੇ ਚੱਲੀ! ਕਿਤੇ ਦੁਬਾਰਾ ਗ੍ਰਿਫਤਾਰ ਨਾ ਕਰ ਲੈਣ, ਇਸ ਲਈ 15-20 ਵਿਦਿਆਰਥੀ ਜ਼ਬਰਦਸਤੀ ਮੈਨੂੰ ਧੂਹ ਕੇ ਹਰਿੰਦਰਾ ਨਗਰ ਵੱਲ ਲੈ ਗਏ। ਮੈ ਉਨ੍ਹਾਂ ਨੂੰ ਬਹੁਤ ਸਮਝਾਇਆ, ਦਲੀਲਾਂ ਦਿੱਤੀਆਂ ਕਿ ਜੇ ਅੱਜ ਗੋਲੀ ਚੱਲ ਗਈ ਤਾਂ ਕਿਸੇ ਵਿਦਿਆਰਥੀ ਜਾਂ ਵਿਦਿਆਰਥੀਆਂ ਦਾ ਨੁਕਸਾਨ ਹੋ ਗਿਆ ਤਾਂ ਲੋਕ ਕਹਿਣਗੇ, "ਆਪ ਲੁਕ ਗਿਆ ਤੇ ਬੇਗਾਨੇ ਪੁੱਤ ਮਰਾ'ਤੇ", ਪਰ ਉਨ੍ਹਾਂ ਕਿਹਾ ਕਿ ਅੱਜ ਲੜਾਈ ਦਾ ਮਸਲਾ ਹੀ ਆਪਣੇ ਆਗੂ ਨੂੰ ਬਚਾਉਣਾ ਹੈ, ਸੋ ਅਸੀਂ ਬਚਾ ਰਹੇ ਹਾਂ। ਥੋੜ੍ਹੀ ਦੇਰ ਬਾਅਦ ਇਹ ਵਿਦਿਆਰਥੀ, ਮੇਜਰ ਸਿੰਘ, ਕੁਲਵੰਤ ਸਿੰਘ ਤੇ ਬਲਜੀਤ ਸਿੰਘ ਨੂੰ ਵੀ ਮੇਰੇ ਕੋਲ ਛੱਡ ਗਏ। ਵਿਦਿਆਰਥੀ ਜਿੱਥੇ ਪੁਲਿਸ ਤੋਂ ਬਚ-ਬਚਾ ਕੇ ਸਾਡੇ ਕੋਲ ਪਲ-ਪਲ ਦੀ ਰਿਪੋਰਟ ਭੇਜ ਰਹੇ ਸਨ, ਉਥੇ ਬਿੱਲੀ ਦੇ ਸੱਤ ਘਰ ਬਦਲਣ ਵਾਂਗ ਸਾਡੇ ਟਿਕਾਣੇ ਵੀ ਬਦਲ ਰਹੇ ਸਨ।

ਬ੍ਰਜਿੰਦਰਾ ਕਾਲਜ ਕੈਂਪਸ ਪਾਣੀਪਤ ਦਾ ਮੈਦਾਨ ਬਣਿਆ ਨਜ਼ਰ ਆਉਂਦਾ ਸੀ। ਕਈ ਥਾਂਈਂ ਬਹਾਦਰ ਲੜਕੀਆਂ ਇੱਟਾਂ ਭੰਨ-ਭੰਨ, ਡਲੇ ਬਣਾ ਬਣਾ ਆਪਣੇ ਸੂਰਵੀਰ ਭਰਾਵਾਂ ਨੂੰ ਫੜਾ ਰਹੀਆਂ ਸਨ। ਘੋੜਿਆਂ ਵਾਲੀ ਪੁਲਿਸ ਦੇ ਪੱਬ ਵੀ ਅੱਜ ਨਹੀਂ ਸਨ ਅੜ ਰਹੇ। ਵਿਦਿਆਰਥੀ ਪਿਛਲੇ ਸਮੇਂ ਦੌਰਾਨ ਪੁਲਿਸ ਵੱਲੋਂ ਕੀਤੇ ਲਾਠੀਚਾਰਜ ਦੀ ਇੱਕ-ਇੱਕ ਲਾਠੀ ਦਾ ਹਿਸਾਬ ਲੈ ਰਹੇ ਸਨ। ਲਗਭਗ ਡੇਢ ਕੁ ਘੰਟੇ ਦੀ ਲੜਾਈ ਤੋਂ ਬਾਅਦ ਬ੍ਰਜਿੰਦਰਾ ਕਾਲਜ ਦੇ ਵਿਦਿਆਰਥੀਆਂ ਨੇ ਪੁਲਿਸ ਨੂੰ ਕਾਲਜ ਕੈਂਪਸ 'ਚੋਂ ਬਾਹਰ ਜਾਣ ਲਈ ਮਜਬੂਰ ਕਰ ਦਿੱਤਾ। ਚਾਰ ਦਿਨ ਲਈ ਕਾਲਜ ਬੰਦ ਕਰ ਦਿੱਤਾ ਗਿਆ। ਡੀ.ਸੀ. ਚੀਮੇ ਦੀ ਥਾਂ ਹੁਣ ਅਮਰੀਕ ਸਿੰਘ ਪੂੰਨੀ ਕੁਰਸੀ 'ਤੇ ਆ ਬੈਠੇ ਸਨ। ਅਮਰੀਕ ਸਿੰਘ ਪੂੰਨੀ ਨੇ ਸ਼ਾਂਤੀ ਕਾਇਮ ਕਰਨ ਲਈ ਸ਼ਹਿਰ ਦੇ ਵਕੀਲਾਂ ਅਤੇ ਹੋਰ ਪਤਵੰਤੇ ਸ਼ਹਿਰੀਆਂ ਨਾਲ ਮੀਟਿੰਗ ਕਰ ਕੇ ਕਿਹਾ ਕਿ ਉਹ ਸਮਝੌਤੇ ਲਈ ਮੈਨੂੰ ਅਤੇ ਮੇਰੇ ਸਾਥੀਆਂ ਨੂੰ ਭਾਲ ਕੇ ਲਿਆਉਣ। ਫ਼ਰੀਦਕੋਟ ਦੇ ਨਾਮਵਰ ਸ਼ਹਿਰੀ ਅਤੇ ਪਤਵੰਤੇ ਸੱਜਣ ਕਈ ਵਲ-ਵਿੰਗ ਪਾ ਕੇ ਸਾਨੂੰ ਮਿਲੇ ਅਤੇ ਆਪਣੀ ਜ਼ਿੰਮੇਵਾਰੀ ਉਤੇ ਮੇਰੀ ਤੇ ਮੇਰੇ ਸਾਥੀਆਂ ਦੀ ਮੀਟਿੰਗ ਡੀ.ਸੀ. ਪੂੰਨੀ ਨਾਲ ਕਰਵਾਈ। ਡੀ.ਸੀ. ਪੂੰਨੀ ਇਹ ਕਹਿ ਕੇ ਕਿ ਬਾਕੀ ਗੱਲਾਂਬਾਤਾਂ ਫੇਰ ਕਰਾਂਗੇ, ਪਹਿਲਾਂ ਵਿਦਿਆਰਥੀਆਂ ਦੀਆਂ ਮੰਗਾਂ ਨਿਬੇੜ ਲਈਏ, ਨੋਟ ਬੁੱਕ ਚੁੱਕ ਕੇ ਪੈਨ ਖੋਲ੍ਹ ਕੇ ਮੈਨੂੰ ਸੰਬੋਧਤ ਹੋ ਕੇ ਕਹਿਣ ਲੱਗੇ, "ਬਿੱਕਰ ਸਿੰਘ, ਮੇਰੇ ਅਧਿਕਾਰ ਖੇਤਰ ਵਿਚ ਆਉਂਦੀਆਂ ਫਰੀਦਕੋਟ ਨਾਲ ਸਬੰਧਤ ਜੋ ਵੀ ਮੰਗਾਂ ਹਨ, ਮੈਂ ਹੁਣੇ ਹੀ ਮੰਨਦਾ ਹਾਂ ਅਤੇ ਦੂਜੀਆਂ ਸਬੰਧੀ ਵੀ ਵਾਅਦਾ ਕਰਦਾ ਹਾਂ ਕਿ ਉਪਰ ਮੰਨਣ ਲਈ ਪੰਜਾਬ ਸਰਕਾਰ ਨੂੰ ਲਿਖ ਕੇ ਭੇਜਾਂਗਾ।"

ਮੈਂ ਮੇਜਰ, ਕੁਲਵੰਤ ਤੇ ਬਲਜੀਤ ਨੇ ਮੰਗਾਂ ਦੀ ਲਿਸਟ ਡੀ.ਸੀ. ਪੂੰਨੀ ਅੱਗੇ ਰੱਖੀ। ਪਹਿਲੀ ਮੰਗ ਸੀ ਕਿ ਮੋਗਾ ਗੋਲੀ ਕਾਂਡ ਦੀ ਨਿਰਪੱਖ ਜਾਂਚ ਕਿਸੇ ਰਿਟਾਇਰਡ ਜੱਜ ਤੋਂ ਕਰਵਾਈ ਜਾਵੇ ਅਤੇ ਦੋਸ਼ੀਆਂ ਨੂੰ ਸਜ਼ਾਵਾਂ ਦਿੱਤੀਆਂ ਜਾਣ। ਡੀ.ਸੀ. ਪੂੰਨੀ ਨੇ ਇਹ ਮੰਗ ਉਪਰ ਭੇਜਣ ਲਈ ਨੋਟ ਕਰ ਲਈ। ਦੂਜੀ ਮੰਗ ਰੀਗਲ ਸਿਨੇਮੇ ਨੂੰ ਸ਼ਹੀਦੀ ਯਾਦਗਾਰ ਬਣਾਉਣ ਦੀ ਸੀ। ਡੀ.ਸੀ. ਨੇ ਕਿਹਾ ਕਿ ਸਿਨੇਮਾ ਪੱਕੇ ਤੌਰ 'ਤੇ ਬੰਦ ਕਰ ਦਿੱਤਾ ਜਾਵੇਗਾ ਤੇ ਯਾਦਗਾਰ ਲਈ ਉਪਰ ਲਿਖਿਆ ਜਾਵੇਗਾ। ਬਾਅਦ ਵਿਚ ਇਹ ਸਿਨੇਮਾ ਯਾਦਗਾਰ ਬਣਾ ਦਿੱਤਾ ਗਿਆ। ਤੀਜੀ ਮੰਗ ਸੀ ਕਿ ਪੰਜਾਬ ਭਰ ਦੇ ਵਿਦਿਆਰਥੀਆਂ ਅਤੇ ਮੋਗਾ ਘੋਲ ਨਾਲ ਸਬੰਧਤ ਹੋਰ ਵਿਅਕਤੀਆਂ ਉਤੇ ਬਣੇ ਮੁਕੱਦਮੇ ਵਾਪਿਸ ਲਏ ਜਾਣ। ਇਸ ਸਬੰਧੀ ਡੀ.ਸੀ. ਪੂੰਨੀ ਨੇ ਕਿਹਾ ਕਿ ਫ਼ਰੀਦਕੋਟ ਨਾਲ ਸਬੰਧਤ ਸਾਰੇ ਵਿਦਿਆਰਥੀਆਂ ਅਤੇ ਹੋਰ ਵਿਅਕਤੀਆਂ ਦੇ ਮੋਗਾ ਘੋਲ ਕਾਰਨ ਬਣੇ ਮੁਕੱਦਮੇ ਉਹ ਅੱਜ ਹੀ ਵਾਪਿਸ ਲੈਂਦਾ ਹੈ ਤੇ ਬਾਕੀਆਂ ਨੂੰ ਰਫਾ-ਦਫਾ ਕਰਨ ਲਈ ਉਹ ਉਪਰ ਲਿਖ ਰਿਹਾ ਹੈ। ਚੌਥੀ ਮੰਗ ਸੀ ਕਿ ਪ੍ਰਿੰਸੀਪਲ ਨਾਂ ਕੱਟੇ ਵਾਲੇ ਵਿਦਿਆਰਥੀਆਂ ਦੇ ਮਾਪਿਆਂ ਨੂੰ ਨਹੀਂ ਸੱਦੇਗਾ, ਵਿਦਿਆਰਥੀ ਬਿਨਾਂ ਕਿਸੇ ਵਿਤਕਰੇ ਦੇ ਅਰਜ਼ੀਆਂ ਲੈ ਕੇ ਮੁੜ ਦਾਖਲ ਕੀਤੇ ਜਾਣਗੇ। ਇਹ ਸਾਡੀ ਸਥਾਨਕ ਮੰਗ ਸੀ। ਡੀ.ਸੀ. ਪੂੰਨੀ ਕਹਿਣ ਲੱਗੇ- ਅਜਿਹਾ ਹੀ ਹੋਵੇਗਾ।

ਅਖੀਰ 'ਤੇ ਡੀ.ਸੀ. ਪੂੰਨੀ ਨੇ ਕਿਹਾ, "ਹੁਣ ਜਦੋਂ ਪੰਜਾਬ ਦੀਆਂ ਸਾਰੀਆਂ ਵਿੱਦਿਅਕ ਸੰਸਥਾਵਾਂ ਵਿਚ ਪੜ੍ਹਾਈ ਸ਼ੁਰੂ ਹੋ ਚੁੱਕੀ ਹੈ ਤਾਂ ਤੁਸੀਂ ਵੀ ਹੜਤਾਲ ਖਤਮ ਕਰ ਕੇ ਕੱਲ੍ਹ ਤੋਂ ਪੜ੍ਹਾਈ ਸ਼ੁਰੂ ਕਰੋ।" ਮੈਂ ਕਿਹਾ, "ਡੀ.ਸੀ. ਸਾਹਬ, ਅਸੀਂ ਕੱਲ੍ਹ ਨੂੰ ਰੈਲੀ ਕਰ ਕੇ ਫੈਸਲਾ ਕਰਾਂਗੇ ਪਰ ਤੁਸੀਂ ਪੁਲਿਸ ਨੂੰ ਕਹੋ ਕਿ ਕਾਲਜ ਤੋਂ ਦੂਰ ਰਹੇ।" ਅਸੀਂ ਇਹ ਵੀ ਸਪੱਸ਼ਟ ਕਰ ਦਿੱਤਾ ਕਿ ਜੇ ਪੰਜਾਬ ਪੱਧਰ 'ਤੇ ਪੀ.ਐਸ.ਯੂ. ਵੱਲੋਂ ਕਿਸੇ ਰੋਸ-ਰੈਲੀ, ਹੜਤਾਲ ਜਾਂ ਮੁਜ਼ਾਹਰੇ ਦਾ ਸੱਦਾ ਆਵੇਗਾ ਤਾਂ ਅਸੀਂ ਉਸ ਨੂੰ ਹਰ ਹਾਲਤ ਵਿਚ ਲਾਗੂ ਕਰਾਂਗੇ।

***(ਸਮਾਪਤ)***

---

*ਸਾਬਕਾ ਜਨਰਲ ਸਕੱਤਰ
ਪੰਜਾਬ ਸਟੂਡੈਂਟਸ ਯੂਨੀਅਨ।

# ਤਰਕ ਦੀਆਂ ਤੰਦਾਂ ਬਨਾਮ ਭੇਡ-ਚਾਲ

**ਬੌਬ ਖਹਿਰਾ, ਮਿਸ਼ੀਗਨ**
**ਫੋਨ: 734-925-0177**

ਜਦੋਂ ਨਿੱਕੇ ਹੁੰਦੇ ਸੀ ਤਾਂ ਸਾਡੇ ਪਿੰਡ ਸਾਂਸੀ ਬਰਾਦਰੀ ਕੋਲ ਬਹੁਤ ਸਾਰੀਆਂ ਭੇਡਾਂ ਹੁੰਦੀਆਂ ਸਨ। ਦੇਖੀਦਾ ਸੀ ਕਿ ਉਨ੍ਹਾਂ ਦਾ ਇਕ ਮੁੰਡਾ ਅੱਗੇ-ਅੱਗੇ ਤੁਰਿਆ ਜਾਂਦਾ ਤੇ ਸਾਰੀਆਂ ਭੇਡਾਂ ਉਸ ਦੇ ਮਗਰ-ਮਗਰ ਤੁਰੀਆਂ ਜਾਂਦੀਆਂ। ਇਕ ਹੋਰ ਮੁੰਡਾ ਸਭ ਤੋਂ ਮਗਰ ਹੁੰਦਾ ਸੀ। ਜੇ ਕੋਈ ਭੇਡ ਪਿੱਛੇ ਰਹਿ ਜਾਂਦੀ, ਜਾਂ ਆਸੇ-ਪਾਸੇ ਕੁਝ ਖਾਣ ਲੱਗਦੀ ਰੁਕ ਜਾਂਦੀ ਤਾਂ ਉਹ ਮੁੰਡਾ ਉਸ ਦੇ ਲੱਕ ਵਿਚ ਡੰਡਾ ਮਾਰਦਾ ਤੇ ਉਹ ਭੇਡ ਵੀ ਭੱਜ ਕੇ ਉਨ੍ਹਾਂ ਭੇਡਾਂ ਦੇ ਨਾਲ ਰਲ ਜਾਂਦੀ। ਸਾਨੂੰ ਤਾਂ ਨਹੀਂ ਸੀ ਪਤਾ, ਪਰ ਸਾਂਸੀਆਂ ਦੇ ਮੁੰਡਿਆਂ ਨੂੰ ਭੇਤ ਸੀ ਕਿ ਅੱਗੇ ਤੁਰਨ ਨਾਲ ਸਭ ਭੇਡਾਂ ਮਗਰ ਤੁਰਦੀਆਂ ਹਨ। ਬਜ਼ੁਰਗ ਵੀ ਦੱਸਦੇ ਹੁੰਦੇ ਸੀ ਕਿ ਭੇਡਾਂ ਦੀ ਇਹ ਆਦਤ ਹੁੰਦੀ ਹੈ ਕਿ ਜਿਧਰ ਇਕ ਭੇਡ ਜਾਵੇਗੀ, ਬਾਕੀ ਵੀ ਸਭ ਉਧਰ ਹੀ ਜਾਂਦੀਆਂ ਹਨ।

ਅੱਜ ਜਦੋਂ ਧਾਰਮਿਕ ਸਥਾਨਾਂ ਜਾਂ ਡੇਰਿਆਂ ਵੱਲ ਦੇਖੀਦਾ ਹੈ ਤਾਂ ਬਚਪਨ ਦੀਆਂ ਉਹ ਭੇਡਾਂ ਅਤੇ ਸਾਂਸੀਆਂ ਦੇ ਉਹ ਮੁੰਡੇ ਯਾਦ ਆਉਂਦੇ ਹਨ। ਜਾਪਦਾ ਹੈ, ਇਹ ਸਭ ਵੀ ਬਿਨਾਂ ਸੋਚੇ ਸਮਝੇ ਇਕ-ਦੂਜੇ ਮਗਰ ਲੱਗੇ ਤੁਰੇ ਜਾਂਦੇ ਹਨ। ਜੇ ਕੋਈ ਇਨ੍ਹਾਂ ਤੋਂ ਪਾਸੇ ਜਾਣ ਦੀ ਕੋਸ਼ਿਸ਼ ਕਰਦਾ ਹੈ ਤਾਂ ਉਸ ਨੂੰ ਕਿਸੇ ਤਰ੍ਹਾਂ ਦਾ ਡਰ ਪਾ ਕੇ ਆਪਣੇ ਨਾਲ ਹੀ ਰਲਾ ਲਿਆ ਜਾਂਦਾ ਹੈ। ਕੁੰਭ ਦਾ ਮੇਲਾ ਮਿਸਾਲ ਹੈ ਜਿੱਥੇ ਕਰੋੜਾਂ ਲੋਕ ਪਹੁੰਚੇ। ਸਭ ਨੂੰ ਖਬਰ ਹੈ ਕਿ ਗੰਗਾ ਦਾ ਪਾਣੀ ਕਿੰਨਾ ਪਲੀਤ ਹੋਇਆ ਪਿਆ ਹੈ; ਇੰਨਾ ਪਲੀਤ ਕਿ ਬੰਦੇ ਦੇ ਸਰੀਰ ਨੂੰ ਕਈ ਤਰ੍ਹਾਂ ਦੀਆਂ ਬਿਮਾਰੀਆਂ ਲੱਗਣ ਦਾ ਖਤਰਾ ਹੈ, ਪਰ ਨਹੀਂ; ਕੁਝ ਲੋਕਾਂ ਵੱਲੋਂ ਫੈਲਾਇਆ ਅੰਧਵਿਸ਼ਵਾਸ ਕਰੋੜਾਂ ਲੋਕਾਂ ਨੂੰ ਸਮਝ ਨਹੀਂ ਆ ਰਿਹਾ। ਇਹ ਗੱਲ ਇਕੱਲੇ ਕੁੰਭ ਮੇਲੇ ਦੀ ਨਹੀਂ ਹੈ; ਹਰ ਵੱਡੇ-ਛੋਟੇ ਮੇਲੇ ਦੀ ਹੈ ਜੋ ਧਰਮ ਦੇ ਨਾਂ 'ਤੇ ਲਗਦੇ ਹਨ। ਪਤਾ ਲਈ ਲੋਕ ਰੋਜ਼ ਕਿੰਨੇ ਕੁ ਪਾਪ ਕਰਦੇ ਹਨ ਕਿ ਇਨ੍ਹਾਂ ਧਾਰਮਿਕ ਥਾਂਵਾਂ ਜਾਂ ਡੇਰਿਆਂ 'ਤੇ ਜਾ ਕੇ ਉਹ ਸਮਝਦੇ ਹਨ ਕਿ ਬਖ਼ਸ਼ੇ ਜਾਣਗੇ?

ਲੋਕਾਂ ਦੇ ਮਨਾਂ ਉਤੇ ਅੰਧਵਿਸ਼ਵਾਸ ਇੰਨੀ ਬੁਰੀ ਤਰ੍ਹਾਂ ਛਾਇਆ ਹੋਇਆ ਹੈ ਕਿ ਨਾ ਕੋਈ ਸੱਚ ਨੂੰ ਸਮਝਦਾ ਹੈ, ਨਾ ਸੁਣਨਾ ਚਾਹੁੰਦਾ ਹੈ। ਅਜਿਹਾ ਹੋਵੇ ਵੀ ਕਿਉਂ ਨਾ; ਕਿਉਂਕਿ ਲੋਕਾਂ ਦਾ ਅਰਬਾਂ-ਕਰੋੜਾਂ ਰੁਪਿਆ ਲੋਕਾਂ ਨੂੰ ਹੀ ਡਰਾਉਣ, ਲੁੱਟਣ ਤੇ ਉਨ੍ਹਾਂ ਦੀ ਸੋਚ ਨੂੰ ਗੁਲਾਮ ਬਣਾਉਣ ਲਈ ਖਰਚ ਹੋ ਰਿਹਾ ਹੈ। ਹੈਰਾਨੀ ਤਾਂ ਉਸ ਵਕਤ ਹੁੰਦੀ ਹੈ ਜਦੋਂ ਪੜ੍ਹੇ-ਲਿਖੇ ਲੋਕ ਜਿਨ੍ਹਾਂ 'ਚ ਡਾਕਟਰ, ਇੰਜੀਨੀਅਰ, ਇੱਥੋਂ ਤੱਕ ਕੇ ਸਾਇੰਸਦਾਨ ਵੀ ਹੁੰਦੇ ਹਨ, ਵੀ ਸਭ ਇਨ੍ਹਾਂ ਅਨਪੜ੍ਹ, ਅੱਧਪੜ੍ਹ ਤੇ ਅੰਧਵਿਸ਼ਵਾਸੀ ਲੋਕਾਂ ਵਿਚ ਜਾ ਰਲਦੇ ਹਨ।

ਪਿੱਛੇ ਜਿਹੇ ਇੰਡੀਆ ਨੇ ਇਕ ਮਿਜ਼ਾਈਲ ਬਣਾਈ। ਇਹ ਬੜੀ ਸਖ਼ਤ ਮਿਹਨਤ ਨਾਲ ਬਣਾਈ ਗਈ ਸੀ ਪਰ ਜਦ ਇਸ ਦੀ ਪਰਖ ਦਾ ਵਕਤ ਆਇਆ ਤਾਂ ਜੋਤਸ਼ੀ ਤੇ ਪੰਡਿਤ ਸੱਦ ਲਏ। ਪਹਿਲਾਂ ਮਹੂਰਤ ਕੱਢਿਆ ਗਿਆ ਕਿ ਕਿਸ ਦਿਨ ਤੇ ਕਿਸ ਟਾਈਮ 'ਤੇ ਅੱਗ ਦਿੱਤੀ ਜਾਵੇ। ਕੀ ਕਿਸੇ ਇਕ ਵੀ ਵਿਗਿਆਨੀ 'ਚ ਇਹ ਕਹਿਣ ਦਾ ਹੌਸਲਾ ਨਹੀਂ ਸੀ ਕਿ ਇਹ ਸਭ ਢੌਂਗ ਹੈ। ਜੇ ਪੂਜਾ ਵਿਚ ਸੱਚੀਂ ਇੰਨੀ ਤਾਕਤ ਹੈ ਤਾਂ ਫਿਰ ਮਿਜ਼ਾਈਲ ਬਣਾਉਣ ਦੀ ਜ਼ਰੂਰਤ ਹੀ ਕਿਉਂ ਹੈ? ਪੂਜਾ ਕਰ ਕੇ ਹੀ ਸਾਰੇ ਦੁਸ਼ਮਣ ਦੇਸ਼ ਨੂੰ ਖ਼ਤਮ ਕਰਵਾ ਦਿੱਤਾ ਜਾਵੇ!

ਇਸ ਤਰ੍ਹਾਂ ਦੀਆਂ ਲੱਖਾਂ ਮਿਸਾਲਾਂ ਹਨ ਜੋ ਹਰ ਰੋਜ਼ ਸਾਹਮਣੇ ਆਉਂਦੀਆਂ ਹਨ। ਪਿੱਛੇ ਜਿਹੇ ਜਦੋਂ 'ਨਾਸਾ' ਵਾਲੇ ਉਪਰ ਪੁਲਾੜ ਵਿਚ ਗਏ ਤਾਂ ਇਸ ਟੀਮ ਵਿਚ ਸੁਨੀਤਾ ਵਿਲੀਅਮ ਵੀ ਸੀ। ਉਹ 6 ਮਹੀਨੇ ਪੁਲਾੜ ਵਿਚ ਰਹਿ ਕੇ ਵਾਪਸ ਆ ਰਹੀ ਸੀ ਤਾਂ ਫਲੋਰਿਡਾ ਵਿਚ ਮੌਸਮ ਬਹੁਤ ਖਰਾਬ ਹੋ ਗਿਆ। ਸ਼ਟਲ ਵਿਚ ਬਾਲਣ ਵੀ ਬਹੁਤ ਘੱਟ ਰਹਿ ਗਿਆ। 'ਨਾਸਾ' ਵਾਲਿਆਂ ਨੂੰ ਬਹੁਤ ਫਿਕਰ ਹੋ ਰਿਹਾ ਸੀ ਕਿ ਉਹ ਕੀ ਕਰਨ! ਉਨ੍ਹਾਂ ਸਾਰੀ ਪੁਣ-ਛਾਣ ਕਰ ਕੇ ਸ਼ਟਲ ਉਤਰਨ ਦੀ ਜਗ੍ਹਾ ਬਦਲ ਕੇ ਕੈਲੀਫੋਰਨੀਆ ਕਰ ਦਿੱਤੀ ਤੇ ਸ਼ਟਲ ਠੀਕ-ਠਾਕ ਥੱਲੇ ਉਤਰ ਆਈ; ਪਰ ਉਧਰ ਹਿੰਦੋਸਤਾਨ ਵਿਚ ਕੀ ਹੋਇਆ? ਜਿਨ੍ਹਾਂ ਲੋਕਾਂ ਨੂੰ ਨਾਸਾ ਜਾਂ ਨਾਸਾ ਦੇ ਮਿਸ਼ਨ ਨਾਲ ਕੋਈ ਮਤਲਬ ਨਹੀਂ ਸੀ ਤੇ ਸਿਰਫ ਇੰਨਾ ਹੀ ਪਤਾ ਸੀ ਕਿ ਸੁਨੀਤਾ ਵਿਲੀਅਮ ਇੰਡੀਆ ਤੋਂ ਹੈ, ਉਹ ਉਸ ਦੀ ਸਹੀ-ਸਲਾਮਤ ਵਾਪਸੀ ਲਈ ਪੂਜਾ ਤੇ ਜੱਗ ਕਰਵਾਉਣ ਲੱਗ ਪਏ। ਕਈ ਟਨ ਦੇਸੀ ਘਿਉ ਤੇ ਲੱਖਾਂ ਰੁਪਏ ਦੀ ਹੋਰ ਸਮੱਗਰੀ ਸਾੜ ਕੇ ਸਵਾਹ ਕਰ ਦਿੱਤੀ। ਦੁਨੀਆਂ ਨੂੰ ਟਨਾਂ ਦੇ ਹਿਸਾਬ ਨਾਲ ਪ੍ਰਦੂਸ਼ਣ ਦਿੱਤਾ।

ਅਸਲ ਵਿਚ ਹਰ ਧਰਮ ਦੇ ਚਲਾਕ ਲੋਕਾਂ ਨੇ ਆਪਣੇ ਹੀ ਲੋਕਾਂ ਨੂੰ ਲੁੱਟਣ ਦੇ ਤਰੀਕੇ ਬਣਾਏ ਹੋਏ ਹਨ ਅਤੇ ਨਿੱਤ ਨਵੇਂ ਬਣਾਏ ਜਾ ਰਹੇ ਹਨ। ਕਰੋੜਾਂ-ਅਰਬਾਂ ਰੁਪਏ ਲਾ ਕੇ ਧਾਰਮਿਕ ਸਥਾਨ ਬਣਾਏ ਗਏ ਹਨ ਅਤੇ ਨਿੱਤ ਹੋਰ ਨਵੇਂ ਬਣ ਰਹੇ ਹਨ। ਇਨ੍ਹਾਂ ਧਾਰਮਿਕ ਸਥਾਨਾਂ ਵਿਚ ਲੋਕਾਂ ਨੂੰ ਕਿਵੇਂ ਲੈ ਕੇ ਆਉਣਾ ਹੈ, ਤੇ ਉਥੇ ਜ਼ਿਆਦਾ ਪੈਸਾ ਕਿਵੇਂ ਚੜ੍ਹਾਇਆ ਜਾਵੇ, ਇਹ ਸਭ ਢੰਗ-ਤਰੀਕੇ ਵਰਤੇ ਜਾਂਦੇ ਹਨ। ਦਿਨ-ਦਿਹਾਰ ਮਨਾਏ ਜਾਂਦੇ ਹਨ ਅਤੇ ਆਪੋ-ਆਪਣੇ ਪੀਰਾਂ, ਗੁਰੂਆਂ ਤੇ ਦੇਵਤਿਆਂ ਦੇ ਨਾਮ 'ਤੇ ਮੇਲੇ ਲਾਏ ਜਾਂਦੇ ਹਨ। ਇਸ ਸਭ ਦਾ ਸਿਵਾਏ ਪੈਸੇ ਇਕੱਠੇ ਕਰਨ ਅਤੇ ਪ੍ਰਦੂਸ਼ਣ ਫੈਲਾਉਣ ਤੋਂ ਹੋਰ ਕੋਈ ਮਤਲਬ ਨਹੀਂ ਹੈ। ਉਂਜ, ਅੱਜਕੱਲ੍ਹ ਇਹ ਮੇਲੇ ਤੇ ਦਿਨ-ਦਿਹਾਰ ਨੇਤਾਵਾਂ ਲਈ ਆਪਣੀਆਂ ਵੋਟਾਂ ਇਕੱਠੀਆਂ ਕਰਨ ਲਈ ਬਹੁਤ ਕੰਮ ਆਉਂਦੇ ਹਨ। ਜਿਸ ਗੁਰੂ ਜਾਂ ਪੀਰ ਬਾਰੇ ਦਿਨ-ਦਿਹਾਰ ਹੁੰਦਾ ਹੈ, ਉਸ ਬਾਰੇ ਜਾਂ ਉਸ ਦੇ ਕਿਸੇ ਵੀ ਚੰਗੇ ਵਿਚਾਰ ਬਾਰੇ ਕੋਈ ਗੱਲ ਨਹੀਂ ਹੁੰਦੀ, ਜਾਂ ਕਹਿ ਲਉ ਕਿ ਉਹ ਕਿਸੇ ਦੇ ਚਿੱਤ ਚੇਤੇ ਵੀ ਨਹੀਂ ਹੁੰਦੇ। ਲੋਕ ਬਿਨਾਂ ਸੋਚੇ-ਸਮਝੇ ਉਧਰ ਵਹੀਰਾਂ ਘੱਤ ਦਿੰਦੇ ਹਨ। ਚਾਹੇ ਕਿੰਨਾ ਵੀ ਨੁਕਸਾਨ ਕਿਉਂ ਨਾ ਹੋਵੇ!

ਸਕੂਲਾਂ, ਕਾਲਜਾਂ ਤੇ ਯੂਨੀਵਰਸਿਟੀਆਂ ਵਿਚ ਬੱਚੇ ਕੁਝ ਸਿੱਖਣ ਜਾਂਦੇ ਹਨ। ਉਹ 10 ਜਾਂ 15-20 ਸਾਲ ਪੜ੍ਹ-ਲਿਖ ਕੇ ਕੁਝ ਸਿੱਖਦੇ ਹਨ ਅਤੇ ਫਿਰ ਬਿਨਾਂ ਕਿਸੇ ਕੰਮ ਤੋਂ ਉਥੇ ਕਦੀ ਪੈਰ ਨਹੀਂ ਪਾਉਂਦੇ। ਦੂਜੇ ਬੰਨੇ, ਧਾਰਮਿਕ ਸਥਾਨ ਅਜਿਹੀ ਜਗ੍ਹਾ ਹੈ ਜਿੱਥੇ ਮਨੁੱਖ ਬਚਪਨ ਤੋਂ ਲੈ ਕੇ ਅੰਤ ਤੱਕ ਜਾਂਦਾ ਰਹਿੰਦਾ ਹੈ। ਇਨ੍ਹਾਂ ਸਥਾਨਾਂ ਤੋਂ ਮਨੁੱਖ ਸਾਰੀ ਉਮਰ ਸਿੱਖਦਾ ਕੁਝ ਵੀ ਨਹੀਂ ਹੈ, ਪਰ ਉਥੇ ਜਾਣ ਤੋਂ ਹਟਦਾ ਵੀ ਨਹੀਂ। ਇੱਥੋਂ ਤੱਕ ਕਿ ਚਾਰ ਲਫ਼ਜ਼ ਵੀ ਪਿਆਰ ਨਾਲ ਬੋਲਣੇ ਨਹੀਂ ਸਿੱਖਦਾ। ਹੁਣ ਜੇ ਅਸੀਂ ਸਾਰੀ ਜ਼ਿੰਦਗੀ ਇਨ੍ਹਾਂ ਧਾਰਮਿਕ ਸਥਾਨਾਂ ਤੋਂ ਕੁਝ ਨਹੀਂ ਸਿੱਖਦੇ, ਤਾਂ ਫਿਰ ਅਸੀਂ ਉਥੇ ਜਾ ਕੇ ਕਿਉਂ ਇਸ ਛੋਟੀ ਜਿਹੀ ਜ਼ਿੰਦਗੀ ਦਾ ਕੀਮਤੀ ਸਮਾਂ ਬਰਬਾਦ ਕਰਦੇ ਹਾਂ? ਕਿਉਂ ਨਵੀਂ ਪੀੜ੍ਹੀ ਨੂੰ ਵੀ ਅੰਧਵਿਸ਼ਵਾਸ ਦੀ ਇਸ ਭੱਠੀ ਵਿਚ ਡਾਹ ਰਹੇ ਹਾਂ? ਹੁਣ ਇੰਨੇ ਜ਼ਿਆਦਾ ਧਾਰਮਿਕ ਸਥਾਨ ਬਣ ਗਏ ਹਨ ਪਰ ਬਿਮਾਰੀਆਂ, ਭੁੱਖਮਰੀ ਤੇ ਲੜਾਈਆਂ-ਝਗੜੇ, ਮਾਰਾ-ਮਾਰੀ ਅੱਗੇ ਨਾਲੋਂ ਵੀ ਵਧ ਗਏ ਹਨ। ਕਿਉਂ ਭਲਾ?

ਅਸੀਂ ਭਾਰਤੀ, ਪਾਕਿਸਤਾਨੀ, ਬੰਗਲਾਦੇਸ਼ੀ ਤੇ ਅਰਬ ਦੇਸ਼ਾਂ ਦੇ ਲੋਕ ਸਭ ਤੋਂ ਵੱਧ ਸਮਾਂ ਧਾਰਮਿਕ ਕੰਮਾਂ 'ਚ ਬਰਬਾਦ ਕਰਦੇ ਹਾਂ, ਫਿਰ ਵੀ ਬਾਕੀ ਦੇਸ਼ਾਂ ਤੋਂ ਬਹੁਤ ਪਿੱਛੇ ਹਾਂ। ਸਭ ਕਾਢਾਂ ਦੂਜੇ ਦੇਸ਼ ਕੱਢਦੇ ਹਨ ਅਤੇ ਅਸੀਂ ਇਨ੍ਹਾਂ ਦਾ ਸੁੱਖ ਮਾਣਦਿਆਂ ਵੀ ਇਨ੍ਹਾਂ ਨੂੰ ਨਕਾਰਦੇ ਹਾਂ। ਸਾਇੰਸ ਦੇ ਬਣਾਏ ਟੀ.ਵੀ. 'ਤੇ ਅਸੀਂ ਅੰਧਵਿਸ਼ਵਾਸ ਫੈਲਾਉਣ ਵਾਲੇ ਪ੍ਰੋਗਰਾਮ ਦੇਖੀ-ਦਿਖਾਈ ਜਾ ਰਹੇ ਹਾਂ। ਇੰਡੀਆ ਦਾ ਕੋਈ ਵੀ ਚੈਨਲ ਲਾ ਲਉ, ਸਵੇਰੇ ਸ਼ਾਮ ਇਕ ਬੰਦਾ ਝੂਠ ਬੋਲ ਰਿਹਾ ਹੁੰਦਾ ਹੈ ਤੇ ਲੋਕ ਹਜ਼ਾਰਾਂ ਦੀ ਗਿਣਤੀ ਵਿਚ ਉਸ ਦੇ ਅੱਗੇ ਬੈਠੇ ਹੋਏ ਹੁੰਦੇ ਹਨ। ਲੋਕ ਹਰ ਰੋਜ਼ ਅੱਖਾਂ ਮੀਟ ਕੇ ਉਥੇ ਤੁਰ ਜਾਂਦੇ ਹਨ ਅਤੇ ਇਹ ਸਿਲਸਿਲਾ ਸਾਲਾਂ ਤੋਂ ਤੁਰਿਆ ਆਉਂਦਾ ਹੈ, ਸਗੋਂ ਨਿੱਤ ਦਿਨ ਵਧਦਾ ਹੀ ਜਾਂਦਾ ਹੈ। ਕਿਉਂ? ਕਿਉਂਕਿ ਚਲਾਕ ਲੋਕਾਂ ਨੂੰ ਸਾਂਸੀਆਂ ਦੇ ਮੁੰਡਿਆਂ ਵਾਂਗ ਪਤਾ ਹੈ ਕਿ ਇਨ੍ਹਾਂ ਲੋਕਾਂ ਨੂੰ ਕਾਬੂ ਕਿਵੇਂ ਕਰਨਾ ਹੈ! ਸੋ, ਇਸ ਸਭ ਬਾਰੇ ਸੋਚਣ ਦੀ ਲੋੜ ਹੈ। ਖੁਦ ਸੋਚੋ, ਤਾਂ ਤੁਹਾਨੂੰ ਆਪਣੇ ਆਪ ਜਵਾਬ ਮਿਲੇਗਾ। ਸੱਚ ਨੂੰ ਪਛਾਣੋ। ਤਰਕਸ਼ੀਲ ਸੁਸਾਇਟੀ ਅੰਧਵਿਸ਼ਵਾਸ ਖਤਮ ਕਰਨ, ਭੂਤ-ਪ੍ਰੇਤ ਦੇ ਕਿੱਸਿਆਂ ਦਾ ਫਸਤਾ ਵੱਢਣ ਅਤੇ ਲੋਕਾਂ ਨੂੰ ਜਾਦੂ-ਟੂਣੇ ਦੇ ਝੂਠ ਤੋਂ ਨਿਜਾਤ ਦਿਵਾਉਣ ਲਈ ਦਹਾਕਿਆਂ ਤੋਂ ਕੰਮ ਕਰ ਰਹੀ ਹੈ। ਆਉ ਸਾਰੇ ਰਲ ਕੇ ਕਾਫਲਾ ਬਣਾਈਏ।



## ਕਹਾਣੀ

# ਮਜਬੂਰੀ

**ਪਰਮਜੀਤ ਕੌਰ ਮੋਮੀ**
ਫੋਨ: 905-427-4489

ਉਹ ਅਕਸਰ ਮੇਰੇ ਨਾਲ ਕਿੰਨੀ ਕਿੰਨੀ ਦੇਰ ਬੈਠਾ ਗੱਲਾਂ ਕਰਦਾ ਰਹਿੰਦਾ। ਮੈਂ ਉਸ ਵਕਤ ਲਾਇਬਰੇਰੀ ਵਿਚ ਕੰਮ ਕਰਦੀ ਸਾਂ। ਪਹਿਲੀ ਵਾਰ ਉਹ ਮੈਨੂੰ ਲਾਇਬਰੇਰੀ ਵਿਚ ਹੀ ਮਿਲਿਆ ਸੀ। ਸਰੂ ਵਰਗਾ ਲੰਮਾ ਕੱਦ, ਪਤਲਾ ਸਰੀਰ ਤੇ ਅੱਤ ਮਾਸੂਮ ਚਿਹਰੇ ਵਾਲਾ ਰਵੀ। ਉਹ ਤਕਰੀਬਨ ਹਫ਼ਤੇ ਵਿਚ ਦੋ ਤਿੰਨ ਵਾਰ ਲਾਇਬਰੇਰੀ ਆਉਂਦਾ ਤੇ ਕਿੰਨੀ ਕਿੰਨੀ ਦੇਰ ਇੱਕ ਕੋਨੇ ਵਿਚ ਬੈਠਾ ਪੜ੍ਹਦਾ ਰਹਿੰਦਾ। ਪਹਿਲਾਂ ਪਹਿਲਾਂ ਉਹ ਆਉਂਦਾ, ਮੁਸਕਰਾ ਕੇ ਹੈਲੋ ਕਹਿੰਦਾ ਤੇ ਚੁੱਪ ਚਾਪ ਲਾਇਬਰੇਰੀ ਦੇ ਉਸੇ ਕੋਨੇ ਵਿਚ ਬੈਠ ਕੇ ਪੜ੍ਹਨ ਜਾ ਲੱਗਦਾ, ਜਿੱਥੇ ਉਹ ਹਮੇਸ਼ਾਂ ਬੈਠਿਆ ਕਰਦਾ ਸੀ। ਜਿਵੇਂ ਇਹ ਕੋਨਾ ਉਸ ਨੇ ਆਪਣੇ ਲਈ ਸੁਰਖਿਅਤ ਕਰਵਾਇਆ ਹੋਵੇ ਜਾਂ ਉਹ ਇਕੋ ਕੋਨੇ ਵਿਚੋਂ ਹੀ ਸਭ ਕੁੱਝ ਭਾਲਦਾ ਹੋਵੇ ਤੇ ਚਾਰੇ ਕੋਨੇ ਭਟਕਣ ਦਾ ਆਦੀ ਨਾ ਹੋਵੇ। ਹੁਣ ਉਹ ਹੌਲੀ ਹੌਲੀ ਹੈਲੋ ਕਹਿਣ ਤੋਂ ਅੱਗੇ ਮੇਰੇ ਨਾਲ ਇੱਕ ਦੋ ਗੱਲਾਂ ਵੀ ਕਰਨ ਲੱਗ ਪਿਆ ਸੀ। "ਕੀ ਹਾਲ ਹੈ ਤੁਹਾਡਾ? ਅੱਜ ਸਰਦੀ ਬਹੁਤ ਹੈ, ਹੈ ਨਾ! ਇਹ ਨਿੱਘੇ ਦਿੱਨ ਕਦੋਂ ਪਰਤਣਗੇ?" ਆਦਿ।

ਕਦੀ ਕਦੀ ਉਹ ਮੈਨੂੰ ਬਹੁਤ ਹੀ ਉਦਾਸ ਜਾਪਦਾ। ਇਸ ਤਰ੍ਹਾਂ ਲੱਗਦਾ ਜਿਵੇਂ ਕਿ ਉਹ ਕੋਈ ਗਹਿਰਾ ਗਮ ਆਪਣੇ ਅੰਦਰ ਛੁਪਾਈ ਬੈਠਾ ਹੋਵੇ ਪਰ ਹੋ ਸਕਦਾ ਹੈ ਮੇਰਾ ਇਹ ਭੁਲੇਖਾ ਹੀ ਹੋਵੇ। ਨਾਲੇ ਕਿਸੇ ਦੇ ਮਨ ਨੂੰ ਪੂਰੀ ਤਰ੍ਹਾਂ ਸਮਝ ਲੈਣਾ ਇਤਨਾ ਸਰਲ ਵੀ ਤੇ ਨਹੀਂ ਨਾ ਹੁੰਦਾ। ਤੇ ਮੈਂ ਉਨ੍ਹਾਂ 'ਚੋਂ ਨਹੀਂ ਹਾਂ ਜੋ ਕਹਿੰਦੇ ਹਨ ਕਿ ਕਿਤਾਬ ਦੇਖ ਕੇ ਹੀ ਉਸ ਦਾ ਵਿਸ਼ਾ ਪੜ੍ਹ ਲੈਂਦੇ ਨੇ ਜਾਂ ਲਿਫਾਫਾ ਦੇਖ ਕੇ ਹੀ ਚਿੱਠੀ ਵਾਚ ਲੈਂਦੇ ਹਨ। ਇਕ ਦਿਨ ਜਦੋਂ ਉਹ ਲਾਇਬਰੇਰੀ ਆਇਆ ਤਾਂ ਚੁੱਪਚਾਪ ਮੇਰੇ ਕੋਲ ਦੀ ਲੰਘ ਕੇ ਉਸੇ ਆਪਣੇ ਜਾਣੇ ਪਹਿਚਾਣੇ ਕੋਨੇ ਵਿਚ ਜਾ ਬੈਠਾ। ਉਸ ਦੀਆਂ ਅੱਖਾਂ ਦੀ ਲਾਲੀ ਦੇਖ ਕੇ ਮੈਨੂੰ ਇਹੋ ਹੀ ਜਾਪਿਆ ਕਿ ਜਿਵੇਂ ਉਹ ਸਾਰੀ ਰਾਤ ਸੁੱਤਾ ਨਾ ਹੋਵੇ। ਸਾਡੇ ਵਿਚਕਾਰ ਹੁਣ ਤੀਕਰ ਕੋਈ ਬਹੁਤੀ ਗੱਲਬਾਤ ਤੇ ਨਹੀਂ ਸੀ ਹੋਈ, ਫ਼ਿਰ ਵੀ ਮੈਨੂੰ ਇੰਝ ਜਾਪਦਾ ਜਿਵੇਂ ਕੋਈ ਅੰਤਰੀਵੀ ਸਾਂਝ ਜਿਹੀ ਸਾਡੇ ਵਿਚ ਉਸਰ ਚੁੱਕੀ ਹੋਵੇ। ਮੇਰੇ ਕੋਲੋਂ ਰਿਹਾ ਨਾ ਗਿਆ ਤੇ ਮੈਂ ਉਸ ਦੇ ਕੋਲ ਜਾ ਕੇ ਪੁੱਛਿਆ, "ਕੀ ਗੱਲ ਹੈ ਰਵੀ ਅੱਜ? ਬੜਾ ਉਦਾਸ ਲੱਗ ਰਿਹਾ ਹੈਂ, ਤੇਰੀ ਤਬੀਅਤ ਤਾਂ ਠੀਕ ਹੈ?"

ਕੁਝ ਦੇਰ ਤਾਂ ਉਹ ਉਸੇ ਤਰ੍ਹਾਂ ਹੀ ਚੁੱਪ ਬੈਠਾ ਰਿਹਾ। ਫਿਰ ਮੇਰੇ ਵੱਲ ਦੇਖਦਾ ਹੋਇਆ ਆਖਣ ਲੱਗਾ, "ਪਤਾ ਨਹੀਂ ਕਿਓਂ ਅੱਜ ਮੈਨੂੰ ਮੰਮੀ-ਡੈਡੀ ਬਹੁਤ ਯਾਦ ਆ ਰਹੇ ਨੇ।"

"ਕੀ ਤੇਰੇ ਮੰਮੀ-ਡੈਡੀ ਤੇਰੇ ਨਾਲ ਨਹੀਂ ਰਹਿੰਦੇ?" ਮੈਂ ਹੈਰਾਨ ਹੋ ਕੇ ਪੁੱਛਿਆ।

"ਨਹੀਂ।" ਆਖਦਿਆਂ ਉਸ ਦੀਆਂ ਅੱਖਾਂ ਵਿਚ ਹੰਝੂ ਆਪ ਮੁਹਾਰੇ ਛਲਕ ਉਠੇ। ਉਸ ਦਿਨ ਰਵੀ ਦੀ ਹਾਲਤ ਕੁਝ ਇਸ ਤਰ੍ਹਾਂ ਦੀ ਸੀ ਕਿ ਮੈਂ ਇਸ ਤੋਂ ਅੱਗੇ ਕੁਝ ਵੀ ਨਾ ਪੁੱਛ ਸਕੀ। ਜੇ ਕੁਝ ਪੁੱਛਦੀ ਵੀ ਤਾਂ ਸ਼ਾਇਦ ਉਹ ਹੋਰ ਕੁਝ ਵੀ ਨਾ ਦੱਸ ਸਕਦਾ। ਉਸ ਨੂੰ ਉਸੇ ਹਾਲ ਵਿਚ ਛੱਡ, ਇਹ ਸੋਚਦੀ ਹੋਈ ਕਿ ਕਦੀ ਫ਼ਿਰ ਉਸ ਨਾਲ ਗੱਲ ਕਰਾਂਗੀ, ਮੈਂ ਮੁੜ ਆਪਣੀ ਸੀਟ 'ਤੇ ਆ ਗਈ।

ਅਗਲੇ ਕਈ ਦਿਨ ਉਹ ਲਾਇਬਰੇਰੀ ਹੀ ਨਾ ਆਇਆ। ਮੈਂ ਉਸ ਬਾਰੇ ਸੋਚਦੀ ਤਾਂ ਚਿੰਤਾ ਦੀ ਕਟਾਰ ਜਿਹੀ ਮੇਰੇ ਮੱਥੇ ਵਿਚ ਫ਼ਿਰ ਜਾਂਦੀ। ਮਨਾਂ! ਬੰਦੇ ਦੇ ਮਨ ਦਾ ਕੀ ਪਤੈ? ਉਸ ਨੇ ਕੁਝ ਕਰ ਹੀ ਨਾ ਲਿਆ ਹੋਵੇ? ਉਪਰੋਂ ਦਿਸਦੇ ਸ਼ਾਂਤ ਚਿੱਤ ਵਿਚ ਖਬਰੇ ਨੀਲੇ ਸਾਗਰ ਵਾਂਗ ਕੀ ਕੀ ਝੱਖੜ ਝੁੱਲਦੇ ਹੋਣ? ਨਹੀਂ! ਨਹੀਂ!! ਉਸ ਨਾਲ ਮਾੜਾ ਕੁਝ ਨਹੀਂ ਵਾਪਰ ਸਕਦਾ। ਇਹ ਸਾਰਾ ਮੇਰੇ ਆਪਣੇ ਹੀ ਮਨ ਦਾ ਡਰ ਹੈ।

ਅੰਤ, ਇੱਕ ਦਿਨ ਫੇਰ ਉਹ ਕਿੰਨੀਆਂ ਸਾਰੀਆਂ ਕਿਤਾਬਾਂ ਚੁੱਕੀ ਲਇਬਰੇਰੀ ਵਿਚ ਆ ਗਿਆ। ਉਸ ਦਿਨ ਰਵੀ ਦੇ ਚਿਹਰੇ 'ਤੇ ਕੁਝ ਸਕੂਨ ਜਿਹਾ ਸੀ। ਉਹ ਸਿੱਧਾ ਮੇਰੇ ਕੋਲ ਆਇਆ। ਹਮੇਸ਼ਾਂ ਹੈਲੋ ਕਹਿਣ ਵਾਲੇ ਰਵੀ ਨੇ ਪਹਿਲੇ ਦਿਨ ਮੈਨੂੰ 'ਸਤਿ ਸ੍ਰੀ ਅਕਾਲ' ਬੁਲਾਈ। ਮੈਨੂੰ ਅਨੁਭਵ ਹੋਇਆ ਜਿਵੇਂ ਮੇਰੇ ਕੰਨਾਂ ਵਿਚ ਕੋਈ ਮਿਸ਼ਰੀ ਜਿਹੀ ਘੁਲ ਗਈ ਹੋਵੇ ਤੇ ਉਹ ਆਪਣੇ ਉਸੇ ਕੋਨੇ ਵਿਚ ਜਾ ਬੈਠਾ।

ਬਰੇਕ ਸਮੇਂ ਮੈਂ ਉਸ ਕੋਲ ਜਾ ਕੇ ਪੁੱਛਿਆ, "ਰਵੀ ਚਾਹ ਪੀਵੇਂਗਾ?" ਉਹ ਚੁੱਪਚਾਪ ਮੇਰੇ ਵੱਲ ਦੇਖਣ ਲੱਗਾ ਜਿਵੇਂ ਬਿਨ ਮੰਗੇ ਹੀ ਮਿਲ ਰਹੇ ਅੰਮ੍ਰਿਤ ਬਾਟੇ ਵੱਲ ਕੋਈ ਦੇਖਦਾ ਹੋਵੇ। "ਚੱਲ ਆ, ਸਟਾਫ ਰੂਮ ਵਿਚ ਚੱਲ ਕੇ ਚਾਹ ਪੀਂਦੇ ਹਾਂ।" ਮੈਂ ਆਖਿਆ। ਤੇ ਰਵੀ ਚੁੱਪ-ਚੁਪੀਤਾ ਜਿਹਾ ਮੇਰੇ ਪਿੱਛੇ ਪਿੱਛੇ ਇਓਂ ਹੋ ਤੁਰਿਆ, ਜਿਵੇਂ ਜਨਮਾਂ ਜਨਮਾਂਤਰਾਂ ਤੋਂ ਉਹ ਕੇਵਲ ਪਿੱਛੇ ਹੀ ਤੁਰਦਾ ਆ ਰਿਹਾ ਹੋਵੇ। ਸਟਾਫ ਰੂਮ ਵਿਚ ਪਹੁੰਚ ਕੇ ਮੈਂ ਚਾਹ ਦੇ ਦੋ ਕੱਪ ਬਣਾਏ। ਇੱਕ ਉਸ ਨੂੰ ਫੜ੍ਹਾ ਕੇ ਤੇ ਦੂਜਾ ਆਪ ਲੈ ਕੇ ਮੈਂ ਉਸ ਦੇ ਕੋਲ ਹੀ ਸੋਫੇ 'ਤੇ ਬੈਠ ਗਈ।

ਕੁਝ ਦੇਰ ਦੀ ਚੁੱਪ ਪਿਛੋਂ ਰਵੀ ਅਚਾਨਕ ਬੋਲਿਆ, "ਕੀ ਮੈਂ ਤੁਹਾਨੂੰ ਦੀਦੀ ਕਹਿ ਸਕਦਾ ਹਾਂ?" ਉਸ ਦਾ ਇਹ ਸੁਆਲ ਸੁਣ ਕੇ ਮੈਂ ਕੁੱਝ ਪਲ ਉਸ ਦੇ ਚਿਹਰੇ ਵੱਲ ਹੈਰਾਨ ਹੋਈ ਦੇਖਦੀ ਰਹੀ ਕਿਉਂਕਿ 'ਦੀਦੀ' ਸ਼ਬਦ ਕਹਿਣਾ ਅਸਾਨ ਵੀ ਹੈ ਤੇ ਇੱਕ ਛਲਾਵਾ ਵੀ ਪਰ ਇਸ ਨੂੰ ਆਪਣੇ ਸੁਪਨਿਆਂ ਵਿਚ ਪਾਲਦਾ ਕੋਈ ਕੋਈ ਹੀ ਹੈ ਪਰ ਉਸ ਦੀ ਨਿਰਛਲ ਮੁਸਕਾਨ, ਚਿਹਰੇ ਦੀ ਮਾਸੂਮੀਅਤ ਅਤੇ ਪਵਿਤਰ ਜਿਹੀ ਸੋਚ ਨੂੰ ਦੇਖ, ਮੇਰੇ ਮੂੰਹੋਂ ਆਪ ਮੁਹਾਰੇ ਹੀ ਕਿਰ ਗਿਆ, "ਕਿਓਂ ਨਹੀਂ ਰਵੀ ਤੂੰ ਬੜੀ ਖੁਸ਼ੀ ਨਾਲ ਮੈਨੂੰ ਦੀਦੀ ਕਹਿ ਵੀ ਸਕਦਾ ਹੈਂ ਤੇ ਦੀਦੀ ਸਮਝ ਵੀ ਸਕਦਾ ਏਂ।" ਤੇ ਉਸ ਦਿਨ ਪਿੱਛੋਂ ਉਹ ਮੈਨੂੰ ਦੀਦੀ ਹੀ ਕਹਿਣ ਲੱਗ ਪਿਆ।

ਰਵੀ ਦੇ ਮਾਮਾ ਜੀ ਖੁਸ਼ਹਾਲ ਸਿੰਘ ਕਾਫ਼ੀ ਸਮੇਂ ਤੋਂ ਕੈਨੇਡਾ ਰਹਿੰਦੇ ਸਨ। ਉਹ ਜਦੋਂ ਵੀ ਇੰਡੀਆ ਆਉਂਦੇ, ਬੜੇ ਹੀ ਗਿਫ਼ਟ ਲੈ ਕੇ ਆਉਂਦੇ। ਕੈਨੇਡਾ ਦੀਆਂ ਚੰਗਿਆਈਆਂ ਦੀਆਂ ਵਧਾ ਵਧਾ ਕੇ ਗੱਲਾਂ ਕਰਦੇ ਜਿਨ੍ਹਾਂ ਨੂੰ ਸੁਣ ਸੁਣ ਕੇ ਸਾਰੇ ਹੀ ਹੈਰਾਨ ਹੋਈ ਜਾਂਦੇ। ਜਦੋਂ ਉਹ ਰਵੀ ਨੂੰ ਢੇਰ ਸਾਰੇ ਖਿਡਾਉਣੇ ਲਿਆ ਕੇ ਦਿੰਦੇ ਤਾਂ ਰਵੀ ਦੇ ਡੈਡੀ ਨੇ ਕਹਿਣਾ, "ਭਰਾ ਜੀ ਇਹ ਸਮਾਨ ਤੇ ਭਾਵੇਂ ਤੁਸੀਂ ਅਸਾਡੇ ਵਾਸਤੇ ਨਾ ਹੀ ਲੈ ਕੇ ਆਇਆ ਕਰੋ, ਕਿਸੇ ਨਾ ਕਿਸੇ ਤਰ੍ਹਾਂ ਰਵੀ ਨੂੰ ਕੈਨੇਡਾ ਲੈ ਜਾਵੋ ਤਾਂ ਕਿ ਸਾਡੀ ਵੀ ਉਥੇ ਕੋਈ ਧਿਰ ਬਣ ਜਾਵੇ। ਮੈਂ ਤੁਹਾਡਾ ਅਹਿਸਾਨ ਜ਼ਿੰਦਗੀ ਭਰ ਨਹੀਂ ਭੁਲਾਵਾਂਗਾ।"

"ਜੇ ਉਥੇ ਜਾ ਕੇ ਰਵੀ ਨੇ ਹੀ ਤੁਹਾਨੂੰ ਭੁਲਾ ਦਿਤਾ?" ਖੁਸ਼ਹਾਲ ਸਿੰਘ ਨੇ ਆਪਣੀਆਂ ਮਜ਼ਬੂਰੀਆਂ ਵਿਚੋਂ ਨਵਾਂ ਹੀ ਪ੍ਰਸ਼ਨ ਚਿੰਨ੍ਹ ਉਗਾ ਲਿਆ ਸੀ।

"ਵੀਰ ਜੀ! ਰਵੀ ਪੁੱਤਰ ਤਾਂ ਮੇਰਾ ਹੀ ਹੈ ਨਾ। ਉਸ ਨੇ ਮੇਰਾ ਦੁੱਧ ਪੀਤਾ ਹੈ। ਸਾਰੀ ਦੁਨੀਆਂ ਬਦਲ ਸਕਦੀ ਹੈ ਪਰ ਇਹ ਨਹੀਂ ਹੋ ਸਕਦਾ।" ਰਵੀ ਦੀ ਮੰਮੀ ਨੇ ਆਪਣੇ ਦਿਲ 'ਤੇ ਹੱਥ ਰੱਖ ਕੇ ਕਿਹਾ ਸੀ।

"ਭੈਣ ਜੀ ਤੁਹਾਡੀ ਗੱਲ ਠੀਕ ਹੈ ਪਰ ਕੋਈ ਵੀ ਬੱਚਾ ਸਾਰੀ ਉਮਰ ਮਾਂ ਦੇ ਹੀ ਦੁੱਧ 'ਤੇ ਨਹੀਂ ਬੈਠਾ ਰਹਿੰਦਾ। ਨਾਲੇ ਫ਼ਿਰ ਕੈਨੇਡਾ ਦੀ ਤਾਂ ਧਰਤੀ ਹੀ ਇਹੋ ਜਿਹੀ ਹੈ ਜਿੱਥੇ ਜਾ ਕੇ ਦੁੱਧ ਤੇ ਬੁੱਧ ਤਾਂ ਕਿਸ ਦੇ ਪਾਣੀ ਹਾਰੇ ਨੇ, ਉਥੇ ਤਾਂ ਸਾਰੇ ਹੀ ਰਿਸ਼ਤੇ ਉਲਟੇ-ਪੁਲਟੇ ਹੋ ਜਾਂਦੇ ਨੇ। ਤੇ ਕੇਵਲ ਡਾਲਰਾਂ ਦਾ ਹੀ ਇੱਕ ਰਿਸ਼ਤਾ ਬਾਕੀ ਰਹਿ ਜਾਂਦਾ ਹੈ।"

"ਭਰਾ ਜੀ, ਜਿਵੇਂ ਤੁਹਾਡੀ ਮਰਜ਼ੀ। ਮੈਂ ਤੁਹਾਨੂੰ ਜੀਵਨ ਵਿਚ ਇਕੋ ਹੀ ਕੰਮ ਕਿਹਾ ਹੈ ਦੇਖ ਲੈਣਾ, ਜੇ ਕਰ ਹੋ ਸਕੇ ਤਾਂ?" ਰਵੀ ਦੇ ਡੈਡੀ ਨੇ ਆਪਣੇ ਸੱਭਿਆਚਾਰਕ ਜ਼ੋਰ ਨਾਲ ਅਖ਼ੀਰਲਾ ਫ਼ਾਰਮੂਲਾ ਵਰਤਿਆ।

ਘਰ ਦੇ ਜੰਮਿਆਂ ਦੀ ਕੋਈ ਉਮਰ ਨਹੀਂ ਪੁੱਛਿਆ ਕਰਦਾ। ਖੁਸ਼ਹਾਲ ਸਿੰਘ ਨੂੰ ਆਪਣੀ ਪਤਨੀ ਦੇ ਸੁਭਾਅ ਦਾ ਪਤਾ ਸੀ। ਇੱਕ ਦਿਨ ਉਸ ਦਾ ਚੰਗਾ ਜਿਹਾ ਰੌਂਅ ਦੇਖ ਕੇ ਉਸ ਨੇ ਤੇਜ ਕੌਰ ਨੂੰ ਪੁੱਛਿਆ ਸੀ, "ਇਸ ਵੇਰ ਜਦੋਂ ਮੈਂ ਇੰਡੀਆ ਗਿਆ ਸੀ ਤਾਂ ਭੈਣ ਜੀ ਰਵੀ ਨੂੰ ਕੈਨੇਡਾ ਲਿਆਉਣ ਬਾਰੇ ਬਹੁਤਾ ਹੀ ਜ਼ੋਰ ਦੇ ਰਹੇ ਸਨ।"

"ਜ਼ੋਰ ਤਾਂ ਸਾਰੇ ਰਿਸ਼ਤੇਦਾਰ ਹੀ ਲਾ ਰਹੇ ਹਨ। ਇਧਰ ਮੇਰੀ ਭੈਣ ਵੀ ਮੇਰੇ ਵੱਡੇ ਭਾਣਜੇ ਮਨਜੀਤ ਨੂੰ ਕੈਨੇਡਾ ਲਿਆਉਣ ਲਈ ਕਹਿ ਰਹੀ ਹੈ। ਉਸ ਦਾ ਕਈ ਵਾਰ ਫੋਨ ਆ ਚੁੱਕਿਆ ਹੈ। ਨਾਲੇ ਸਾਡੇ ਆਪਣੇ ਹੀ ਦੋ ਬੱਚੀਆਂ ਹਨ। ਅਸਾਨੂੰ ਔਲਾਦ ਪੱਖੋਂ ਕਿਸ ਚੀਜ਼ ਦੀ ਘਾਟ ਹੈ। ਕੈਨੇਡਾ ਵਿਚ ਤਾਂ ਬੇਟਾ ਵੀ ਉਹੋ ਜਿਹਾ ਤੇ ਬੇਟੀਆਂ ਵੀ ਉਹੋ ਜਿਹੀਆਂ। ਅਸੀਂ ਇਨ੍ਹਾਂ ਦੇ ਹੀ ਫਰਜ਼ ਪੂਰੇ ਕਰ ਲਈਏ, ਉਹੋ ਹੀ ਬਹੁਤ ਹਨ। ਕਿਉਂ ਵਾਧੂ ਦੇ ਝੰਜਟ ਸਹੇੜੀਏ।" ਤੇਜ਼ ਕੌਰ ਨੇ ਵਿਰੋਧ ਵਿਚ ਦਲੀਲਾਂ ਦੀ ਇੱਕ ਲੰਬੀ ਝੜੀ ਲਾ ਦਿੱਤੀ।


"ਚਲ ਇੱਕ ਪੰਥ ਦੋ ਕਾਜ਼। ਦੋਵੇਂ ਹੀ ਕੰਮ ਕਰ ਲੈਨੇ ਆਂ।" ਖੁਸ਼ਹਾਲ ਸਿੰਘ ਨੇ ਪਹਿਲੋਂ ਹੀ ਸੋਚੀ ਵਿਚਾਰੀ ਚਾਲ ਚੱਲੀ।

"ਪਹਿਲੋਂ ਰਵੀ ਨੂੰ ਬੁਲਾ ਲੈਨੇ ਆਂ। ਫਿਰ ਤੇਰੀ ਭਾਣਜੀ ਉਸ ਨਾਲ ਵਿਆਹ ਕੇ ਲੈ ਆਵਾਂਗੇ।"

"ਤੁਸੀਂ ਤਾਂ ਉਹ ਗੱਲ ਕਰਦੇ ਓ, ਅਖੇ 'ਕਣਕ ਖੇਤ, ਕੁੜੀ ਪੇਟ, ਆ ਜਵਾਈਆ ਮੰਡੇ ਖਾਹ' ਏਨੀਆਂ ਲੰਮੀਆਂ ਸਕੀਮਾਂ 'ਤੇ ਮੈਂ ਨਹੀਂ ਭਰੋਸਾ ਕਰਦੀ। ਇੱਥੋਂ ਦੇ ਬੱਚੇ ਵੱਡੇ ਹੋ ਕੇ ਕਦ ਕਿਸੇ ਦੀ ਮੰਨਦੇ ਆ। ਕੀਹਦੀ ਕੁੜੀ ਤੇ ਕੀਹਦਾ ਵਿਆਹ?" ਉਸ ਦੀ ਚਾਲ ਉਤੇ ਤੇਜ ਕੌਰ ਨੇ ਸਿੱਧਾ ਹੀ ਕਾਟਾ ਫੇਰ ਦਿਤਾ।

ਖੈਰ, ਇਹ ਘੈਂਸ ਘੈਂਸ ਘਰ ਵਿਚ ਕਈ ਵਾਰ ਹੋਈ। ਕਈ ਕਈ ਗੁੱਸੇ ਗਿਲੇ ਦੇ, ਅਤੇ ਮੰਨ-ਮੰਨੌਤਾਂ ਦੇ ਦੌਰ ਚੱਲੇ। ਜਿਵੇਂ ਕਿਵੇਂ ਵੀ ਹੋਇਆ ਰਵੀ ਖੁਸ਼ਹਾਲ ਸਿੰਘ ਅਤੇ ਤੇਜ ਕੌਰ ਦਾ ਗੋਦ ਲਿਆ ਪੁੱਤਰ ਬਣ ਕੇ ਕੈਨੇਡਾ ਪਹੁੰਚ ਗਿਆ।

ਪਹੁੰਚ ਤੇ ਗਿਆ ਰਵੀ ਕੈਨੇਡਾ ਪਰ ਉਸ ਦੀ ਧਰਮ ਮਾਂ ਨੇ ਮਾਂ ਦਾ ਤੇ ਕੀ ਕਦੀ ਰਵੀ ਨੂੰ ਬਣਦਾ ਮਾਮੀ ਵਾਲਾ ਵੀ ਪਿਆਰ ਨਾ ਦਿਤਾ। ਮਾਮੇ ਦੇ ਘਰ ਪੁੱਤਰ ਬਣ ਕੇ ਆਇਆ ਰਵੀ ਬੱਸ ਇੱਕ ਅਜਨਬੀ ਬਣ ਕੇ ਰਹਿ ਗਿਆ। ਘਰ ਦੇ ਵਿਚ ਉਸ ਨੂੰ ਕੋਈ ਵੀ ਸਤਿਕਾਰ ਨਾ ਮਿਲਦਾ। ਉਸ ਨੂੰ ਕੋਈ ਵੀ ਆਪਣਾ ਨਾ ਸਮਝਦਾ। ਮਾਮੇ ਦੀਆਂ ਧੀਆਂ ਵੀ, ਆਪਣੀ ਮਾਂ ਦੀ ਅੱਖ ਦੇਖ, ਉਸ ਨੂੰ ਚੰਗੀ ਤਰ੍ਹਾਂ ਨਾ ਬੁਲਾਉਂਦੀਆਂ। ਇੱਕ ਉਸ ਦਾ ਮਾਮਾ ਹੀ ਸੀ ਜੋ ਉਸ ਨੂੰ ਦਿਲੋਂ ਪਿਆਰ ਕਰਦਾ ਸੀ। ਉਹ ਰਵੀ ਦੀ ਹਰ ਛੋਟੀ ਮੋਟੀ ਜ਼ਰੂਰਤ ਦਾ ਖਿਆਲ ਰੱਖਦਾ।



ਵਕਤ ਲੰਘਦਾ ਗਿਆ ਤੇ ਰੁੱਤਾਂ ਵੀ ਬਦਲਦੀਆਂ ਗਈਆਂ ਪਰ ਰਵੀ ਦੇ ਪਰਿਵਾਰਕ ਵਾਤਾਵਰਨ ਵਿਚ ਕੋਈ ਅੰਤਰ ਨਾ ਆਇਆ। ਬਾਰਾਂ ਕੁ ਸਾਲਾਂ ਦਾ ਰਵੀ ਹੁਣ 18-19 ਵਰ੍ਹਿਆਂ ਦਾ ਨੌਜਵਾਨ ਬਣ ਗਿਆ ਸੀ। ਪੜ੍ਹਨ ਵਿਚ ਹੁਸ਼ਿਆਰ, ਜਦੋਂ ਉਹ ਆਪਣੀਆਂ ਭੈਣਾਂ ਨਾਲੋਂ ਕਿਤੇ ਜ਼ਿਆਦਾ ਨੰਬਰ ਲੈ ਕੇ ਆਉਂਦਾ, ਉਸ ਦੀ ਮਾਮੀ ਉਸ ਨੂੰ ਸ਼ਾਬਾਸ਼ ਦੇਣ ਦੀ ਥਾਂ ਸਗੋਂ ਉਸ ਉਪਰ ਹੋਰ ਵੀ ਸੜਦੀ ਕੁੜ੍ਹਦੀ। ਉਹ ਅਕਸਰ ਰਵੀ ਦੇ ਮਾਮੇ ਨੂੰ ਆਖਦੀ, "ਪੜ੍ਹਨ ਤੋਂ ਸਿਵਾ ਇਸ ਨੂੰ ਹੋਰ ਕੰਮ ਵੀ ਕੀ ਏ? ਵਿਹਲਾ ਬੈਠਾ ਖਾ ਪੀ ਛੱਡਦੈ, ਹੋਰ ਕਿਹੜਾ ਇਸ ਨੂੰ ਕਿਸੇ ਜ਼ਿੰਮੇਵਾਰੀ ਦਾ ਫਿਕਰ ਏ।" ਉਸ ਵੇਲੇ ਰਵੀ ਨੂੰ ਆਪਣੀ ਮੰਮੀ ਬਹੁਤ ਯਾਦ ਆਉਂਦੀ ਜੋ ਰਵੀ ਦੇ ਸਕੂਲ ਦੀ ਵਧੀਆ ਰਿਪੋਰਟ ਦੇਖ ਕੇ ਰਵੀ ਨੂੰ ਆਪਣੀ ਛਾਤੀ ਨਾਲ ਘੁੱਟ ਲਿਆ ਕਰਦੀ ਸੀ। ਕਿਵੇਂ ਉਹ ਰਵੀ, ਉਸ ਦੀ ਵੱਡੀ ਭੈਣ ਅਤੇ ਛੋਟੇ ਭਰਾ ਦਾ ਨਤੀਜਾ ਨਿਕਲਣ 'ਤੇ ਸਾਰੇ ਪਿੰਡ ਵਿਚ ਖੁਸ਼ੀ ਨਾਲ ਲੱਡੂ ਵੰਡਿਆ ਕਰਦੀ ਸੀ ਤੇ ਡੈਡੀ ਹਮੇਸ਼ਾਂ ਉਸ ਨੂੰ ਕੋਈ ਤੋਹਫਾ ਲਿਆ ਕੇ ਦਿਆ ਕਰਦੇ ਸਨ।

ਮਾਮੀ ਦੀਆਂ ਇਸ ਤਰ੍ਹਾਂ ਦੀਆਂ ਗੱਲਾਂ ਸੁਣ ਸੁਣ ਕੇ ਰਵੀ ਨੂੰ ਆਪਣੇ ਮੰਮੀ-ਡੈਡੀ ਬਹੁਤ ਹੀ ਯਾਦ ਆਉਂਦੇ। ਕਈ ਵੇਰ ਉਹ ਸੋਚਦਾ ਪਤਾ ਨਹੀਂ ਕਿਉਂ ਡੈਡੀ ਨੇ ਉਹਨੂੰ ਕੈਨੇਡਾ ਭੇਜ ਦਿੱਤਾ ਸੀ। ਮਾਮੀ ਦੇ ਤਾਹਨੇ-ਮਿਹਣੇ ਸੁਣਦਾ ਰਵੀ ਤੰਗ ਆ ਜਾਂਦਾ। ਉਹ ਕਈ ਵਾਰ ਆਪਣੇ ਮਾਮੇ ਨੂੰ ਆਖਦਾ, "ਮਾਮਾ ਜੀ, ਮੈਂ ਪੜ੍ਹਾਈ ਦੇ ਨਾਲ ਨਾਲ ਕੋਈ ਪਾਰਟ ਟਾਈਮ ਜੌਬ ਵੀ ਕਰ ਲੈਂਦਾ ਹਾਂ।" ਪਰ ਖੁਸ਼ਹਾਲ ਸਿੰਘ ਨਾ ਮੰਨਦਾ। ਸਗੋਂ ਉਹ ਗਰਮੀਆਂ ਦੀਆਂ ਛੁੱਟੀਆਂ ਵਿਚ ਵੀ ਰਵੀ ਨੂੰ ਕੋਈ ਨਾ ਕੋਈ ਕਰੈਡਿਟ ਲੈਣ ਲਈ ਆਖਦਾ ਤਾਂ ਕਿ ਉਹ ਆਪਣੀ ਪੜ੍ਹਾਈ ਜਲਦੀ ਖਤਮ ਕਰ ਲਵੇ। ਉਸ ਨੂੰ ਆਪਣੀ ਪਤਨੀ ਦੇ ਸੁਭਾਅ ਦਾ ਪਤਾ ਸੀ ਜੋ ਹਰ ਵਕਤ ਰਵੀ ਦੇ ਮਗਰ ਪਈ ਰਹਿੰਦੀ ਸੀ। ਹੁਸ਼ਿਆਰ ਰਵੀ ਹਰ ਸਾਲ ਗਰਮੀਆਂ ਦੀਆਂ ਛੁੱਟੀਆਂ ਵਿਚ ਦੋ ਤਿੰਨ ਕਰੈਡਿਟ ਲੈ ਲੈਂਦਾ ਸੀ ਜਿਸ ਨਾਲ ਉਸ ਨੇ ਓ.ਏ.ਸੀ. ਦਾ ਇਮਤਿਹਾਨ ਆਪਣੇ ਨਾਲੋਂ ਉਮਰ ਵਿਚ ਵੱਡੀ ਆਪਣੀ ਭੈਣ ਨਾਲੋਂ ਪਹਿਲਾਂ ਪਾਸ ਕਰ ਲਿਆ ਸੀ। ਹੁਣ ਮਾਮੀ ਅਤੇ ਉਸ ਦੀਆਂ ਧੀਆਂ ਰਵੀ ਨਾਲ ਹੋਰ ਵੀ ਈਰਖਾ ਕਰਨ ਲੱਗੀਆਂ। ਉਹ ਗੱਲ ਗੱਲ 'ਤੇ ਰਵੀ ਦੀ ਬੇਇਜ਼ਤੀ ਕਰਨ ਲੱਗੀਆਂ। ਖਾਸ ਤੌਰ 'ਤੇ ਜਦੋਂ ਮਾਮਾ ਘਰ ਨਾ ਹੁੰਦਾ। ਡੈਡੀ ਦੇ ਸਾਹਮਣੇ ਉਹ ਘੱਟ ਵੱਧ ਹੀ ਬੋਲਦੀਆਂ। ਪਰ ਉਸ ਦੀ ਗੈਰਹਾਜ਼ਰੀ ਵਿਚ ਉਹ ਰਵੀ ਨੂੰ ਰੱਜ ਕੇ ਤੰਗ ਕਰਦੀਆਂ। ਰਵੀ ਇਸ ਤਰ੍ਹਾਂ ਦੀ ਰੋਜ਼ ਦੀ ਖਿੱਚ-ਖਿੱਚ ਤੋਂ ਡਾਢਾ ਹੀ ਤੰਗ ਆ ਗਿਆ ਸੀ। ਉਹ ਘਰੋਂ ਨਿਕਲਣ ਦੇ ਬਹਾਨੇ ਭਾਲਣ ਲੱਗਾ। ਉਸ ਦੇ ਮਾਮੇ ਨੂੰ ਇਹ ਤਾਂ ਪਤਾ ਸੀ ਕਿ ਘਰ ਵਿਚ ਰਵੀ ਨਾਲ ਕਿਸ ਤਰ੍ਹਾਂ ਦਾ ਸਲੂਕ ਹੁੰਦਾ ਸੀ ਪਰ ਉਹ ਇਸ ਬਾਰੇ ਚੁਪ ਹੀ ਰਹਿੰਦਾ। ਨਾ ਹੀ ਰਵੀ ਨੇ ਉਸ ਕੋਲ ਕਦੀ ਕੋਈ ਸ਼ਿਕਾਇਤ ਕੀਤੀ ਸੀ।

ਆਖ਼ਿਰ ਇਕ ਦਿਨ ਰਵੀ ਨੂੰ ਘਰੋਂ ਨਿਕਲਣ ਦਾ ਬਹਾਨਾ ਮਿਲ ਹੀ ਗਿਆ। ਉਸ ਦੀ ਵੱਡੀ ਭੈਣ ਨੇ ਉਸ 'ਤੇ 20 ਡਾਲਰ ਚੋਰੀ ਕਰਨ ਦਾ ਦੋਸ਼ ਮੜ੍ਹ ਦਿੱਤਾ ਸੀ। ਰਵੀ ਨੇ ਸੋਚਿਆ, ਇਹ ਤਾਂ ਅਜੇ ਆਰੰਭ ਹੀ ਹੈ। ਉਸ 'ਤੇ ਇਸ ਨਾਲੋਂ ਕੋਈ ਹੋਰ ਵੱਡਾ ਦੋਸ਼ ਵੀ ਲਾਇਆ ਜਾ ਸਕਦਾ ਹੈ। ਉਹ ਡਰਦਾ ਮਾਰਾ ਘਰੋਂ ਮੂਵ ਹੋ ਗਿਆ। ਹੁਣ ਉਹ ਯੂਨੀਵਰਸਿਟੀ ਵਿਚ ਪੜ੍ਹਾਈ ਦੇ ਨਾਲ ਨਾਲ ਪਾਰਟ ਟਾਈਮ ਜੌਬ ਵੀ ਕਰਨ ਲੱਗ ਪਿਆ। ਆਪਣੇ ਇੱਕ ਦੋਸਤ ਨਾਲ ਰਲ ਕੇ ਉਸ ਨੇ ਇੱਕ ਕਮਰਾ ਯੂਨੀਵਰਸਿਟੀ ਦੇ ਕੋਲ ਹੀ ਕਿਰਾਏ 'ਤੇ ਲੈ ਲਿਆ। ਮਾਮੇ ਦੇ ਘਰ ਉਹ ਘੱਟ ਵੱਧ ਹੀ ਜਾਂਦਾ। ਉਹ ਆਪਣੀ ਪੜ੍ਹਾਈ ਦਾ ਖਰਚਾ ਆਪਣੀ ਜੌਬ ਨਾਲ ਤੋਰ ਲੈਂਦਾ ਤੇ ਕੁਝ ਸਕਾਲਰਸ਼ਿਪ ਮਿਲ ਜਾਣ ਕਾਰਣ ਉਸ ਦੇ ਖਰਚੇ ਵਿਚ ਸਹਾਇਤਾ ਹੋ ਜਾਂਦੀ।

ਇੱਕ ਦਿਨ ਸਾਡੀ ਬਰਾਂਚ ਵਿਚ ਇੱਕ ਨਵੀਂ ਕੁੜੀ ਦੀ ਨਿਯੁਕਤੀ ਹੋਈ। ਸੈਂਡੀ ਦਾ ਜੌਬ 'ਤੇ ਇਹ ਪਹਿਲਾ ਦਿਨ ਸੀ। ਅਜੇ ਕੁਝ ਦਿਨ ਉਸ ਨੇ ਮੇਰੇ ਕੋਲੋਂ ਕੰਮ ਦੀ ਸਿੱਖਿਆ ਲੈਣੀ ਸੀ। ਗੋਰੀ-ਚਿੱਟੀ, ਗੁਲਾਬੀ-ਗੁਲਾਬੀ ਗੱਲ੍ਹਾਂ ਤੇ ਸਮੁੰਦਰ ਵਰਗੀਆਂ ਨੀਲੀਆਂ-ਗਹਿਰੀਆਂ ਅੱਖਾਂ ਵਾਲੀ ਸੈਂਡੀ ਬਹੁਤ ਹੀ ਖੁਸ਼ਦਿਲ ਅਤੇ ਮਿਲਾਪੜੀ ਸੀ। ਪਹਿਲੇ ਹੀ ਦਿਨ ਉਹ ਮੇਰੇ ਨਾਲ ਇਦਾਂ ਘੁਲਮਿਲ ਗਈ ਜਿਵੇਂ ਮੈਨੂੰ ਉਹ ਚਿਰਾਂ ਤੋਂ ਜਾਣਦੀ ਹੋਵੇ। ਕੰਮ ਦੀ ਸਿੱਖਲਾਈ ਵੇਲੇ ਵੀ ਉਹ ਚਾਰ ਕਦਮ ਅੱਗੇ ਹੀ ਰਹਿੰਦੀ। ਹਰ ਕੰਮ ਵਿਚ ਹੀ ਰੀਝ ਅਤੇ ਉਸ ਦਾ ਕੰਮ ਪ੍ਰਤੀ ਸੰਪੂਰਨ ਸਮਰਪਣ ਉਸ ਦੀ ਹਰ ਸਿੱਖਿਆ-ਸ਼ਕਤੀ ਨੂੰ ਟਾਪ ਗੀਅਰ ਵਿਚ ਪਾਈ ਰੱਖਦਾ। ਤੇ ਉਸ ਨੇ ਦਿਨਾਂ ਦਾ ਸਫ਼ਰ ਘੰਟਿਆਂ ਵਿਚ ਸਮੇਟ ਲਿਆ।

ਇੱਕ ਦਿਨ ਸਬੱਬੀਂ ਜਦੋਂ ਰਵੀ ਲਾਇਬਰੇਰੀ ਆਇਆ ਤਾਂ ਸੈਂਡੀ ਵੀ ਡਿਊਟੀ 'ਤੇ ਸੀ। ਮੈਂ ਦੋਵਾਂ ਦੀ ਜਾਣ-ਪਛਾਣ ਕਰਵਾਈ। ਉਸ ਵੇਲੇ ਦੋਹਾਂ ਪ੍ਰਤੀ ਮੇਰਾ ਮੋਹ, ਪਿਆਰ, ਮਾਣ, ਸਤਿਕਾਰ ਪਤਾ ਨਹੀਂ ਕਿੰਨਾਂ ਕੁਝ ਹੋਰ, ਮੇਰੇ ਮੂਹੋਂ ਕਿਹੜੇ ਸ਼ਬਦਾਂ ਦਾ ਰੂਪ ਧਾਰ ਕੇ ਪਰਸਪਰ ਦੋਹਾਂ ਦੇ ਮਨਾਂ ਵਿਚ ਪਸਰਦਾ ਗਿਆ। ਤੇ ਦੋਵੇਂ ਹੀ ਮੈਨੂੰ ਬੜੇ ਸ਼ਰਮਾਏ-ਸ਼ਰਮਾਏ ਪਰ ਸਰਸ਼ਾਰੇ ਹੋਏ ਲੱਗੇ।

ਉਸ ਪਿੱਛੋਂ ਅਕਸਰ ਹੀ ਅਸੀਂ ਤਿੰਨੇ ਸਟਾਫ਼ ਰੂਮ ਵਿਚ ਇੱਕਠੇ ਚਾਹ ਪੀਣ ਲੱਗੇ।…ਤੇ ਪਤਾ ਹੀ ਨਾ ਲੱਗਾ ਕਿ ਕਦੋਂ ਰਵੀ ਸੈਂਡੀ ਦੀਆਂ ਝੀਲ ਵਰਗੀਆਂ ਅੱਖਾਂ ਵਿਚ ਗੁਆਚ ਗਿਆ।

ਹੌਲੀ ਹੌਲੀ ਰਵੀ ਅਤੇ ਸੈਂਡੀ ਦੀ ਜਾਣ-ਪਛਾਣ ਦੋਸਤੀ ਵਿਚ ਬਦਲਦੀ ਗਈ ਤੇ ਦੇਖਦਿਆਂ ਹੀ ਦੇਖਦਿਆਂ ਇਹ ਦੋਸਤੀ ਪਿਆਰ ਦਾ ਰੂਪ ਧਾਰ ਗਈ। ਉਹ ਦੋਨੋਂ ਅਕਸਰ ਇੱਕਠੇ ਬਾਹਰ ਜਾਣ ਲੱਗੇ। ਕਦੀ ਕੌਫੀ ਪੀਣ ਦੇ ਬਹਾਨੇ, ਕਦੀ ਪੀਜ਼ਾ ਖਾਣ ਦੇ ਬਹਾਨੇ ਤੇ ਕਦੀ ਕਦੀ ਉਹ ਕੋਈ ਫਿਲਮ ਦੇਖਣ ਵੀ ਚਲੇ ਜਾਂਦੇ। ਸੈਂਡੀ ਦੇ ਨਾਲ ਕੰਮ ਕਰਦਿਆਂ ਮੈਂ ਇਹ ਜਾਣ ਗਈ ਸਾਂ ਕਿ ਉਹ ਇੱਕ ਚੰਗੀ ਕੁੜੀ ਸੀ ਇਸ ਲਈ ਮੈਨੂੰ ਇਨ੍ਹਾਂ ਦੀ ਦੋਸਤੀ ਤੇ ਕੋਈ ਇਤਰਾਜ਼ ਨਹੀਂ ਸੀ। ਪਰ ਜਦੋਂ ਇਸ ਦਾ ਪਤਾ ਰਵੀ ਦੀ ਮਾਮੀ ਨੂੰ ਲੱਗਿਆ ਤਾਂ ਉਸ ਨੂੰ ਤਾਂ ਜਿਵੇਂ ਸੱਤੀਂ ਕੱਪੜੀਂ ਅੱਗ ਲੱਗ ਗਈ ਹੋਵੇ। 'ਕਹਿੰਦਾ ਸੀ ਰਵੀ ਦਾ ਤੇਰੀ ਭਾਣਜੀ ਨਾਲ ਵਿਆਹ ਕਰਾਂਗੇ? ਹੁਣ ਸਾਂਭ ਲਵੇ ਆਪਣੇ ਰਵੀ ਨੂੰ।' ਉਹ ਰਵੀ ਨੂੰ ਬਦਨਾਮ ਕਰਨ ਦਾ ਕੋਈ ਮੌਕਾ ਅਜਾਈਂ ਨਾ ਜਾਣ ਦਿੰਦੀ। ਉਸ ਨੇ ਖੁਸ਼ਹਾਲ ਸਿੰਘ ਨੂੰ ਸਾਫ ਸਬਦਾਂ ਵਿਚ ਆਖ ਦਿਤਾ, "ਹੁਣ ਰਵੀ ਮੇਰੇ ਘਰ ਨਾ ਵੜੇ, ਮੇਰੀਆਂ ਜੁਆਨ ਕੁੜੀਆਂ 'ਤੇ ਇਸ ਦਾ ਕੀ ਅਸਰ ਪਵੇਗਾ? ਜੇ ਉਸ ਨੇ ਗੋਰੀਆਂ ਨਾਲ ਹੀ ਖੇਹ ਖਾਣੀ ਹੈ ਤਾਂ ਘਰੋਂ ਦੂਰ ਹੀ ਰਹੇ।"

ਰੁੱਤਾਂ ਹੋਰ ਬਦਲਦੀਆਂ ਗਈਆਂ ਤੇ ਵਕਤ ਵੀ ਲੰਘਦਾ ਗਿਆ। ਸਮੇਂ ਦੇ ਨਾਲ ਹੀ ਰਵੀ ਤੇ ਸੈਂਡੀ ਦੇ ਪਿਆਰ ਦਾ ਰੰਗ ਵੀ ਭਰਪੂਰ ਗੂੜ੍ਹਾ ਅਤੇ ਸੁਨਹਿਰੀ ਹੁੰਦਾ ਗਿਆ। ਰਵੀ ਦੀ ਔੜਾਂ ਮਾਰੀ ਜ਼ਿੰਦਗੀ ਵਿਚ ਸੈਂਡੀ ਇੱਕ ਸੁਹਾਵੀ ਫੁਹਾਰ ਬਣ ਕੇ ਆਈ। ਉਸ ਦੇ ਹਰ ਦਰਦ ਉਤੇ ਸੈਂਡੀ ਨੇ ਆਪਣੇ ਕੂਲੇ ਨਿੱਘ ਦੀ ਟਕੋਰ ਕੀਤੀ।

ਇੱਕ ਦਿਨ ਰਵੀ ਮੈਨੂੰ ਮੇਰੇ ਘਰ ਮਿਲਣ ਆ ਗਿਆ। ਕੁਝ ਚਿਰ ਚੁੱਪ ਬੈਠਾ ਰਿਹਾ ਤੇ ਫਿਰ ਕਹਿਣ ਲੱਗਾ, "ਦੀਦੀ ਮੈਂ ਤੇਰੇ ਨਾਲ ਇੱਕ ਗੱਲ ਕਰਨੀ ਸੀ।"

"ਰਵੀ ਅੱਜ ਤੈਨੂੰ ਇਜ਼ਾਜਤ ਲੈਣ ਦੀ ਲੋੜ ਕਿਥੋਂ ਪੈ ਗਈ? ਅੱਛਾ ਬੋਲ ਕੀ ਕਹਿਣਾ ਚਾਹੁੰਦਾ ਹੈਂ?" ਮੈਂ ਹੱਸ ਕੇ ਪੁੱਛਿਆ। ਉਹ ਉਸੇ ਤਰ੍ਹਾਂ ਗਰਦਨ ਨੀਵੀਂ ਕਰੀ ਬੈਠਾ ਰਿਹਾ। ਮੈਂ ਪੁੱਛਿਆ, "ਰਵੀ, ਕੀ ਗੱਲ ਤੂੰ ਬੋਲਿਆ ਨਹੀਂ?"

"ਦੀਦੀ ! ਮੈਂ ਸੈਂਡੀ ਨਾਲ ਵਿਆਹ ਕਰਵਾਉਣਾ ਚਾਹੁੰਦਾ ਹਾਂ।" ਉਹ ਉਸੇ ਤਰ੍ਹਾਂ ਹੇਠਾਂ ਸਿਰ ਝੁਕਾਈ ਬੋਲਿਆ।"

"ਰਵੀ ਤੂੰ ਹੋਸ਼ ਵਿਚ ਤਾਂ ਹੈਂ? ਅਜੇ ਤੇਰੀ ਉਮਰ ਹੀ ਕੀ ਹੈ, ਨਾਲੇ ਤੇਰੀ ਪੜ੍ਹਾਈ ਦਾ ਕੀ ਬਣੇਗਾ? ਤੂੰ ਸੈਂਡੀ ਨੂੰ ਪੁੱਛਿਆ ਕਿ ਉਸ ਦੀ ਕੀ ਸਲਾਹ ਹੈ?" ਮੈਂ ਉਸ ਉਤੇ ਕਿੰਨੇ ਸਾਰੇ ਸਵਾਲ ਇੱਕੋ ਸਾਹੇ ਕਰ ਗਈ।

"ਸੈਂਡੀ ਦੀ ਸਲਾਹ ਤੁਸੀਂ ਪੁੱਛ ਲੈਣਾ। ਮੈਂ ਤਾਂ ਆਪਣੇ ਦਿਲ ਦਾ ਫ਼ੈਸਲਾ ਤੁਹਾਨੂੰ ਸੁਣਾਉਣ ਆਇਆ ਸੀ।" ਉਸ ਦਿਨ ਉਹ ਇਨੀ ਕੁ ਗੱਲ ਕਰ ਕੇ ਚਲਾ ਗਿਆ। ਇਸ ਤੋਂ ਪਿੱਛੋਂ ਵੀ ਮੈਂ ਉਸ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਕਿ ਅਜਿਹਾ ਕੋਈ ਵੀ ਫ਼ੈਸਲਾ ਕਰਨ ਤੋਂ ਪਹਿਲਾਂ ਉਹ ਆਪਣੀ

ਪੜ੍ਹਾਈ ਪੂਰੀ ਕਰ ਲਵੇ ਤੇ ਨਾਲੇ ਆਪਣੀ ਮੰਮੀ-ਡੈਡੀ ਨਾਲ ਗੱਲ ਕਰ ਲਵੇ। ਪਰ ਉਸ ਨੇ ਮੇਰੀ ਇੱਕ ਨਾ ਮੰਨੀ।

ਇੱਕ ਦਿਨ ਮੈਂ ਸੈਂਡੀ ਨਾਲ ਵੀ ਗੱਲ ਕੀਤੀ। ਉਸ ਨੂੰ ਵੀ ਭਲੇ-ਬੁਰੇ ਬਾਰੇ ਸਮਝਾਉਣ ਦੇ ਯਤਨ ਕੀਤੇ ਕਿ ਅਜੇ ਤੁਹਾਡੀ ਉਮਰ ਹੋਰ ਅੱਗੇ ਵਧਣ ਦੀ ਹੈ ਕਿ ਬਹੁਤੀ ਵੇਰ ਦੋ ਵੱਖੋ-ਵੱਖ ਸਭਿਆਚਾਰ ਇੱਕ ਦੂਜੇ ਦੀ ਖੁਸ਼ੀ ਲੁੱਟ ਲੈਂਦੇ ਹਨ, ਕਿ ਹੁਣ ਸੋਚਣ ਦਾ ਕੋਈ ਹਰਜ਼ ਨਹੀਂ, ਫਿਰ ਪਿੱਛੋਂ ਪਛਤਾਇਆਂ ਕੁਝ ਨਹੀਂ ਹੋਣਾ ਜਦੋਂ ਚਿੜੀਆਂ ਨੇ ਸਾਰਾ ਹੀ ਖੇਤ ਚੁੱਗ ਲਿਆ। ਲਗਦਾ ਸੀ ਕਿ ਇਹ ਆਪਣਾ ਅਟੱਲ ਫੈਸਲਾ ਤਾਂ ਪਹਿਲਾਂ ਹੀ ਕਰ ਚੁੱਕੇ ਸਨ।

ਸੈਂਡੀ ਦੀ ਮਾਂ ਚਾਰ ਕੁ ਸਾਲ ਦੀ ਸੈਂਡੀ ਨੂੰ ਆਪਣੇ ਬਾਪ ਕੋਲ ਛੱਡ ਕੇ ਕਿਸੇ ਹੋਰ ਮਰਦ ਨਾਲ ਤੁਰ ਗਈ ਸੀ ਤੇ ਇਸ ਦੇ ਬਾਪ ਨੇ ਵੀ ਕਿਸੇ ਹੋਰ ਗੋਰੀ ਨਾਲ ਵਿਆਹ ਕਰਵਾ ਲਿਆ ਸੀ। ਸੈਂਡੀ ਦੀ ਇਸ ਨਵੀਂ ਮਾਂ ਨਾਲ ਕਦੀ ਵੀ ਨਹੀਂ ਸੀ ਬਣ ਸਕੀ। ਤੇ ਉਸ ਨੇ ਬਾਲਗ ਹੁੰਦਿਆਂ ਹੀ ਇੱਕ ਵੱਖਰੇ ਅਪਾਰਟਮੈਂਟ ਵਿਚ ਰਹਿਣਾ ਅਰੰਭ ਕਰ ਦਿੱਤਾ। ਹੁਣ ਉਹ ਨੌਕਰੀ ਕਰਦੀ ਸੀ ਤੇ ਆਪਣੀ ਮਰਜ਼ੀ ਦੀ ਖੁਦ ਮਾਲਕ ਸੀ। ਉਹ ਆਪਣੀ ਜ਼ਿੰਦਗੀ ਦੇ ਫੈਸਲੇ ਆਪ ਹੀ ਕਰਦੀ ਸੀ ਤੇ ਰਵੀ ਨਾਲ ਵਿਆਹ ਦਾ ਫੈਸਲਾ ਉਸ ਦਾ ਆਪਣਾ ਫੈਸਲਾ ਸੀ। ਜਨਮਾਂ ਤੋਂ ਪਿਆਰ ਵਿਗੁੱਚੀਆਂ ਦੋਵੇਂ ਰੂਹਾਂ ਇੱਕ ਮਿੱਕ ਹੋ ਕੇ ਆਪਣੀਆਂ ਖਾਲੀ ਪਈਆਂ ਸਾਰੀਆਂ ਪਿਆਰ ਨੁੱਕਰਾਂ ਭਰਪੂਰ ਕਰ ਲੈਣੀਆਂ ਚਾਹੁੰਦੀਆਂ ਸਨ।

ਵਿਆਹ ਕਰਨ ਤੋਂ ਪਹਿਲਾਂ ਮੈਂ ਰਵੀ ਨੂੰ ਆਪਣੇ ਮੰਮੀ-ਡੈਡੀ ਨਾਲ ਸਲਾਹ ਜ਼ਰੂਰ ਹੀ ਕਰ ਲੈਣ 'ਤੇ ਜ਼ੋਰ ਦਿਤਾ।

"ਦੀਦੀ ਇਹ ਜਾਣਕਾਰੀ ਪਹਿਲੋਂ ਹੀ ਉਨ੍ਹਾਂ ਨੂੰ ਮਾਮੀ ਜੀ ਤੋਂ ਮਿਲ ਚੁੱਕੀ ਹੈ। ਉਹ ਮੇਰੀ ਕੋਈ ਵੀ ਗੱਲ ਸੁਣਨ ਤੋਂ ਬਿਨ੍ਹਾਂ ਹੀ ਮੇਰੇ ਨਾਲ ਬੇਹੱਦ ਖਫਾ ਹਨ। ਉਹ ਕਦੇ ਵੀ ਮੈਨੂੰ ਇਸ ਵਿਆਹ ਦੀ ਆਗਿਆ ਨਹੀਂ ਦੇਣਗੇ, ਤੇ ਮੈਂ ਸੈਂਡੀ ਤੋਂ ਬਿਨ੍ਹਾਂ ਪਲ ਵੀ ਨਹੀਂ ਰਹਿ ਸਕਦਾ।" ਰਵੀ ਦਾ ਉਤਰ ਸੀ।

ਰਵੀ ਤੇ ਸੈਂਡੀ ਦਾ ਵਿਆਹ ਹੋ ਗਿਆ। ਰਵੀ ਦਾ ਮਾਮਾ ਬੁਲਾਉਣ 'ਤੇ ਵੀ ਵਿਆਹ ਵਿਚ ਸ਼ਾਮਿਲ ਨਾ ਹੋਇਆ। ਉਨ੍ਹਾਂ ਦੇ ਵਿਆਹ ਦੀਆਂ ਸਾਰੀਆਂ ਰਸਮਾਂ ਅਸੀਂ ਹੀ ਕੀਤੀਆਂ। ਦੋਹਾਂ ਦੀ ਵਿਆਹੁਤਾ ਜ਼ਿੰਦਗੀ ਰਵਾਂ-ਰਵੀਂ ਰੁੜ੍ਹੀ ਜਾ ਰਹੀ ਸੀ। ਦੋਵੇਂ ਇੱਕ ਦੂਜੇ ਦੇ ਸਾਹ ਵਿਚ ਜੀਉਂਦੇ। ਸੈਂਡੀ ਰਵੀ ਦੀ ਪੜ੍ਹਾਈ ਪੂਰੀ ਕਰਨ ਵਿਚ ਪੂਰਾ ਸਾਥ ਦੇ ਰਹੀ ਸੀ। ਉਹ ਹੁਣ ਫੁਲ ਟਾਈਮ ਕੰਮ ਕਰਦੀ ਸੀ ਤੇ ਰਵੀ ਪਾਰਟ ਟਾਈਮ ਕੰਮ ਕਰਦਾ ਤੇ ਯੂਨੀਵਰਸਿਟੀ ਦੀ ਪੜ੍ਹਾਈ ਵੀ ਕਰਦਾ। ਸੈਂਡੀ ਰਵੀ ਨੂੰ ਹਰ ਤਰ੍ਹਾਂ ਖੁਸ਼ ਰੱਖਦੀ। ਕਈ ਤਰ੍ਹਾਂ ਦੇ ਦੇਸੀ ਪਕਵਾਨ ਬਣਾਉਣੇ ਉਸ ਮੇਰੇ ਕੋਲੋਂ ਸਿੱਖ ਲਏ ਸਨ। ਦੀਵਾਲੀ ਦੇ ਤਿਉਹਾਰ 'ਤੇ ਉਹ ਰਵੀ ਲਈ ਗਿਫਟ ਖਰੀਦ ਲਿਆਈ ਸੀ ਤੇ ਮੇਰੇ ਤੋਂ ਮਠਿਆਈ ਮੰਗਵਾ ਕੇ ਉਸ ਨੇ ਰਵੀ ਨੂੰ ਸਰਪ੍ਰਾਈਜ਼ ਦਿਤਾ ਸੀ। ਉਹ ਕਈ ਵੇਰ ਰਵੀ ਨੂੰ ਆਪਣੀ ਪਾਰਟ ਟਾਈਮ ਜੌਬ ਛੱਡ ਕੇ ਪੂਰਾ ਧਿਆਨ ਪੜ੍ਹਾਈ ਵੱਲ ਹੀ ਲਾਉਣ ਲਈ ਕਹਿੰਦੀ। ਇਮਤਿਹਾਨਾਂ ਦੇ ਨੇੜੇ ਜਾ ਕੇ ਰਵੀ ਨੇ ਇਵੇਂ ਹੀ ਕੀਤਾ। ਫਿਰ ਵੀ ਸੈਂਡੀ ਦੀ ਤਨਖਾਹ ਨਾਲ ਉਨ੍ਹਾਂ ਦਾ ਸੰਜਮੀ ਹੀ ਸਹੀ ਪਰ ਸੋਹਣਾ ਗੁਜ਼ਾਰਾ ਚੱਲ ਰਿਹਾ ਸੀ।

ਸੈਂਡੀ ਦੀ ਕੁਰਬਾਨੀ ਅਤੇ ਸਮਰਪਣ ਨੂੰ ਦੇਖ ਕੇ ਅਤੇ ਕੁਝ ਆਪ ਔਰਤ ਹੋਣ ਕਰਕੇ, ਮੈਂ ਕਈ ਵਾਰ ਆਖਦੀ, "ਰਵੀ! ਆਪਣੀ ਦੀਦੀ ਨਾਲ ਇਹ ਇਕਰਾਰ ਕਰ ਕਿ ਤੂੰ ਸੈਂਡੀ ਨੂੰ ਕਦੀ ਵੀ ਧੋਖਾ ਨਹੀਂ ਦੇਵੇਂਗਾ।" ਰਵੀ ਇਹ ਸੁਣ ਕੇ ਪੂਰਾ ਪਿਘਲ ਜਾਂਦਾ।

ਦੋ ਸਾਲ ਹੋਰ ਕਦੋਂ ਲੰਘ ਗਏ ਇਹ ਪਤਾ ਹੀ ਨਾ ਚੱਲਿਆ। ਰਵੀ ਗਰੈਜੂਏਟ ਹੋ ਗਿਆ ਸੀ। ਬੀ.ਐਸ.ਸੀ. ਵਿਚੋਂ ਉਹ ਚੰਗੇ ਨੰਬਰ ਲੈ ਕੇ ਪਾਸ ਹੋਇਆ ਸੀ।

ਇੱਕ ਦਿਨ ਸਵੇਰੇ-ਸਵੇਰੇ ਹੀ ਰਵੀ ਦਾ ਫੋਨ ਆਇਆ। ਉਹ ਕੁਝ ਘਬਰਾਇਆ ਹੋਇਆ ਬੋਲਿਆ, "ਦੀਦੀ, ਰਾਤੀਂ ਇੰਡੀਆ ਤੋਂ ਫੋਨ ਆਇਆ ਹੈ, ਮੰਮੀ ਦੀ ਤਬੀਅਤ ਬਹੁਤ ਖਰਾਬ ਹੈ। ਸ਼ਾਇਦ ਉਹ ਬੱਚ ਨਾ ਸਕਣ। ਮੈਨੂੰ ਇੰਡੀਆ ਜਾਣਾ ਪੈ ਗਿਆ ਹੈ। ਮੇਰੇ ਪਿੱਛੋਂ ਸੈਂਡੀ ਦਾ ਖਿਆਲ ਰੱਖਿਓ।"

ਤੂੰ ਸੈਂਡੀ ਨੂੰ ਵੀ ਨਾਲ ਲੈ ਜਾ। ਸਗੋਂ ਉਥੇ ਉਹ ਤੇਰਾ ਧਿਆਨ ਰੱਖੇਗੀ।" ਮੇਰੇ ਮੂੰਹੋਂ ਅਚਾਨਕ ਨਿਕਲ ਗਿਆ ਜਾਂ ਖੁਬਰੇ ਇਸ ਪਿੱਛੇ ਅਚੇਤ ਮਨ ਵਿਚ ਛੁੱਪਿਆ ਕੋਈ ਡਰ ਬੋਲ ਪਿਆ ਹੋਵੇ।

"ਇਸ ਲਈ ਅਜੇ ਹਾਲਾਤ ਢੁਕਵੇਂ ਨਹੀਂ ਹਨ। ਨਾਲੇ ਟਿਕਟਾਂ ਦਾ ਖ਼ਰਚਾ ਵੀ ਦੁੱਗਣਾ ਹੋ ਜਾਵੇਗਾ।" ਕਹਿੰਦਿਆਂ ਉਸ ਨੇ ਟੈਲੀਫੋਨ ਰੱਖ ਦਿਤਾ।

ਦੋ ਦਿਨਾਂ ਪਿੱਛੋਂ ਰਵੀ ਦੋ ਹਫਤੇ ਲਈ ਇੰਡੀਆ ਚਲਿਆ ਗਿਆ। ਪਰ ਉਹ ਦੋ ਮਹੀਨੇ ਨਾ ਮੁੜਿਆ। ਜਦੋਂ ਵੀ ਸੈਂਡੀ ਫੋਨ ਕਰਦੀ ਤਾਂ ਉਸ ਨੂੰ ਮਾਂ ਦੀ ਵਿਗੜ ਰਹੀ ਬੀਮਾਰੀ ਬਾਰੇ ਵਿਸਥਾਰ ਨਾਲ ਦੱਸਦਾ।

ਇੱਕ ਦਿਨ ਰਵੀ ਦੀ ਮਾਮੀ ਦਾ ਅਚਾਨਕ ਮੈਨੂੰ ਫੋਨ ਆਇਆ। ਭਾਵੇਂ ਉਹ ਮੈਨੂੰ ਕਾਫੀ ਸਮੇਂ ਤੋਂ ਚੰਗੀ ਤਰ੍ਹਾਂ ਜਾਣਦੀ ਸੀ ਪਰ ਮੈਨੂੰ ਉਹ ਫੋਨ ਪਹਿਲੀ ਵੇਰ ਹੀ ਕਰ ਰਹੀ ਸੀ। ਉਸ ਦਾ ਨਾਂ ਸੁਣ ਕੇ ਮੈਨੂੰ ਬੜੀ ਹੈਰਾਨੀ ਹੋਈ ਤੇ ਮੇਰਾ ਮੱਥਾ ਠਣਕਿਆ ਬਈ ਰੱਬ ਖੈਰ ਕਰੇ।

"ਹੁਣ ਤੇਰੀ ਸਹੇਲੀ ਦਾ ਕੀ ਬਣੂੰ, ਰਵੀ ਨੇ ਉਥੇ ਹੋਰ ਵਿਆਹ ਕਰਵਾ ਲਿਆ।" ਉਸ ਦੀ ਗੱਲ ਸੁਣ ਕੇ ਮੇਰੇ ਪੈਰਾਂ ਹੇਠੋਂ ਮਿੱਟੀ ਨਿਕਲ ਗਈ। ਮੇਰੇ ਕੋਲ ਉਸ ਦੇ ਸਵਾਲ ਦਾ ਕੋਈ ਜਵਾਬ ਨਹੀਂ ਸੀ। ਮੈਂ ਉਸ ਨੂੰ ਸਿਰਫ ਇਨੀ ਕੁ ਬੇਨਤੀ ਹੀ ਕਰ ਸਕੀ, "ਆਂਟੀ ਪਲੀਜ਼ ਸੈਂਡੀ ਨੂੰ ਇਸ ਬਾਰੇ ਅਜੇ ਕੁਝ ਨਾ ਦੱਸਣਾ। ਉਹ ਵਿਚਾਰੀ ਤਨੋਂ ਮਨੋਂ ਬਿਲਕੁੱਲ ਟੁੱਟ ਜਾਵੇਗੀ। ਉਹ ਵੀ ਤੁਹਾਡੀ ਧੀਆਂ ਵਰਗੀ ਹੀ ਹੈ।" ਮੈਨੂੰ ਆਸ ਤੇ ਇਹ ਸੀ ਕਿ ਜਾਂ ਤਾਂ ਉਸ ਨੇ ਪਹਿਲੋਂ ਹੀ ਸੈਂਡੀ ਨੂੰ ਦੱਸ ਦਿਤਾ ਹੋਵੇਗਾ, ਨਹੀਂ ਤਾਂ ਹੁਣ ਦੱਸੇ ਬਿਨਾ ਉਸ ਨੂੰ ਚੈਨ ਨਹੀਂ ਆਵੇਗੀ। ਪਤਾ ਨਹੀਂ ਕਿਉਂ ਉਨ੍ਹਾਂ ਨੇ ਮੇਰੀ ਇਹ ਮਿੰਨਤ ਮੰਨ ਲਈ ਸੀ। ਸ਼ਾਇਦ ਸਾਰੀਆਂ ਮਾਂਵਾਂ ਦੀ ਮਮਤਾ ਦਾ ਰੰਗ ਇੱਕੋ ਜਿਹਾ ਹੀ ਹੁੰਦਾ ਹੈ।

ਰਵੀ ਦੇ ਜਾਣ ਪਿੱਛੋਂ ਮੈਂ ਕਈ ਵੇਰ ਸੈਂਡੀ ਨੂੰ ਮਿਲੀ ਸਾਂ। ਉਹ ਹਮੇਸ਼ਾਂ ਮੇਰੇ ਨਾਲ ਰਵੀ ਦੀ ਲੰਬੀ ਗੈਰਹਾਜ਼ਰੀ ਦੀਆਂ ਗੱਲਾਂ ਕਰਦੀ ਰਹਿੰਦੀ। ਉਸ ਦੀ ਜੁਦਾਈ ਵਿਚ ਤੜਪਦੀ। ਉਸ ਲਈ ਆਪਣੇ ਫਿਕਰਾਂ ਦਾ ਕਿੱਸਾ ਛੇੜ ਬੈਠਦੀ। ਇੱਕ ਦਿਨ ਕਹਿੰਦੀ, "ਮੈਂ ਰਵੀ ਨੂੰ ਇੱਕ ਖੁਸ਼ਖਬਰੀ ਸੁਣਾਉਣ ਲਈ ਤੜਫਦੀ ਹਾਂ, ਉਹ ਛੇਤਾ ਮੁੜਦਾ ਹੀ ਨਹੀਂ।" ਮੈਂ ਉਸ ਦੀਆਂ ਗੱਲਾਂ ਸੁਣਦੀ ਹੋਈ ਹੂੰ, ਹਾਂ, ਤੋਂ ਅੱਗੇ ਕੁਝ ਨਾ ਬੋਲ ਸਕਦੀ। ਜਿਸ ਦੀ ਸੈਂਡੀ ਅਕਸਰ ਸ਼ਿਕਾਇਤ ਵੀ ਕਰਦੀ, "ਦੀਦੀ! ਤੁਸੀਂ ਅੱਜਕਲ ਬਹੁਤ ਹੀ ਘੱਟ ਬੋਲਦੇ ਹੋ, ਕੀ ਗੱਲ ਹੈ?" ਮੈਨੂੰ ਉਸ 'ਤੇ ਬਹੁਤ ਹੀ ਤਰਸ ਆਉਂਦਾ। ਮੈਂ ਸੋਚਦੀ ਕਿ ਇਹ ਨਹੀਂ ਜਾਣਦੀ ਕਿ ਜਿਸ ਵਿਸ਼ਵਾਸ ਦੀ ਮੁੱਠੀ ਨੂੰ ਇਹ ਘੁੱਟ ਕੇ ਬੰਦ ਕਰੀ ਬੈਠੀ ਹੈ, ਰਵੀ ਦੇ ਆਉਂਦਿਆਂ ਹੀ ਉਹ ਕਿਣਕਾ-ਕਿਣਕਾ ਹੋ ਕੇ ਬਿਖ਼ਰ ਜਾਵੇਗੀ ਜੋ ਸ਼ਾਇਦ ਲੱਖ ਯਤਨਾਂ 'ਤੇ ਵੀ ਕਦੀ ਇੱਕਠੀ ਨਾ ਹੋ ਸਕੇ। ਕਈ ਵਾਰ ਮੈਨੂੰ ਜਾਪਦਾ ਕਿ ਜਿਵੇਂ ਮੈਂ ਵੀ ਉਸ ਨਾਲ ਕੋਈ ਧੋਖਾ ਕਮਾ ਰਹੀ ਹੋਵਾਂ। ਉਸ ਨਾਲ ਗੱਲ ਕਰਦਿਆਂ ਜਾਂ ਉਸ ਦੇ ਸਾਹਮਣੇ ਹੁੰਦਿਆਂ ਹੀ ਮੈਂ ਸ਼ਰਮਿੰਦਗੀ ਨਾਲ ਭਰ ਜਾਂਦੀ। ਫਿਰ ਉਸ ਦੀ ਇਹ ਖੁਸ਼ਖਬਰੀ ਵਾਲੀ ਗੱਲ?

ਰਵੀ ਇੰਡੀਆ ਤੋਂ ਵਾਪਸ ਆ ਚੁੱਕਾ ਸੀ। ਕੁਝ ਦਿਨ ਨਾ ਉਸ ਨੇ ਮੈਨੂੰ ਫੋਨ ਕੀਤਾ ਤੇ ਨਾ ਹੀ ਮਿਲਣ ਆਇਆ। ਉਸ ਨੂੰ ਪਤਾ ਲੱਗ ਚੁੱਕਾ ਸੀ ਕਿ ਮੈਂ ਸਭ ਕੁਝ ਜਾਣਦੀ ਹਾਂ। ਫਿਰ ਇੱਕ ਦਿਨ ਅਚਾਨਕ ਹੀ ਉਹ ਮੇਰੇ ਘਰ ਆ ਗਿਆ। ਕੁਝ ਦੇਰ ਚੁੱਪ-ਚਾਪ ਨੀਵੀਂ ਪਾਈ ਕਿਸੇ ਗੁਨਾਹਗਾਰ ਵਾਂਗ ਮੇਰੇ ਸਾਹਮਣੇ ਬੈਠਾ ਰਿਹਾ। ਜਿਵੇਂ ਉਹ ਕੋਈ ਕਤਲ ਕਰਕੇ ਆਇਆ ਹੋਵੇ। ਇਹ ਕਤਲ ਹੀ ਤਾਂ ਸੀ, ਸੈਂਡੀ ਦੇ ਵਿਸ਼ਵਾਸ਼ ਦਾ ਕਤਲ। ਮੇਰੀਆਂ ਸੋਚਾਂ ਦੇ ਰੋਹ ਭਰੇ ਘੋੜੇ ਸਰਪੱਟ ਦੌੜਦੇ ਜਾ ਰਹੇ ਸਨ। 'ਇਹ ਸਾਰੇ ਨਿਰੇ ਬਹਾਨੇ... ਮੇਰੇ ਮੰਮੀ ਡੈਡੀ ਨੇ... ਇੱਕ ਜੁਆਨੀ ਹੰਢਾ ਲੈਣ ਪਿੱਛੋਂ ਮਰਦ ਦੀ ਦੂਸਰੀ 'ਤੇ ਮੋਹਿਤ ਹੋਣ ਦੀ ਲਾਲਸਾ। ਬਿਨ੍ਹਾਂ ਰੀੜ੍ਹ ਦੀ ਹੱਡੀ ਦੇ ਮਰਦ... ਮਿੱਟੀ ਦੇ ਮਾਧੋ ਤੋਂ ਵੀ ਭੈੜਾ... ਬੱਚੇ ਦਾ ਜੰਮਣੋਂ ਪਹਿਲਾਂ ਹੀ ਯਤੀਮ ਹੋ ਜਾਣਾ, ਪਰ ਉਸ ਦਾ ਕਸੂਰ ਕੀ?'

ਰਵੀ ਨੇ ਇੱਕ ਲੰਬਾ ਹੌਕਾ ਲਿਆ ਜਿਸ ਨਾਲ ਮੇਰੀਆਂ ਸੋਚਾਂ ਦੀ ਲੜੀ ਫਿਰ ਉਸ ਵੱਲ ਮੁੜ ਆਈ। ਉਸ ਦੀਆਂ ਅੱਖਾਂ ਵਿਚ ਅਥਰੂ ਸਨ। ਡੂੰਘੀ ਅੰਨ੍ਹੇਰੇ ਵਰਗੀ ਚੁੱਪ ਵਿਚੋਂ ਜਿਵੇਂ ਕੁਝ ਕਹਿਣ ਲਈ ਉਹ ਸ਼ਬਦ ਭਾਲ ਰਿਹਾ ਹੋਵੇ। ਉਹ ਬੜੀ ਉਦਾਸ ਜਿਹੀ ਸੁਰ ਵਿਚ ਬੋਲਿਆ, "ਦੀਦੀ ਮੈਂ ਮਜ਼ਬੂਰ ਸੀ।"

"ਪਰ ਰਵੀ! ਸੈਂਡੀ ਦੇ ਪੇਟ ਵਿਚਲਾ ਤੇਰਾ ਬੱਚਾ ਤੇਰੀ ਮਜ਼ਬੂਰੀ ਵੇਖ ਕੇ ਵਾਪਿਸ ਤੇ ਨਹੀਂ ਪਰਤਣ ਲੱਗਾ।"

"ਹੈ!... ਦੀਦੀ ਕੀ? ਮੈਂ... ਮੈਂ... ਮੈਂ...।"

# ਚੁੱਪ ਚੁਪੀਤੇ ਚੇਤਰ ਚੜ੍ਹਿਆ

## ਸ਼ਬਦ ਝਰੋਖਾ



ਬਲਜੀਤ ਬਾਸੀ
ਫੋਨ: 734-259-9353

ਸਿਰਲੇਖ ਵਾਲੀ ਇਹ ਉਕਤੀ ਪੰਜਾਬੀ ਦੇ ਹਸਾਸ ਕਵੀ ਸੁਖਪਾਲ ਦੇ ਇਕ ਕਾਵਿ-ਸੰਗ੍ਰਿਹ ਦਾ ਨਾਂ ਹੈ। ਕਵੀ ਨੇ ਭਾਵੇਂ ਇਸ ਦੇ ਕੋਈ ਵੀ ਅਰਥ ਲਏ ਹੋਣ ਪਰ ਮੈਂ ਇਸ ਤੋਂ ਇਹ ਪ੍ਰਭਾਵ ਲੈਂਦਾ ਹਾਂ ਕਿ ਨਵੇਂ ਸਾਲ ਦਾ ਚੜ੍ਹਾਅ ਸਾਨੂੰ ਅਕਸਰ ਇਸ ਤਰ੍ਹਾਂ ਪ੍ਰਤੀਤ ਹੁੰਦਾ ਹੈ ਜਿਵੇਂ ਅਚਾਨਕ, ਚੁਪ-ਚੁਪੀਤੇ ਤੁਹਾਡੇ ਜੀਵਨ ਵਿਚੋਂ ਇਕ ਸਾਲ ਖਿਸਕਾ ਲਿਆ ਗਿਆ ਹੋਵੇ। ਸਾਲ ਦਾ ਇਹ ਘਾਟਾ ਇਕ ਦਿਨ ਵਿਚ ਹੀ ਮਹਿਸੂਸ ਹੋਣ ਲਗਦਾ ਹੈ। ਉਂਜ ਚੇਤਰ ਦਾ ਮਹੀਨਾ ਮੌਸਮ ਦੇ ਲਿਹਾਜ ਨਾਲ ਸ਼ਾਇਦ ਸਭ ਤੋਂ ਵਧ ਹੁਲਾਸਮਈ ਹੁੰਦਾ ਹੈ। ਚੌਗਿਰਦੇ ਵਿਚ ਨਾ ਗਰਮੀ ਹੁੰਦੀ ਹੈ, ਨਾ ਸਰਦੀ। ਚੁਫੇਰੇ ਹਾੜੀ ਦੀਆਂ ਫਸਲਾਂ ਲਹਿ-ਲਹਾ ਰਹੀਆਂ ਹੁੰਦੀਆਂ ਹਨ। ਸਰ੍ਹੋਂ ਦੇ ਫੁਲਾਂ ਦੀ ਆਪਣੀ ਹੀ ਬਹਾਰ ਹੁੰਦੀ ਹੈ। ਦਰਖਤਾਂ ਦੀਆਂ ਲਗਰਾਂ ਫੁੱਟ ਰਹੀਆਂ ਹੁੰਦੀਆਂ ਹਨ ਤੇ ਚਿੱਤ ਵਿਚ ਉਮੰਗਾਂ। ਇਸ ਤਰ੍ਹਾਂ ਇਹ ਰੰਗਲਾ ਮਹੀਨਾ ਬਿਨਾ ਕਿਸੇ ਮੌਸਮੀ ਸ਼ੋਰ-ਸ਼ਰਾਬੇ ਦੇ ਅਛੋਪਲੇ ਆ ਜਾਂਦਾ ਹੈ। ਇਹ ਮਹੀਨਾ ਵੀ ਬਸੰਤ ਰੁਤ ਵਿਚ ਗਿਣਿਆ ਜਾਂਦਾ ਹੈ। ਗੁਰੂ ਨਾਨਕ ਦੇਵ ਜੀ ਨੇ ਬਾਰਾਮਾਹ ਵਿਚ ਇਸ ਮਹੀਨੇ ਬਾਰੇ ਕੁਝ ਇਸ ਤਰ੍ਹਾਂ ਵਰਣਨ ਕੀਤਾ ਹੈ,

ਚੇਤੁ ਬਸੰਤੁ ਭਲਾ ਭਵਰ ਸੁਹਾਵੜੇ॥
ਬਨ ਫੂਲੇ ਮੰਝ ਬਾਰਿ
ਮੈ ਪਿਰੁ ਘਰਿ ਬਾਹੁੜੈ॥
ਪਿਰੁ ਘਰਿ ਨਹੀ ਆਵੈ
ਧਨ ਕਿਉ ਸੁਖੁ ਪਾਵੈ॥
ਬਿਰਹਿ ਬਿਰੋਧ ਤਨੁ ਛੀਜੈ॥
ਕੋਕਿਲ ਅੰਬਿ ਸੁਹਾਵੀ ਬੋਲੈ॥
ਕਿਉ ਦੁਖੁ ਅੰਕਿ ਸਹੀਜੈ॥
ਭਵਰੁ ਭਵੰਤਾ ਫੂਲੀ ਡਾਲੀ॥
ਕਿਉ ਜੀਵਾ ਮਰੁ ਮਾਏ॥
ਨਾਨਕ ਚੇਤਿ ਸਹਜਿ ਸੁਖੁ ਪਾਵੈ॥
ਜੇ ਹਰਿ ਵਰੁ ਘਰਿ ਧਨ ਪਾਏ॥

ਨੌਜਵਾਨ ਹਾਇਕੂ ਲੇਖਕ ਮਨਦੀਪ ਮਾਨ ਇਸ ਮਹੀਨੇ ਪਿਆਰ ਦੇ ਰੰਗ ਲਭਦਾ ਹੈ,

ਚੇਤ ਵਿਚ ਹੋਲੀ
ਮੈਂ ਪਾਇਆ ਮਾਹੀ ਉਤੇ
ਪਿਆਰ ਦਾ ਰੰਗ।

ਪਾਕਿਸਤਾਨੀ ਨੌਜਵਾਨ ਕਵੀ ਅਫਜ਼ਲ ਸਾਹਿਰ ਵੀ ਰੰਗਾਂ ਦੀ ਬਾਤ ਪਾਉਂਦਾ ਹੈ,

ਜੋ ਨਾ ਚੇਤਰ ਰੁੱਤੇ ਖਿੜਿਆ
ਉਸ ਕੀ ਸਾਵਣ ਹੰਢਾਉਣਾ।
ਜਿਸ ਨਾ ਰੰਗ ਪਛਾਣੇ ਉਸ ਦਾ
ਕੀ ਲਾਹੁਣਾ, ਕੀ ਪਾਉਣਾ।
ਸੂਹਾ, ਨੀਲ, ਬਸੰਤੀ, ਸਾਵਾ
ਮਾਣੇ ਕੋਏ ਕੋਏ।

ਮੱਸਿਆ ਪਿਛੋਂ ਚੰਦਰਮਾ ਮੇਘ ਰਾਸ਼ੀ ਅਤੇ ਅਸ਼ਵਿਨੀ ਨਛੱਤਰ ਵਿਚੋਂ ਲੰਘ ਕੇ ਹਰ ਰੋਜ਼ ਆਪਣੀਆਂ ਕਲਾਵਾਂ ਵਧਾਉਣ ਲਗਦਾ ਹੈ। ਫਿਰ 15ਵੇਂ ਦਿਨ ਜਾ ਕੇ 'ਚੈਤਰ' ਨਛੱਤਰ ਵਿਚ ਪੈਰ ਰੱਖ ਦਿੰਦਾ ਹੈ। ਇਸੇ ਲਈ ਇਹ ਮਹੀਨਾ ਚੇਤ ਜਾਂ ਚੇਤਰ ਕਹਾਉਂਦਾ ਹੈ। ਇਕ ਪੌਰਾਣਿਕ ਮਾਨਤਾ ਅਨੁਸਾਰ ਬ੍ਰਹਮਾ ਨੇ ਚੇਤਰ ਦੇ ਚਾਨਣ ਪੱਖ 'ਚ ਹੀ ਸ੍ਰਿਸ਼ਟੀ ਰਚਣੀ ਸ਼ੁਰੂ ਕਰ ਕੀਤੀ ਸੀ ਤਾਂ ਕਿ ਇਹ ਪ੍ਰਕਾਸ਼ ਵੱਲ ਹੀ ਨਿਰੰਤਰ ਵਧਦੀ ਜਾਵੇ। ਚੈਤਰ ਨਛੱਤਰ ਰਾਤ ਨੂੰ ਸਭ ਤੋਂ ਵਧ ਚਮਕਣ ਵਾਲੇ ਤਾਰਿਆਂ ਵਿਚੋਂ ਗਿਣਿਆ ਜਾਂਦਾ ਹੈ। ਇਹ ਕੰਨਿਆ ਰਾਸ਼ੀ ਦਾ ਸਭ ਤੋਂ ਚਮਕੀਲਾ ਤਾਰਾ ਹੈ। ਇਸ ਨੂੰ ਅੰਗਰੇਜ਼ੀ ਵਿਚ spica ਕਿਹਾ ਜਾਂਦਾ ਹੈ ਜਿਸ ਦਾ ਸ਼ਾਬਦਿਕ ਅਰਥ ਕਣਕ ਦੀ ਬੱਲੀ (ਸਿੱਟਾ) ਹੈ। ਇਹ ਧਰਤੀ ਤੋਂ 260 ਪ੍ਰਕਾਸ਼ ਵਰ੍ਹੇ ਦੂਰ ਹੈ। ਇਹ ਅਸਲ ਵਿਚ ਦੁਸੰਗੀ ਤਾਰੇ (ਦੋ ਤਾਰੇ) ਹਨ ਜੋ ਇਕ ਦੂਜੇ ਦੇ ਏਨੇ ਨਿਕਟ ਹਨ ਕਿ ਇਨ੍ਹਾਂ ਨੂੰ ਦੂਰਬੀਨ ਨਾਲ ਵੀ ਵੱਖ-ਵੱਖ ਨਹੀਂ ਦੇਖਿਆ ਜਾ ਸਕਦਾ। ਸੂਰਜ ਪਤਝੜ ਦੇ ਮੌਸਮ 'ਚ ਚੈਤਰ ਨਛੱਤਰ ਦੇ ਕੋਲ ਦੀ ਲੰਘਦਾ ਹੈ, ਇਸ ਲਈ ਕਣਕ ਦੀ ਬੱਲੀ ਦੇ ਅਰਥਾਂ ਵਾਲਾ ਇਸ ਦਾ ਅੰਗਰੇਜ਼ੀ ਨਾਂ ਸਪਾਇਕਾ ਵਾਢੀ ਦੀ ਰੁੱਤ ਦਾ ਪ੍ਰਤੀਕ ਹੈ। ਉਂਜ 'ਚੇਤਰ' ਸ਼ਬਦ ਦਾ ਅਰਥ ਜਿਵੇਂ ਅਸੀਂ ਅੱਗੇ ਜਾ ਕੇ ਦੇਖਾਂਗੇ, ਰੰਗ-ਬਰੰਗਾ ਹੁੰਦਾ ਹੈ ਤੇ ਇਸ ਮਹੀਨੇ ਦੀ ਤਾਸੀਰ ਨਾਲ ਢੁਕਦਾ ਹੈ।

ਆਉ, ਜ਼ਰਾ ਇਸ ਸ਼ਬਦ ਅਤੇ ਇਸ ਦੇ ਭਰਾ-ਭਤੀਜਿਆਂ ਦੀ ਉਤਪਤੀ ਵੱਲ ਨਜ਼ਰ ਮਾਰੀਏ। ਇਹ ਸ਼ਬਦ ਸੰਸਕ੍ਰਿਤ 'ਚਿਤ੍ਰ' ਨਾਲ ਸਬੰਧ ਰਖਦੇ ਹਨ ਜੋ ਕਿ ਪੰਜਾਬੀ ਵਿਚ ਵੀ ਆਮ ਹੀ ਵਰਤਿਆ ਜਾਂਦਾ ਹੈ। ਵਿਸ਼ੇਸ਼ਣ ਵਜੋਂ ਚਿੱਤਰ ਸ਼ਬਦ ਦੇ ਅਰਥ ਹਨ-ਉਜਲਾ, ਚਮਕਦਾ, ਸ਼ੋਖ, ਚਿੱਟਾ, ਰੰਗ-ਬਰੰਗਾ। ਭਗਤ ਕਬੀਰ ਨੇ ਬਾਵਨ ਅੱਖਰੀ ਵਿਚ 'ਚੱਚਾ' ਅੱਖਰ ਅਧੀਨ ਲਿਖਿਆ ਹੈ,

ਚਚਾ ਰਚਿਤ ਚਿਤ੍ਰ ਹੈ ਭਾਰੀ॥
ਤਜਿ ਚਿਤ੍ਰੈ ਚੇਤਹੁ ਚਿਤਕਾਰੀ॥
ਚਿਤ੍ਰ ਬਚਿਤ੍ਰ ਇਹੈ ਅਵਝੇਰਾ॥
ਤਜਿ ਚਿਤ੍ਰੈ ਚਿਤੁ ਰਾਖਿ ਚਿਤੇਰਾ॥

ਭਗਤ ਕਬੀਰ ਦੀ ਇਸ ਬਾਵਨ ਅੱਖਰੀ ਵਿਚ ਕੁਝ 'ਅੱਖਰਾਂ' ਦਾ ਮੇਲ ਨਾਲ ਵਾਲੇ ਸ਼ਬਦ ਦੇ ਪਹਿਲੇ ਅੱਖਰ ਨਾਲ ਨਹੀਂ ਹੁੰਦਾ ਬਲਕਿ ਕਿਸੇ ਹੋਰ ਅੱਖਰ ਨਾਲ ਹੁੰਦਾ ਹੈ। ਜਿਵੇਂ ਉਪਰੋਕਤ ਵਿਚ ਪ੍ਰਗਟ ਹੈ।

ਦੇਖਿਆ ਗਿਆ ਹੈ ਕਿ ਨਾਂਵ ਵਜੋਂ ਤਸਵੀਰ ਵਾਲੇ ਅਰਥਾਂ ਵਿਚ ਇਹ ਸ਼ਬਦ ਵਧੇਰੇ ਵਰਤਿਆ ਮਿਲਦਾ ਹੈ। ਕਾਵਿ ਦੇ ਇਕ ਅਲੰਕਾਰ ਨੂੰ ਵੀ ਚਿੱਤਰ ਆਖਦੇ ਹਨ, "ਰਚਨਾ ਵਰਣਨ ਕੀ ਜਹਾਂ ਕੀਜੈ ਅਧਿਕ ਵਿਚਿਤਰ, ਕਵੀਅਨ ਕੇ ਮਤ ਜਾਣੀਏ ਅਲੰਕਾਰ ਸੋ ਚਿਤਰ।" ਵਿਦਵਾਨ ਇਸ ਨੂੰ ਘਟੀਆ ਅਲੰਕਾਰ ਹੀ ਸਮਝਦੇ ਹਨ ਕਿਉਂਕਿ ਇਸ ਨਾਲ ਚਮਤਕਾਰੀ ਕਵਿਤਾ ਨਹੀਂ ਰਚੀ ਜਾ ਸਕਦੀ। ਇਸ ਦੇ ਕਈ ਭੇਦ ਹਨ ਜਿਵੇਂ ਵਰਣ ਚਿੱਤਰ, ਸਥਾਨ ਚਿੱਤਰ, ਆਕਾਰ ਚਿੱਤਰ, ਗਤਿ ਚਿਤਰ ਅਤੇ ਭਾਸ਼ਾ ਚਿੱਤਰ। ਪਾਠਕਾਂ ਦੀ ਦਿਲਚਸਪੀ ਲਈ ਭਾਸ਼ਾ ਚਿੱਤਰ ਦੀ ਕੁਝ ਚਰਚਾ



ਕਰਦੇ ਹਾਂ। ਇਸ ਅਲੰਕਾਰ ਵਿਚ ਅਨੇਕ ਭਾਸ਼ਾਵਾਂ ਦੇ ਸ਼ਬਦ ਮਿਲਾ ਕੇ ਛੰਦ ਰਚਨਾ ਕੀਤੀ ਜਾਂਦੀ ਹੈ। ਇਸ ਨੂੰ ਭਾਸ਼ਾਸਮਕ ਵੀ ਕਿਹਾ ਜਾਂਦਾ ਹੈ। ਮਿਸਾਲ ਵਜੋਂ, "ਆਫਤਾਬ ਸੇ ਰੌਸ਼ਨ ਹੋ ਤੁਮ, ਹਿਮਕਰ ਸੇ ਅਤਿ ਸੀਤ, ਧਰਤੀ ਵਾਂਗ ਖਿਮਾਂ ਨੂੰ, ਧਰਦੇ ਰਹੋ ਸਦਾ ਨਿਰਭੀਤ।" ਇਸ ਵਿਚ ਉਰਦੂ, ਹਿੰਦੀ ਅਤੇ ਪੰਜਾਬੀ ਤੁਕਾਂ ਦੀ ਮਿਸ ਹੈ। ਇਸੇ ਤਰ੍ਹਾਂ ਗੁਰੂ ਅਰਜਨ ਦੇਵ ਦਾ ਪਦ ਹੈ,

ਮੀਰਾਂ ਦਾਨਾਂ ਦਿਲ ਸੋਚ॥
ਮੁਹਬਤੇ ਮਨਿ ਤਨਿ ਬਸੈ
ਸਚੁ ਸਾਹ ਬੰਦੀ ਮੋਚ॥
ਦੀਦਨੇ ਦੀਦਾਰ ਸਾਹਿਬ
ਕਛੁ ਨਹੀਂ ਇਸ ਕਾ ਮੋਲੁ॥
ਪਾਕ ਪਰਵਦਗਾਰ ਤੂ ਖੁਦਿ
ਖਸਮ ਵਡਾ ਅਤੋਲੁ॥
ਦਸਤਗੀਰੀ ਦੇਹ ਦਿਲਾਵਰ
ਤੂਹੀ ਤੂਹੀ ਏਕ॥
ਕਰਤਾਰ ਕੁਦਰਤਿ ਖਾਲਿਕ
ਨਾਨਕ ਤੇਰੀ ਟੇਕ॥

ਅਸਲ ਵਿਚ 'ਚਿਤਰ' ਦੀ ਬਹੁਤੀ ਵਰਤੋਂ ਸੰਯੋਜਕੀ ਰੂਪ ਵਿਚ ਹੁੰਦੀ ਹੈ ਜਿਵੇਂ ਚਿਤਰ-ਮਿਤਰਾ ਅਰਥਾਤ ਡੱਬ-ਖੜਬਾ, ਰੰਗ-ਬਰੰਗਾ। ਇਸੇ ਤਰ੍ਹਾਂ ਚਿੱਤਰਕਲਾ, ਚਿੱਤਰਸ਼ਾਲਾ, ਚਿੱਤਰਕਾਰ, ਚਿੱਤਰਪਟ, ਚਿੱਤਰਸ਼ਾਲੀ, ਚਿਤਰਨਾ, ਚਿਤਰੰਜਨ, ਰੇਖਾ-ਚਿੱਤਰ ਆਦਿ ਇਸ ਦੇ ਸੰਯੋਜਕੀ ਪ੍ਰਕਾਰਜ ਤੋਂ ਬਣੇ ਹਨ। ਭਗਤ ਕਬੀਰ ਨੇ ਜਿਵੇਂ ਪਹਿਲਾਂ ਵੀ ਦੱਸਿਆ ਜਾ ਚੁੱਕਾ ਹੈ, ਚਿੱਤਰਕਾਰ ਦੇ ਅਰਥਾਂ ਵਿਚ ਚਿਤਕਾਰੀ ਸ਼ਬਦ ਵਰਤਿਆ ਹੈ, "ਤਜਿ ਚਿਤ੍ਰੈ, ਚੇਤਹੁ ਚਿਤਕਾਰੀ" -ਤਸਵੀਰ ਨੂੰ ਛੱਡ ਕੇ ਤਸਵੀਰ ਬਣਾਉਣ ਵਾਲੇ ਪਰਮਾਤਮਾ ਨੂੰ ਯਾਦ ਰੱਖ। ਕਿਸੇ ਘਟਨਾ ਆਦਿ ਦੇ ਪ੍ਰਤਖ ਵੇਰਵੇ ਲਿਖਣ ਜਾਂ ਬਿਆਨ ਕਰਨ ਲਈ ਚਿੱਤਰਨਾ ਕਿਰਿਆ ਦੀ ਵਰਤੋਂ ਹੁੰਦੀ ਹੈ, ਖਾਸ ਤੌਰ 'ਤੇ ਆਲੋਚਨਾ ਵਿਚ। ਪੰਜਵੇਂ ਗੁਰੂ ਨੇ ਯਾਦ ਕਰਨ ਦੇ ਅਰਥਾਂ ਵਿਚ ਚਿਤਵੰਤਿ ਸ਼ਬਦ ਦੀ ਵੀ ਵਰਤੋਂ ਕੀਤੀ ਹੈ। ਕਬੀਰ ਨੇ ਚਿਤਰ ਗੁਪਤ ਲਈ 'ਕਾਇਥ ਚੇਤੁ' ਨਾਮ ਦੀ ਵਰਤੋਂ ਕੀਤੀ ਹੈ, "ਘਰੀ ਘਰੀ ਕਾ ਲੇਖਾ ਮਾਗੈ ਕਾਇਥੁ ਚੇਤੂ ਨਾਉ॥"

'ਚਿੱਤਰਾਂ ਨਾਲ ਸਜਿਆ' ਦੇ ਅਰਥਾਂ ਵਾਲੇ 'ਸਚਿਤਰ' ਸ਼ਬਦ ਵਿਚ ਇਹ ਪਿਛੇਤਰ ਵਜੋਂ ਆਇਆ ਹੈ। ਅਜਿਹਾ ਹੀ ਇਕ ਹੋਰ ਸ਼ਬਦ 'ਵਚਿਤਰ' ਹੈ ਜਿਸ ਦਾ ਮੁਢਲਾ ਅਰਥ ਤਾਂ ਰੰਗ-ਬਰੰਗਾ ਹੀ ਹੈ ਪਰ ਵਿਕਸਿਤ ਅਰਥ ਅਜੀਬ, ਅਦਭੁਤ, ਅਨੋਖਾ ਹੋ ਗਏ ਹਨ,

ਬਚਿਤ੍ਰ ਮੰਦਿਰ ਸੋਭੰਤਿ
-ਗੁਰੂ ਅਰਜਨ ਦੇਵ।
ਮਾਇਆ ਚਿਤ੍ਰ ਬਚਿਤ੍ਰ ਬਿਮੋਹਿਤ
-ਭਗਤ ਨਾਮਦੇਵ।

ਵਚਿਤਰ ਇਕ ਅਲੰਕਾਰ ਦਾ ਨਾਂ ਵੀ ਹੈ ਜਿਸ ਵਿਚ ਕਿਸੇ ਫਲ ਦੀ ਸਿਧੀ ਲਈ ਕੀਤੇ ਜਾਂਦੇ ਉਲਟੇ ਕੰਮ ਦਾ ਜ਼ਿਕਰ ਹੁੰਦਾ ਹੈ ਜਿਵੇਂ "ਫਰੀਦਾ ਲੋੜੈ ਦਾਖ ਬਿਜਉਰੀਆਂ ਕਿਕਰਿ ਬੀਜੈ ਜਟੁ॥"

'ਚਿਤ' ਤੋਂ ਕਈ ਸ਼ਬਦ ਬਣੇ ਹਨ ਜਿਨ੍ਹਾਂ ਵਿਚ ਡੱਬ ਖੜੱਬਾ, ਚਿੱਟਾ, ਚਿੱਤਰਿਆ ਆਦਿ ਦੇ ਭਾਵ ਹਨ। ਚੀਤਾ ਸ਼ਬਦ ਲੈ ਲਓ, ਇਹ ਚਿਤਰ-ਮਿਤਰਾ ਸ਼ੇਰ ਹੀ ਹੈ। ਇਕ ਮੋਟੇ ਸੱਪ ਨੂੰ ਚਿੱਤੀ ਕਹਿੰਦੇ ਹਨ ਕਿਉਂਕਿ ਇਸ ਦੇ ਸਰੀਰ 'ਤੇ ਚਿੱਤੀਆਂ ਪਈਆਂ ਹੁੰਦੀਆਂ ਹਨ। ਇਸ ਨੂੰ ਚੀਤਲ ਵੀ ਕਹਿ ਦਿੱਤਾ ਜਾਂਦਾ ਹੈ ਤੇ ਕੌਡੀਆਂ ਵਾਲਾ ਸੱਪ ਵੀ। ਇਸੇ ਤੋਂ ਚਿਤਰੀ ਸ਼ਬਦ ਬਣਿਆ ਜੋ ਆਮ ਤੌਰ 'ਤੇ 'ਚਿਤਰੀ ਵਾਲੇ ਕੇਲੇ' ਵਿਚ ਵਰਤਿਆ ਜਾਂਦਾ ਹੈ। ਚਿਤਰੀ ਵਾਲੇ ਕੇਲੇ ਨੂੰ ਭਾਰਤੀ ਸ਼ੌਕ ਨਾਲ ਖਾਂਦੇ ਹਨ ਪਰ ਗੋਰੇ ਇਸ ਨੂੰ ਵਧੇਰੇ ਪੱਕਿਆ ਤੇ ਗਲਿਆ ਸਮਝ ਕੇ ਸੁੱਟ ਦਿੰਦੇ ਹਨ। ਸਫੈਦ ਦੇ ਅਰਥਾਂ ਵਾਲਾ ਪੰਜਾਬੀ ਦਾ ਚਿੱਟਾ ਸ਼ਬਦ ਚਿੱਤ ਤੋਂ ਹੀ ਬਣਿਆ ਹੈ ਕਿਉਂਕਿ ਇਸ ਵਿਚ ਉਜਲਤਾ, ਚਮਕੀਲਾਪਣ, ਸ਼ੋਖੀ ਦਾ ਭਾਵ ਹੈ। ਚਿੱਟਾ ਸ਼ਬਦ ਤੋਂ ਹੀ ਚਿੱਟੇ ਦਾਗ ਦੇ ਅਰਥਾਂ ਵਾਲਾ ਚਟਾਕ ਜਾਂ ਚਟਾਖ ਸ਼ਬਦ ਬਣਿਆ। ਸਫਾ ਚੱਟ ਸ਼ਬਦ ਦਾ ਭਾਵ ਕਿਸੇ ਚੀਜ਼ ਦਾ ਏਨਾ ਚਮਕਦਾਰ ਹੋਣਾ ਹੈ, ਜਾਣੋਂ ਇਹ ਚੱਟ ਚੱਟ ਕੇ ਸਾਫ ਕੀਤੀ ਹੋਵੇ। ਸਿਧੇ ਜਾਂ ਚੌਫਾਲ ਡਿਗੇ ਵਿਅਕਤੀ, ਵਸਤੂ ਨੂੰ ਅਸੀਂ ਚਿੱਤ ਆਖ ਦਿੰਦੇ ਹਾਂ ਅਰਥਾਤ ਪੁਠ ਦੇ ਉਲਟ। ਮਿਸਾਲ ਵਜੋਂ ਕਿਸੇ ਭਲਵਾਨ ਨੂੰ ਪਿਠ ਭਾਰ ਸੁੱਟ ਲਿਆ ਜਾਵੇ ਜਾਂ ਖੇਡਣ ਸਮੇਂ ਕੌਡੀਆਂ ਨੂੰ। ਪੁਰਾਣੇ ਜ਼ਮਾਨੇ ਵਿਚ ਖੇਡਣ ਦੇ ਸ਼ੌਕੀਨ ਕਿਸੇ ਇਮਲੀ ਆਦਿ ਦੇ ਬੀਜ ਨੂੰ ਰਗੜ ਰਗੜ ਕੇ ਏਨਾ ਘਸਾ ਦਿੰਦੇ ਸਨ ਕਿ ਇਸ ਦਾ ਚਿੱਟਾ ਹਿੱਸਾ ਦਿਸਣ ਲਗਦਾ ਸੀ। ਇਸ ਚਿੱਟੇ ਹਿੱਸੇ ਨੂੰ ਚਿੱਤੀ ਆਖਦੇ ਹਨ। ਇਸੇ ਤੋਂ ਚਿੱਤ ਸ਼ਬਦ (ਪੁਠ ਦੇ ਟਾਕਰੇ) ਕੌਡੀਆਂ ਦੇ ਇਕ ਪਾਸੇ ਲਈ ਵੀ ਵਰਤਿਆ ਜਾਣ ਲੱਗਾ ਤੇ ਕਿਸੇ ਨੂੰ ਚੌਫਾਲ ਡੇਗਣ ਦੇ ਭਾਵ ਲਈ ਵੀ।

ਅਜਿਤ ਵਡਨੇਰਕਾਰ ਦਾ ਅਨੁਮਾਨ ਹੈ ਕਿ ਚਪੇੜ ਦੇ ਅਰਥਾਂ ਵਾਲਾ 'ਚਾਂਟਾ' ਸ਼ਬਦ ਵੀ ਇਸੇ ਤੋਂ ਬਣਿਆ। ਇਸ ਦਾ ਕਾਰਨ ਇਹ ਹੈ ਕਿ ਚਾਂਟਾ ਮਾਰਨ ਨਾਲ ਕਿਸੇ ਦੇ ਮੂੰਹ 'ਤੇ ਪੰਜੇ ਦਾ ਚਿੱਤਰ (ਧੱਬਾ) ਪੈ ਜਾਂਦਾ ਹੈ। ਪਰ ਚਪੇੜ ਕਿਉਂਕਿ ਚਾਰ ਉਂਗਲਾਂ ਜੋੜ ਕੇ ਅਰਥਾਤ ਚੱਪਾ ਬਣਾ ਕੇ ਕਿਸੇ ਦੇ ਮੂੰਹ 'ਤੇ ਜੜੀ ਜਾਂਦੀ ਹੈ, ਇਸ ਲਈ ਇਸ ਵਿਚ ਚੱਪੇ ਦੇ ਭਾਵ ਸਮਾ ਗਏ। ਚਪਤ 'ਚ ਵੀ ਏਹੀ ਭਾਵ ਹੈ। ਵਾਹ ਜੀ ਵਾਹ, ਚੁੱਪ ਚਪੀਤੇ ਅਸੀਂ ਚੇਤਰ ਤੋਂ ਚਪਤ ਵਿਚ ਆ ਗਏ!



# ਨੰਬਰਾਂ ਦੀ ਦੌੜ ਤੋਂ ਦੂਰ ਵਿਦਿਆ ਬਾਲਨ

ਭਾਰਤੀ ਦਰਸ਼ਕਾਂ ਦੀ ਸੋਚ ਵਿਚ ਵੱਡੀ ਤਬਦੀਲੀ ਆਈ ਹੈ। ਹੁਣ ਦਰਸ਼ਕ ਹੁਸਨ ਤੇ ਖਿੱਚ ਹੀ ਨਹੀਂ ਬਲਕਿ ਅਭਿਨੈ ਵੀ ਭਾਲਦੇ ਹਨ। ਘੱਟੋ-ਘੱਟ ਵਿਦਿਆ ਬਾਲਨ ਦੇ ਮਾਮਲੇ ਵਿਚ ਇਹ ਗੱਲ ਸੱਚ ਨਜ਼ਰ ਆਉਂਦੀ ਹੈ। ਐਵਾਰਡਾਂ 'ਤੇ ਕਬਜ਼ਾ, ਥੋੜ੍ਹੇ ਸਮੇਂ ਵਿਚ ਵੱਡੀ ਕਾਮਯਾਬੀ, ਹਰ ਭੂਮਿਕਾ ਵਿਚ ਢਲਣਾ ਵਿਦਿਆ ਬਾਲਨ ਦੀਆਂ ਖ਼ੂਬੀਆਂ ਹਨ। 'ਮੁੰਨਾ ਭਾਈ' ਵਿਚ ਉਹ ਹਸਾਉਂਦੀ ਹੈ ਤਾਂ 'ਡਰਟੀ ਪਿਕਚਰ' ਵਿਚ ਸਭ ਹੱਦਾਂ ਪਾਰ ਕਰ ਜਾਂਦੀ ਹੈ।

ਕਦੇ ਸਾਊਥ ਇੰਡੀਅਨ ਤੇ ਕਦੇ 'ਘਣਚੱਕਰ' ਵਿਚ ਪੰਜਾਬਣ ਬਣਦੀ ਵਿਦਿਆ ਇਹੀ ਪ੍ਰਭਾਵ ਦਿੰਦੀ ਹੈ ਕਿ ਉਹ ਹਰ ਢਾਂਚੇ ਵਿਚ ਫਿੱਟ ਮੂਰਤ ਹੈ। ਹੁਣ ਉਸ ਨੂੰ ਲੈ ਕੇ 'ਕਹਾਨੀ-2' ਬਣਨ ਦੀਆਂ ਖ਼ਬਰਾਂ ਹਨ। ਫ਼ਿਲਮਾਂ ਦੀਆਂ ਪੇਸ਼ਕਸ਼ਾਂ ਬਹੁਤ ਹਨ ਪਰ ਉਹ ਚੁਣਦੀ ਇਕ ਇਕ ਲਾਈਨ ਪੜ੍ਹ ਕੇ ਹੈ। ਵਿਦਿਆ ਨੂੰ ਹਿੱਟ ਹੋਣ ਲਈ ਨਾ ਤਾਂ 'ਖਾਨ ਨਾਇਕਾਂ' ਦੀ ਲੋੜ ਹੈ ਤੇ ਨਾ ਹੀ 'ਕਪੂਰ' ਦੀ ਮੋਹਰ ਚਾਹੀਦੀ ਹੈ।

ਉਹ ਖ਼ੁਦ ਇਕ ਕਾਮਯਾਬ ਬਰਾਂਡ ਹੈ। ਅੱਜਕਲ੍ਹ ਪਤੀ ਸੇਵਾ ਤੇ ਘਰ ਸੰਭਾਲ ਵਿਚ ਵੀ ਉਹ ਕਿਸੇ ਘਰੇਲੂ ਗ੍ਰਹਿਣੀ ਤੋਂ ਘੱਟ ਨਹੀਂ। ਬਗੈਰ ਸ਼ਰਤਾਂ ਦੇ ਸਿਧਾਰਥ ਨਾਲ ਪਏ ਮੋਹ ਨੇ ਉਸ ਨੂੰ ਬਹੁਤ ਕੁਝ ਸਿਖਾਇਆ। ਉਹ ਰਵੱਈਏ ਤੇ ਆਤਮ-ਵਿਸ਼ਵਾਸ ਸਦਕਾ ਕਾਮਯਾਬ ਹੈ। ਉਸ ਨੂੰ ਨੰਬਰਾਂ ਦੀ ਦੌੜ ਸ਼ਬਦ ਤੋਂ ਹੀ ਨਫ਼ਰਤ ਹੈ। ਜੋ ਬਹੁਤੀਆਂ ਨੂੰ ਵਰ੍ਹਿਆਂ ਵਿਚ ਨਸੀਬ ਨਹੀਂ ਹੁੰਦਾ ਹੈ ਵਿਦਿਆ ਨੂੰ ਉਹ ਦਿਨਾਂ ਵਿਚ ਨਸੀਬ ਹੋ ਗਿਆ ਹੈ । ਹਰ ਤਰ੍ਹਾਂ ਦੀਆਂ ਫ਼ਿਲਮਾਂ, ਵੰਨ ਸੁਵੰਨ ਵਾਲੇ ਕਿਰਦਾਰ, ਅਣਗਣਿਤ ਸਨਮਾਨ ਤੇ ਸਫ਼ਲ ਘਰਵਾਲੀ ਬਣ ਕੇ ਵਿਦਿਆ ਬਾਲਨ ਜ਼ਿੰਦਗੀ ਦੇ ਹਰ ਖੇਤਰ ਵਿਚ ਕਾਮਯਾਬੀ ਨਾਲ ਪੈਰ ਪੁੱਟ ਰਹੀ ਹੈ। ਹੁਣ ਮੈਲਬੌਰਨ ਵਿਖੇ ਹੋਣ ਵਾਲੇ ਭਾਰਤੀ ਫ਼ਿਲਮੀ ਮੇਲੇ ਦੀ ਫਿਰ ਬਰਾਂਡ ਅੰਬੈਸਡਰ ਮੈਡਮ ਵਿਦਿਆ ਬਣ ਗਈ ਹੈ। 35 ਵਰ੍ਹਿਆਂ ਦੀ ਵਿਦਿਆ ਦਾ ਇਹ ਕ੍ਰਿਸ਼ਮਾ ਹੈ ਕਿ ਉਹ ਦੂਜੀ ਵਾਰ ਇਸ ਸਮਾਰੋਹ ਦੀ ਰਾਜਦੂਤ ਚੁਣੀ ਗਈ ਹੈ।

ਅੱਜ ਬਾਲੀਵੁੱਡ ਵਿਚ ਨਾਇਕ-ਪ੍ਰਧਾਨ ਫਿਲਮਾਂ ਭਾਰੂ ਹੋਣ ਦੇ ਬਾਵਜੂਦ ਵਿਦਿਆ ਬਾਲਨ ਨੇ 'ਡਰਟੀ ਪਿਕਚਰ' ਅਤੇ 'ਕਹਾਨੀ' ਵਰਗੀਆਂ ਨਾਇਕਾ ਪ੍ਰਧਾਨ ਫਿਲਮਾਂ ਵਿਚ ਕੰਮ ਕਰ ਕੇ ਅਤੇ ਕਾਮਯਾਬੀ ਦੇ ਝੰਡੇ ਗੱਡ ਕੇ ਆਪਣੀ ਪ੍ਰਤਿਭਾ ਦਾ ਲੋਹਾ ਮਨਵਾਇਆ। ਉਸ ਨੇ ਇਹ ਫਿਲਮਾਂ ਕਰ ਕੇ ਵੱਡਾ ਜੋਖਮ ਉਠਾਇਆ। ਉਹ ਅਸਫਲ ਵੀ ਹੋ ਸਕਦੀ ਸੀ, ਫਿਰ ਸ਼ਾਇਦ ਉਹ ਸਦਾ-ਸਦਾ ਲਈ ਫਿਲਮੀ ਦੁਨੀਆਂ ਵਿਚੋਂ ਗਾਇਬ ਹੋ ਜਾਦੀ, ਪਰ ਉਸ ਨੂੰ ਆਪਣੇ-ਆਪ ਉਤੇ ਪੂਰਾ ਭਰੋਸਾ ਸੀ ਅਤੇ ਉਸ ਨੇ ਉਹ ਕੁਝ ਕਰ ਦਿਖਾਇਆ ਜੋ ਹਰ ਕਲਾਕਾਰ ਕਰਨਾ ਚਾਹੁੰਦਾ ਹੈ। ਇਸੇ ਦੀ ਬਦੌਲਤ ਅੱਜ ਫਿਲਮੀ ਦੁਨੀਆਂ ਦਾ ਹਰ ਸ਼ਖਸ ਉਸ ਨੂੰ ਪੂਰਾ ਮਾਣ-ਤਾਣ ਦਿੰਦਾ ਹੈ। ਇਸ ਦੁਨੀਆਂ ਵਿਚ ਉਸ ਦਾ ਹੁਣ ਉਹ ਮੁਕਾਮ ਬਣ ਚੁੱਕਾ ਜੋ ਕਿਸੇ ਹੋਰ ਫਿਲਮੀ ਨਾਇਕਾ ਦਾ ਨਹੀਂ।

ਆਪਣੇ ਇਸ ਮੁਕਾਮ ਲਈ ਉਸ ਨੇ ਪੂਰੀ ਲਾਮਬੰਦੀ ਕਤਿੀ ਸੀ ਅਤੇ ਉਸ ਦੀ ਮਿਹਨਤ ਪੂਰਾ ਰੰਗ ਲਿਆਈ ਹੈ। ਹੁਣ ਉਹ ਆਪਣੇ ਫਿਲਮੀ ਸਫਰ ਦੀ ਆਪ ਮਾਲਕ ਹੈ। ਹੁਣ ਨਿਰਮਾਤਾ-ਨਿਰਦੇਸ਼ਕ ਉਸ ਨੂੰ ਪੁੱਛ-ਦੱਸ ਕੇ ਪਟਕਥਾਵਾਂ ਲਿਖ ਅਤੇ ਲਿਖਵਾ ਰਹੇ ਹਨ। ਕਿਸੇ ਅਦਾਕਾਰਾ ਲਈ ਇਸ ਤੋਂ ਵੱਡੀ ਗੱਲ ਹੋਰ ਕੀ ਹੋ ਸਕਦੀ ਹੈ।

# ਪਰਿਣੀਤੀ ਨੇ ਦਿਨਾਂ ਵਿਚ ਬਾਜ਼ੀ ਮਾਰੀ

ਲੰਦਨ ਤੋਂ ਐਮਬੀਏ ਦੀ ਡਿਗਰੀ ਹਾਸਲ ਕਰਨ ਤੋਂ ਬਾਅਦ ਅਦਾਕਾਰਾ ਵਜੋਂ ਬਾਲੀਵੁੱਡ ਕਰੀਅਰ ਦੀ ਨਵੀਂ ਰਾਹ ਚੁਣਨ ਵਾਲੀ ਪਰਿਣੀਤੀ ਚੋਪੜਾ ਨੇ ਥੋੜ੍ਹੇ ਜਿਹੇ ਸਮੇਂ ਵਿਚ ਹੀ ਬਾਲੀਵੁੱਡ ਵਿਚ ਆਪਣੀ ਵੱਖਰੀ ਪਛਾਣ ਕਾਇਮ ਕਰ ਲਈ ਹੈ। ਉਂਝ ਪਰਿਣੀਤੀ ਨੇ ਬਾਲੀਵੁੱਡ ਵਿਚ ਕਰੀਅਰ ਬਣਾਉਣ ਦਾ ਕਦਮ ਕਿਸੇ ਕਾਹਲੀ ਵਿਚ ਨਹੀਂ ਚੁੱਕਿਆ ਸਗੋਂ ਐਮਬੀਏ ਕਰਨ ਤੋਂ ਬਾਅਦ ਉਸ ਨੇ ਫਿਲਮਾਂ ਵਿਚ ਸਫਲਤਾ-ਅਸਫਲਤਾ ਦੇ ਗਣਿਤ ਦਾ ਪਹਿਲਾਂ ਹੀ ਪੂਰਾ ਹਿਸਾਬ-ਕਿਤਾਬ ਲਾ ਲਿਆ ਸੀ, ਉਸ ਤੋਂ ਬਾਅਦ ਹੀ ਉਸ ਨੇ ਯਸ਼ਰਾਜ ਫਿਲਮਜ਼ ਨਾਲ ਆਪਣਾ ਕਰੀਅਰ ਸ਼ੁਰੂ ਕੀਤਾ। ਫਿਲਮ 'ਲੇਡੀਜ਼ ਵਰਸਿਜ਼ ਰਿਕੀ ਬਹਿਲ' ਵਿਚ ਪਰਿਣੀਤੀ ਨੇ ਇਕ ਬਬਲੀ ਗਰਲ ਦਾ ਕਿਰਦਾਰ ਨਿਭਾਇਆ ਸੀ ਪਰ ਅਗਲੀ ਫਿਲਮ 'ਇਸ਼ਕਜ਼ਾਦੇ' ਵਿਚ ਉਸ ਨੇ ਜ਼ੋਰਦਾਰ ਅਦਾਕਾਰੀ ਨਾਲ ਸਪੱਸ਼ਟ ਸੰਕੇਤ ਦੇ ਦਿੱਤਾ ਕਿ ਫਿਲਮਾਂ ਵਿਚ ਉਹ ਹਰ ਤਰ੍ਹਾਂ ਦੀਆਂ ਦਮਦਾਰ ਭੂਮਿਕਾਵਾਂ ਨਿਭਾਉਣ ਲਈ ਤਿਆਰ ਹੈ। ਇਹੀ ਕਾਰਨ ਹੈ ਕਿ ਉਸ ਕੋਲ ਫਿਲਮਾਂ ਦੀ ਕੋਈ ਕਮੀ ਨਹੀਂ ਹੈ ਤੇ ਨਿਰਮਾਤਾ-ਨਿਰਦੇਸ਼ਕ ਵੀ ਉਸ ਨੂੰ ਹੱਥੋ-ਹੱਥੀਂ ਲੈ ਰਹੇ ਹਨ। ਉਸ ਕੋਲ ਵਿਗਿਆਪਨਾਂ ਦੀ ਵੀ ਕੋਈ ਕਮੀ ਨਹੀਂ ਹੈ ਪਰ ਪਰਿਣੀਤੀ ਦੀ ਮੰਨੀਏ ਤਾਂ ਉਹ ਬਹੁਤ ਇੱਛਾਵਾਦੀ ਤਾਂ ਹੈ ਤੇ ਚੰਗੀਆਂ ਫਿਲਮਾਂ ਵੀ ਕਰਨਾ ਚਾਹੁੰਦੀ ਹੈ ਪਰ ਬਾਲੀਵੁੱਡ ਦੀ 'ਚੂਹੇ ਦੌੜ' (ਰੈਟ ਰੇਸ) ਦਾ ਹਿੱਸਾ ਬਣਨ ਵਿਚ ਯਕੀਨ ਨਹੀਂ ਰੱਖਦੀ। ਫਿਲਹਾਲ ਉਹ ਆਪਣੇ ਗੌਡਫਾਦਰ ਮਨੀਸ਼ ਸ਼ਰਮਾ ਦੀ ਇਕ ਫਿਲਮ ਵਿਚ ਕੰਮ ਕਰ ਰਹੀ ਹੈ। ਇਸ ਤੋਂ ਇਲਾਵਾ ਫਰਹਾ ਖਾਨ ਨੇ ਵੀ ਪਰਿਣੀਤੀ ਨੂੰ ਆਪਣੀ ਫਿਲਮ 'ਹੈਪੀ ਨਿਊ ਯੀਅਰ' ਵਿਚ ਲਿਆ ਹੈ। ਅਨੁਸ਼ਕਾ ਸ਼ਰਮਾ ਸਟਾਰਰ 'ਬੈਂਡ ਬਾਜਾ ਬਾਰਾਤ' ਦੇ ਤਾਮਿਲ ਅਡੀਸ਼ਨ 'ਚ ਵੀ ਪਰਿਣੀਤੀ ਹੀ ਕੰਮ ਕਰਨ ਵਾਲੀ ਹੈ। ਇਹੀ ਨਹੀਂ, ਸਾਊਥ ਦੀ ਇਕ ਸੁਪਰਹਿੱਟ ਫਿਲਮ 'ਥੁੱਪਕਲੀ' ਦੇ ਹਿੰਦੀ ਰੀਮੇਕ ਵਿਚ ਪਰਿਣੀਤੀ ਨੂੰ ਅਕਸ਼ੈ ਕੁਮਾਰ ਦੇ ਆਪੋਜ਼ਿਟ ਸਾਈਨ ਕੀਤਾ ਗਿਆ ਹੈ। ਉਂਝ ਇਸ ਫਿਲਮ ਵਿਚ ਪਰਿਣੀਤੀ ਦੀ ਹੀ ਚਚੇਰੀ ਭੈਣ ਪ੍ਰਿਯੰਕਾ ਚੋਪੜਾ ਨੂੰ ਲਿਆ ਜਾਣਾ ਸੀ ਪਰ ਪ੍ਰਿਯੰਕਾ ਤੇ ਅਕਸ਼ੈ ਦੇ ਰੋਮਾਂਸ ਦੀਆਂ ਖ਼ਬਰਾਂ ਕਾਰਨ ਅਕਸ਼ੈ ਦੀ ਪਤਨੀ ਟਵਿੰਕਲ ਨੂੰ ਇਹ ਰਾਸ ਨਹੀਂ ਆਇਆ। ਇਸ ਲਈ ਪ੍ਰਿਯੰਕਾ ਦੇ ਹੱਥੋਂ ਨਿਕਲ ਕੇ ਇਹ ਫਿਲਮ ਪਰਿਣੀਤੀ ਦੀ ਝੋਲੀ ਵਿਚ ਆਣ ਡਿਗੀ। ਉਂਜ ਵੀ ਉਹ ਆਪਣੀਆਂ ਫਿਲਮਾਂ ਬਾਰੇ ਬੜੀ ਸੁਚੇਤ ਰਹਿੰਦੀ ਹੈ। ਆਪਣੀ ਫਿਲਮ ਦੇ ਹੀਰੋ, ਨਿਰਮਾਤਾ ਅਤੇ ਨਿਰਦੇਸ਼ਕ ਬਾਰੇ ਉਹ ਪੂਰੀ ਛਾਣ-ਬੀਣ ਕਰਦੀ ਹੈ। ਇਸ ਦੇ ਨਾਲ ਹੀ ਆਪਣੇ ਸਾਥੀ ਕਲਾਕਾਰਾਂ ਦੀ ਉਹ ਪੁੱਜ ਕੇ ਮੱਦਦ ਕਰਦੀ ਹੈ, ਖਾਸ ਕਰ ਕੇ ਜੂਨੀਅਰ ਕਲਾਕਾਰ ਉਸ ਨੂੰ ਉਸ ਦੇ ਇਹੀ ਸੁਭਾਅ ਅਤੇ ਵਿਹਾਰ ਕਰ ਕੇ ਬੜਾ ਪਸੰਦ ਕਰਦੇ ਹਨ।



# ਪੜ੍ਹਨ ਦੀ ਸ਼ੌਕੀਨ ਸੋਨਮ ਕਪੂਰ



ਅਨਿਲ ਕਪੂਰ ਦੀ ਫੈਸ਼ਨਪ੍ਰਸਤ ਅਭਿਨੇਤਰੀ ਬੇਟੀ ਸੋਨਮ ਕਪੂਰ ਕਹਾਣੀਆਂ ਤੇ ਨਾਵਲ ਪੜ੍ਹਨ ਦੀ ਕਾਫੀ ਸ਼ੌਕੀਨ ਹੈ। ਇਹ ਵੀ ਇਤਫ਼ਾਕ ਹੈ ਕਿ 'ਸਾਂਵਰੀਆ' ਤੇ 'ਆਇਸ਼ਾ' ਸੋਨਮ ਦੀਆਂ ਦੋਵੇਂ ਫ਼ਿਲਮਾਂ ਨਾਵਲਾਂ 'ਤੇ ਹੀ ਆਧਾਰਤ ਸਨ। ਹੁਣ ਸੋਨਮ ਨੇ ਲੇਖਕਾ ਅਨੁਜਾ ਚੌਹਾਨ ਦੇ ਨਾਵਲ ਦੇ ਅਧਿਕਾਰ ਖਰੀਦ ਲਏ ਹਨ। ਸੋਨਮ ਨੂੰ ਨਾਵਲ ਦਾ ਇਹ ਕੇਂਦਰੀ ਵਿਸ਼ਾ ਬਹੁਤ ਹੀ ਪ੍ਰਭਾਵਿਤ ਕਰ ਗਿਆ ਹੈ ਕਿ ਭਾਰਤੀ ਔਰਤ ਆਧੁਨਿਕ ਦਿਸਣਾ ਤੇ ਵਿਚਰਨਾ ਚਾਹੁੰਦੀ ਹੈ ਪਰ ਪਰਦੇ 'ਤੇ ਇਸੇ ਔਰਤ ਨੂੰ ਔਰਤ ਦਾ ਆਧੁਨਿਕ ਰੂਪ, ਚਾਲ-ਚਲਣ ਤੇ ਪਹਿਰਾਵਾ ਪਸੰਦ ਨਹੀਂ ਹੈ।

ਫ਼ਿਲਮਾਂ ਵਿਚ ਸੋਨਮ ਛੇ ਸਾਲ ਤੋਂ ਹੈ ਪਰ 'ਥੈਂਕ ਯੂ', 'ਪਲੇਅਰਜ਼' ਫ਼ਿਲਮਾਂ ਨੇ ਹੀ ਉਸ ਨੂੰ ਕਾਮਯਾਬ ਨਾਇਕਾ ਬਣਾਇਆ ਹੈ। ਅੱਗੇ ਵਧਣ ਲਈ ਸੋਨਮ ਨੇ ਮਰਾਠੀ ਤੇ ਪੰਜਾਬੀ ਵੀ ਸਿੱਖ ਲਈ ਹੈ। ਸੋਨਮ ਕੋਲ ਇਸ ਸਮੇਂ 'ਰਾਂਝਣਾ' ਵੱਡੀ ਫ਼ਿਲਮ ਹੈ ਤੇ ਯਸ਼ਰਾਜ ਦੀ ਨਵੀਂ ਫ਼ਿਲਮ ਵਿਚ ਉਹ ਕਾਲਾ ਗਾਊਨ ਪਾ ਕੇ ਵਕੀਲ ਵਜੋਂ ਨਜ਼ਰ ਆਏਗੀ। ਸੋਨਮ ਨੂੰ ਇਹ ਗੱਲ ਇਸ ਫ਼ਿਲਮ ਦੀ ਸੱਚਾਈ ਲੱਗੀ ਹੈ ਕਿ ਲੜਕੀ ਦਾ ਬੈਸਟ ਫਰੈਂਡ ਹੀਰੇ ਹਨ। ਗਹਿਣਿਆਂ ਨਾਲ ਪਿਆਰ ਕਰਨ ਵਾਲੀ ਸੋਨਮ 'ਰਾਂਝਣਾ' ਵਿਚ ਧਨੁਸ਼ ਦੇ ਨਾਲ ਹੈ, ਜਦਕਿ ਨਪੂਰ ਅਸਥਾਨਾ ਦੇ ਨਿਰਦੇਸ਼ਨ ਵਿਚ ਉਹ ਅਯੂਸ਼ਮਾਨ ਖੁਰਾਨਾ ਨਾਲ ਨਜ਼ਰ ਆਏਗੀ। ਸੋਨਮ ਚਾਹੁੰਦੀ ਹੈ ਕਿ ਨਾਰੀ 'ਸੁਜਾਤਾ' ਤੇ 'ਬੰਧਨੀ' ਤਾਂ ਬਣੇ ਪਰ ਜੂਝਣ ਦੀ ਹਿੰਮਤ ਰੱਖ ਝਾਂਸੀ ਦੀ ਰਾਣੀ ਵੀ ਬਣੇ। ਯਸ਼ਰਾਜ ਦੀ ਨਵੀਂ ਫ਼ਿਲਮ ਵਿਚ ਸੋਨਮ ਦਾ ਕਿਰਦਾਰ ਜਯਾ ਭਾਦੜੀ ਦੀ ਫ਼ਿਲਮ 'ਗੁੱਡੀ' ਨਾਲ ਮੇਲ ਖਾਂਦਾ ਹੈ।

# ਬਾਲੀਵੁੱਡ ਦਾ ਸ਼ਹਿਨਸ਼ਾਹ ਰਾਜ ਕੁਮਾਰ

ਕੁਲਭੂਸ਼ਨ ਨੇ 1950 ਵਿਚ ਆਪਣੀ ਨਿੱਜੀ ਜ਼ਿੰਦਗੀ ਤੋਂ ਫੁਰਸਤ ਲੈ ਕੇ ਫ਼ਿਲਮੀ ਸਫ਼ਰ ਸ਼ੁਰੂ ਕੀਤਾ। ਉਨ੍ਹਾਂ ਨੇ ਆਪਣਾ ਨਾਂ ਕੁਲਭੂਸ਼ਨ ਤੋਂ ਬਦਲ ਕੇ ਰਾਜ ਕੁਮਾਰ ਰੱਖ ਲਿਆ ਤੇ ਪੁਲਿਸ ਇੰਸਪੈਕਟਰ ਦੀ ਨੌਕਰੀ ਛੱਡ ਕੇ ਐਕਟਿੰਗ ਨੂੰ ਆਪਣਾ ਲਿਆ। ਉਹ 1952 ਵਿਚ ਆਪਣੀ ਪਹਿਲੀ ਫ਼ਿਲਮ 'ਰੰਗੀਲੀ' ਨਾਲ ਫ਼ਿਲਮੀ ਪਰਦੇ 'ਤੇ ਉਤਰੇ।

ਇਸ ਮਗਰੋਂ ਪੰਜ ਸਾਲ ਬਾਅਦ 1957 ਨੂੰ ਮਹਿਬੂਬ ਖ਼ਾਨ ਦੀ ਫ਼ਿਲਮ 'ਮਦਰ ਇੰਡੀਆ' ਵਿਚ ਨਜ਼ਰ ਆਏ। ਰਾਜ ਕੁਮਾਰ ਨੇ ਕਈ ਫ਼ਿਲਮਾਂ ਕੀਤੀਆਂ ਜਿਨ੍ਹਾਂ ਵਿਚੋਂ ਸ਼ਰਾਰਤ (1959), ਪੈਗ਼ਾਮ (1959), ਦਿਲ ਅਪਨਾ ਔਰ ਪ੍ਰੀਤ ਪਰਾਈ (60), ਘਰਾਨਾ (61), ਦਿਲ ਏਕ ਮੰਦਰ (63), ਵਕਤ (65), ਹਮਰਾਜ਼ (67), ਨੀਲ ਕਮਲ (68), ਲਾਲ ਪੱਥਰ ਤੇ ਹੀਰ ਰਾਂਝਾ (71), ਪਾਕੀਜ਼ਾ (72), ਹਿੰਦੁਸਤਾਨ ਕੀ ਕਸਮ (73), ਏਕ ਸੇ ਬੜ ਕਰ ਏਕ (76), ਕਰਮਯੋਗੀ (78), ਚੰਬਲ ਕੀ ਕਸਮ (80), ਕੁਦਰਤ (81), ਏਕ ਨਈ ਪਹੇਲੀ (84) ਮਰਤੇ ਦਮ ਤੱਕ (87), ਜੰਗਬਾਜ਼ (89) ਤੇ ਪੁਲਿਸ ਪਬਲਿਕ (90) ਸੁਪਰਹਿੱਟ ਰਹੀਆਂ।

ਇਸ ਤੋਂ ਬਾਅਦ 1991 ਵਿਚ ਰਾਜ ਕੁਮਾਰ ਨੂੰ ਦਿਲੀਪ ਕੁਮਾਰ ਦੇ ਨਾਲ ਫ਼ਿਲਮ 'ਸੌਦਾਗਾਰ' ਵਿਚ ਵੇਖਿਆ ਗਿਆ ਜੋ ਲੋਕਾਂ ਨੇ ਕਾਫੀ ਪਸੰਦ ਕੀਤੀ ਤੇ ਹਿੱਟ ਰਹੀ। ਰਾਜ ਕੁਮਾਰ ਨੂੰ ਉਸ ਦੇ ਅਸਲੀ ਨਾਂ ਨਾਲ ਘੱਟ ਪਰ ਜਾਨੀ ਨਾਂ ਨਾਲ ਜ਼ਿਆਦਾ ਜਾਣਿਆ ਜਾਂਦਾ ਹੈ। ਉਸ ਦੀ ਹਰ ਫ਼ਿਲਮ ਦੇ ਕਈ ਡਾਇਲਾਗਾਂ ਵਿਚ ਜਾਨੀ ਸ਼ਬਦ ਅਕਸਰ ਵਰਤਿਆ ਜਾਂਦਾ ਸੀ ਤੇ ਹੁਣ ਵੀ ਜਦੋਂ ਕੋਈ ਡਾਇਲਾਗ ਜਾਨੀ ਕਹਿ ਕੇ ਬੋਲਿਆ ਜਾਂਦਾ ਹੈ ਤਾਂ ਸਭ ਦੇ ਕੰਨ ਖੜ੍ਹੇ ਹੋ ਜਾਂਦੇ ਹਨ ਤੇ ਝੱਟ ਪਛਾਣ ਲੈਂਦੇ ਹਨ ਕਿ ਇਹ ਤਾਂ ਰਾਜ ਕੁਮਾਰ ਦਾ ਡਾਇਲਾਗ ਹੈ।

ਵੈਸੇ ਤਾਂ ਰਾਜ ਕੁਮਾਰ ਦੇ ਮੂੰਹੋਂ ਨਿਕਲਿਆ ਹਰ ਡਾਇਲਾਗ ਹਰ ਵਿਅਕਤੀ ਦੇ ਦਿਮਾਗ ਵਿਚ ਬੈਠਦਾ ਹੈ ਪਰ ਕੁਝ ਅਜਿਹੇ ਡਾਇਲਾਗ ਹਨ ਜੋ ਮਸ਼ਹੂਰ ਤਾਂ ਹਨ ਹੀ ਪਰ ਵਿਅਕਤੀ ਉਨ੍ਹਾਂ ਨੂੰ ਸਾਰੀ ਉਮਰ ਨਹੀਂ ਭੁੱਲ ਸਕਦੇ। ਜਿਵੇਂ ਫ਼ਿਲਮ ਸੌਦਾਗਰ ਦਾ ਡਾਇਲਾਗ, 'ਜਾਨੀ ਹਮ ਤੁਮਹੇਂ ਮਾਰੇਂਗੇ ਔਰ ਜ਼ਰੂਰ ਮਾਰੇਂਗੇ ਪਰ ਬੰਦੂਕ ਭੀ ਹਮਾਰੀ ਹੋਗੀ, ਗੋਲੀ ਭੀ ਹਮਾਰੀ ਹੋਗੀ ਔਰ ਵਕਤ ਭੀ ਹਮਾਰਾ ਹੋਗਾ।' ਇਸ ਤੋਂ ਇਲਾਵਾ ਉਨ੍ਹਾਂ ਦੀ ਸੁਪਰਹਿੱਟ ਫ਼ਿਲਮ 'ਵਕਤ' ਦੇ ਡਾਇਲਾਗ ਵੀ ਕਾਫੀ ਹਿੱਟ ਹੋਏ ਜਿਵੇਂ 'ਜਿਸਕੇ ਅਪਨੇ ਘਰ ਸ਼ੀਸ਼ੇ ਕੇ ਹੋਂ, ਵੋ ਦੂਸਰੋਂ ਪਰ ਪੱਥਰ ਨਹੀਂ ਫੈਂਕਾ ਕਰਤੇ'।




WATCH A NEW MOVIE EVERYDAY
1000+ SOUTH ASIAN MOVIES ON DEMAND FOR FREE
SUBSCRIBE TO THE PUNJABI PACK FOR $24.99/MO
AND GET MOVIES ON DEMAND FREE FOR A YEAR
BIG MAGIC INTERNATIONAL + BIGFLIX
PTC PUNJABI
jus punjabi
Punjab
JUS ONE
CHANNEL SELECTION WILL VARY BY PACKAGE
PACKAGES STARTING FROM $24.99/MO
1.888.242.2276
Facebook.com/DishPunjabiTV
www.DishSouthAsianTV.com/MOD
HOME OF SOUTH ASIAN ENTERTAINMENT
dish
International programming requires additional $10/mo International Basic package or any America's Top package. Offer valid with activation of new DISH residential service with a qualifying South Asian package ($19.99/mo or higher) between 2/01/13 and 04/30/13. You must separately sign up for Big Magic by calling 1.888.723.0197, and visit www.dish.com/southasianmod by 5/15/13 to redeem offer; your account will be credited on or about 7/01/13. You must maintain qualifying South Asian package for the duration. After promotional period Big Magic add-on package will continue at then-current price unless you call or go online to downgrade. May not be combined with other special offers. Depending on qualifying plan, one or more of the following will apply – activation fee (minimum $79), Social Security Number, credit approval, 24-month Agreement, early cancellation fee. Upgrade fees will apply for select receivers based on model. Monthly fees for receivers may apply. Some plans require all payments to be made in advance, including monthly programming, pay-per-view (prior to event), equipment upgrades and other one-time charges. New and qualifying former customers only. Offer is subject to the terms of the Promotional and Residential Customer Agreements. All prices, packages, programming, features, functionality and offers subject to change without notice. ©2013, DISH Network L.L.C. All rights reserved.

ਵਿਸਾਖੀ ਮੁਬਾਰਿਕ TO CELEBRATE ਵਿਸਾਖੀ ਮੁਬਾਰਿਕ

VAISAKHI

# PUNJABI CULTURAL SOCIETY

of Chicago

PROUDLY PRESENTS MOST POPULAR SHOW IN CHICAGOLAND FOR LAST TWO DECADES

# RANGLA PUNJAB 2013

on

**SATURDAY, March 30 th, 2013**

7:00 p.m. sharp

**COPERNICUS THEATER**

**(FORMERLY GATEWAY THEATER)**

5216 W. Lawrence Ave. Chicago, IL.

ENJOY A COLORFUL FAMILY STYLE EVENING FULL OF EXCITEMENT

ਰੰਗਲਾ ਪੰਜਾਬ

Bhangra, Gidha, Children's Items, Bolian, Dances, Punjabi skits and much more.




Admission Donation: $15, $25, $50, $100/V.I.P. Front row reserved seats; Children under 10 yr.-Free,

*(Dinner included w/$100 tickets)*

SPONSORS are encouraged, will be appropriately recognized at the show

Advance purchase is encouraged, Purchase your tickets ASAP, Make your check payable to P.C.S.

*for further information please contact:*

ਪੰਜਾਬੀ ਸਭਿਆਚਾਰਕ ਸਭਾ (847) 359-5PCS

**PUNJABI CULTURAL SOCIETY**

of Chicago

P. O. BOX 1244, PALATINE, IL. 60078 : E-mail info@PCSChicago.org

www.PCSChicago.org

P.C.S. is a not for profit organization promoting Punjabi Culture, Language Sports & Performing Arts.